8-SEP-PAGE-1.qxd 9/7/2024 10:58 PM Page 1

ਐਤਵਾਰ, 8 ਸਤੰਬਰ, 2024
24 ਭਾਦੋਂ { ਨਾਨਕਸ਼ਾਹੀ 556
ਬਿਕਰਮੀ 2081
ਜਿਲਦ/VOL. : 73
ਅੰਕ/NO. : 98

# ਨਵਾਂ ਜ਼ਮਾਨਾ

DAILY NAWAN ZAMANA • SUNDAY, 8 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

## ਬਰਬਾਦੀਓਂ ਕੇ ਮਸ਼ਵਰੇ...

**ਨਵੀਂ ਦਿੱਲੀ** : ਭਾਰਤ 'ਚ 85 ਫੀਸਦੀ ਤੋਂ ਵੱਧ ਜ਼ਿਲ੍ਹੇ ਵੱਡੇ ਜਲਵਾਯੂ ਵਰਤਾਰਿਆਂ/ਘਟਨਾਵਾਂ ਦੇ ਪ੍ਰਭਾਵ ਤੇ ਮਾਰ ਹੇਠ ਹਨ, ਜਿਨ੍ਹਾਂ ਵਿਚ ਹੜ੍ਹ, ਸੋਕੇ ਅਤੇ ਚੱਕਰਵਾਤ ਸ਼ਾਮਲ ਹਨ। ਆਈ ਪੀ ਈ ਗਲੋਬਲ ਅਤੇ ਇਸਰੀ ਇੰਡੀਆ ਵੱਲੋਂ ਕੀਤੇ ਗਏ ਅਧਿਐਨ 'ਚ ਇਹ ਵੀ ਪਾਇਆ ਗਿਆ ਹੈ ਕਿ 45 ਫੀਸਦੀ ਜ਼ਿਲ੍ਹੇ ਤਬਦੀਲੀ ਰੁਝਾਨ ਦਾ ਸਾਹਮਣਾ ਕਰ ਰਹੇ ਸਨ, ਜਿਸ ਵਿਚ ਰਵਾਇਤੀ ਤੌਰ 'ਤੇ ਹੜ੍ਹਾਂ ਦੇ ਖਤਰੇ ਵਾਲੇ ਖੇਤਰ ਸੋਕੇ ਦੀ ਮਾਰ ਵਾਲੇ ਬਣ ਰਹੇ ਹਨ ਜਾਂ ਇਸ ਦੇ ਉਲਟ ਹੋ ਰਿਹਾ ਹੈ।

ਪੈਂਟਾ-ਡੇਕੈਡਲ ਵਿਸ਼ਲੇਸ਼ਣ ਦੀ ਵਰਤੋਂ ਕਰਦੇ ਹੋਏ ਅਧਿਐਨ ਵਿਚ 1973 ਤੋਂ 2023 ਤੱਕ 50 ਸਾਲਾਂ ਦੀ ਮਿਆਦ ਦੇ ਦੌਰਾਨ ਜਲਵਾਯੂ ਘਟਨਾਵਾਂ ਦੀ ਇੱਕ ਸੂਚੀ ਤਿਆਰ ਕੀਤੀ ਗਈ, ਜਿਸ ਵਿਚ ਸਥਾਨਕ ਅਤੇ ਅਸਥਾਈ ਮਾਡਲਿੰਗ ਨੂੰ ਰੱਖਿਆ ਗਿਆ। ਇਸ ਵਿਚ ਕਿਹਾ ਗਿਆ ਹੈ ਕਿ ਇਕੱਲੇ ਪਿਛਲੇ ਦਹਾਕੇ ਵਿਚ ਇਨ੍ਹਾਂ ਜਲਵਾਯੂ ਘਟਨਾਵਾਂ ਵਿਚ ਪੰਜ ਗੁਣਾ ਵਾਧਾ ਹੋਇਆ ਹੈ, ਜਿਸ 'ਚ ਵੱਡੀਆਂ ਹੜ੍ਹਾਂ ਦੀਆਂ ਘਟਨਾਵਾਂ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਪੂਰਬੀ ਭਾਰਤ ਦੇ ਜ਼ਿਲ੍ਹੇ ਬਹੁਤ ਜ਼ਿਆਦਾ ਹੜ੍ਹਾਂ ਦੀਆਂ ਘਟਨਾਵਾਂ ਲਈ ਵਧੇਰੇ ਖਤਰੇ ਵਾਲੇ ਹਨ। ਇਸ ਦੇ ਬਾਅਦ ਦੇਸ਼ ਦੇ ਉੱਤਰ-ਪੂਰਬੀ ਅਤੇ ਦੱਖਣੀ ਹਿੱਸੇ ਆਉਂਦੇ ਹਨ।

ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਸੋਕੇ ਦੀਆਂ ਘਟਨਾਵਾਂ 'ਚ ਦੋ ਗੁਣਾ ਵਾਧਾ ਹੋਇਆ ਹੈ, ਜਿਸ ਵਿਚ ਖਾਸ ਕਰਕੇ ਖੇਤੀਬਾੜੀ ਅਤੇ ਮੌਸਮ ਵਿਗਿਆਨਕ ਸੋਕੇ ਅਤੇ ਚੱਕਰਵਾਤ ਘਟਨਾਵਾਂ 'ਚ ਚਾਰ ਗੁਣਾ ਵਾਧਾ ਹੋਇਆ ਹੈ। ਬਿਹਾਰ, ਆਂਧਰਾ ਪ੍ਰਦੇਸ਼, ਓਡੀਸ਼ਾ, ਗੁਜਰਾਤ, ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਅਸਾਮ ਦੇ 60 ਫੀਸਦੀ ਤੋਂ ਵੱਧ ਜ਼ਿਲ੍ਹਿਆਂ 'ਚ ਇੱਕ ਤੋਂ ਵੱਧ ਵੱਡੀਆਂ ਜਲਵਾਯੂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਈ ਪੀ ਈ ਗਲੋਬਲ ਵਿਖੇ ਜਲਵਾਯੂ ਤਬਦੀਲੀ ਅਤੇ ਸਥਿਰਤਾ ਅਭਿਆਸ ਦੇ ਮੁਖੀ ਤੇ ਅਧਿਐਨ ਦੇ ਲੇਖਕ ਅਬਿਨਾਸ਼ ਮੋਹੰਤੀ ਨੇ ਕਿਹਾ ਕਿ ਤਬਾਹਕੁੰਨ ਜਲਵਾਯੂ ਘਟਨਾਵਾਂ ਦਾ ਮੌਜੂਦਾ ਰੁਝਾਨ 10 ਵਿੱਚੋਂ 9 ਭਾਰਤੀਆਂ ਨੂੰ ਭਿਆਨਕ ਢੰਗ ਨਾਲ ਪੇਸ਼ ਆ ਰਿਹਾ ਹੈ ਅਤੇ ਇਸ ਦੇ ਨਤੀਜੇ ਵਜੋਂ ਤਾਪਮਾਨ ਵਿਚ 0.6 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਹਾਲ ਹੀ ਵਿਚ ਕੇਰਲਾ 'ਚ ਲਗਾਤਾਰ ਅਤੇ ਅਨਿਯਮਤ ਮੀਂਹ ਦੀਆਂ ਘਟਨਾਵਾਂ, ਗੁਜਰਾਤ 'ਚ ਹੜ੍ਹ, ਓਮ ਪਰਬਤ ਦੀ ਬਰਫ ਦੀ ਚਾਦਰ ਦਾ ਗਾਇਬ ਹੋਣਾ ਅਤੇ ਅਚਾਨਕ ਬਾਰਿਸ਼ ਹੋ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਮੌਸਮ ਦਾ ਮਿਜਾਜ਼ ਬਦਲ ਗਿਆ ਹੈ। ਉਨ੍ਹਾ ਕਿਹਾ ਕਿ ਸਾਡਾ ਵਿਸ਼ਲੇਸ਼ਣ ਸੁਝਾਅ ਦਿੰਦਾ ਹੈ ਕਿ 1.47 ਅਰਬ ਤੋਂ ਵੱਧ ਭਾਰਤੀ 2036 ਤੱਕ ਜਲਵਾਯੂ ਘਟਨਾਵਾਂ/ ਵਰਤਾਰਿਆਂ ਦਾ ਸਾਹਮਣਾ ਕਰਨਗੇ। ਅਧਿਐਨ ਨੇ ਖੁਲਾਸਾ ਕੀਤਾ ਹੈ ਕਿ 45 ਫੀਸਦੀ ਤੋਂ ਵੱਧ ਜ਼ਿਲ੍ਹੇ ਤਬਦੀਲੀ ਦੇ ਰੁਝਾਨ ਨੂੰ ਅਨੁਭਵ ਕਰ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਤ੍ਰਿਪੁਰਾ, ਕੇਰਲਾ, ਬਿਹਾਰ, ਪੰਜਾਬ ਅਤੇ ਝਾਰਖੰਡ ਦੇ ਜ਼ਿਲ੍ਹੇ ਸਭ ਤੋਂ ਪ੍ਰਮੁੱਖ ਤਬਦੀਲੀ ਦੇ ਰੁਝਾਨ ਨੂੰ ਦਰਸਾਉਂਦੇ ਹਨ।

ਅਧਿਐਨ ਤਹਿਤ ਕੌਮੀ, ਰਾਜ, ਜ਼ਿਲ੍ਹਾ ਅਤੇ ਸ਼ਹਿਰ ਦੇ ਪੱਧਰਾਂ 'ਤੇ ਨੀਤੀ ਨਿਰਮਾਤਾਵਾਂ ਲਈ ਇੱਕ ਕਲਾਈਮੇਟ ਰਿਸਕ ਆਬਜ਼ਰਵੇਟਰੀ, ਜੋਖਮ-ਸੂਚਿਤ ਫੈਸਲੇ ਲੈਣ ਵਾਲੀ ਟੂਲਕਿੱਟ ਅਤੇ ਜਲਵਾਯੂ 'ਚ ਨਿਰੰਤਰ ਨਿਵੇਸ਼ ਨੂੰ ਸਮਰਥਨ ਦੇਣ ਲਈ ਇੱਕ ਬੁਨਿਆਦੀ ਢਾਂਚਾ ਜਲਵਾਯੂ ਫੰਡ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਆਈ ਪੀ ਈ ਗਲੋਬਲ ਦੇ ਬਾਨੀ ਅਤੇ ਮੈਨੇਜਿੰਗ ਡਾਇਰੈਕਟਰ ਅਸ਼ਵਜੀਤ ਸਿੰਘ ਨੇ ਕਿਹਾ ਕਿ ਜਲਵਾਯੂ ਟੀਚਿਆਂ ਨੂੰ ਪੂਰਾ ਕਰਨ ਲਈ ਭਾਰਤ ਨੂੰ ਆਪਣੇ ਬਜਟ ਫੋਕਸ ਨੂੰ ਘਟਾਉਣ ਤੋਂ ਅਨੁਕੂਲਤਾ ਵੱਲ ਰੁਖ ਕਰਨਾ ਚਾਹੀਦਾ ਹੈ। ਮੌਜੂਦਾ ਅਭਿਆਸਾਂ ਨੇ ਜਲਵਾਯੂ ਲਚਕੀਲੇਪਨ ਨੂੰ ਘੱਟ ਕੀਤਾ ਹੈ, ਜਿਸ ਨਾਲ ਲੰਮੇ ਸਮੇਂ ਦੀ ਸਥਿਰਤਾ ਨੂੰ ਖਤਰਾ ਹੈ। ਭਾਰਤ ਨੇ ਖਾਸ ਤੌਰ 'ਤੇ 2022 'ਚ 8 ਫੀਸਦੀ ਜੀ ਡੀ ਪੀ ਘਾਟੇ ਦਾ ਸਾਹਮਣਾ ਕੀਤਾ ਅਤੇ ਜਲਵਾਯੂ ਪ੍ਰਭਾਵਾਂ ਦੇ ਕਾਰਨ ਸੰਚਤ ਪੂੰਜੀ ਸੰਪਤੀ 'ਚ 7.5 ਫੀਸਦੀ ਦੀ ਕਮੀ ਆਈ।

ਇਸਰੀ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਏਜੇਂਦਰ ਕੁਮਾਰ ਨੇ ਕਿਹਾ ਕਿ ਗਰਮੀ ਦੀਆਂ ਲਹਿਰਾਂ ਦੀ ਵਧ ਰਹੀ ਬਰਬਰਤਾ ਅਤੇ ਸ਼ਿੱਦਤ, ਤੇ ਮੀਂਹ ਦੇ ਨਾਲ ਮਿਲ ਕੇ ਜੀਵਨ, ਰੋਜ਼ੀ-ਰੋਟੀ ਅਤੇ ਬੁਨਿਆਦੀ ਢਾਂਚੇ 'ਤੇ ਅਹਿਮ ਪ੍ਰਭਾਵ ਪਾ ਰਹੀ ਹੈ। ਉਨ੍ਹਾ ਕਿਹਾ ਕਿ ਸੂਚਿਤ ਨੀਤੀਗਤ ਫੈਸਲਿਆਂ, ਜਲਵਾਯੂ ਅਨੁਕੂਲਨ ਅਤੇ ਲਚਕੀਲੇਪਨ ਲਈ ਇੱਕ ਸੰਪੂਰਨ ਡਾਟਾ-ਸੰਚਾਲਤ ਪਹੁੰਚ ਜ਼ਰੂਰੀ ਹੈ।

### ਹਿਮਾਚਲ 'ਚ ਅਚਾਨਕ ਹੜ੍ਹ ਦੀ ਚੇਤਾਵਨੀ



**ਸ਼ਿਮਲਾ** : ਹਿਮਾਚਲ 'ਚ ਲਗਾਤਾਰ ਮੀਂਹ ਪੈਣ ਕਾਰਨ ਸਨਿੱਚਰਵਾਰ 47 ਸੜਕਾਂ ਬੰਦ ਕਰ ਦਿੱਤੀਆਂ ਗਈਆਂ ਅਤੇ ਸੂਬਾਈ ਮੌਸਮ ਵਿਭਾਗ ਨੇ ਤਿੰਨ ਜ਼ਿਲ੍ਹਿਆਂ ਸ਼ਿਮਲਾ, ਸੋਲਨ ਤੇ ਸਿਰਮੌਰ ਵਿਚ ਅਚਾਨਕ ਹੜ੍ਹ ਆਉਣ ਦੀ ਚੇਤਾਵਨੀ ਜਾਰੀ ਕੀਤੀ ਹੈ।

ਸੂਬੇ ਦੇ ਐਮਰਜੈਂਸੀ ਕਾਰਵਾਈ ਕੇਂਦਰ ਨੇ ਕਿਹਾ ਕਿ ਮੌਸਮ ਦੀ ਮਾਰ ਕਾਰਨ ਸੂਬੇ ਦੀਆਂ 18 ਬਿਜਲੀ ਸਪਲਾਈ ਅਤੇ ਇਕ ਪਾਣੀ ਸਪਲਾਈ ਸਕੀਮ ਪ੍ਰਭਾਵਤ ਹੋਈ ਹੈ। ਇਸ ਦੌਰਾਨ ਮਲਰੋਂ ਵਿਚ ਸਭ ਤੋਂ ਵੱਧ 64 ਐੱਮ ਐੱਮ, ਪੰਡੋਹ ਵਿਚ 32.4 ਐੱਮ ਐੱਮ, ਮੰਡੀ ਵਿਚ 28.7 ਐੱਮ ਐੱਮ ਅਤੇ ਪਾਉਂਟਾ ਸਾਹਿਬ ਵਿਚ 13.4 ਐੱਮ ਐੱਮ ਬਾਰਸ਼ ਦਰਜ ਕੀਤੀ ਗਈ ਹੈ।

### ਕੈਨੇਡੀਅਨ ਕੰਪਨੀ ਦੋਰਾਹਾ 'ਚ ਫੂਡ ਪ੍ਰੋਸੈਸਿੰਗ ਪਲਾਂਟ ਲਾਵੇਗੀ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕੈਨੇਡਾ ਦੀ ਵੱਡੀ ਕੰਪਨੀ ਨੈਬੁਲਾ ਗਰੁੱਪ ਦੇ ਪ੍ਰਧਾਨ ਤੇ ਚੇਅਰਮੈਨ ਰਮਨ ਖਟੜਾ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕੰਪਨੀ ਨੇ ਫੂਡ ਪ੍ਰੋਸੈਸਿੰਗ ਪਲਾਂਟ ਸਥਾਪਤ ਕਰਨ 'ਚ ਡੂੰਘੀ ਦਿਲਚਸਪੀ ਦਿਖਾਈ ਹੈ, ਜਿੱਥੇ ਟਮਾਟਰ, ਨਿੰਬੂ ਜਾਤੀ ਦੇ ਫਲਾਂ, ਜੂਸ, ਆਲੂ ਨੂੰ 10,000 ਹੈਕਟੇਅਰ ਦੇ ਆਲੇ-ਦੁਆਲੇ ਦੇ ਖੇਤਰ ਤੋਂ ਇਕੱਠਾ ਕੀਤਾ ਜਾਵੇਗਾ। ਕੰਪਨੀ ਓਜ਼ੋਨ ਤਕਨੀਕ ਦੀ ਮਦਦ ਨਾਲ ਖਰਾਬ ਹੋਣ ਵਾਲੀਆਂ ਅਤੇ ਤਾਜ਼ੀਆਂ ਵਸਤਾਂ ਦੀ ਸੈਲਫ ਲਾਈਫ ਵਧਾ ਕੇ ਉਨ੍ਹਾਂ ਨੂੰ ਬਰਾਮਦ ਕਰੇਗੀ। ਮਾਨ ਨੇ ਕਿਹਾ ਕਿ ਕੰਪਨੀ ਵੱਲੋਂ ਦੋਰਾਹਾ ਨੇੜੇ ਪਲਾਂਟ ਲਗਾਇਆ ਜਾਵੇਗਾ, ਜਿਸ ਨਾਲ ਨੌਜਵਾਨਾਂ ਨੂੰ ਨੌਕਰੀਆਂ ਵੀ ਮਿਲਣਗੀਆਂ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਕੰਪਨੀ ਲੁਧਿਆਣਾ ਦੇ ਬੁੱਢੇ ਨਾਲੇ ਨੂੰ ਨਵੀਨਤਮ ਤਕਨੀਕ ਨਾਲ ਸਾਫ ਕਰਨ ਲਈ ਆਪਣੀ ਮੁਹਾਰਤ ਦੀ ਵਰਤੋਂ ਕਰੇਗੀ। ਕੰਪਨੀ ਪਲਾਸਟਿਕ ਦੇ ਕੂੜੇ, ਖਾਸ ਕਰਕੇ ਪਲਾਸਟਿਕ ਬੋਤਲਾਂ ਦੀ ਰੀਸਾਈਕਲਿੰਗ ਲਈ ਪਲਾਂਟ ਸਥਾਪਤ ਕਰਨ ਲਈ ਵੀ ਸਹਿਮਤ ਹੋਈ ਹੈ।

## ਮਨੀਪੁਰ ਦੀ ਹਿੰਸਾ 'ਚ 5 ਮੌਤਾਂ



ਹਿੰਸਕ ਘਟਨਾਵਾਂ ਕਾਰਨ ਸਿੱਖਿਆ ਵਿਭਾਗ ਨੇ 7 ਸਤੰਬਰ ਨੂੰ ਸਕੂਲ ਬੰਦ ਕਰ ਦਿੱਤੇ।

**ਇੰਫਾਲ** : ਮਨੀਪੁਰ ਦੇ ਜਿਰੀਬਾਮ ਜ਼ਿਲ੍ਹੇ ਵਿਚ ਸਨਿੱਚਰਵਾਰ ਸਵੇਰ ਹੋਈ ਹਿੰਸਾ ਵਿਚ 5 ਵਿਅਕਤੀਆਂ ਦੀ ਮੌਤ ਹੋ ਗਈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਕ ਘਟਨਾ ਵਿਚ ਇਕ ਵਿਅਕਤੀ ਨੂੰ ਸੁੱਤੇ ਪਏ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਇਸ ਤੋਂ ਬਾਅਦ ਹੋਈ ਗੋਲੀਬਾਰੀ ਵਿਚ ਦੋ ਭਾਈਚਾਰਿਆਂ ਦੇ 4 ਹਥਿਆਰਬੰਦ ਵਿਅਕਤੀ ਮਾਰੇ ਗਏ। ਅਧਿਕਾਰੀ ਨੇ ਦੱਸਿਆ ਕਿ ਖਾੜਕੂ ਇਕ ਸੁੰਨਸਾਨ ਘਰ ਵਿਚ ਵੜ ਗਏ ਅਤੇ ਉਥੇ ਰਹਿੰਦੇ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਪਹਾੜੀਆਂ 'ਚ ਲੜਾਕੂ ਭਾਈਚਾਰਿਆਂ ਵਿਚਕਾਰ ਗੋਲੀਬਾਰੀ ਦੌਰਾਨ 4 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਸ਼ੁੱਕਰਵਾਰ ਬਿਸ਼ਨਪੁਰ ਜ਼ਿਲ੍ਹੇ ਵਿਚ ਸ਼ੱਕੀ ਖਾੜਕੂਆਂ ਵੱਲੋਂ ਪਿੰਡਾਂ 'ਤੇ ਦਾਗੇ ਰਾਕਟਾਂ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਤੇ 5 ਜ਼ਖਮੀ ਹੋ ਗਏ ਸਨ। ਮਨੀਪੁਰ ਵਿਚ ਹਫਤੇ ਦੀ ਸ਼ੁਰੂਆਤ ਤੋਂ ਹਿੰਸਕ ਘਟਨਾਵਾਂ ਹੋ ਰਹੀਆਂ ਹਨ। ਵਾਦੀ ਅਧਾਰਤ ਨਾਗਰਿਕ ਜਥੇਬੰਦੀ 'ਕੋਆਰਡੀਨੇਸ਼ਨ ਕਮੇਟੀ ਆਨ ਮਨੀਪੁਰ ਇੰਟੈਗ੍ਰਿਟੀ' ਨੇ ਜਨਤਕ ਐਮਰਜੈਂਸੀ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਲੋਕ ਕੁੱਕੀ ਖਾੜਕੂਆਂ ਦੇ ਹਮਲਿਆਂ ਕਾਰਨ ਘਰਾਂ ਵਿੱਚੋਂ ਨਾ ਨਿਕਲਣ। ਇਹ ਐਮਰਜੈਂਸੀ ਸਥਿਤੀ ਨਾਰਮਲ ਹੋਣ ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ।

## ਬਿਜਲੀ ਸਬਸਿਡੀ ਖਤਮ ਕਰਨ ਤੇ ਤੇਲ ਕੀਮਤਾਂ 'ਚ ਵਾਧੇ ਨਾਲ ਆਮ ਲੋਕਾਂ ਦਾ ਜਿਊਣਾ ਹੋਰ ਵੀ ਔਖਾ ਹੋਵੇਗਾ : ਸੀ ਪੀ ਆਈ

**ਚੰਡੀਗੜ੍ਹ** : ਚੰਨੀ ਸਰਕਾਰ ਵੱਲੋਂ ਦਿੱਤੀ ਤਿੰਨ ਰੁਪਏ ਪ੍ਰਤੀ ਯੂਨਿਟ ਸਬਸਿਡੀ ਖਤਮ ਕਰਨ ਅਤੇ ਤੇਲ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਕਰਨ ਦੀ ਸੀ ਪੀ ਆਈ ਨੇ ਪੰਜਾਬ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਇਕ ਬਿਆਨ ਵਿਚ ਆਖਿਆ ਹੈ ਕਿ ਆਮ ਆਦਮੀ ਪਾਰਟੀ ਦੀ ਮੁਫਤ ਬਿਜਲੀ ਅਤੇ ਪੰਜਾਬ ਦੀ ਪ੍ਰਗਤੀ ਦੇ ਫੋਕੇ ਬਿਆਨਾਂ ਦੀ ਫੂਕ ਨਿਕਲ ਗਈ ਹੈ। ਉਹਨਾ ਕਿਹਾ ਕਿ ਘੱਟੋ-ਘੱਟ 11 ਲੱਖ ਖਪਤਕਾਰ ਜੇਕਰ 1000 ਯੂਨਿਟ ਤੋਂ ਵਧ ਬਿਜਲੀ ਖਪਤ ਕਰਦੇ ਹਨ ਤਾਂ ਉਨ੍ਹਾਂ ਨੂੰ 3000 ਰੁਪਏ ਪ੍ਰਤੀ ਖਪਤਕਾਰ ਵਧੇਰੇ ਖਰਚ ਕਰਨੇ ਪੈਣਗੇ। ਇਸੇ ਪ੍ਰਕਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵੈਟ ਵਿਚ ਵਾਧਾ ਕਰਕੇ ਕ੍ਰਮਵਾਰ 61 ਅਤੇ 92 ਪੈਸੇ ਪ੍ਰਤੀ ਲੀਟਰ ਵਧਾ ਦਿੱਤੇ ਹਨ। ਸਾਥੀ ਬਰਾੜ ਨੇ ਦੋਸ਼ ਲਾਇਆ ਕਿ ਅਖੌਤੀ ਆਮ ਆਦਮੀ ਦੀ ਸਰਕਾਰ ਨੇ ਆਪਣੇ ਢਾਈ ਸਾਲਾਂ ਦੇ ਸਮੇਂ ਵਿਚ ਤੇਲ ਕੀਮਤਾਂ 'ਚ ਤਿੰਨ ਵਾਰੀ ਵਾਧਾ ਕੀਤਾ ਹੈ ਤੇ ਹੁਣ ਤੇਲ ਦੀਆਂ ਕੀਮਤਾਂ ਸਾਰੇ ਗੁਆਂਢੀ ਸੂਬਿਆਂ ਨਾਲੋਂ ਵੱਧ ਹਨ। ਅਜੇ 2 ਹਫਤੇ ਪਹਿਲਾਂ ਸਰਕਾਰ ਮੋਟਰ ਵਹੀਕਲ ਟੈਕਸ ਵਿਚ ਵਾਧਾ ਕਰ ਚੁੱਕੀ ਹੈ।

ਉਹਨਾ ਦੋਸ਼ ਲਾਇਆ ਕਿ ਸਰਕਾਰ ਮਜ਼ਦੂਰਾਂ, ਕਿਸਾਨਾਂ ਅਤੇ ਦਰਮਿਆਨੀ ਜਮਾਤ ਦੀ ਆਮਦਨ ਵਿਚ ਵਾਧਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ ਅਤੇ ਉਨ੍ਹਾਂ 'ਤੇ ਲਗਾਤਾਰ ਬੋਝ ਪਾ ਰਹੀ ਹੈ।

### ਸਟਾਰਲਾਈਨਰ ਕੈਪਸੂਲ ਸੁਨੀਤਾ ਤੇ ਬੁਚ ਦੇ ਬਿਨਾਂ ਪਰਤਿਆ



**ਹਿਊਸਟਨ (ਅਮਰੀਕਾ)** : ਬੋਇੰਗ ਦਾ ਸਟਾਰਲਾਈਨਰ ਕੈਪਸੂਲ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਦੇ ਬਿਨਾਂ ਕੌਮਾਂਤਰੀ ਸਪੇਸ ਸਟੇਸ਼ਨ ਤੋਂ ਨਿਊ ਮੈਕਸੀਕੋ ਦੇ ਵਾਈਟ ਸੈਂਡਸ ਸਪੇਸ ਹਾਰਬਰ 'ਤੇ ਉਤਰ ਆਇਆ ਹੈ। ਵਿਲੀਅਮਜ਼ ਤੇ ਵਿਲਮੋਰ ਨੂੰ ਸਟਾਰਲਾਈਨਰ ਦੀ ਪੁਲਾੜ ਉਡਾਣ ਤੋਂ ਇਕ ਹਫਤੇ ਬਾਅਦ ਜੂਨ ਵਿਚ ਧਰਤੀ 'ਤੇ ਵਾਪਸ ਆਉਣਾ ਸੀ, ਪਰ ਇਸ ਦੇ ਥਰਸਟਰ ਵਿਚ ਸਮੱਸਿਆ ਅਤੇ ਹੀਲੀਅਮ ਲੀਕ ਹੋਣ ਕਾਰਨ ਦੋਵੇਂ ਪੁਲਾੜ ਵਿਚ ਫਸ ਗਏ ਸਨ।

### ਬੱਸ ਪਲਟਣ ਨਾਲ ਨੌਜਵਾਨ ਦੀ ਮੌਤ

**ਪਠਾਨਕੋਟ** : ਹਿਮਾਚਲ ਟਰਾਂਸਪੋਰਟ ਦੀ ਬੱਸ ਪਲਟਣ ਨਾਲ ਇਕ ਯਾਤਰੀ ਦੀ ਮੌਤ ਹੋ ਗਈ ਅਤੇ 16 ਜ਼ਖਮੀ ਹੋ ਗਏ ਹਨ। ਚੰਬਾ ਤੋਂ ਅੰਮ੍ਰਿਤਸਰ ਜਾ ਰਹੀ ਬੱਸ ਪਠਾਨਕੋਟ ਦੇ ਪਿੰਡ ਬੁੰਗਲ ਬਧਾਨੀ ਨੇੜੇ ਪਹੁੰਚੀ ਤਾਂ ਡਰਾਈਵਰ ਨੇ ਸੰਤੁਲਨ ਗੁਆ ਦਿੱਤਾ। ਮ੍ਰਿਤਕ ਦੀ ਪਛਾਣ 20 ਸਾਲਾ ਰਜਿੰਦਰ ਸਿੰਘ ਪੁੱਤਰ ਹਰਬੀਰ ਸਿੰਘ ਵਾਸੀ ਖਜਾਰੀਆ ਬਿਆਸ ਵਜੋਂ ਹੋਈ ਹੈ।

### ਸ਼ੋਅ ਦੌਰਾਨ ਕਰਨ ਔਜਲਾ 'ਤੇ ਜੁੱਤੀ ਸੁੱਟੀ



**ਲੰਡਨ** : ਪੰਜਾਬੀ ਗਾਇਕ ਕਰਨ ਔਜਲਾ ਉਤੇ ਉਸ ਦੇ ਲੰਡਨ ਵਿਚ ਜਾਰੀ ਸ਼ੋਅ ਦੌਰਾਨ ਜੁੱਤੀ ਵਗਾਹ ਕੇ ਮਾਰੇ ਜਾਣ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਕ ਦਰਸ਼ਕ ਵੱਲੋਂ ਮਾਰੀ ਗਈ ਜੁੱਤੀ ਸਿੱਧੀ ਗਾਇਕ ਦੇ ਚਿਹਰੇ ਉਤੇ ਵੱਜੀ। ਇਸ 'ਤੇ ਰੋਹ ਵਿਚ ਆਏ ਗਾਇਕ ਨੇ ਗਾਉਣਾ ਬੰਦ ਕਰ ਕੇ ਹਮਲਾਵਰ ਨੂੰ ਭਾਲਣਾ ਸ਼ੁਰੂ ਕਰ ਦਿੱਤਾ। ਕਰਨ ਔਜਲਾ ਹਮਲਾਵਰ ਨੂੰ ਉੱਚੀ-ਉੱਚੀ ਵੰਗਾਰਨ ਲੱਗਾ—ਇਹ ਕਿਸ ਦੀ ਕਰਤੂਤ ਹੈ, ਮੇਰੇ ਸਾਹਮਣੇ ਸਟੇਜ ਉਤੇ ਆਵੇ। ਮੈਂ ਏਨਾ ਮਾੜਾ ਨਹੀਂ ਗਾ ਰਿਹਾ ਕਿ ਤੁਸੀਂ ਮੇਰੇ ਉਤੇ ਜੁੱਤੀਆਂ ਵਗਾਹ ਮਾਰੋ। ਜੇ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਸਟੇਜ ਉਤੇ ਆਣ ਕੇ ਸਿੱਧੀ ਗੱਲ ਕਰੇ। ਇਸ ਦੌਰਾਨ ਸੁਰੱਖਿਆ ਮੁਲਾਜ਼ਮਾਂ ਨੇ ਹਮਲਾਵਰ ਨੂੰ ਭੀੜ ਵਿਚੋਂ ਫੜ ਲਿਆ ਅਤੇ ਉਸ ਨੂੰ ਲਾਂਭੇ ਲੈ ਗਏ। ਔਜਲਾ ਉਤੇ ਹੋਏ ਇਸ ਹਮਲੇ ਨੇ ਉਸ ਦੇ ਪ੍ਰਸ਼ੰਸਕਾਂ ਵਿਚ ਰੋਸ ਹੀ ਪੈਦਾ ਨਹੀਂ ਕੀਤਾ, ਸਗੋਂ ਇਸ ਨਾਲ ਸੁਰੱਖਿਆ ਸੰਬੰਧੀ ਵੀ ਕਈ ਸਵਾਲ ਖੜ੍ਹੇ ਹੋ ਗਏ ਹਨ।

### ਉਰਦੂ, ਅਰਬੀ ਤੇ ਫਾਰਸੀ ਦੀ ਵਰਤੋਂ ਖਿਲਾਫ ਫਰਮਾਨ

**ਪ੍ਰਯਾਗਰਾਜ** : ਸ੍ਰੀ ਨਿਰੰਜਨੀ ਅਖਾੜੇ ਨੇ ਆਪਣੇ ਮਹਾਮੰਡਲੇਸ਼ਵਰਾਂ, ਮਹੰਤਾਂ ਤੇ ਸਾਰੇ ਸੰਤਾਂ ਨੂੰ ਬੋਲ-ਚਾਲ 'ਚ ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੀ ਵਰਤੋਂ ਕਰਨ ਦੀ ਹਦਾਇਤ ਕੀਤੀ ਹੈ। ਇਸ ਨੇ ਕਿਹਾ ਹੈ ਕਿ ਉਹ ਲੋੜ ਪੈਣ 'ਤੇ ਅੰਗਰੇਜ਼ੀ ਬੋਲ ਸਕਦੇ ਹਨ ਪਰ ਉਰਦੂ, ਅਰਬੀ-ਫਾਰਸੀ ਦੀ ਵਰਤੋਂ ਨਾ ਕਰਨ। ਇਸ ਨੇ ਕਿਹਾ ਹੈ ਕਿ ਮਹਾਕੁੰਭ ਦੇ ਸੱਦਾ-ਪੱਤਰਾਂ ਵਿਚ ਸ਼ਾਹੀ ਇਸ਼ਨਾਨ ਦੀ ਜਗ੍ਹਾ ਰਾਜਸੀ ਇਸ਼ਨਾਨ ਤੇ ਪੇਸ਼ਵਾਈ ਦੀ ਜਗ੍ਹਾ ਛਾਉਣੀ ਪ੍ਰਵੇਸ਼ ਲਿਖਿਆ ਜਾਵੇ।

## 293 ਨਵੀਆਂ ਨਿਯੁਕਤੀਆਂ ਨਾਲ ਢਾਈ ਸਾਲਾਂ 'ਚ 44974 ਨੌਕਰੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਆਡੀਟੋਰੀਅਮ ਵਿੱਚ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ 293 ਅਸਾਮੀਆਂ ਲਈ ਨਿਯੁਕਤੀ ਪੱਤਰ ਸੌਂਪਣ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਨੂੰ ਇੱਕ ਇਤਿਹਾਸਕ ਕਦਮ ਦੱਸਿਆ, ਜੋ ਨੌਜਵਾਨਾਂ ਦੀ ਤਕਦੀਰ ਬਦਲ ਦੇਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਰੇਕ ਵਿਭਾਗ ਵਿੱਚ ਖਾਲੀ ਹੁੰਦੇ ਸਾਰ ਹੀ ਸਾਰੀਆਂ ਅਸਾਮੀਆਂ ਭਰ ਦਿੰਦੀ ਹੈ। ਉਨ੍ਹਾ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇੱਕ ਠੋਸ ਵਿਧੀ ਅਪਣਾਈ ਗਈ ਹੈ, ਜਿਸ ਕਾਰਨ ਇਨ੍ਹਾਂ 44974 ਨਿਯੁਕਤੀਆਂ ਵਿੱਚੋਂ ਇੱਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ।

ਉਹਨਾ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਸੂਬੇ 'ਚੋਂ ਨੌਜਵਾਨਾਂ ਦੇ ਪ੍ਰਵਾਸ ਨੂੰ ਪੁੱਠਾ ਗੇੜ ਪਿਆ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਨੌਜਵਾਨ ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਬਜਾਏ ਹੁਣ ਇੱਥੇ ਰੁਜ਼ਗਾਰ ਹਾਸਲ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਨ। ਮਾਨ ਨੇ ਕਿਹਾ ਕਿ ਜਿਹੜੇ ਨੌਜਵਾਨ ਪਹਿਲਾਂ ਦੂਜੇ ਦੇਸ਼ਾਂ ਵਿਚ ਜਾ ਚੁੱਕੇ ਹਨ, ਉਹ ਵੀ ਹੁਣ ਵਾਪਸ ਆ ਰਹੇ ਹਨ ਅਤੇ ਨੌਕਰੀਆਂ ਲੈਣ ਲਈ ਮਿਹਨਤ ਕਰ ਰਹੇ ਹਨ।

ਇਸ ਦੌਰਾਨ ਨਵ-ਨਿਯੁਕਤ ਕਰਮਚਾਰੀਆਂ ਨੇ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਪੋ-ਆਪਣੇ ਤਜਰਬੇ ਸਾਂਝੇ ਕੀਤੇ।ਲੁਧਿਆਣਾ ਤੋਂ ਨਵ-ਨਿਯੁਕਤ ਔਪਥੈਲਮਿਕ ਅਫਸਰ ਸ਼ਿਵਾਨੀ ਸ਼ਰਮਾ ਨੇ ਨੌਕਰੀ ਮਿਲਣ ਦੀ ਖੁਸ਼ੀ ਸਾਂਝੀ ਕਰਦਿਆਂ ਖੁਲਾਸਾ ਕੀਤਾ ਕਿ ਉਸ ਦੇ ਨਾਲ ਉਸ ਦਾ ਭਰਾ ਵੀ ਨੌਕਰੀ ਪ੍ਰਾਪਤ ਕਰ ਰਿਹਾ ਹੈ। ਉਸ ਨੇ ਕਿਹਾ ਕਿ ਉਹ ਦੁੱਗਣੀ ਖੁਸ਼ੀ ਮਹਿਸੂਸ ਕਰ ਰਹੀ ਹੈ, ਕਿਉਂਕਿ ਇਹ ਮੇਰੇ ਪੂਰੇ ਪਰਵਾਰ ਲਈ ਬਹੁਤ ਮਾਣ ਦੇ ਪਲ ਹਨ। ਸ਼ਿਵਾਨੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾ ਦੀ ਚੋਣ ਪੂਰੀ ਤਰ੍ਹਾਂ ਮੈਰਿਟ 'ਤੇ ਆਧਾਰਤ ਕੀਤੀ ਗਈ ਹੈ, ਜਿਸ ਨਾਲ ਉਨ੍ਹਾ ਦੀ ਪ੍ਰਾਪਤੀ ਹੋਰ ਵੀ ਖੁਸ਼ਗਵਾਰ ਹੈ।

ਐੱਮ ਐੱਲ ਟੀ-2 ਨਿਯੁਕਤ ਹੋਈ ਖਰੜ ਤੋਂ ਗੁਰਦੀਪ ਕੌਰ ਆਪਣੇ ਨਵਜੰਮੇ ਬੱਚੇ ਨਾਲ ਸਮਾਗਮ ਵਿੱਚ ਸ਼ਾਮਲ ਹੋਈ। ਉਸ ਨੇ ਪੂਰੀ ਭਰਤੀ ਪ੍ਰਕਿਰਿਆ ਨੂੰ ਸੁਤੰਤਰ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਝਬਾਲ (ਤਰਨ ਤਾਰਨ) ਦੇ ਬਲਾਕ ਐਕਸਟੈਨਸ਼ਨ ਐਜੂਕੇਟਰ ਗੁਰਲਾਲ ਸਿੰਘ ਨੇ ਬਿਨਾਂ ਕਿਸੇ ਸਿਫ਼ਾਰਸ਼ ਦੇ ਨੌਕਰੀ ਮਿਲਣ 'ਤੇ ਹੋਈ ਹੈਰਾਨੀ ਮੁੱਖ ਮੰਤਰੀ ਨਾਲ ਸਾਂਝੀ ਕੀਤੀ।ਉਸ ਨੇ ਕਿਹਾ—ਜਦੋਂ ਮੈਨੂੰ ਨੌਕਰੀ ਬਾਰੇ ਫ਼ੋਨ ਆਇਆ ਤਾਂ ਮੈਂ ਹੈਰਾਨ ਰਹਿ ਗਿਆ, ਕਿਉਂਕਿ ਮੈਨੂੰ ਇਸ ਦੀ ਉਮੀਦ ਨਹੀਂ ਸੀ।

ਸ੍ਰੀ ਮੁਕਤਸਰ ਸਾਹਿਬ ਤੋਂ ਐੱਮ ਐੱਲ ਟੀ ਹਰਦੀਪ ਸਿੰਘ ਨੇ ਆਪਣੇ ਦਿਲ ਦੀ ਗੱਲ ਸਾਂਝੀ ਕੀਤੀ ਕਿ ਉਹ ਪਹਿਲਾਂ ਵਿਦੇਸ਼ ਜਾਣ ਬਾਰੇ ਸੋਚਦਾ ਸੀ, ਪਰ ਆਪ ਸਰਕਾਰ ਦੀਆਂ ਪਹਿਲਕਦਮੀਆਂ ਨੇ ਉਸ ਦੀ ਧਾਰਨਾ ਬਦਲ ਦਿੱਤੀ ਹੈ।





## 130 ਭਾਰਤੀਆਂ ਨੂੰ ਪਨਾਮਾ ਨੇ ਕੀਤਾ ਡਿਪੋਰਟ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਅਮਰੀਕਾ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 130 ਭਾਰਤੀਆਂ ਨੂੰ ਪਨਾਮਾ ਤੋਂ ਸ਼ੁੱਕਰਵਾਰ ਭਾਰਤ ਵਾਪਸ ਭੇਜ ਦਿੱਤਾ ਗਿਆ। ਇਹ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਬ੍ਰਾਜ਼ੀਲ ਅਤੇ ਸੂਰੀਨਾਮ ਦੇ ਜੰਗਲਾਂ 'ਚੋਂ ਹੁੰਦੇ ਹੋਏ ਅਮਰੀਕਾ ਜਾ ਰਹੇ ਸਨ। ਉਹਨਾਂ ਨੂੰ ਪਨਾਮਾ ਦੀ ਪੁਲਸ ਵੱਲੋਂ ਡਿਪੋਰਟ ਕਰਕੇ ਫਲਾਈਟ ਜ਼ਰੀਏ ਨਵੀਂ ਦਿੱਲੀ ਭੇਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਰਤੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਜਾ ਰਹੀ ਇਕ ਚਾਰਟਰ ਫਲਾਈਟ ਨੂੰ ਦਸੰਬਰ 2023 'ਚ ਫਰਾਂਸ 'ਚ ਰੋਕ ਕੇ ਮੁੰਬਈ ਵਾਪਸ ਲਿਆਂਦਾ ਗਿਆ ਸੀ, ਪਰ ਫਿਰ ਸਾਰਾ ਮਾਮਲਾ ਠੰਢਾ ਪੈ ਗਿਆ ਸੀ। ਅਮਰੀਕਾ ਪਹੁੰਚਣ ਲਈ ਇਹ ਪ੍ਰਵਾਸੀ ਡੈਰੀਅਨ ਗੈਪ ਲਾਈਨ ਨੂੰ ਪਾਰ ਕਰਕੇ ਗੈਰ-ਕਾਨੂੰਨੀ ਢੰਗ ਨਾਲ ਪਨਾਮਾ ਜਾਂਦੇ ਹਨ। ਹੁਣ ਅਮਰੀਕਾ ਨੇ ਅਜਿਹੇ ਪ੍ਰਵਾਸੀਆਂ ਨੂੰ ਮੈਕਸੀਕੋ ਪਹੁੰਚਣ ਤੋਂ ਰੋਕਣ ਲਈ ਜੁਲਾਈ ਮਹੀਨੇ ਵਿੱਚ ਪਨਾਮਾ ਨਾਲ ਮਿਲ ਕੇ ਇੱਕ ਸਮਝੌਤਾ ਕੀਤਾ ਹੈ। ਪਨਾਮਾ ਨੇ ਇਸ ਮਿਸ਼ਨ ਤਹਿਤ ਭਾਰਤ ਲਈ ਪਹਿਲੀ ਡਿਪੋਰਟੇਸ਼ਨ ਫਲਾਈਟ ਭੇਜੀ ਹੈ। ਪਨਾਮਾ ਨੇ ਇਸ ਤੋਂ ਪਹਿਲਾਂ ਸਪੈਨਿਸ਼ ਦੇਸ਼ ਕੋਲੰਬੀਆ ਲਈ ਵੀ ਪਹਿਲੀ ਡਿਪੋਰਟੇਸ਼ਨ ਫਲਾਈਟ ਭੇਜੀ ਸੀ ਅਤੇ ਫਿਰ ਪਨਾਮਾ ਸਰਕਾਰ ਨੇ ਨਾਲ ਲੱਗਦੇ ਹੋਰ ਦੱਖਣੀ ਅਮਰੀਕੀ ਦੇਸ਼ਾਂ ਦੇ ਨਾਲ-ਨਾਲ ਭਾਰਤ ਤੇ ਚੀਨ ਨੂੰ ਵੀ ਦੇਸ਼ ਨਿਕਾਲੇ ਦੀਆਂ ਉਡਾਣਾਂ ਭੇਜਣ ਦਾ ਐਲਾਨ ਕਰ ਦਿੱਤਾ ਹੈ।

ਪਨਾਮਾ ਦੀ ਸਰਕਾਰ ਨੇ ਜਾਣਕਾਰੀ ਦਿੱਤੀ ਸੀ ਕਿ ਭਾਰਤੀਆਂ ਦੀ ਡਿਪੋਰਟੇਸ਼ਨ ਫਲਾਈਟ 4 ਸਤੰਬਰ ਨੂੰ ਰਵਾਨਾ ਹੋਵੇਗੀ, ਪਰ ਫਲਾਈਟ ਨੇ ਆਪਣੇ ਨਿਰਧਾਰਤ ਸਮੇਂ ਤੋਂ ਦੋ ਦਿਨ ਬਾਅਦ ਨਵੀਂ ਦਿੱਲੀ ਲਈ ਉਡਾਣ ਭਰੀ। ਸੂਤਰਾਂ ਦੀ ਮੰਨੀਏ ਤਾਂ ਪੰਜਾਬੀ, ਗੁਜਰਾਤੀ, ਹਰਿਆਣਵੀ ਸਮੇਤ ਭਾਰਤੀ ਸੂਰੀਨਾਮ ਦੇ ਜੰਗਲ ਪਾਰ ਕਰਕੇ ਅਤੇ ਬ੍ਰਾਜ਼ੀਲ 'ਚ ਉਤਰਨ ਤੋਂ ਬਾਅਦ ਪਨਾਮਾ ਦੇ ਰਸਤੇ ਅਮਰੀਕਾ ਜਾ ਰਹੇ ਸਨ। ਪਿਛਲੇ ਚਾਰ-ਪੰਜ ਮਹੀਨਿਆਂ 'ਚ ਬ੍ਰਾਜ਼ੀਲ ਜਾਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਵੀ ਕਾਫੀ ਵਾਧਾ ਹੋਇਆ ਸੀ। ਹਾਲਾਂਕਿ ਅਮਰੀਕਾ ਦੇ ਕਹਿਣ 'ਤੇ ਬ੍ਰਾਜ਼ੀਲ ਨੇ ਅਗਸਤ ਮਹੀਨੇ 'ਚ ਹੀ ਭਾਰਤੀਆਂ ਨੂੰ ਟੂਰਿਸਟ ਵੀਜ਼ਾ ਅਤੇ ਸ਼ਰਨ ਦੇਣ ਦੇ ਨਿਯਮ ਵੀ ਸਖਤ ਕਰ ਦਿੱਤੇ ਸਨ।

ਇਸ ਤੋਂ ਇਲਾਵਾ ਅਮਰੀਕਾ ਨੇ ਨਿਕਾਰਾਗੁਆ ਲਈ ਚਾਰਟਰ ਉਡਾਣਾਂ ਨੂੰ ਵੀ ਰੋਕ ਦਿੱਤਾ ਹੈ, ਜਿਸ ਨਾਲ ਕਾਨੂੰਨੀ ਤੌਰ 'ਤੇ ਅਮਰੀਕਾ ਤੱਕ ਪਹੁੰਚਣ ਦਾ ਉਹਨਾਂ ਲਈ ਕੋਈ ਰਸਤਾ ਨਹੀਂ ਬਚਿਆ।

## ਅਧਿਆਪਕ ਦੀ ਪੋਕਸੋ 'ਚੋਂ ਨਿਕਲਣ ਦੀ ਕੋਸ਼ਿਸ਼ ਫੇਲ੍ਹ

**ਬੇਂਗਲੁਰੂ** : ਕਰਨਾਟਕ ਹਾਈ ਕੋਰਟ ਨੇ ਬੱਚਿਆਂ ਦੀ ਜਿਨਸੀ ਜੁਰਮਾਂ ਤੋਂ ਸੁਰੱਖਿਆ ਸੰਬੰਧੀ ਕਾਨੂੰਨ 'ਪੋਕਸੋ' ਤਹਿਤ ਦਰਜ ਕੇਸ ਰੱਦ ਕਰਨ ਦੀ ਸਕੂਲ ਅਧਿਆਪਕ ਵੱਲੋਂ ਦਾਇਰ ਪਟੀਸ਼ਨ ਨਾਮਨਜ਼ੂਰ ਕਰ ਦਿੱਤੀ ਹੈ। ਅਧਿਆਪਕ ਉਤੇ ਕੱਪੜੇ ਬਦਲਦੇ ਸਮੇਂ ਵਿਦਿਆਰਥਣਾਂ ਦੀਆਂ ਵੀਡੀਓਜ਼ ਬਣਾਉਣ ਤੇ ਫੋਟੋਆਂ ਖਿੱਚਣ ਦਾ ਦੋਸ਼ ਹੈ। ਮੁਲਜ਼ਮ ਸੂਬੇ ਦੇ ਕੋਲਾਰ ਜ਼ਿਲ੍ਹੇ ਵਿਚ ਪਛੜੇ ਵਰਗਾਂ ਦੇ ਬੱਚਿਆਂ ਲਈ ਬਣਾਏ ਗਏ ਇਕ ਰਿਹਾਇਸ਼ੀ ਸਕੂਲ ਵਿਚ ਤਾਇਨਾਤ ਸੀ। ਜਸਟਿਸ ਐੱਮ ਨਾਗਪ੍ਰਸੰਨਾ ਨੇ ਆਪਣੇ ਫੈਸਲੇ ਵਿਚ ਅਧਿਆਪਕ ਦੀ ਕਾਰਵਾਈ ਨੂੰ ਬਹੁਤ ਸੰਗੀਨ ਕਰਾਰ ਦਿੰਦਿਆਂ ਕਿਹਾ ਕਿ ਉਹ ਕਿਸੇ ਰਾਹਤ ਦਾ ਹੱਕਦਾਰ ਨਹੀਂ ਹੈ। ਉਸ ਨੂੰ ਦਸੰਬਰ 2023 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਮੁਲਜ਼ਮ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਇਹ ਕਾਰਵਾਈ ਪੋਕਸੋ ਐਕਟ ਤਹਿਤ ਜਿਨਸੀ ਸ਼ੋਸ਼ਣ ਦਾ ਮਾਮਲਾ ਨਹੀਂ ਬਣਦੀ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ—ਸਭ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਪਟੀਸ਼ਨਰ ਕੋਲੋਂ ਪੰਜ ਵੱਖ-ਵੱਖ ਮੋਬਾਇਲ ਫੋਨ ਬਰਾਮਦ ਹੋਏ ਅਤੇ ਇਨ੍ਹਾਂ ਸਾਰਿਆਂ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ। ਜਾਂਚ ਦੌਰਾਨ ਹਰੇਕ ਫੋਨ ਵਿੱਚੋਂ ਕਰੀਬ 1000 ਫੋਟੋਆਂ ਤੇ ਸੈਂਕੜੇ ਵੀਡੀਓਜ਼ ਮਿਲੇ ਹਨ। ਹਾਈ ਕੋਰਟ ਨੇ ਇਹ ਕਹਿੰਦਿਆਂ ਉਸ ਦਾ ਦਾਅਵਾ ਖਾਰਜ ਕਰ ਦਿੱਤਾ ਕਿ ਬੱਚਿਆਂ ਦੀਆਂ ਅਜਿਹੇ ਤਰੀਕੇ ਨਾਲ ਫੋਟੋਆਂ ਖਿੱਚਣਾ ਤੇ ਵੀਡੀਓ ਬਣਾਉਣਾ ਪੋਕਸੋ ਐਕਟ ਤਹਿਤ ਤੈਅ ਜਿਨਸੀ ਸ਼ੋਸ਼ਣ ਦੀ ਪ੍ਰੀਭਾਸ਼ਾ ਦੇ ਘੇਰੇ ਵਿਚ ਆਉਂਦਾ ਹੈ।

ਹਾਈ ਕੋਰਟ ਨੇ ਕਿਹਾ—ਪੋਕਸੋ ਐਕਟ ਦੀ ਧਾਰਾ 11 ਕਹਿੰਦੀ ਹੈ ਕਿ ਜੇ ਕੋਈ ਵਿਅਕਤੀ ਕਿਸੇ ਬੱਚੇ ਦੇ ਸਰੀਰ ਨੂੰ ਇਸ ਢੰਗ ਨਾਲ ਬੇਪਰਦ ਕਰਦਾ ਹੈ ਕਿ ਇਸ ਨੂੰ ਕਿਸੇ ਹੋਰ ਵੱਲੋਂ ਦੇਖਿਆ ਜਾ ਸਕੇ ਜਾਂ ਕੋਈ ਨਾਵਾਜਬ ਇਸ਼ਾਰਾ ਕਰਦਾ ਹੈ, ਤਾਂ ਉਹ ਜਿਨਸੀ ਸ਼ੋਸ਼ਣ ਕਰ ਰਿਹਾ ਹੁੰਦਾ ਹੈ। ਅਜਿਹਾ ਵਤੀਰਾ ਧਾਰਾ 12 ਤਹਿਤ ਸਜ਼ਾਯੋਗ ਹੈ।

### ਅੱਜ-ਨਾਮਾ

ਫਸਿਆ ਦਲ ਅਕਾਲੀ ਸੀ ਪਿਆ ਪਹਿਲਾਂ,
ਨਵੀਂ ਉਲਝਣ ਆ ਵਾਧੂ ਦੀ ਪਾਈ ਭਾਈ।
ਆਰਜ਼ੀ ਪ੍ਰਧਾਨਗੀ ਭੂੰਦੜ ਨੂੰ ਜਦੋਂ ਦਿੱਤੀ,
ਬੁਰੀ ਕਨਸੋਅ ਨਾ ਕੋਈ ਸੀ ਆਈ ਭਾਈ।
ਨਾਲ ਭੂੰਦੜ ਦੇ ਗੁਰੂ ਨੂੰ ਗਿਆ ਲਾਇਆ,
ਇਹੀਓ ਸੁਣੀ ਕੁਝ ਹੋਈ ਉਕਾਈ ਭਾਈ।
ਬਿਨਾਂ ਵਜ੍ਹਾ ਨਿਯੁਕਤੀ ਇਹ ਗਈ ਕੀਤੀ,
ਐਵੇਂ ਵਾਧੂ ਜਿਹੀ ਖੇਹ ਉਡਵਾਈ ਭਾਈ।
ਮਸਲੇ ਪਹਿਲੇ ਗੰਭੀਰ ਕਈ ਬਹੁਤ ਜਿੱਥੇ,
ਓਥੇ ਹੋਰ ਗਈ ਪਹੁੰਚ ਸ਼ਿਕਾਇਤ ਭਾਈ।
ਪਤਾ ਨਹੀਂ ਕੌਣ ਸਲਾਹਾਂ ਹਨ ਦੇਈ ਜਾਂਦੇ,
ਕਰਤੀ ਮੂਰਖਤਾ ਨਵੀਂ ਨਿਹਾਇਤ ਭਾਈ।

-ਤੀਸ ਮਾਰ ਖਾਂ

## ਰਾਸ਼ਨ ਕਾਰਡ ਹੋਲਡਰ ਘਟਾਉਣ ਦੀ ਮੁਹਿੰਮ ਖਿਲਾਫ ਮਾਰਚ

**ਸ਼ਾਹਕੋਟ (ਗਿਆਨ ਸੈਦਪੁਰੀ)**

ਕੇਂਦਰ ਦੀ ਮੋਦੀ ਸਰਕਾਰ 2014 ਤੋਂ ਆਪਣੀ ਕਾਇਮੀ ਦੇ ਵੇਲੇ ਤੋਂ ਹੀ ਮਜ਼ਦੂਰ ਵਰਗ ਦਾ ਸਮਾਜਿਕ ਤੇ ਆਰਥਕ ਸ਼ੋਸ਼ਣ ਕਰਦੀ ਆ ਰਹੀ ਹੈ। ਮਨਰੇਗਾ ਸਕੀਮ ਗਰੀਬ ਵਰਗ ਲਈ ਕੁਝ ਰਾਹਤ ਪ੍ਰਦਾਨ ਕਰਦੀ ਹੈ, ਪਰ ਉਸ ਦੇ ਬਜਟ ਨੂੰ ਘਟਾਉਣ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਇਸ ਸਾਲ ਦੇ ਬਜਟ ਵਿੱਚ ਵੀ ਮਜ਼ਦੂਰ ਵਰਗ ਨੂੰ ਅਣਗੌਲਿਆ ਰੱਖਿਆ ਗਿਆ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਸ਼ਪਾਲ ਕੈਲੇ ਨੇ ਕੀਤਾ।ਉਹ ਸਨਿੱਚਰਵਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਮੌਕੇ ਜੁੜੇ ਸੈਂਕੜੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਹ ਮੰਗ ਪੱਤਰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 1 ਤੋਂ 7 ਸਤੰਬਰ ਤੱਕ ਦੇਸ਼-ਵਿਆਪੀ ਰੋਸ ਹਫਤਾ ਮਨਾਉਣ ਦੇ ਸਿਲਸਿਲੇ ਤਹਿਤ ਦਿੱਤਾ ਗਿਆ।

ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਈ-ਕੇ ਵਾਈ ਸੀ ਦੇ ਨਾਂਅ ਹੇਠ ਰਾਸ਼ਨ ਕਾਰਡ ਹੋਲਡਰਾਂ ਦੀ ਕੀਤੀ ਜਾ ਰਹੀ ਵੈਰੀਫਿਕੇਸ਼ਨ ਦਾ ਮਕਸਦ ਵੱਧ ਤੋਂ ਵੱਧ ਕਾਰਡ ਕੱਟ ਕੇ ਰਾਸ਼ਨ ਦੀ ਸਹੂਲਤ ਲੈ ਰਹੇ ਲੋਕਾਂ ਦੀ ਗਿਣਤੀ ਘਟਾਉਣਾ ਹੈ। ਨਾਜਾਇਜ਼ ਤੌਰ 'ਤੇ ਰਾਸ਼ਨ ਲੈਣ ਵਾਲਿਆਂ 'ਤੇ ਰੋਕ ਲਾਉਣਾ ਤਾਂ ਇੱਕ ਬਹਾਨਾ ਹੈ। ਸਰਕਾਰ ਵੱਲੋਂ ਈ-ਕੇ ਵਾਈ ਸੀ ਦੇ ਮਾਮਲੇ ਵਿੱਚ 30 ਸਤੰਬਰ ਦੀ ਹੱਦ ਮਿਥਣੀ ਵੀ ਉਕਤ ਗੱਲ ਨੂੰ ਹੀ ਸਿੱਧ ਕਰਦਾ ਹੈ। ਇਕੱਠ ਨੂੰ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਹਾਇਕ ਸਕੱਤਰ ਹਰਜਿੰਦਰ ਸਿੰਘ ਮੌਜੀ, ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸੰਧੂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਵੀਰ ਕੁਮਾਰ, ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ, ਜ਼ਿਲ੍ਹਾ ਸਕੱਤਰ ਦਿਲਬਾਗ ਸਿੰਘ ਚੰਦੀ, ਜਸਵਿੰਦਰ ਸਿੰਘ ਜੰਡਿਆਲਾ ਜ਼ਿਲ੍ਹਾ ਕੌਂਸਲ ਮੈਂਬਰ ਸੀ ਪੀ ਆਈ ਜਲੰਧਰ ਨੇ ਵੀ ਸੰਬੋਧਨ ਕੀਤਾ।

ਸੀ ਪੀ ਆਈ ਕਾਰਕੁਨਾਂ ਨੇ ਜ਼ਿਲ੍ਹਾ ਦਫ਼ਤਰ ਤੋਂ ਮਾਰਚ ਸ਼ੁਰੂ ਕੀਤਾ ਤੇ ਆਕਾਸ਼ ਗੂੰਜਾਊ ਨਾਹਰੇ ਲਾਉਂਦਾ ਡੀ ਸੀ ਦਫ਼ਤਰ ਪਹੁੰਚਾ। ਪ੍ਰਧਾਨ ਮੰਤਰੀ ਦੇ ਨਾਂਅ ਦਿੱਤਾ ਗਿਆ ਮੰਗ ਪੱਤਰ ਡਿਪਟੀ ਕਮਿਸ਼ਨਰ ਦੀ ਗੈਰ-ਮੌਜੂਦਗੀ ਵਿੱਚ ਜ਼ਿਲ੍ਹਾ ਰੈਵੇਨਿਊ ਅਫਸਰ ਨਵਦੀਪ ਸਿੰਘ ਭੋਗਲ ਨੇ ਪ੍ਰਾਪਤ ਕੀਤਾ। ਮੰਗ ਪੱਤਰ ਵਿੱਚ ਈ- ਕੇ ਵਾਈ ਸੀ ਸੰਬੰਧੀ 30 ਸਤੰਬਰ ਦੀ ਹੱਦ ਖਤਮ ਕਰਨ, ਜਨਗਣਨਾ ਜਲਦੀ ਕਰਵਾਉਣ, ਲੋਕ ਤੋੜਵੀਂ ਮਹਿੰਗਾਈ ਨੂੰ ਕਾਬੂ ਕਰਨ ਅਤੇ ਰਾਸ਼ਨ ਕਾਰਡ ਅਤੇ ਰਾਸ਼ਨ ਦੀ ਅਦਾਇਗੀ ਆਦਿ ਮੰਗਾਂ ਸ਼ਾਮਲ ਹਨ।ਰੈਵੇਨਿਊ ਅਧਿਕਾਰੀ ਨੇ ਵਿਸ਼ਵਾਸ ਦਿਵਾਇਆ ਕਿ ਟਿੱਪਣੀ ਸਹਿਤ ਮੰਗ ਪੱਤਰ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਗੁਰਜੀਤ ਸਿੰਘ ਫਤਿਹਪੁਰ ਭੰਗਵਾਂ, ਮਹਿੰਦਰ ਸਿੰਘ ਘੋੜਾਬਾਹੀ, ਕੁਲਦੀਪ ਬਹਿਰਾਮ, ਸਵਰਨਜੀਤ ਕੁਰੈਸ਼ੀਆਂ, ਪੱਪੂ ਸਨੌਰਾ, ਸੁਰਜੀਤ ਅਠੌਲਾ, ਤਰਸੇਮ ਜੰਡਿਆਲਾ, ਹੈਪੀ ਸ਼ਾਹਕੋਟ ਅਤੇ ਜਗੀਰ ਮੁਆਈ ਵੀ ਹਾਜ਼ਰ ਸਨ।





ਨਾਹਰੇ ਮਾਰਦੇ ਕਮਿਊਨਿਸਟ ਕਾਰਕੁਨ ਡੀ ਸੀ ਦਫ਼ਤਰ ਵੱਲ ਮਾਰਚ ਕਰਦੇ ਹੋਏ (ਸੱਜੇ) ਡੀ ਆਰ ਓ ਜਲੰਧਰ ਨਵਦੀਪ ਸਿੰਘ ਭੋਗਲ ਨੂੰ ਮੰਗ ਪੱਤਰ ਸੌਂਪਦੇ ਹੋਏ ਕਮਿਊਨਿਸਟ ਆਗੂ।

## ਗੁਰਦਾਸ ਸਿੰਘ ਨੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਅਹੁਦਾ ਸੰਭਾਲਿਆ




**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰ. ਗੁਰਦਾਸ ਸਿੰਘ ਨੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮਾਨਸਾ ਅਹੁਦਾ ਸੰਭਾਲ ਲਿਆ ਹੈ।ਉਹ ਇਸ ਤੋਂ ਪਹਿਲਾਂ ਬਠਿੰਡਾ ਵਿਖੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਤਾਇਨਾਤ ਸਨ।ਇਸ ਮੌਕੇ ਸਮੂਹ ਸਟਾਫ ਵੱਲੋਂ ਗੁਲਦਸਤਾ ਭੇਟ ਕਰਕੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਹਰੇਕ ਵਿਅਕਤੀ ਤੱਕ ਪਹੁੰਚਾਉਣ ਲਈ ਉਹ ਪੂਰੀ ਇਮਾਨਦਾਰੀ ਤੇ ਦ੍ਰਿੜਤਾ ਨਾਲ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਤੇ ਮੀਡੀਆ ਵਿਚਾਲੇ ਇਕ ਕੜੀ ਵਜੋਂ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

## ਪ੍ਰਿਯਾਂਸ਼ੀ ਮਨਚੰਦਾ ਨੇ ਪੰਜਾਬ 'ਵਰਸਿਟੀ 'ਚੋਂ ਹਾਸਲ ਕੀਤਾ ਛੇਵਾਂ ਸਥਾਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫ਼ਿਰੋਜ਼ਪੁਰ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਅਗਰਸਰ ਹੈ।ਜ਼ੂਲੋਜੀ ਵਿਭਾਗ ਦੇ ਮੁਖੀ ਡਾ. ਮੋਕਸ਼ੀ ਨੇ ਕਿਹਾ ਕਿ ਵਿਦਿਆਰਥਣ ਪ੍ਰਿਯਾਂਸ਼ੀ ਮਨਚੰਦਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਜਾਰੀ ਟਾਪ-10 ਸੂਚੀ ਵਿੱਚ ਛੇਵਾਂ ਸਥਾਨ ਹਾਸਲ ਕੀਤਾ ਹੈ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਵਿਦਿਆਰਥਣ ਪ੍ਰਿਯਾਂਸ਼ੀ ਮਨਚੰਦਾ ਦੀ ਕੜੀ ਮਿਹਨਤ ਸਦਕੇ ਜੋ ਸਫਲਤਾ ਹਾਸਲ ਕੀਤੀ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥਣ ਪ੍ਰਿਯਾਂਸ਼ੀ ਮਨਚੰਦਾ ਨੇ ਇਸ ਸ਼ਾਨਦਾਰ ਪੁਜ਼ੀਸ਼ਨ ਹਾਸਲ ਕਰਕੇ ਆਪਣੇ ਮਾਪਿਆਂ ਦਾ ਨਾਮ ਤਾਂ ਉੱਚਾ ਕੀਤਾ ਹੈ, ਸਗੋਂ ਕਾਲਜ ਦਾ ਵੀ ਮਾਣ ਵਧਾਇਆ ਹੈ।ਉਨ੍ਹਾਂ ਵਿਦਿਆਰਥਣ ਪ੍ਰਿਯਾਂਸ਼ੀ ਮਨਚੰਦਾ ਦੀ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਖੁਸ਼ੀ ਦੇ ਮੌਕੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਜ਼ੂਲੋਜੀ ਵਿਭਾਗ ਦੀ ਮੁਖੀ ਡਾ. ਮੋਕਸ਼ੀ ਤੇ ਵਿਭਾਗੀ ਅਧਿਆਪਕਾਂ ਨੂੰ ਵਧਾਈ ਦਿੱਤੀ।ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣ ਪ੍ਰਿਯਾਂਸ਼ੀ ਮਨਚੰਦਾ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਡਾ. ਕੇ ਡੀ ਸਿੰਘ ਨੇ ਬਤੌਰ ਐੱਸ ਐੱਮ ਓ ਅਹੁਦਾ ਸੰਭਾਲਿਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ. ਕੰਵਲਦੀਪ ਸਿੰਘ ਨੇ ਜ਼ਿਲ੍ਹਾ ਹਸਪਤਾਲ ਦਾ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਡਾਕਟਰ ਕੇ.ਡੀ ਸਿੰਘ ਮੁੱਖ ਮੰਤਰੀ ਦਫ਼ਤਰ ਚੰਡੀਗੜ੍ਹ ਵਿਖੇ ਤਾਇਨਾਤ ਸਨ। ਅਹੁਦਾ ਸੰਭਾਲਣ ਮੌਕੇ ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਆਪਣੀ ਡਿਊਟੀ ਇਮਾਨਦਾਰੀ ਤੇ ਤਨ, ਮਨ, ਨਾਲ ਨਿਭਾਉਣਗੇ ਅਤੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨੂੰ ਸਾਰੀਆਂ ਸਿਹਤ ਸਹੂਲਤਾਂ ਉਪਲਬਧ ਕਰਾਉਣ ਲਈ ਪੂਰੀ ਕੋਸ਼ਿਸ਼ ਕਰਨਗੇ।ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ ਕਿ ਉਨ੍ਹਾਂ ਨੂੰ ਸ਼ਹੀਦਾਂ ਦੀ ਪਵਿੱਤਰ ਧਰਤੀ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਇਸ ਮੌਕੇ ਜ਼ਿਲ੍ਹਾ ਹਸਪਤਾਲ ਦੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

## ਡਾਕਟਰ ਅੰਬੇਡਕਰ ਪਾਰਕ ਦੀ ਹਾਲਤ ਖਸਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਿਪਟੀ ਕਮਿਸ਼ਨਰ ਦਫ਼ਤਰ ਦੇ ਬਿਲਕੁਲ ਸਾਹਮਣੇ ਡਾਕਟਰ ਅੰਬੇਡਕਰ ਪਾਰਕ ਇਨ੍ਹੀਂ ਦਿਨੀਂ ਖਸਤਾ ਹਾਲ ਵਿੱਚ ਚੱਲ ਰਿਹਾ ਹੈ।ਪਾਰਕ ਦੀਆਂ ਗਰਿੱਲਾਂ ਟੁੱਟਕੇ ਡਿੱਗੀਆਂ ਪਈਆਂ ਹਨ।ਲੋਹੇ ਦੀਆਂ ਬਣੀਆਂ ਇਹ ਗਰਿੱਲਾਂ ਕਿਸੇ ਸਮੇਂ ਵੀ ਚੋਰੀ ਹੋ ਸਕਦੀਆਂ ਹਨ।ਪਾਰਕ ਅੰਦਰ ਘਾਹ-ਫੂਸ ਦਾ ਜੰਗਲ ਬਣਿਆ ਗਿਆ ਹੈ।ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਹੈ।ਪਸ਼ੂ ਅੰਦਰ ਵੜ ਕੇ ਪੌਦਿਆਂ ਦਾ ਨੁਕਸਾਨ ਕਰਦੇ ਹਨ।ਪਾਰਕ ਵਿੱਚ ਲੱਗੀ ਵਾਟਰ ਵਰਕਸ ਦੀ ਸਪਲਾਈ ਲਗਾਤਾਰ ਚੱਲਦੀ ਰਹਿੰਦੀ ਹੈ, ਜਿਸ ਕਰਕੇ ਪਾਰਕ ਵਿੱਚ ਪਾਣੀ ਭਰ ਜਾਂਦਾ ਹੈ।ਲੋਕਾਂ ਦੀ ਪ੍ਰਸ਼ਾਸਨ ਪਾਸੋਂ ਮੰਗ ਹੈ ਕਿ ਪਾਰਕ ਦੀ ਸਾਫ-ਸਫਾਈ ਅਤੇ ਗਰਿੱਲਾਂ ਦੀ ਮਜ਼ਬੂਤੀ ਵੱਲ ਧਿਆਨ ਦਿੱਤਾ ਜਾਵੇ। ਇਸ ਦੌਰਾਨ ਨਗਰ ਕੌਂਸਲ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਬਣਦੀ ਕਾਰਵਾਈ ਕਰਨਗੇ।

## ਗੁਰਲਾਲ ਸਿੰਘ ਮੱਲ੍ਹੀ ਸਹਿਕਾਰੀ ਸਭਾ ਦੇ ਮੁਖੀ ਬਣੇ



**ਨਾਭਾ (ਵਰਿੰਦਰ ਵਰਮਾ)**-ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਨਾਲ ਜੁੜ ਕੇ ਤੇ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਰਹਿ ਕੇ ਗੁਰਲਾਲ ਸਿੰਘ ਮੱਲੀ ਪਾਰਟੀ ਦੀ ਸੇਵਾ ਕਰ ਰਹੇ ਹਨ, ਜਿਸ ਨੂੰ ਵੇਖਦੇ ਹੋਏ ਉਨ੍ਹਾਂ ਨੂੰ 6 ਪਿੰਡਾਂ ਦੀ ਸਹਿਕਾਰੀ ਸਭਾ ਦਾ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਿਸ ਵਿੱਚ ਪਿੰਡ ਫੈਜ਼ਗੜ੍ਹ, ਪਿੰਡ ਕੋਟ ਕਲਾਂ, ਪਿੰਡ ਕੋਟ ਖੁਰਦ, ਪਿੰਡ ਮਲਕੋ, ਪਿੰਡ ਲੋਹਾਰ ਮਾਜਰਾ, ਪਿੰਡ ਛੱਜੂਭੱਟ ਦੀ ਸਹਿਕਾਰੀ ਸਭਾ ਵੱਲੋ ਉਨ੍ਹਾਂ ਨੂੰ ਪ੍ਰਧਾਨ ਚੁਣਿਆ ਗਿਆ ਹੈ ਤੇ ਸਮੁੱਚੀ ਕਮੇਟੀ ਵੱਲੋਂ ਹੋਰ ਮੈਂਬਰਾਂ ਨੂੰ ਵੀ ਅਹੁਦੇ ਦਿੱਤੇ ਗਏ ਹਨ, ਜਿਸ ਵਿੱਚ ਮੀਤ ਪ੍ਰਧਾਨ ਰਣਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਇੰਦਰ ਸਿੰਘ ਤੇ ਜਗਜੀਵਨ ਸਿੰਘ, ਗੁਰਮੀਤ ਕੌਰ ਨੂੰ ਸਲਾਹਕਾਰ, ਸੁਦਾਗਰ ਸਿੰਘ, ਗੁਰਨਾਇਬ ਸਿੰਘ, ਨਰਿੰਦਰ ਕੌਰ, ਮਨਸਾ ਰਾਮ, ਧਨ ਸਿੰਘ, ਇੰਦਰਜੀਤ ਸਿੰਘ ਨੂੰ ਮੈਂਬਰ ਚੁਣਿਆ ਗਿਆ।ਚੁਣੇ ਗਏ ਨਵਨਿਯੁਕਤ ਪ੍ਰਧਾਨ ਗੁਰਲਾਲ ਸਿੰਘ ਮੱਲੀ ਨੇ ਕਿਹਾ ਕਿ ਪਿੰਡ ਦੀਆਂ ਸੁਸਾਇਟੀਆਂ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਜੇਕਰ ਸੁਸਾਇਟੀ ਮੈਂਬਰਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਤੁਰੰਤ ਹੱਲ ਕਰਨ ਦੀ ਕੋਸ਼ਿਸ਼ ਕਰਨਗੇ।

## ਜੌੜਾਮਾਜਰਾ ਗੁਰਦੁਆਰਾ ਦੁਫੇੜਾ ਸਾਹਿਬ ਵਿਖੇ ਹੋਏ ਨਤਮਸਤਕ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ੍ਰ. ਚੇਤਨ ਸਿੰਘ ਜੌੜਾਮਾਜਰਾ ਨੇ ਗੁਰਦੁਆਰਾ ਦੁਫੇੜਾ ਸਾਹਿਬ ਵਿਖੇ 113 ਸੱਚ-ਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਰਾਮ ਸਿੰਘ ਗੰਢੂਆਂ ਵਾਲਿਆਂ ਦੇ ਜਨਮ ਦਿਵਸ ਮੌਕੇ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਭੋਗ ਸਮੇਂ ਨਤਮਸਤਕ ਹੋ ਕੇ ਗੁਰੂ ਤੋਂ ਆਸ਼ੀਰਵਾਦ ਹਾਸਲ ਕੀਤਾ।ਉਨ੍ਹਾਂ ਇਸ ਮੌਕੇ ਮੌਜੂਦਾ ਡੇਰਾ ਮੁਖੀ ਸੰਤ ਬੀਬਾ ਕੁਲਵਿੰਦਰ ਕੌਰ ਨਾਲ ਵੀ ਗੱਲਬਾਤ ਕੀਤੀ।ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰਾਜਸੀ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੰਤ ਬਾਬਾ ਰਾਮ ਸਿੰਘ ਜੀ ਗੰਢੂਆਂ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਸੰਤ ਬਾਬਾ ਬਲਵਿੰਦਰ ਦਾਸ ਮੁੱਲਾਂਪੁਰ ਵਾਲੇ ਤੇ ਭਾਈ ਮਨਦੀਪ ਸਿੰਘ ਭਾਮੀਆਂ ਵਾਲਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਿਲਪ੍ਰੀਤ ਸਿੰਘ ਭੱਟੀ, ਰਾਜਿੰਦਰ ਸਿੰਘ ਜਖਵਾਲੀ, ਜਸਦੀਪ ਸਿੰਘ, ਅਮਨਪ੍ਰੀਤ ਸਿੰਘ ਪਟਵਾਰੀ, ਸੰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਨੇ ਗੁਰਦੁਆਰਾ ਦੁਫੇੜਾ ਸਾਹਿਬ ਵਿਖੇ ਨਤਮਸਤਕ ਹੋ ਕੇ ਸੱਚ ਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਰਾਮ ਸਿੰਘ ਜੀ ਗੰਢੂਆਂ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਮਾਲਵਾ ਖਾਲਸਾ ਸਕੂਲ ਦੀ ਪ੍ਰਿੰਸੀਪਲ ਨੂੰ ਕੀਤਾ ਸਨਮਾਨਤ



**ਧੂਰੀ (ਸੁਖਦੇਵ ਧੂਰੀ)**-ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸਮਾਗਮ ਕਰਾਇਆ ਗਿਆ।ਭਾਈ ਜੀਵਨ ਸਿੰਘ ਸੰਸਥਾ ਧੂਰੀ ਦੇ ਪ੍ਰਧਾਨ ਸੰਤ ਸਿੰਘ ਬੀਲ੍ਹਾ ਅਤੇ ਜਨਰਲ ਸਕੱਤਰ ਪਰਸ਼ਨ ਸਿੰਘ ਬੀਲ੍ਹਾ ਨੇ ਪ੍ਰਿੰਸੀਪਲ ਸਰਬਜੀਤ ਕੌਰ ਨੂੰ ਸਨਮਾਨਤ ਕਰਦੇ ਹੋਏ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।ਪ੍ਰਿੰਸੀਪਲ ਮੈਡਮ ਸਕੂਲ ਵਿੱਚ ਸਮਰਪਤ ਭਾਵਨਾ ਨਾਲ ਕੰਮ ਕਰਦੇ ਹਨ ਤੇ ਅਧਿਆਪਕ ਅਤੇ ਵਿਦਿਆਰਥੀ ਇੱਕ-ਦੂਜੇ ਦਾ ਸਤਿਕਾਰ ਕਰਦੇ ਹਨ।ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਵਿੱਚ ਬੰਦ ਪਏ ਕੌਮੀ ਸੇਵਾ ਯੋਜਨਾ ਦੇ ਯੂਨਿਟ, ਐਨ ਸੀ ਸੀ ਦੇ ਗਰੁੱਪ ਤੇ ਸਕਾਊਟਿੰਗ ਗਾਈਡੈਂਸ ਨੂੰ ਪੁਨਰ ਸੁਰਜੀਤ ਕੀਤਾ ਜਾ ਰਿਹਾ ਹੈ। ਸਮਾਗਮ ਦੇ ਅਖੀਰ ਵਿੱਚ ਸਕੂਲ ਪ੍ਰਿੰਸੀਪਲ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਦੀ ਪ੍ਰੇਰਨਾ ਦਿੰਦੇ ਹੋਏ ਆਖਿਆ ਕਿ ਮੈਨੂੰ ਅੱਜ ਸਨਮਾਨਤ ਕੀਤਾ ਗਿਆ ਹੈ। ਇਸ ਲਈ ਸਾਰੇ ਹੀ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਇਸ ਸਨਮਾਨ ਦੇ ਲਾਇਕ ਹਨ।ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਜਗਵਿੰਦਰ ਸਿੰਘ ਨੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

# ਜ਼ਿਲ੍ਹੇ ਦੇ 29 ਸਰਵੋਤਮ ਅਧਿਆਪਕਾਂ ਨੂੰ ਡੀ ਸੀ ਨੇ ਕੀਤਾ ਸਨਮਾਨਤ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਅਧਿਆਪਕ ਦਿਵਸ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਸਰਬੋਤਮ ਅਧਿਆਪਕ ਸਨਮਾਨ ਸਮਾਰੋਹ ਮੌਕੇ ਜ਼ਿਲ੍ਹੇ ਦੇ 29 ਅਧਿਆਪਕਾਂ ਨੂੰ ਸਰਬੋਤਮ ਅਧਿਆਪਕ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮੁਨੀਲਾ ਅਰੋੜਾ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਜ਼ਿਲ੍ਹਾ ਸਿੱਖਿਆ ਦਫ਼ਤਰ ਸੈਕੰਡਰੀ ਵੱਲੋਂ ਕਰਵਾਏ ਸਮਾਰੋਹ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕਾਂ ਦਾ ਮਨੁੱਖ ਦੀ ਜ਼ਿੰਦਗੀ ਦੇ ਵਿਕਾਸ, ਤਰੱਕੀ ਅਤੇ ਉੱਚਤਾ ਲਈ ਮਹੱਤਵਪੂਰਨ ਸਥਾਨ ਹੁੰਦਾ ਹੈ। ਅਧਿਆਪਕਾਂ ਤੋਂ ਪ੍ਰਾਪਤ ਗਿਆਨ ਦੀ ਲੋਅ ਸਦਕਾ ਹੀ ਇਕ ਸੱਭਿਅਕ ਸਮਾਜ ਦੀ ਸਿਰਜਣਾ ਹੁੰਦੀ ਹੈ।ਅਧਿਆਪਕਾਂ ਤੋਂ ਗਿਆਨ ਪ੍ਰਾਪਤ ਕਰਕੇ ਹੀ ਵਿਦਿਆਰਥੀ ਇਕ ਸੂਝਵਾਨ ਤੇ ਸੱਭਿਅਕ ਨਾਗਰਿਕ ਬਣਦਾ ਹੈ।ਉਨ੍ਹਾਂ ਕਿਹਾ ਕਿ ਅਧਿਆਪਕ ਆਪਣੇ ਆਪ ਵਿੱਚ ਮਹਾਨ ਰੁਤਬਾ ਹੈ ਤੇ ਇਸ ਰੁਤਬੇ ਨੂੰ ਸਹੀ ਥਾਂ ਦਿਵਾਉਣ ਦੇ ਲਈ ਹੀ ਸਾਡੇ ਦੇਸ਼ ਵਿੱਚ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਕੋਸ਼ਿਸ਼ਾਂ ਕੀਤੀਆਂ, ਜੋ ਖੁਦ ਵੀ ਇੱਕ ਬਿਹਤਰੀਨ ਅਧਿਆਪਕ ਸਨ। ਆਪਣੇ ਇਸ ਅਹਿਮ ਯੋਗਦਾਨ ਦੇ ਕਾਰਨ ਹੀ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਭਾਰਤ ਵਿੱਚ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮੁਨੀਲਾ ਅਰੋੜਾ ਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਡਾ. ਸਤਿੰਦਰ ਸਿੰਘ ਨੇ ਦੱਸਿਆ ਕਿ ਅੱਜ ਦੇ ਸਮਾਰੋਹ ਵਿੱਚ ਸਨਮਾਨਤ ਇਨ੍ਹਾਂ ਅਧਿਆਪਕਾਂ ਨੇ ਅਧਿਆਪਨ ਤੋਂ ਇਲਾਵਾ ਵਿੱਦਿਆ ਦੇ ਖੇਤਰ, ਸਕੂਲਾਂ ਦੇ ਵਿਕਾਸ ਤੇ ਲੋੜਵੰਦ ਬੱਚਿਆਂ ਦੀਆਂ ਜ਼ਰੂਰਤਾਂ ਤੇ ਪੜ੍ਹਾਈ ਲਈ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਉਨ੍ਹਾਂ ਅਧਿਆਪਕਾਂ ਨੂੰ ਅਧਿਆਪਕ ਦਿਵਸ 'ਤੇ ਮੁਬਾਰਕਬਾਦ ਦਿੱਤੀ ਤੇ ਐਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਭਵਿੱਖ ਵਿੱਚ ਹੋਰ ਵੀ ਮਿਹਨਤ ਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਪ੍ਰੋਗਰਾਮ ਦੇ ਨੋਡਲ ਇੰਚਾਰਜ ਸਟੇਟ ਐਵਾਰਡੀ ਉਮੇਸ਼ ਕੁਮਾਰ ਹੈੱਡ ਮਾਸਟਰ ਨੇ ਦੱਸਿਆ ਕਿ ਹਰੇਕ ਬਲਾਕ ਵਿੱਚੋਂ ਬੀਐੱਨਓ ਵਲੋਂ ਦੋ-ਦੋ ਸਰਬੋਤਮ ਅਧਿਆਪਕਾਂ ਦੇ ਨਾਮ ਲਏ ਗਏ ਸਨ, ਜਿਨ੍ਹਾਂ ਨੇ ਅਧਿਆਪਨ ਕੀਤੇ ਵਿੱਚ ਬੁਲੰਦੀਆਂ ਹਾਸਲ ਕੀਤੀਆਂ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਦੋ ਪ੍ਰਿੰਸੀਪਲ ਤੇ ਦੋ ਹੈੱਡ ਮਾਸਟਰ ਦੇ ਵਿਸ਼ੇਸ਼ ਕਾਰਜਾਂ ਲਈ ਵੀ ਅੱਜ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਤ ਕੀਤਾ ਗਿਆ ਹੈ।

# ਵਿਧਾਇਕ ਬੁੱਧ ਰਾਮ ਨੇ ਜਨ-ਸੁਣਵਾਈ ਕੈਂਪ 'ਚ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ




**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਪ੍ਰਸ਼ਾਸਨ ਸੇਵਾਵਾਂ ਸੁਚੱਜੇ ਢੰਗ ਨਾਲ ਉਨ੍ਹਾਂ ਦੇ ਘਰਾਂ ਤੱਕ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਪੰਜਾਬ ਸਰਕਾਰ ਦੀ ਗਰੰਟੀ ਸੀ ਕਿ ਸਰਕਾਰੀ ਅਧਿਕਾਰੀ ਪਿੰਡਾਂ ਵਿੱਚ ਪਹੁੰਚ ਕੇ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਕੰਮ ਤੇ ਕੇਸ ਮਸਲਿਆਂ ਦਾ ਹੱਲ ਕਰਿਆ ਕਰਨਗੇ।ਇਸ ਗਰੰਟੀ ਨੂੰ ਪੰਜਾਬ ਸਰਕਾਰ ਨੇ ਬਾਖ਼ੂਬੀ ਪੂਰਾ ਕੀਤਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਪ੍ਰਿੰਸੀਪਲ ਬੁੱਧ ਰਾਮ ਨੇ ਪਿੰਡ ਆਲਮਪੁਰ ਮੰਦਰਾਂ ਵਿਖੇ 'ਸਰਕਾਰ, ਤੁਹਾਡੇ ਦੁਆਰ' ਤਹਿਤ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਅੰਦਰ ਹੁਣ ਹਰੇਕ 15 ਦਿਨਾਂ ਬਾਅਦ ਸਰਕਾਰੀ ਅਧਿਕਾਰੀਆਂ ਵੱਲੋਂ 5 ਤੋਂ 6 ਪਿੰਡਾਂ ਦਾ ਕਲੱਸਟਰ ਬਣਾ ਕੇ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਪਣੇ ਸਟਾਫ ਸਮੇਤ ਬੈਠਦੇ ਹਨ ਤੇ ਮੌਕੇ 'ਤੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ।ਲੋਕਾਂ ਦੇ ਬਹੁਤ ਸਾਰੇ ਕੰਮ ਮੌਕੇ 'ਤੇ ਹੀ ਹੋ ਜਾਂਦੇ ਹਨ।ਲੋਕਾਂ ਨੂੰ ਸਬ ਡਵੀਜ਼ਨ ਪੱਧਰ ਦੇ ਦਫ਼ਤਰਾਂ ਵਿੱਚ ਜਾਣ ਦੀ ਲੋੜ ਨਹੀਂ ਪੈਂਦੀ ਅਤੇ ਉਨ੍ਹਾਂ ਦੇ ਸਮੇਂ ਤੇ ਪੈਸੇ ਦੀ ਬੱਚਤ ਵੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ।ਇਸ ਦੌਰਾਨ ਵਿਧਾਇਕ ਬੁੱਧ ਰਾਮ ਨੇ ਐੱਸ.ਡੀ.ਐੱਮ. ਬੁਢਲਾਡਾ ਗਗਨਦੀਪ ਸਿੰਘ ਤੇ ਮੌਜ ਸਿੰਘ ਧਾਲੀਵਾਲ ਬੀ.ਡੀ.ਪੀ.ਓ. ਨੂੰ ਕੈਂਪ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਦੇ ਕੰਮ ਲਈ ਸਬੰਧਤ ਮਹਿਕਮੇ ਦੇ ਕਰਮਚਾਰੀ ਨੂੰ ਸਹਿਯੋਗ ਵਾਲੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ।ਕੈਂਪ ਦੌਰਾਨ ਪਿੰਡ ਆਲਮਪੁਰ ਮੰਦਰਾਂ, ਲਖਮੀਰਵਾਲਾ, ਜੋਈਆਂ, ਕਾਸਮਪੁਰ ਛੀਨਾ, ਮਲਕੋਂ, ਸੰਦਲੀ ਤੇ ਫਰੀਦਕੇ ਦੇ ਲੋਕ ਆਪਣੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਲੈ ਕੇ ਪਹੁੰਚੇ, ਜਿਨ੍ਹਾਂ 'ਚੋਂ ਬਹੁਤੀਆਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਤੇ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।

# ਮੋਦੀ ਹਕੂਮਤ ਵੱਲੋਂ ਐੱਨ ਆਈ ਏ ਰਾਹੀਂ ਕੀਤੀ ਜਾ ਰਹੀ ਛਾਪੇਮਾਰੀ ਖਿਲਾਫ ਰੋਸ ਪ੍ਰਦਰਸ਼ਨ

## ਡੀ ਸੀ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਦੀ ਹਕੂਮਤ ਵੱਲੋਂ ਜ਼ਬਾਨਬੰਦੀ ਕਰਨ ਲਈ ਐੱਨ ਆਈ ਏ ਰਾਹੀਂ ਬੁੱਧੀਜੀਵੀ, ਵਕੀਲਾਂ ਤੇ ਇਨਸਾਫ ਪਸੰਦ ਲੋਕਾਂ ਨੂੰ ਗ੍ਰਿਫਤਾਰ ਕਰਨ, ਉਨ੍ਹਾਂ ਦੇ ਘਰਾਂ 'ਤੇ ਛਾਪੇਮਾਰੀ ਕਰਨ ਅਤੇ ਨੋਟਿਸ ਕੱਢ ਕੇ ਉਨ੍ਹਾਂ ਨੂੰ ਡਰਾਉਣ, ਧਮਕਾਉਣ ਖਿਲਾਫ ਕਿਰਤੀ ਕਿਸਾਨ ਯੂਨੀਅਨ, ਨੌਜਵਾਨ ਭਾਰਤ ਸਭਾ, ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ ਤੇ ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਡੀ ਸੀ ਮੋਗਾ ਰਾਹੀਂ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਦਿੱਤਾ ਗਿਆ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੁੱਘੀਪੁਰਾ, ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਸੂਬਾਈ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਹਰਪ੍ਰੀਤ ਸਿੰਘ ਢੁੱਡੀਕੇ ਨੇ ਦੱਸਿਆ ਕਿ ਮੋਦੀ ਹਕੂਮਤ ਆਪਣੇ ਫਾਸ਼ੀਵਾਦੀ ਏਜੰਡੇ ਤਹਿਤ ਸਵਾਲ ਕਰਨ ਵਾਲੀ, ਹੱਕ-ਸੱਚ ਲਈ ਜੂਝਣ ਵਾਲੀ ਹਰ ਆਵਾਜ਼ ਨੂੰ ਕੁਚਲਣ ਲਈ ਜ਼ਬਾਨਬੰਦੀ ਲਈ ਕੌਮੀ ਜਾਂਚ ਏਜੰਸੀ ਦੀ ਦੁਰਵਰਤੋਂ ਕਰ ਰਹੀ ਹੈ। ਇਹ ਏਜੰਸੀ ਪਿਛਲੇ ਦਿਨੀ ਧੱਕੇ ਨਾਲ ਪੱਤਰਕਾਰ, ਵਕੀਲ ਤੇ ਕਿਸਾਨ ਆਗੂ ਦੇ ਘਰ 'ਚ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਦਾਖਲ ਹੋਈ। ਉਨ੍ਹਾਂ ਕਿਹਾ ਕਿ ਸੁਰੱਖਿਆ ਦਾ ਮਸਲਾ ਸੂਬਿਆਂ ਦਾ ਮਸਲਾ ਹੈ, ਕੇਂਦਰ ਨੂੰ ਇਸ ਵਿੱਚ ਦਖਲ ਦੇਣ ਦਾ ਅਧਿਕਾਰ ਨਹੀਂ ਹੈ। ਪੰਜਾਬ ਸਰਕਾਰ ਇਸ 'ਤੇ ਕੋਈ ਵਿਰੋਧ ਦਰਜ ਨਹੀਂ ਕਰਵਾ ਰਹੀ ਹੈ। ਜੇ ਸੂਬੇ ਦੀ ਸਰਕਾਰ ਹੀ ਥੱਲੇ ਲੱਗ ਗਈ ਤਾਂ ਇਹ ਬਹੁਤ ਖਤਰਨਾਕ ਵਰਤਾਰਾ ਹੈ ਅਤੇ ਜਮਹੂਰੀ ਹੱਕਾਂ ਲਈ ਬੋਲਣ ਵਾਲੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਅਜੇ ਸਿੰਗਲਾ ਸਮੇਤ ਗ੍ਰਿਫਤਾਰ ਕੀਤੇ ਲੋਕ ਰਿਹਾਅ ਕੀਤੇ ਜਾਣ, ਜਿਹੜੇ ਵਿਅਕਤੀਆਂ ਨੂੰ ਨੋਟਿਸ ਕੱਢ ਕੇ ਲਖਨਊ ਬੁਲਾਇਆ ਗਿਆ ਹੈ, ਉਨ੍ਹਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਐੱਨ ਆਈ ਨੂੰ ਤੁਰੰਤ ਰੱਦ ਕੀਤਾ ਜਾਵੇ। ਕੇਂਦਰੀ ਜਾਂਚ ਏਜੰਸੀ ਦੀ ਸੂਬਿਆਂ ਦੀ ਇਜਾਜ਼ਤ ਤੋਂ ਬਿਨਾਂ ਸੂਬਿਆਂ ਅੰਦਰ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਇਸ ਮੌਕੇ ਉਕਤ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਚਮਕੌਰ ਸਿੰਘ ਰੋਡੇ, ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫ਼ੂਵਾਲਾ, ਯੂਥ ਵਿੰਗ ਦੇ ਕਨਵੀਨਰ ਤੀਰਥਵਿੰਦਰ ਸਿੰਘ ਘੱਲ ਕਲਾਂ, ਔਰਤ ਵਿੰਗ ਦੇ ਆਗੂ ਛਿੰਦਰਪਾਲ ਕੌਰ ਰੋਡੇ, ਨੌਜਵਾਨ ਭਾਰਤ ਸਭਾ ਦੇ ਆਗੂ ਗੁਰਪ੍ਰੀਤ ਸਿੰਘ ਰੋਡੇ, ਸਤਨਾਮ ਸਿੰਘ ਡਾਲਾ, ਗੁਰਪ੍ਰੀਤ ਸਿੰਘ ਸਮਾਲਸਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਰਾਮਾਂ, ਬਲਵੀਰ ਸਿੰਘ ਤਖਾਣਵੱਧ, ਅਮਰਜੀਤ ਸਿੰਘ ਤਖਾਣਵੱਧ, ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਆਗੂ, ਲਾਲ ਸਿੰਘ ਵੈਰੋਕੇ, ਰਾਮ ਸਿੰਘ ਸੇਖਾ, ਸੇਵਕ ਸਿੰਘ ਮੱਲ ਕੇ, ਗੁਰਪ੍ਰੀਤ ਸਿੰਘ ਲੰਗੇਆਣਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਬੂਟਾ ਸਿੰਘ, ਮਨਜੀਤ ਸਿੰਘ, ਜਗਸੀਰ ਰਾਜੇਆਣਾ, ਜਗਸੀਰ ਸਿੰਘ ਢੁੱਡੀਕੇ, ਮੋਹਣ ਸਿੰਘ ਡਾਲਾ, ਸੁਖਚੈਨ ਸਿੰਘ ਧਰਮਕੋਟ, ਮਨਜੀਤ ਕੌਰ, ਹਰਦੀਪ ਕੌਰ ਰਾਜੇਆਣਾ, ਗਗਨਦੀਪ ਕੌਰ, ਗੁਰਪ੍ਰੀਤ ਕੌਰ, ਕੁਲਦੀਪ ਕੌਰ ਵੈਰੋਕੇ, ਪ੍ਰੀਤਮ ਕੌਰ, ਜਸਵੰਤ ਕੌਰ ਰੋਡੇ, ਵੀਰਪਾਲ ਕੌਰ, ਰਮਨਦੀਪ ਕੌਰ ਛੋਟਾ ਘਰ, ਪਾਲ ਕੌਰ ਨੱਥੂਵਾਲਾ, ਕੁਲਵਿੰਦਰ ਕੌਰ, ਗਗਨਦੀਪ ਕੌਰ ਧਰਮਕੋਟ ਆਦਿ ਹਾਜ਼ਰ ਸਨ।

# ਆਰ ਐੱਮ ਪੀ ਆਈ ਤੇ ਲਿਬ੍ਰੇਸ਼ਨ ਵੱਲੋਂ ਬਿਜਲੀ, ਬੱਸ ਕਿਰਾਏ, ਡੀਜ਼ਲ ਤੇ ਪੈਟਰੋਲ ਕੀਮਤਾਂ 'ਚ ਵਾਧੇ ਦੀ ਨਿੰਦਾ

### *ਨਾਦਰਸ਼ਾਹੀ ਲੁੱਟ ਖਿਲਾਫ਼ ਭਲਕੇ ਰੋਸ ਮੁਜ਼ਾਹਰੇ ਕਰਨ ਦਾ ਐਲਾਨ*

**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਤੇ ਸੀਪੀਆਈ (ਐਮ.ਐਲ.) ਲਿਬ੍ਰੇਸ਼ਨ ਨੇ ਭਗਵੰਤ ਮਾਨ ਸਰਕਾਰ ਦੇ ਡੀਜ਼ਲ-ਪੈਟਰੋਲ ਤੇ ਸੈੱਸ ਲਾਉਣ ਅਤੇ ਬਿਜਲੀ ਰੇਟਾਂ ਤੇ ਬੱਸਾਂ ਦੇ ਭਾੜੇ 'ਚ ਭਾਰੀ ਵਾਧਾ ਕਰਕੇ ਸੂਬੇ ਦੇ ਗਰੀਬ ਖਪਤਕਾਰਾਂ ਸਿਰ ਹਜ਼ਾਰਾਂ ਕਰੋੜ ਰੁਪਏ ਦਾ ਬੇਲੋੜਾ ਬੋਝ ਲੱਦਣ ਦੇ ਨਾਦਰਸ਼ਾਹੀ ਫੈਸਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਹ ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।ਇਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਲਿਬ੍ਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਨੰਦਗੜ੍ਹ ਤੇ ਆਰ ਐੱਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਲਾਲ ਚੰਦ ਨੇ ਸਰਕਾਰ ਦੇ ਇਸ ਸਿਰੇ ਦੇ ਲੋਕ ਮਾਰੂ ਫੈਸਲੇ ਖਿਲਾਫ਼ 9 ਸਤੰਬਰ ਨੂੰ ਥਾਂ ਪੁਰ ਥਾਂ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕਰਦਿਆਂ ਲੋਕਾਂ ਨੂੰ ਉਕਤ ਐਕਸ਼ਨਾਂ 'ਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਦੋਹਾਂ ਆਗੂਆਂ ਨੇ ਕਿਹਾ ਕਿ ਉਕਤ ਫੈਸਲੇ ਤੋਂ ਇਹ ਬਾਖੂਬੀ ਸਿੱਧ ਹੁੰਦਾ ਹੈ ਕਿ ਬਦਲਾਅ ਲਿਆਉਣ ਦਾ ਭੁਲੇਖਾ ਦੇ ਕੇ ਸੱਤਾ ਹਥਿਆਉਣ ਵਾਲੀ 'ਆਪ' ਸਰਕਾਰ ਵੀ ਪਿਛਲੀਆਂ ਹਕੂਮਤਾਂ ਵਾਂਗੂੰ ਕਾਰਪੋਰੇਟ ਧਨਾਢਾਂ ਦੇ ਹਿੱਤ ਪੂਰਨ ਲਈ ਟੈਕਸ ਵਸੂਲੀ ਰਾਹੀਂ ਗਰੀਬ ਵਸੋਂ ਦੀ ਸੰਘੀ ਘੁੱਟਣ ਦੇ ਰਾਹ ਪਈ ਹੋਈ ਹੈ।ਲਾਲ ਚੰਦ ਤੇ ਗੁਰਮੀਤ ਸਿੰਘ ਨੇ ਕਿਹਾ ਹੈ ਕਿ ਸੂਬਾ ਸਰਕਾਰ ਨੇ ਪਿਛਲੇ ਸਾਲ ਵੀ ਪੁਰਾਣੀ ਪੈਨਸ਼ਨ ਦੇ ਨਾਂ 'ਤੇ ਡੀਜ਼ਲ-ਪੈਟਰੋਲ 'ਤੇ ਸੈਸ ਲਾਉਣ ਤੋਂ ਇਲਾਵਾ ਬਿਜਲੀ ਰੇਟਾਂ 'ਚ ਭਾਰੀ ਵਾਧਾ ਕੀਤਾ ਸੀ ਤੇ ਇਸ ਵਰ੍ਹੇ ਵੀ ਪਹਿਲਾਂ ਹੀ ਕਰੋੜਾਂ ਰੁਪਏ ਦਾ ਗ੍ਰੀਨ ਟੈਕਸ ਦਾ ਜਜੀਆ ਵਸੂਲਣ ਦਾ ਰਾਹ 'ਤੇ ਤੁਰ ਚੁੱਕੀ ਹੈ। ਆਗੂਆਂ ਨੇ ਸਵਾਲ ਕੀਤਾ ਕਿ ਕੇਜਰੀਵਾਲ ਤੇ ਮਾਨ ਦੇ ਭ੍ਰਿਸ਼ਟਾਚਾਰ ਤੇ ਰੇਤ-ਬਜਰੀ ਦੀ ਨਾਜਾਇਜ਼ ਮਾਇਨਿੰਗ ਤੇ ਕਾਲਾਬਾਜ਼ਾਰੀ ਰੋਕ ਕੇ ਲੱਖਾਂ ਕਰੋੜਾਂ ਰੁਪਏ ਸੂਬੇ ਦੇ ਖਜ਼ਾਨੇ 'ਚ ਜਮ੍ਹਾਂ ਕਰਵਾਉਣ ਦੇ ਦਾਅਵਿਆਂ ਦਾ ਕੀ ਬਣਿਆ?

## ਤਪੱਸਿਆ, ਸਾਧਨਾ, ਸਰਲਤਾ, ਕੁਰੀਤੀਆਂ ਦਾ ਨਾਸ਼ ਹੀ ਜੈਨ ਧਰਮ ਦਾ ਮੁੱਖ ਟੀਚਾ : ਵਿਜੈ ਇੰਦਰ ਸਿੰਗਲਾ



**ਬਰੇਟਾ (ਗੀਤਵਾਲ)**-ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਵਜ਼ੀਰ ਵਿਜੈ ਇੰਦਰ ਸਿੰਗਲਾ ਐਸ.ਐਸ. ਜੈਨ ਸਭਾ ਵਿਖੇ ਪ੍ਰਯੂਸ਼ਨ ਪ੍ਰਵ 'ਤੇ ਅਧਿਆਪਕ ਦਿਵਸ ਦੇ ਮੌਕੇ ਕਵੀਰਤਨ ਮਹਾਨ ਤਪੱਸਵੀ ਸ੍ਰੀ ਸੁਨੀਲ ਮੁਨੀ ਜੀ ਮਹਾਰਾਜ ਠਾਣੇ 3 ਸ੍ਰੀ ਵਰਿੰਦਰ ਮੁਨੀ ਜੀ ਮਹਾਰਾਜ ਤੇ ਸ੍ਰੀ ਅਰਹਮ ਮੁਨੀ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਪੁੱਜੇ। ਉਨ੍ਹਾਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਉਨ੍ਹਾਂ ਨੇ ਇਲਾਕਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਰੇਟਾ ਵਿਖੇ ਮਹਾਨ ਤਪੱਸਵੀ ਤੇ ਉੱਚ ਕੋਟੀ ਦੇ ਵਿਦਵਾਨ ਗੁਰੂਆਂ ਦੇ ਦਰਸ਼ਨ ਕਰਨ ਲਈ ਪਹੁੰਚਣ। ਉਨ੍ਹਾਂ ਗੁਰੂਆਂ ਨਾਲ ਵਿਚਾਰ ਸਾਂਝੇ ਕੀਤੇ ਕਿ ਅੱਜ ਦੇ ਯੁੱਗ ਵਿੱਚ ਰਾਜਨੀਤੀ ਬਦਲ ਰਹੀ ਹੈ, ਪ੍ਰੰਤੂ ਰਾਜਨੀਤਕ ਆਗੂਆਂ ਦਾ ਮੁੱਖ ਟੀਚਾ ਸਮਾਜ ਦੀ ਸੇਵਾ ਹੋਣਾ ਚਾਹੀਦਾ ਹੈ। ਉਨ੍ਹਾਂ ਗੁਰੂਆਂ ਨੂੰ ਦੱਸਿਆ ਕਿ ਮੈਂ ਸੰਗਰੂਰ ਹਲਕੇ ਤੇ ਪੰਜਾਬ ਲਈ ਸਿਹਤ ਸਹੂਲਤਾਂ ਵਿੱਚ ਵੱਡੇ ਪੱਧਰ 'ਤੇ ਕੰਮ ਕੀਤਾ ਹੈ ਜਿਵੇਂ ਸੰਗਰੂਰ ਵਿਖੇ ਪੀ.ਜੀ.ਆਈ. ਹਸਪਤਾਲ ਦੀ ਸਥਾਪਨਾ, ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਤੇ ਘਾਬਦਾ ਵਿਖੇ ਮੈਡੀਕਲ ਕਾਲਜ ਦੀ ਸਥਾਪਨਾ ਕਰਾਈ ਹੈ। ਪੂਰੇ ਸੰਗਰੂਰ ਹਲਕੇ ਨੂੰ 18 ਫੁੱਟ ਸੜਕਾਂ ਦਾ ਜਾਲ ਵਿਛਾ ਕੇ ਸਾਰੇ ਪਾਸੇ ਨੈਸ਼ਨਲ ਹਾਈਵੇ ਨਾਲ ਸੰਪਰਕ ਸਥਾਪਤ ਕੀਤਾ। ਸ੍ਰੀ ਸਿੰਗਲਾ ਨੇ ਗੁਰੂਆਂ ਨੂੰ ਦੱਸਿਆ ਕਿ ਖੇਡਾਂ ਦੇ ਖੇਤਰ ਵਿੱਚ ਉਨ੍ਹਾਂ ਨੇ ਇੰਟਰਨੈਸ਼ਨਲ ਪੱਧਰ ਦੇ ਖੇਡ ਮੈਦਾਨ ਸੰਗਰੂਰ ਵਿਖੇ ਸਥਾਪਤ ਕਰਵਾਏ ਹਨ। ਇਨ੍ਹਾਂ ਕੰਮਾਂ ਨੂੰ ਸੁਣ ਕੇ ਗੁਰੂ ਮਹਾਰਾਜ ਨੇ ਸਿੰਗਲਾ ਨੂੰ ਹੋਰ ਇਸ ਤਰ੍ਹਾਂ ਦੇ ਕੰਮ ਕਰਨ ਲਈ ਪ੍ਰੇਰਤ ਕੀਤਾ ਤਾਂ ਜੁ ਸਮਾਜ ਸਹੀ ਦਿਸ਼ਾ ਵਿੱਚ ਜਾ ਸਕੇ ਤੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਸਕਣ।

## ਕੈਂਸਰ ਗੈਸ ਫ਼ੈਕਟਰੀਆਂ ਬੰਦ ਕਰਾਉਣ ਲਈ 10 ਦੇ ਚੱਕਾ ਜਾਮ 'ਚ ਹੋਵਾਂਗੇ ਸ਼ਾਮਲ : ਬੱਸੂਵਾਲ

**ਜਗਰਾਉਂ (ਅਮਿਤ ਖੰਨਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ 10 ਸਤੰਬਰ ਦੇ ਕੈਂਸਰ ਗੈਸ ਫ਼ੈਕਟਰੀਆਂ ਬੰਦ ਕਰਾਉਣ ਲਈ ਰੱਖੇ ਚੱਕਾ ਜਾਮ ਐਕਸ਼ਨ ਦੀ ਲਾਮਬੰਦੀ ਲਈ ਪਿੰਡਾਂ 'ਚ ਮੁਹਿੰਮ ਵਿੱਢੀ ਗਈ।ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਦੀ ਅਗਵਾਈ 'ਚ ਪਿੰਡ ਬੱਸੂਵਾਲ, ਲੱਖਾ, ਹਠੂਰ, ਬੁਰਜ ਕਲਾਲਾ 'ਚ ਜਨਤਕ ਮੀਟਿੰਗਾਂ ਕੀਤੀਆਂ ਗਈਆ।ਬਲਾਕ ਸੱਕਤਰ ਰਛਪਾਲ ਸਿੰਘ ਡੱਲਾ ਨੇ ਦੱਸਿਆ ਕਿ ਪੰਜਾਬ ਭਰ 'ਚ ਗਰੀਨ ਐਨਰਜੀ ਦੇ ਨਾਂ 'ਤੇ ਲੱਗ ਰਹੀਆਂ ਬਾਇਓ ਗੈਸ ਫ਼ੈਕਟਰੀਆਂ ਅਸਲ 'ਚ ਕੈਂਸਰ ਫ਼ੈਕਟਰੀਆਂ ਹਨ।ਘੁੰਗਰਾਲੀ ਰਾਜਪੂਤਾਂ ਪਿੰਡ 'ਚ ਲੱਗੀ ਫੈਕਟਰੀ ਇਸ ਦੀ ਮਿਸਾਲ ਹੈ, ਜਿੱਥੋਂ ਦੇ ਲੋਕ ਪਿਛਲੇ ਦੋ ਸਾਲ ਤੋਂ ਨਰਕ ਭੋਗ ਰਹੇ ਹਨ।ਇਸ ਫੈਕਟਰੀ ਦੇ ਲਾਗਲੇ ਦਰਜਨ ਦੇ ਕਰੀਬ ਪਿੰਡਾਂ ਦੇ ਲੋਕ ਪਿਛਲੇ ਲੰਮੇ ਸਮੇਂ ਤੋਂ ਵਿਰੋਧ ਕਰ ਰਹੇ ਹਨ।ਇਸੇ ਤਰ੍ਹਾਂ ਦੀਆਂ ਬਾਇਓ ਗੈਸ



ਫ਼ੈਕਟਰੀਆਂ ਖ਼ਿਲਾਫ਼ ਅਖਾੜਾ, ਭੂੰਦੜੀ, ਮੁਸ਼ਕਾਬਾਦ, ਭੋਗਪੁਰ, ਕਕਰਾਲਾ 'ਚ ਵੀ ਲੰਮੇ ਸਮੇਂ ਤੋਂ ਸੰਘਰਸ਼ ਮੋਰਚੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੰਘਰਸ਼ ਮੋਰਚਿਆਂ ਦੀ ਤਾਲਮੇਲ ਕਮੇਟੀ ਨਾਲ ਮੀਟਿੰਗਾਂ 'ਚ ਦਲੀਲ ਦੀ ਪੱਧਰ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਹੁਣ ਜਬਰ ਦਾ ਸਹਾਰਾ ਲੈਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਅਕਾਲੀਆਂ ਕਾਂਗਰਸੀਆਂ ਵਾਂਗ ਰਾਜ ਭਾਗ ਚਲਾਉਣ 'ਚ ਬੁਰੀ ਤਰ੍ਹਾਂ ਅਸਫਲ ਹੋਈ ਹੈ। ਪੰਜਾਬ 'ਚ 70 ਦੇ ਕਰੀਬ ਬਾਇਓ ਗੈਸ ਪਲਾਂਟ ਲਗਾ ਕੇ ਹਵਾ, ਪਾਣੀ, ਧਰਤੀ ਤੇ ਸਿਹਤ 'ਤੇ ਮਾਰੂ ਹਮਲਾ ਕਰਨ ਜਾ ਰਹੀ ਹੈ, ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਜ਼ੀਰਾ ਸ਼ਰਾਬ ਫੈਕਟਰੀ ਤੇ ਨੂਰਪੁਰ ਬੇਟ ਦਾ ਕਾਰਕਸ ਪਲਾਂਟ ਲੋਕ ਸੰਘਰਸ਼ ਨਾਲ ਬੰਦ ਕਰਵਾਏ ਗਏ, ਉਸੇ ਤਰ੍ਹਾਂ ਇਹ ਗੈਸ ਫ਼ੈਕਟਰੀਆਂ ਵੀ ਬੰਦ ਕਰਵਾਈਆਂ ਜਾਣਗੀਆਂ। ਉਨ੍ਹਾਂ ਸਾਰੇ ਪਿੰਡਾਂ 'ਚ ਲੋਕਾਂ ਨੂੰ ਤਾਲਮੇਲ ਕਮੇਟੀ ਵੱਲੋਂ 10 ਸਤੰਬਰ ਨੂੰ ਰੱਖੇ ਚੱਕਾ ਜਾਮ ਐਕਸ਼ਨ 'ਚ ਅਖਾੜਾ ਵਾਸੀ ਸੰਘਰਸ਼ਸ਼ੀਲ ਲੋਕਾਂ ਦੇ ਨਾਲ ਪੁੱਜਣ ਦੀ ਜ਼ੋਰਦਾਰ ਅਪੀਲ ਕੀਤੀ।ਇਨ੍ਹਾਂ ਮੀਟਿੰਗਾਂ ਨੂੰ ਜ਼ਿਲ੍ਹਾ ਪ੍ਰਧਾਨ ਜਗਤਾਰ ਸੁੰਘ ਦੇਹੜਕਾ ਨੇ ਸੰਬੋਧਨ ਕੀਤਾ।ਇਸ ਸਮੇਂ ਅਮਰਜੀਤ ਸਿੰਘ ਪ੍ਰਧਾਨ ਬੁਰਜ ਕਲਾਲਾ, ਕਮਲਜੀਤ ਸਿੰਘ ਹਠੂਰ, ਬਹਾਦਰ ਸਿੰਘ ਲੱਖਾ, ਤੇਜ ਸਿੰਘ ਲੱਖਾ, ਬਹਾਦਰ ਸਿੰਘ ਨਵਾਂ ਡੱਲਾ, ਨਿਰਮਲ ਸਿੰਘ ਮੈਂਬਰ ਹਾਜ਼ਰ ਸਨ।

## ਐੱਨ ਆਈ ਏ ਦੀ ਛਾਪੇਮਾਰੀ ਤੇ ਡੀਜ਼ਲ, ਪੈਟਰੋਲ ਜਜ਼ੀਏ ਖਿਲਾਫ ਜ਼ੋਰਦਾਰ ਪ੍ਰਦਰਸ਼ਨ

**ਚੌਂਕੀਮਾਨ (ਬਲਬੀਰ ਮਾਨ)**-ਸਾਂਝਾ ਫੋਰਮ ਦੇ ਸੱਦੇ 'ਤੇ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਫੈਸਲੇ ਮੁਤਾਬਿਕ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਦੀ ਅਗਵਾਈ ਹੇਠ ਚੌਂਕੀਮਾਨ ਟੋਲ ਪਲਾਜ਼ਾ ਦੇ ਸਾਹਮਣੇ ਲੁਧਿਆਣਾ-ਫਿਰੋਜ਼ਪੁਰ ਕੌਮੀ ਮਾਰਗ ਨੰਬਰ-5 'ਤੇ ਕੇਂਦਰ ਦੀ ਫਾਸ਼ੀ ਤੇ ਜ਼ਾਲਮ ਮੋਦੀ ਹਕੂਮਤ ਵੱਲੋਂ ਇਸ ਦੀ ਲੋਕ ਵਿਰੋਧੀ ਹਮਲਾਵਰ ਏਜੰਸੀ ਐੱਨਆਈਏ ਵੱਲੋਂ ਮੁਲਕ ਦੇ ਫੈਡਰਲ ਢਾਂਚੇ ਦੀਆਂ ਧੱਜੀਆਂ ਉਡਾਉਂਦਿਆਂ ਤੇ ਸੂਬਾਈ ਅਧਿਕਾਰਾਂ ਨੂੰ ਭਾਰੇ ਬੂਟਾਂ ਹੇਠ ਮਸਲਦਿਆਂ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੇ ਇਨਸਾਫ ਪਸੰਦ ਵਕੀਲਾਂ ਤੇ ਜੁਝਾਰੂ ਕਿਸਾਨ ਆਗੂਆਂ ਦੇ ਘਰਾਂ ਤੇ ਦਫਤਰਾਂ 'ਚ ਘੰਟਿਆਂ ਬੱਧੀ ਛਾਪੇ ਮਾਰੀਆਂ, ਤਲਾਸ਼ੀਆਂ, ਨੋਟਿਸਾਂ ਤੇ ਗ੍ਰਿਫਤਾਰੀਆਂ ਦੇ ਦਮਨ ਚੱਕਰ ਖਿਲਾਫ ਰੋਹ ਤੇ ਗੁੱਸੇ ਭਰਪੂਰ ਤਿੱਖਾ ਜਨਤਕ ਪ੍ਰਦਰਸ਼ਨ ਕੀਤਾ ਗਿਆ।

ਇਸ ਦੇ ਨਾਲ ਹੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਡੀਜ਼ਲ 'ਤੇ 92 ਪੈਸੇ ਤੇ ਪੈਟਰੋਲ 'ਤੇ 61 ਪੈਸੇ ਪ੍ਰਤੀ ਲੀਟਰ ਦੇ ਰੇਟ ਨਾਲ ਕ੍ਰਮਵਾਰ 395 ਕਰੋੜ ਤੇ 150 ਕਰੋੜ ਦਾ ਨਵਾਂ ਜਜ਼ੀਆ ਠੋਸਣ ਦੇ ਖਿਲਾਫ ਹੱਕੀ ਆਵਾਜ਼ ਬੁਲੰਦ ਕੀਤੀ ਗਈ।ਵਰਨਣਯੋਗ ਹੈ ਕਿ 7 ਕਿਲੋਵਾਟ ਤੋਂ ਉੱਪਰ ਵਾਲੇ ਘਰੇਲੂ ਬਿਜਲੀ ਮੀਟਰਾਂ ਵਾਲਿਆਂ ਦੀ 1800 ਕਰੋੜ ਰੁਪਏ ਦੀ ਸਬਸਿਡੀ ਦਾ ਭੋਗ ਪਾ ਕੇ ਦਰਮਿਆਨੇ ਲੋਕਾਂ ਉੱਪਰ ਹੋਰ ਵੱਡਾ ਬੋਝ ਲੱਦ ਦਿੱਤਾ ਗਿਆ ਹੈ।

ਪ੍ਰਦਰਸ਼ਨ ਨੂੰ ਵੱਖ-ਵੱਖ ਆਗੂਆਂ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ, ਰਣਜੀਤ ਸਿੰਘ ਗੁੜੇ, ਡਾ. ਗੁਰਮੇਲ ਸਿੰਘ ਗੁੜੇ, ਡਾ. ਗੁਰਮੇਲ ਸਿੰਘ ਕੁਲਾਰ, ਜਰਨੈਲ ਸਿੰਘ ਮੁੱਲਾਂਪੁਰ ਨੇ ਉਚੇਚੇ ਤੌਰ 'ਤੇ ਸੰਬੋਧਨ ਕਰਦਿਆਂ ਕੇਂਦਰੀ ਹਕੂਮਤ ਵੱਲੋਂ ਐਨਆਈਏ ਦੇ ਲਖਨਊ ਹੈੱਡਕੁਆਰਟਰ ਰਾਹੀਂ ਚਲਾਇਆ ਤਮਾਮ ਦਮਨ ਚੱਕਰ ਤੁਰੰਤ ਬੰਦ ਕਰਨ ਅਤੇ ਦਿੱਲੀ ਮੋਰਚਾ-2 ਵਾਲੇ ਸਾਂਝੇ ਫੋਰਮ ਦੀਆਂ ਸਾਰੀਆਂ ਹੱਕੀ ਮੰਗਾਂ ਬਿਨਾਂ ਹੋਰ ਦੇਰੀ ਤੋਂ ਪ੍ਰਵਾਨ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ।ਇਸੇ ਤਰ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਆਖਿਆ ਕਿ ਡੀਜਲ, ਪੈਟਰੋਲ ਦੀ ਖੋਜ ਪੈਦਾਵਾਰ- ਢੋਆ-ਢੁਆਈ-ਵੰਡ ਵਿੱਚ ਉਸ ਦਾ ਕੋਈ ਰੋਲ ਨਾ ਹੋਣ ਕਰਕੇ ਇਹ ਬੇਤੁਕਾ ਤੇ ਬੇਤਰਕ ਜਜ਼ੀਆ ਫੌਰੀ ਵਾਪਸ ਲੈਣ ਤੇ ਬਿਜਲੀ ਸਬਸਿਡੀ ਬਹਾਲ ਰੱਖਣ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਿੰਦਰ ਸਿੰਘ ਸੁਧਾਰ, ਅਵਤਾਰ ਸਿੰਘ ਤਾਰ, ਗੁਰਦੀਪ ਸਿੰਘ ਸਵੱਦੀ, ਸੋਹਨ ਸਿੰਘ ਸਵੱਦੀ, ਗੁਰਸੇਵਕ ਸਿੰਘ ਸੋਨੀ ਸਵੱਦੀ, ਕੁਲਦੀਪ ਸਿੰਘ ਸਵੱਦੀ, ਗੁਰਬਖਸ਼ ਸਿੰਘ ਤਲਵੰਡੀ, ਮਲਕੀਤ ਸਿੰਘ ਤਲਵੰਡੀ, ਤੇਜਿੰਦਰ ਸਿੰਘ ਬਿਰਕ, ਜਗਦੇਵ ਸਿੰਘ ਗੁੜੇ, ਮੋਹਨ ਸਿੰਘ ਕਲਾਰ, ਜਥੇਦਾਰ ਗੁਰਮੇਲ ਸਿੰਘ ਢੱਟ, ਜਗਰੂਪ ਸਿੰਘ ਈਸੇਵਾਲ, ਅਮਰਜੀਤ ਸਿੰਘ ਖੰਜਰਵਾਲ, ਗੁਰਦੀਪ ਸਿੰਘ ਮੰਡਿਆਣੀ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।




**AXIS BANK LTD.** ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਜੀ ਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਉਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ", ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ, ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ/ਪਤਾ | ਐੱਨ ਪੀ ਏ ਦੀ ਮਿਤੀ / ਡਿਮਾਂਡ ਨੋਟਿਸ ਦੀ ਮਿਤੀ / ਕਰਜ਼ਾ ਰਕਮ / ਬਕਾਇਆ ਰਕਮ |
| --- | --- |
| ਮੈਸ: ਹਰਚੰਦ ਰਾਮ ਓਮ ਪ੍ਰਕਾਸ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਅਜੀਤ ਕੁਮਾਰ ਅਡੀਸ਼ਨਲ/ਨਿਊ ਗਰੇਨ ਮਾਰਕਿਟ, ਦੁਕਾਨ ਨੰ. 141ਏ ਏ, ਅਬੋਹਰ-ਮਲੋਟ ਰੋਡ ਫਾਜ਼ਿਲਕਾ ਪੰਜਾਬ-152123 ਨਾਲ ਹੀ : ਮੈਸ: ਹਰਚੰਦ ਰਾਮ ਓਮ ਪ੍ਰਕਾਸ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਅਜੀਤ ਕੁਮਾਰ ਪਿੰਡ ਟਿੱਲਾਂ ਵਾਲੀ, ਡਾਕਖਾਨਾ ਸ਼ਤੀਰਵਾਲਾ, ਫਾਜ਼ਿਲਕਾ, ਫਿਰੋਜ਼ਪੁਰ ਪੰਜਾਬ-152121. ਅਜੀਤ ਕੁਮਾਰ ਪੁੱਤਰ ਓਮ ਪ੍ਰਕਾਸ਼ ਪਿੰਡ ਟਿੱਲਾਂਵਾਲੀ, ਡਾਕਖਾਨਾ ਸ਼ਤੀਰਵਾਲਾ, ਫਾਜ਼ਿਲਕਾ, ਫਿਰੋਜ਼ਪੁਰ ਪੰਜਾਬ-152121. ਨਕੁਲ ਰਿਣਵਾ ਪੁੱਤਰ ਅਜੀਤ ਕੁਮਾਰ ਪਿੰਡ ਟਿੱਲਾਂਵਾਲੀ, ਡਾਕਖਾਨਾ ਸ਼ਤੀਰਵਾਲਾ, ਫਾਜ਼ਿਲਕਾ, ਫਿਰੋਜ਼ਪੁਰ ਪੰਜਾਬ-152121 ਨਾਲ ਹੀ : ਨਕੁਲ ਰਿਣਵਾ ਪੁੱਤਰ ਸ੍ਰੀ ਅਜੀਤ ਕੁਮਾਰ, ਨੇੜੇ ਭਗਤ ਸਿੰਘ ਚੌਂਕ ਟਿੱਬੀ-8, ਜੀ.ਜੀ.ਆਰ. ਜ਼ਿਲ੍ਹਾ ਹਨੂੰਮਾਨਗੜ੍ਹ-335526, ਕਰਜ਼ਾ ਖਾਤਾ ਨੰ. 923030006697652 ਅਤੇ 923060050087897 | 24 ਜੁਲਾਈ 2024<br>12 ਅਗਸਤ 2024<br>ਰੁਪਏ 60,65,648/- (ਸੱਠ ਲੱਖ ਪੈਂਹਠ ਹਜ਼ਾਰ ਛੇ ਸੌ ਅਠਤਾਲੀ ਰੁਪਏ ਕੇਵਲ)<br>ਰੁਪਏ 58,94,710/- (ਅਠਵੰਜਾ ਲੱਖ ਚੁਰੰਨਵੇਂ ਹਜ਼ਾਰ ਸੱਤ ਸੌ ਦਸ ਰੁਪਏ ਕੇਵਲ) |
| ਸਕਿਊਰਡ ਐੱਸਟਸ ਦਾ ਜਾਇਦਾਦੀ ਪਤਾ : ਵਸੀਕਾ/ਬੈਨਾਮਾ ਨੰ. 2019-20/56/1/1652 ਮਿਤੀ 17-07-2019 ਅਨੁਸਾਰ ਸ੍ਰੀ ਅਜੀਤ ਕੁਮਾਰ ਪੁੱਤਰ ਓਮ ਪ੍ਰਕਾਸ਼ ਅਤੇ ਨਕੁਲ ਰਿਣਵਾ ਪੁੱਤਰ ਅਜੀਤ ਕੁਮਾਰ ਦੇ ਨਾਂਅ ਰਜਿਸਟਰਡ ਵਪਾਰਕ ਜਾਇਦਾਦ/ਦੁਕਾਨ ਨੰ. 141 ਏ ਏ (20'×125') ਅਡੀਸ਼ਨਲ/ਨਵੀਂ ਦਾਣਾ ਮੰਡੀ, ਤਹਿਸੀਲ ਅਤੇ ਜ਼ਿਲ੍ਹਾ ਫਾਜ਼ਿਲਕਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਉੱਤਰ : ਦੁਕਾਨ ਅਸ਼ੋਕ ਕੁਮਾਰ 125', ਦੱਖਣ : ਦੁਕਾਨ ਨੰ. 142', 125', ਪੱਛਮ : ਗਲੀ 20', ਪੂਰਬ : ਗਲੀ 20' | |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਊਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਊਰਡ ਕ੍ਰੈਡਿਟਰ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਊਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ: 07.09.2024, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



**ਟੀ ਏ ਸੀ ਇਨਫੋਸੈਕ ਲਿਮਟਿਡ**

TAC Security — CYBERSECURITY'S FUTURE

(ਪਹਿਲਾਂ ਟੀ ਏ ਸੀ ਇਨਫੋਸੈਕ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ)
ਸੀ ਆਈ ਐੱਨ : ਐੱਲ 72900 ਪੀ ਬੀ 2016 ਪੀ ਐੱਲ ਸੀ 045575
ਰਜਿ. ਦਫਤਰ : ਰਜਿਸਟਰਡ ਦਫਤਰ 8ਵੀਂ ਮੰਜ਼ਲ, ਪਲਾਟ ਨੰ. ਸੀ-203, ਇੰਡਸਟ੍ਰੀਅਲ ਫੋਕਲ ਪੁਆਇੰਟ, ਫੇਜ਼ 8 ਬੀ, ਮੁਹਾਲੀ, ਪੰਜਾਬ-160055, ਪੰਜਾਬ, ਇੰਡੀਆ
ਫੋਨ +9199888 50821, ਈ-ਮੇਲ company.secretary@tacsecurity.com

**ਕੰਪਨੀ ਦੀ 8ਵੀਂ ਸਾਲਾਨਾ ਜਨਰਲ ਮੀਟਿੰਗ ਅਤੇ ਈ-ਵੋਟਿੰਗ ਦਾ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਟੀ ਏ ਸੀ ਇਨਫੋਸੈਕ ਲਿਮਟਿਡ ("ਦਾ ਕੰਪਨੀ" ਜਾਂ "ਟੀ ਏ ਸੀ") ਦੇ ਮੈਂਬਰਾਂ ਦੀ 8ਵੀਂ (ਅੱਠਵੀਂ) ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) ਸੋਮਵਾਰ 30 ਸਤੰਬਰ 2024 ਨੂੰ ਸ਼ਾਮ 04.00 ਵਜੇ ਭਾਰਤੀ ਸਮੇਂ ਅਨੁਸਾਰ 8ਵੀਂ ਏ ਜੀ ਐੱਮ ਦੇ ਕਾਰੋਬਾਰਾਂ ਦੇ ਨਿਪਟਾਰੇ ਲਈ ਵੀਡੀਓ ਕਾਨਫਰੰਸਿੰਗ ("ਵੀ ਸੀ")/ਹੋਰ ਆਡੀਓ ਵਿਜ਼ੂਆਲ ਮੀਨਜ਼ ("ਓ ਏ ਵੀ ਐੱਮ") ਰਾਹੀਂ ਹੋਵੇਗੀ। ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ, 2020, ਸਰਕੂਲਰ ਨੰ. 17/2020 ਮਿਤੀ 13 ਅਪ੍ਰੈਲ 2020 ਅਤੇ ਸਰਕੂਲਰ ਨੰ. 20/2020 ਮਿਤੀ 05 ਮਈ 2020 ਅਤੇ ਸਰਕੂਲਰ ਨੰ. 02/2021 ਮਿਤੀ 13 ਜਨਵਰੀ 2021 ਅਤੇ ਸਰਕੂਲਰ ਨੰ. 21/2021 ਮਿਤੀ 14 ਦਸੰਬਰ 2021 ਅਤੇ 02/2022 ਮਿਤੀ 05 ਮਈ 2022, 10/2022 ਮਿਤੀ 28 ਦਸੰਬਰ 2022 ਅਤੇ ਹਾਲੀਆ ਸਰਕੂਲਰ 09/2023 ਮਿਤੀ 25 ਸਤੰਬਰ 2023 ("ਐੱਮ ਸੀ ਏ ਸਰਕੂਲਰਜ਼") ਅਤੇ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ-1/ਸੀ ਆਈ ਆਰ/ਪੀ/2020/79 ਮਿਤੀ 12 ਮਈ 2020 ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ 2/ਸੀ ਆਈ ਆਰ/ਪੀ/2021/11 ਮਿਤੀ 15 ਜਨਵਰੀ 2021, ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ 2/ ਸੀ ਆਈ ਆਰ/ਪੀ/2022/62 ਮਿਤੀ 13 ਮਈ 2022, ਸੇਬੀ/ਐੱਚ ਓ/ਸੀ ਆਰ ਡੀ/ਪੀ ਓ ਡੀ-2/ਪੀ/ਸੀ ਆਈ ਆਰ/2023/4 ਮਿਤੀ 05 ਜਨਵਰੀ 2023 ਅਤੇ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਫ ਡੀ- ਪੀ ਓ ਡੀ-2/ਪੀ/ ਸੀ ਆਈ ਆਰ/2023/167 ਮਿਤੀ 07 ਅਕਤੂਬਰ 2023 ਨੂੰ ਸਕਿਉਰਿਟੀ ਐਕਸਚੇਂਜ ਬੋਰਡ ਆਫ ਇੰਡੀਆ ("ਸੇਬੀ ਸਰਕੂਲਰ") ਏ ਜੀ ਐੱਮ ਦੇ ਨੋਟਿਸ ਨਾਲ 2023-2024 ਦੀ ਸਾਲਾਨਾ ਰਿਪੋਰਟ ਉਨ੍ਹਾਂ ਮੈਂਬਰਾਂ ਨੂੰ ਇਲੈਕਟਰੋਨਿਕ ਢੰਗ ਰਾਹੀਂ ਭੇਜੀ ਗਈ ਹੈ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀਜ਼ ਕੋਲ ਰਜਿਸਟਰਡ ਹਨ। ਮੈਂਬਰ ਨੋਟ ਕਰਨ ਕਿ ਨੋਟਿਸ ਅਤੇ 2023-24 ਦੀ ਸਾਲਾਨਾ ਰਿਪੋਰਟ ਅਤੇ ਨੋਟਿਸ ਕੰਪਨੀ ਦੀ ਵੈੱਬਸਾਈਟ www.tacsecurity.com ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ (ਐੱਨ ਐੱਸ ਈ) ਲਿਮਟਿਡ ਦੀ ਵੈੱਬਸਾਈਟ www.nseindia.com, ਅਤੇ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮਟਿਡ (ਐੱਨ ਐੱਸ ਡੀ ਐੱਲ) ਦੀ ਵੈੱਬਸਾਈਟ www.evoting.nsdl.com 'ਤੇ ਅਪਲੋਡ ਕੀਤੀ ਜਾਵੇਗੀ। ਐੱਮ ਸੀ ਏ ਸਰਕੂਲਰਜ਼ ਦੀ ਰੋਸ਼ਨੀ 'ਚ ਸ਼ੇਅਰ ਹੋਲਡਰਜ਼ ਜੋ ਡੀਮੈਟ ਫਾਰਮ 'ਚ ਇਕੁਇਟੀ ਸ਼ੇਅਰ ਰੱਖਦੇ ਹਨ ਅਤੇ ਜਿਨ੍ਹਾਂ ਨੇ ਆਪਣੇ ਈਮੇਲ ਪਤੇ ਪੇਸ਼ ਨਹੀਂ ਕੀਤੇ, ਉਨ੍ਹਾਂ ਨੂੰ 8ਵੀਂ ਏ ਜੀ ਐੱਮ ਅਤੇ ਸਾਲਾਨਾ ਰਿਪੋਰਟ 2023-24 ਨੂੰ ਭੇਜੀ ਨਹੀਂ ਗਈ, ਉਹ ਨਿਮਨਲਿਖਤ ਪ੍ਰਕਿਰਿਆ ਰਾਹੀਂ ਆਰਜ਼ੀ ਤੌਰ 'ਤੇ ਆਪਣੇ ਰਜਿਸਟਰਡ ਈਮੇਲ ਪਤੇ ਪ੍ਰਾਪਤ ਕਰ ਸਕਦੇ ਹਨ।

1. ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਕਿਰਪਾ ਕਰਕੇ ਫੋਲੀਓ ਨੰ. ਸ਼ੇਅਰ ਹੋਲਡਰ ਦਾ ਨਾਂ, ਸ਼ੇਅਰ ਸਰਟੀਫਿਕੇਟ (ਅਗਲਾ ਪਾਸਾ ਅਤੇ ਪਿਛਲਾ ਪਾਸਾ), ਪੈਨ (ਪੈਨ ਕਾਰਡ ਦੀ ਖੁਦ ਤਸਦੀਕਸ਼ੁਦਾ ਸਕੈਨਡ ਕਾਪੀ), ਅਧਾਰ (ਅਧਾਰ ਕਾਰਡ ਦੀ ਖੁਦ ਤਸਦੀਕਸ਼ੁਦਾ ਸਕੈਨਡ ਕਾਪੀ ਈਮੇਲ ਵੈੱਬਸਾਈਟ company.secretary@tacsecurity.com, 'ਤੇ ਮੁਹੱਈਆ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ)
2. ਡੀਮੈਟ ਮੋਡ 'ਚ ਸ਼ੇਅਰ ਰੱਖਣ ਵਾਲੇ ਕਿਰਪਾ ਕਰਕੇ ਡੀ ਪੀ ਆਈ ਡੀ-ਸੀ ਐੱਲ ਆਈ ਡੀ (16 ਡਿਜ਼ਟ ਡੀ ਪੀ ਆਈ ਡੀ+ ਸੀ ਐੱਲ ਆਈ ਡੀ ਜਾਂ 16 ਡਿਜਟ ਬੈਨੀਫਿਸ਼ਰੀ ਆਈ ਡੀ) ਕਲਾਇੰਟ ਮਾਸਟਰ ਜਾਂ ਕਨਸਾਲੀਡੇਟਿਡ ਅਕਾਊਂਟ ਸਟੇਟਮੈਂਟ ਦੀ ਕਾਪੀ, ਪੈਨ (ਪੈਨ ਕਾਰਡ ਦੀ ਖੁਦ ਤਸਦੀਕਸ਼ੁਦਾ ਸਕੈਨ ਕਾਪੀ) ਅਧਾਰ (ਅਧਾਰ ਕਾਰਡ ਦੀ ਖੁਦ ਦੀ ਤਸਦੀਕਸ਼ੁਦਾ ਸਕੈਨਡ ਕਾਪੀ ਈਮੇਲ ਰਾਹੀਂ company.secretary@tacsecurity.com, ਦੀ ਈ ਮੇਲ ਰਾਹੀਂ ਮੁਹੱਈਆ ਕਰਵਾਉਣ।
3. ਬਦਲਵੇਂ ਤੌਰ 'ਤੇ ਮੈਂਬਰ ਯੂਜ਼ਰ ਆਈ ਡੀ ਅਤੇ ਪਾਸਵਰਡ ਜਿਸ ਦੇ ਨੰਬਰ (1) ਅਤੇ (2) 'ਚ ਵੇਰਵੇ ਦਰਸਾਏ ਗਏ ਹਨ, ਨੂੰ ਸਾਬਤ ਕਰਕੇ evoting.nsdl.com ਨੂੰ ਬੇਨਤੀ ਦੀ ਈ ਮੇਲ ਭੇਜ ਕੇ ਪ੍ਰਾਪਤ ਕਰ ਸਕਦੇ ਹਨ।

ਈ ਮੇਲ ਪਤੇ ਦੀ ਸਫਲ ਰਜਿਸਟ੍ਰੇਸ਼ਨ ਤੋਂ ਬਾਅਦ ਸ਼ੇਅਰ ਧਾਰਕ ਯੂਜ਼ਰ-ਆਈ ਡੀ ਅਤੇ 8ਵੀਂ ਏ ਜੀ ਐੱਮ ਲਈ ਈ-ਵੋਟਿੰਗ ਲਈ ਪਾਸਵਰਡ ਪ੍ਰਾਪਤ ਕਰੇਗਾ। ਕਿਸੇ ਪੁੱਛਗਿੱਛ ਲਈ ਸ਼ੇਅਰ ਧਾਰਕ ਨੂੰ ਕੰਪਨੀ ਦੀ ਵੈੱਬਸਾਈਟ company.secretary@tacsecurity.com ਤੋਂ ਜਾਣਕਾਰੀ ਪ੍ਰਾਪਤ ਸਕਦਾ ਹੈ। ਸ਼ੇਅਰ ਧਾਰਕਾਂ ਨੂੰ ਆਪਣੇ ਡਿਪਾਜ਼ਟਰੀ ਪਾਰਟੀਸਿਪੈਂਟਸ ਕੋਲ ਆਪਣੀਆਂ ਈ ਮੇਲ ਆਈ ਡੀਜ਼ ਰਜਿਸਟਰ/ਅਪਡੇਟ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ, ਜਿਸ ਨਾਲ ਉਹ ਆਪਣੇ ਡੀਮੈਟ ਅਕਾਊਂਟ ਮੇਨਟੇਨ ਕਰ ਸਕਣ, ਜੇਕਰ ਸ਼ੇਅਰ ਡੀਮੈਟੀਅਲਾਈਜ਼ਡ ਮੋਡ 'ਚ ਹਨ ਤਾਂ ਦਸਤਾਵੇਜ਼ ਲਈ ਬੇਨਤੀ ਪੇਸ਼ ਕਰਨ। ਕੰਪਨੀ ਕੋਲ ਭੌਤਿਕ ਸ਼ੇਅਰ ਹੋਲਡਰਜ਼ ਦੇ ਨਾਂਅ, ਮੈਂਬਰਾਂ ਦੇ ਰਜਿਸਟਰ ਅਤੇ ਕੰਪਨੀ ਦੀਆਂ ਸ਼ੇਅਰ ਟਰਾਂਸਫਰ ਬੁਕਸ ਬੰਦ ਨਹੀਂ ਹਨ। ਮੈਂਬਰ ਜਿਨ੍ਹਾਂ ਦੇ ਮੈਂਬਰਾਂ ਦੇ ਰਜਿਸਟਰ 'ਚ ਨਾਂਅ ਰਿਕਾਰਡਿਡ ਹਨ ਜਾਂ ਡਿਪਾਜ਼ਟਰੀ ਦੇ ਰੱਖ ਰਖਾਵ ਵਾਲੇ ਲਾਭਕਾਰੀ ਮਾਲਕਾਂ ਦੇ ਰਜਿਸਟਰ, ਜੋ ਕਿ ਸੋਮਵਾਰ 23 ਸਤੰਬਰ 2024 ("ਕੱਟ ਆਫ ਡੇਟ") 'ਚ ਰਿਕਾਰਡਿਡ ਹਨ। ਸਾਲਾਨਾ ਜਨਰਲ ਮੀਟਿੰਗ 'ਚ ਈ-ਵੋਟਿੰਗ ਜਾਂ ਰਿਮੋਟ ਈ-ਵੋਟਿੰਗ ਦੀ ਸਹੂਲਤ ਲਈ ਯੋਗ ਹੋਣਗੇ। ਕੰਪਨੀਜ਼ ਐਕਟ 2013 ਦੇ ਸੈਕਸ਼ਨ ਅਤੇ ਸੇਬੀ (ਐੱਲ ਓ ਡੀ ਆਰ) ਰੈਗੂਲੇਸ਼ਨਜ਼ 2015 (ਸੋਧੇ ਅਨੁਸਾਰ) ਦੇ ਰੈਗੂਲੇਸ਼ਨ 44 ਅਤੇ ਐੱਮ ਸੀ ਏ ਸਰਕੂਲਰ ਦੀਆਂ ਵਿਵਸਥਾਵਾਂ ਦੀ ਪਾਲਣਾ 'ਚ ਕੰਪਨੀ ਏ ਜੀ ਐੱਮ ਦੇ ਨਿਪਟਾਉਣ ਵਾਲੇ ਕਾਰੋਬਾਰਾਂ ਦੇ ਸੰਬੰਧ 'ਚ ਆਪਣੇ ਮੈਂਬਰਾਂ ਨੂੰ ਏ ਜੀ ਐੱਮ ਦੀ ਮਿਤੀ ਨੂੰ ਰਿਮੋਟ ਈ-ਵੋਟਿੰਗ ਅਤੇ ਈ-ਵੋਟਿੰਗ ਦੀ ਸਹੂਲਤ ਮੁਹੱਈਆ ਕਰਵਾ ਰਹੀ ਹੈ। ਇਸ ਮੰਤਵ ਲਈ ਇਲੈਕਟ੍ਰਾਨਿਕ ਢੰਗਾਂ ਰਾਹੀਂ ਵੋਟਿੰਗ ਸਹੂਲਤ ਲਈ ਕੰਪਨੀ ਦੀ ਐੱਨ ਐੱਸ ਡੀ ਐੱਲ ਨਾਲ ਸਮਝੌਤਾ ਕੀਤਾ ਹੈ। ਰਿਮੋਟ ਈ-ਵੋਟਿੰਗ ਸ਼ੁੱਕਰਵਾਰ 27 ਸਤੰਬਰ 2024 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਐਤਵਾਰ 29 ਸਤੰਬਰ 2024 ਨੂੰ ਸ਼ਾਮ 5.00 ਵਜੇ ਬੰਦ ਹੋਵੇਗੀ। ਇਸ ਸਮੇਂ ਦੌਰਾਨ ਕੰਪਨੀ ਦੇ ਕੱਟ-ਆਫ ਡੇਟ 'ਚ ਸ਼ੇਅਰ ਰੱਖਣ ਵਾਲੇ ਮੈਂਬਰ ਆਪਣੀ ਵੋਟ ਇਲੈਕਟ੍ਰਾਨੀਕਲੀ ਢੰਗ ਨਾਲ ਪਾ ਸਕਦੇ ਹਨ। (ਰਿਮੋਟ-ਈ ਵੋਟਿੰਗ) ਮੈਂਬਰ ਨੋਟ ਕਰਨ ਕਿ (ਏ) ਵੋਟਿੰਗ ਲਈ ਉਕਤ ਦੱਸੀ ਮਿਤੀ ਅਤੇ ਸਮੇਂ ਤੋਂ ਬਾਅਦ ਐੱਨ ਐੱਸ ਡੀ ਐੱਲ ਵੱਲੋਂ ਰਿਮੋਟ-ਈ ਵੋਟਿੰਗ ਸ਼ਡਿਊਲ ਅਯੋਗ ਕਰਾਰ ਦਿੱਤਾ ਜਾਵੇਗਾ ਅਤੇ ਮੈਂਬਰ ਦੁਆਰਾ ਮਤੇ 'ਤੇ ਇੱਕ ਵਾਰ ਵੋਟ ਪਾਉਣ ਤੋਂ ਬਾਅਦ ਮੈਂਬਰ ਨੂੰ ਬਾਅਦ 'ਚ ਇਸ 'ਚ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ, (ਬੀ) ਈ-ਵੋਟਿੰਗ ਦੀ ਸਹੂਲਤ 8ਵੀਂ ਏ ਜੀ ਐੱਮ 'ਚ ਉਪਲੱਬਧ ਹੋਵੇਗੀ ਅਤੇ (ਸੀ) ਮੈਂਬਰ ਜਿਨ੍ਹਾਂ 8ਵੀਂ ਏ ਜੀ ਐੱਮ ਤੋਂ ਪਹਿਲਾਂ ਰਿਮੋਟ-ਈ ਵੋਟਿੰਗ ਰਾਹੀਂ ਵੋਟ ਪਈ ਹੋਵੇਗੀ, 8ਵੀਂ ਏ ਜੀ ਐੱਮ 'ਚ ਹਾਜ਼ਰ ਹੋ ਸਕਦੇ ਹਨ, ਪਰ ਦੁਬਾਰਾ ਵੋਟ ਪਾਉਣਾ ਦੇ ਪਾਬੰਦ ਨਹੀਂ ਹੋਣਗੇ। ਰੀਮੋਟ ਈ-ਵੋਟਿੰਗ/ਈ-ਵੋਟਿੰਗ ਪ੍ਰਕਿਰਿਆ ਦਾ ਵੇਰਵਾ 8ਵੀਂ ਸਾਲਾਨਾ ਜਨਰਲ ਮੀਟਿੰਗ 'ਚ ਮੁਹੱਈਆ ਕਰਵਾਇਆ ਗਿਆ ਹੈ।

ਕੋਈ ਵਿਅਕਤੀ ਜੋ ਕੰਪਨੀ ਦੇ ਸ਼ੇਅਰ ਅਕੁਆਇਰ ਕਰਦਾ ਹੈ ਅਤੇ ਏ ਜੀ ਐੱਮ ਨੋਟਿਸ ਭੇਜਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣਦਾ ਹੈ ਅਤੇ ਕੱਟ-ਆਫ-ਡੇਟ ਜੋ ਕਿ ਸੋਮਵਾਰ 23 ਸਤੰਬਰ 2024 ਹੈ, ਨੂੰ ਸ਼ੇਅਰ ਧਾਰਕ ਹੈ ਤਾਂ ਉਹ evoting.nsdl.com ਜਾਂ company.secretary@tacsecurity.com 'ਤੇ ਬੇਨਤੀ ਭੇਜਕੇ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਬੇਸ਼ੱਕ ਜੇਕਰ ਤੁਸੀਂ ਰੀਮੋਟ ਈ-ਵੋਟਿੰਗ ਲਈ ਐੱਨ ਐੱਸ ਡੀ ਐੱਲ ਕੋਲ ਪਹਿਲਾਂ ਹੀ ਰਜਿਸਟਰਡ ਹੋ ਤਾਂ ਵੋਟ ਲਈ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਵਰਤ ਸਕਦੇ ਹੋ। ਜੇਕਰ ਤੁਸੀਂ ਆਪਣਾ ਪਾਸਵਰਡ ਭੁੱਲ ਚੁੱਕੇ ਹੋ ਤਾਂ "ਫਾਰਗੋਟ ਪਾਸਵਰਡ" ਦੀ ਵਰਤੋਂ ਕਰਕੇ ਆਪਣਾ ਪਾਸਵਰਡ ਦੁਬਾਰਾ ਸੈਟ ਕਰ ਸਕਦੇ ਹਨ, ਜਿਸ ਦਾ ਆਪਸ਼ਨ www.evoting.nsdl.com 'ਤੇ ਉਪਲੱਬਧ ਹੈ।

ਈ-ਵੋਟਿੰਗ ਲਈ ਕਿਸੇ ਪੁੱਛਗਿੱਛ ਲਈ ਤੁਸੀਂ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼) ਫਾਰ ਸ਼ੇਅਰ ਹੋਲਡਰਜ਼ ਅਤੇ ਸ਼ੇਅਰ ਹੋਲਡਰਾਂ ਲਈ ਈ-ਵੋਟਿੰਗ ਯੂਜ਼ਰ ਐਨੂਮਲ ਲਈ evoting.nsdl.com ਸੈਕਸ਼ਨ ਤੋਂ ਡਾਊਨਲੋਡ ਕੀਤਾ ਜਾਵੇ ਜਾਂ ਟੋਲ ਫ੍ਰੀ ਨੰ. 1800-222-990 'ਤੇ ਕਾਲ ਕਰਕੇ ਜਾਂ evoting.nsdl.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦੇ ਹੋ। ਕਿਸੇ ਹੋਰ ਸਪਸ਼ਟੀਕਰਨ ਲਈ ਮੈਂਬਰ ਕੰਪਨੀ ਦੇ ਕੰਪਨੀ ਸੈਕਟਰੀ ਨਾਲ ਕੰਪਨੀ ਦੇ ਕਾਰਪੋਰੇਟ ਦਫਤਰ ਨਾਲ ਸੰਪਰਕ ਕਰ ਸਕਦਾ ਹੈ ਜਾਂ company.secretary@tacsecurity.com ਨੂੰ ਈ ਮੇਲ ਲਿਖ ਕੇ ਜਾਂ 0288-2710708 'ਤੇ ਫੋਨ ਕਰਕੇ ਪਤਾ ਕਰ ਸਕਦੇ ਹੋ।

ਮੈਂਬਰ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਸਾਲਾਨਾ ਜਨਰਲ ਮੀਟਿੰਗ 'ਚ ਹਿੱਸਾ ਲੈ ਸਕਦੇ ਹਨ। ਵੀ ਸੀ/ਓ ਏ ਵੀ ਐੱਮ ਰਾਹੀਂ ਸਾਲਾਨਾ ਜਨਰਲ ਮੀਟਿੰਗ 'ਚ ਸ਼ਾਮਲ ਹੋਣ ਲਈ ਹਦਾਇਤਾਂ ਸਾਲਾਨਾ ਜਨਰਲ ਮੀਟਿੰਗ ਦੇ ਨੋਟਿਸ 'ਚ ਮੁਹੱਈਆ ਕਰਵਾਈਆਂ ਗਈਆਂ ਹਨ। ਏ ਜੀ ਐੱਮ 'ਚ ਸ਼ਾਮਲ ਹੋਣ ਜਾਂ ਕਿਸੇ ਪੁੱਛਗਿੱਛ ਲਈ ਸ਼ੇਅਰ ਧਾਰਕ/ਮੈਂਬਰ evoting.ansdl.com ਨੂੰ ਈ ਮੇਲ ਭੇਜ ਕੇ ਲਿਖ ਸਕਦੇ ਹਨ ਜਾਂ ਸਾਨੂੰ ਟੈਲੀ. 1800-222-990 'ਤੇ ਕਾਲ ਕਰ ਸਕਦੇ ਹੋ।

ਵੀ ਸੀ/ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਿੱਸਾ ਲੈਣ ਵਾਲੇ ਮੈਂਬਰ ਦੀ ਕੰਪਨੀਜ਼ ਐਕਟ 2013 ਦੇ ਸੈਕਸ਼ਨ 103 ਅਧੀਨ ਕੋਰਮ 'ਚ ਗਣਨਾ ਦੇ ਮੰਤਵ 'ਚ ਗਣਨਾ ਕੀਤੀ ਜਾਵੇਗੀ।

ਵਾਸਤੇ, ਟੈਕ ਇਨਫੋਸੈਕ ਲਿਮਟਿਡ
ਸਹੀ/-
ਤ੍ਰਿਸ਼ਨੀਤ ਅਰੋੜਾ
ਚੇਅਰਮੈਨ ਅਤੇ ਕਾਰਜਕਾਰੀ ਡਾਇਰੈਕਟਰ ਅਤੇ ਸੀ ਈ ਓ
ਡੀ ਆਈ ਐੱਨ : 07567604

ਸਥਾਨ : ਪੰਜਾਬ
ਮਿਤੀ : 07.09.2024



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

8-SEP-PAGE-3.qxd 9/7/2024 11:13 PM Page 1



# ਡੀ ਸੀ ਨਾਲ ਮੀਟਿੰਗ ਮਗਰੋਂ 17 ਨੂੰ ਕਿਸਾਨਾਂ ਨੇ ਕੀਤਾ ਧਰਨੇ ਦਾ ਐਲਾਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਏ ਡੀ ਸੀ ਨਾਲ ਹੋਈ ਮੀਟਿੰਗ ਤੋਂ ਬਾਅਦ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਸਤਨਾਮ ਸਿੰਘ ਪੰਨੂ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਲਿਖਤੀ ਪ੍ਰੈਸ ਬਿਆਨ ਦਿੰਦੇ ਹੋਏ ਕਿਹਾ ਕਿ 2 ਸਤੰਬਰ ਨੂੰ ਲੱਗੇ ਧਰਨੇ ਵਿੱਚੋਂ ਨਿਕਲੀ ਮੀਟਿੰਗ ਦਾ ਸਮਾਂ 6 ਸਤੰਬਰ ਨੂੰ 3.30 ਵਜੇ ਦਾ ਤੈਅ ਸੀ ਜੋ ਕਿ ਡੀ ਸੀ ਨਾਲ ਹੋਣੀ ਸੀ। ਅਚਾਨਕ ਚੀਫ ਸੈਕਟਰੀ ਵੱਲੋਂ ਮੀਟਿੰਗ ਏ ਡੀ ਸੀ ਨਾਲ ਕਿਸਾਨਾਂ ਦੀ ਹੋਈ। ਮੀਟਿੰਗ ਵਿੱਚ ਭਾਰਤ ਮਾਲਾ ਪ੍ਰੋਜੈਕਟ ਅਤੇ ਹੋਰ ਮਸਲਿਆਂ ਦੀ ਗੱਲਬਾਤ ਰੱਖੀ ਗਈ ਅਤੇ ਏ ਡੀ ਸੀ ਵੱਲੋਂ ਚੁਤਾਲੇ ਪਿੰਡ ਦੇ ਰੋਡ ਦਾ ਮਸਲਾ, ਕਲੋਨੀਆਂ ਵਿੱਚ ਸਰਕਾਰੀ ਕੂੜਾ ਕਰਕਟ ਸੁੱਟਣਾ, ਕੰਪਲੈਕਸ ਦਾ ਪਾਣੀ ਓਵਰਫਲੋ ਹੋਣ ਦਾ ਮਸਲਾ ਆਦਿ ਮੰਗਾਂ ਨੂੰ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਨਾਲ ਸੋਮਵਾਰ 10 ਵਜੇ ਦਾ ਆਗੂਆਂ ਨੂੰ ਮੌਕਾ ਵੇਖਣ ਦਾ ਟਾਈਮ ਵੀ ਨਿਸ਼ਚਤ ਕੀਤਾ ਗਿਆ। ਇਸ ਤੋਂ ਬਾਅਦ 12 ਸਤੰਬਰ ਨੂੰ 3.30 ਵਜੇ ਡੀ ਸੀ ਅਤੇ ਐਨ ਐਚ ਅਧਿਕਾਰੀਆਂ ਨਾਲ ਕਿਸਾਨਾਂ ਦੀ ਭਾਰਤ ਮਾਲਾ ਪ੍ਰੋਜੈਕਟ ਲਈ ਮੀਟਿੰਗ ਹੋਵੇਗੀ। ਕਿਸਾਨ ਆਗੂਆਂ ਨੇ ਕਿਹਾ 2013 ਐਕਟ ਅਨੁਸਾਰ ਜ਼ਮੀਨਾਂ 'ਤੇ ਬਜ਼ਾਰੀ ਰੇਟ ਨਾਲੋਂ ਚਾਰ ਗੁਣਾ ਵੱਧ ਭਾਅ ਅਤੇ 30% ਉਜਾੜਾ ਭੱਤਾ ਦਿੱਤਾ ਜਾਵੇ। ਕਿਸਾਨ ਗੁਰਸੇਵਕ ਸਿੰਘ ਪਿੰਡ ਬੰਬ ਵੱਡਾ ਦੀ ਤਿੰਨ ਏਕੜ ਜ਼ਮੀਨ ਜੋ ਹਾਈਵੇ ਵਿੱਚ ਨਹੀਂ ਆਉਂਦੀ। ਪਰ ਪ੍ਰਸ਼ਾਸਨ ਵੱਲੋਂ ਪੱਕ ਲੈਣ ਅਤੇ ਜੇ ਸੀ ਬੀ ਨਾਲ ਉਸ ਦੀ ਝੋਨੇ ਦੀ ਫਸਲ ਬਰਬਾਦ ਕਰ ਦਿੱਤੀ ਗਈ ਹੈ। ਇਸ ਦਾ ਹੁਕਮ ਦੇਣ ਵਾਲੇ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਪੀੜਤ ਕਿਸਾਨ ਨੂੰ ਇੱਕ ਲੱਖ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਇਸ ਪ੍ਰੋਜੈਕਟ ਅਨੁਸਾਰ ਬਣ ਰਹੀਆਂ ਸੜਕਾਂ ਦੇ ਟਿਊਬਲ, ਘਰ, ਰਸਤੇ ਦੂਜੇ ਪਾਸੇ ਰਹਿ ਗਏ ਹਨ। ਉਹ ਇੱਕ ਪਾਸੇ ਕੀਤੇ ਜਾਣ, ਜ਼ਮੀਨੀ ਪੱਧਰ ਨਾਲੋਂ ਸੜਕਾਂ 10 ਤੋਂ 15 ਫੁੱਟ ਉੱਚੀਆਂ ਬਣਨ ਨਾਲ ਦੂਜੇ ਪਾਸੇ ਹੜ੍ਹਾਂ ਦਾ ਖਤਰਾ ਬਣ ਸਕਦਾ ਹੈ। ਇਸ ਕਰਕੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਜੇਕਰ 12 ਦੀ ਮੀਟਿੰਗ ਵਿੱਚ ਇਹ ਮਸਲਿਆਂ ਦਾ ਹੱਲ ਨਾ ਨਿਕਲਿਆ ਤਾਂ 17 ਤਰੀਕ ਨੂੰ ਜ਼ਿਲ੍ਹਾ ਡੀ ਸੀ ਦਫ਼ਤਰ ਅੱਗੇ ਧਰਨਾ ਲਾਇਆ ਜਾਏਗਾ ।ਕਿਸਾਨਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਧਰਨਾ ਪੱਕੇ ਮੋਰਚੇ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ।ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਫਤਿਹ ਸਿੰਘ ਪਿੱਦੀ, ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰੇਸ਼ਮ ਸਿੰਘ ਘੁਰਕਵਿੰਡ, ਪਾਖਰ ਸਿੰਘ ਲਾਲਪੁਰ, ਭਗਵਾਨ ਸਿੰਘ ਸੰਘਰ ਆਦਿ ਆਗੂ ਹਾਜ਼ਰ ਸਨ ।

# 450 ਸਾਲਾ ਸ਼ਤਾਬਦੀਆਂ ਨੂੰ ਸਮਰਪਿਤ ਗੁਰਮਤਿ ਸਮਾਗਮ 16 ਨੂੰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸਿੱਖਾਂ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਅਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਦੀਆਂ 450 ਸਾਲਾ ਇਤਿਹਾਸਕ ਸ਼ਤਾਬਦੀਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਚੀਫ਼ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ 16 ਸਤੰਬਰ ਦਿਨ ਸੋਮਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਨਵੀਂ ਪਨੀਰੀ ਨੂੰ ਸਿੱਖਿਆ ਦੇ ਨਾਲ-ਨਾਲ ਸਿੱਖੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਉਕਤ ਮਹਾਨ ਸ਼ਤਾਬਦੀਆਂ ਦਾ ਦਿਹਾੜਾ ਸਿੱਖ ਧਰਮ ਇਤਿਹਾਸ ਵਿਚ ਬਹੁਤ ਪਵਿੱਤਰ ਅਤੇ ਅਹਿਮ ਹੈ। ਉਹਨਾਂ ਧਰਮ ਪ੍ਰਚਾਰ ਕਮੇਟੀ ਨੂੰ ਹਿਦਾਇਤ ਕੀਤੀ ਕਿ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਵੱਧ ਤੋਂ ਵੱਧ ਪ੍ਰਚਾਰਨ ਅਤੇ ਪ੍ਰਸਾਰਨ ਲਈ ਦੀਵਾਨ ਸਕੂਲਾਂ ਵਿਚ ਵਿਸ਼ੇਸ਼ ਧਾਰਮਿਕ ਗਤੀਵਿਧੀਆਂ ਉਲੀਕਣ ਦੇ ਨਿਰਦੇਸ਼ ਦਿੱਤੇ ਤਾਂ ਜੋ ਬੱਚਿਆਂ ਨੂੰ ਗੁਰੂ ਸਾਹਿਬਾਨ ਦੇ ਸੰਘਰਸ਼ਮਈ ਜੀਵਨ, ਸਿੱਖਿਆਵਾਂ, ਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਇਸ ਮੌਕੇ ਕਾਰਜਕਾਰੀ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਦੱਸਿਆ ਕਿ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਨੂੰ ਸਮਰਪਿਤ 16 ਸਤੰਬਰ ਨੂੰ ਆਯੋਜਿਤ ਕੀਤੇ ਜਾ ਰਹੇ ਧਾਰਮਿਕ ਸਮਾਗਮ ਦੌਰਾਨ ਗੁਰਮਤਿ ਕਥਾ-ਵਿਚਾਰਾਂ ਅਤੇ ਅੰਮ੍ਰਿਤਮਈ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ।

# ਪੰਜਾਬ ਰਾਜ ਫੂਡ ਕਮਿਸ਼ਨ ਵੱਲੋਂ ਡਾਇਰੈਕਟਰ ਖਪਤਕਾਰ ਮਾਮਲੇ ਪੰਜਾਬ ਨੂੰ ਪੱਤਰ ਜਾਰੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਰਾਜ ਫੂਡ ਕਮਿਸ਼ਨ ਵੱਲੋਂ ਡਾਇਰੈਕਟਰ ਖੁਰਾਕ ਸਪਲਾਈਜ਼ ਅਤੇ ਖਪਤਕਾਰ ਮਾਮਲੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ। ਵਸਨੀਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਸ਼ਨ ਡਿੱਪੂਆਂ 'ਤੇ ਵੰਡੀ ਜਾਣ ਵਾਲੀ ਸਰਕਾਰੀ ਕਣਕ ਮੌਕੇ ਖਪਤਕਾਰਾਂ ਦੀ ਹੋ ਰਹੀ ਖੱਜਲ ਖੁਆਰੀ ਅਤੇ ਕਣਕ ਦੇ ਕੋਟੇ ਚੋਂ ਕੀਤੀ ਜਾ ਰਹੀ ਕਟੌਤੀ ਨੂੰ ਰੋਕਣ ਲਈ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਵਿਭਾਗੀ ਪੱਧਰ 'ਤੇ ਚਾਰਾਜੋਈ ਕੀਤੀ ਸੀ। ਇੱਥੇ ਪੱਤਰਕਾਰ ਮਿਲਣੀ ਮੌਕੇ ਅਪੀਲ ਕਰਤਾ ਪਿਤ ਸਤਨਾਮ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਨਤਕ ਵੰਡ ਪ੍ਰਣਾਲੀ ਤਹਿਤ ਸਰਕਾਰੀ ਰਾਸ਼ਨ ਡਿੱਪੂਆਂ ਤੋਂ ਕਣਕ ਦੀ ਵੰਡ ਕਰਨ ਵੇਲੇ ਖਪਤਕਾਰਾਂ ਦੀਆਂ ਲਗਵਾਈਆਂ ਜਾਂਦੀਆਂ ਲੰਮੀਆਂ ਲੰਮੀਆਂ ਕਤਾਰਾਂ 'ਚ ਘੰਟਿਆਂ ਬੱਧੀ ਖੜ੍ਹਨ ਵਾਲੇ ਬਿਮਾਰਕ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਸਰੀਰਕ ਤੇ ਮਾਨਸਿਕ ਪਰੇਸ਼ਾਨੀ ਬਰਦਾਸ਼ਤ ਕਰਨ ਦੇ ਨਾਲ ਨਾਲ ਜ਼ਲਾਲਤ ਵੀ ਝੱਲਣੀ ਪੈ ਰਹੀ ਹੈ।ਜਿਸ ਨੂੰ ਠੱਲ੍ਹਣ ਲਈ ਘੱਟ ਗਿਣਤੀ ਲੋਕ ਭਲਾਈ ਨੇ ਕਮਿਸ਼ਨ ਤੱਕ ਸਿੱਧੀ ਪਹੁੰਚ ਕੀਤੀ ਹੈ। ਗਿੱਲ ਨੇ ਕਿਹਾ ਕਿ ਪਿੰਡਾਂ, ਵਾਰਡਾਂ ਆਦਿ 'ਚ ਰਹਿ ਰਹੇ ਖਪਤਕਾਰਾਂ ਨੂੰ ਘਰੋ ਘਰੀ ਪਰਚੀਆਂ ਕੱਟ ਕੇ ਦੇਣ ਅਤੇ ਕਣਕ ਦਾ ਤੈਅਸ਼ੁਦਾ ਸਟਾਕ ਲੋਕਾਂ ਦੀਆਂ ਸਰਦਲਾਂ 'ਤੇ ਪਹੁੰਚਾਉਣ ਲਈ ਵਿਭਾਗ ਨੂੰ ਰਜ਼ਾਮੰਦ ਕਰਨ ਲਈ ਪੱਤਰ ਲਿਖਿਆ ਗਿਆ ਸੀ ।ਜਿਸ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦਿਆਂ ਪੱਤਰ ਵਿੱਚ ਉਠਾਏ ਗਏ ਮੁੱਦਿਆਂ ਨਾਲ ਰਜ਼ਾਮੰਦ ਹੁੰਦਿਆਂ ਕਮਿਸ਼ਨ ਨੇ ਕਣਕ ਵੰਡਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਚੋਰ ਮੋਰੀਆਂ ਬੰਦ ਕਰਨ ਲਈ ਪੰਜਾਬ ਰਾਜ ਫੂਡ ਕਮਿਸ਼ਨ ਨੇ ਡਾਇਰੈਕਟਰ ਖੁਰਾਕ ਸਪਲਾਈਜ਼ ਅਤੇ ਖਪਤਕਾਰ ਮਾਮਲੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਾਡਾ ਮਕਸਦ ਹੈ ਲੋਕਾਂ ਨੂੰ ਕਣਕ ਇੱਜ਼ਤ ਨਾਲ ਮਿਲੇ ਅਤੇ ਕਿਸੇ ਨੂੰ ਵੀ ਮਜਬੂਰੀਆਂ ਵਾਂਗ ਕਤਾਰ 'ਚ ਖੜ੍ਹ ਕੇ ਆਪਣੀ ਵਾਰੀ ਦਾ ਇੰਤਜ਼ਾਰ ਨਾ ਕਰਨਾ ਪਵੇ।ਉਨ੍ਹਾਂ ਪੁੱਛਣ 'ਤੇ ਦੱਸਿਆ ਕਿ ਭੇਜੀ ਗਈ ਤਜਵੀਜ਼ ਵਿੱਚ ਲਿਖਤੀ ਸੁਝਾਅ ਦਿਤਾ ਗਿਆ ਹੈ ਕਿ ਖੁਰਾਕ ਸਪਲਾਈਜ਼ ਵਿਭਾਗ ਦੇ ਕਰਮਚਾਰੀਆਂ ਅਤੇ ਪਿੰਡਾਂ ਦੇ ਵਲੰਟੀਅਰਾਂ ਨੂੰ ਨਾਲ ਲੈ ਕੇ ਅਗਲੇ ਸੈਸ਼ਨ ਤੋਂ ਕਣਕ ਰਾਸ਼ਨ ਡੀਪੂਆਂ 'ਤੇ ਵੰਡਣ ਦੀ ਬਜਾਏ ਘਰਾਂ 'ਚ ਤਕਸੀਮ ਕੀਤੀ ਜਾਵੇ।ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਇਸ ਫਾਰਮੂਲੇ ਨੂੰ ਜਲਦੀ ਅਮਲ ਵਿੱਚ ਲਿਆਉਣ ਲਈ ਉਹ ਜਲਦੀ ਸਬੰਧਤ ਵਿਭਾਗ ਦੇ ਮੰਤਰੀ ਨੂੰ ਵੀ ਮਿਲਣਗੇ ।



# 11 ਤੋਲੇ ਸੋਨਾ, ਚਾਂਦੀ ਤੇ ਨਕਦੀ ਕੀਤੀ ਚੋਰੀ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਪੁਲਸ ਨੇ ਘਰ ਵਿਚ ਵੜ ਕੇ ਚੋਰੀ ਕਰਨ ਵਾਲੇ ਅਣਪਛਾਤੇ ਚੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਟੇਕ ਰਾਮ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਮਰਜੀਤ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਬਾਂਠਾਵਾਲ ਨੇ ਕਿਹਾ ਕਿ 6 ਸਤੰਬਰ ਨੂੰ ਰਾਤ 10 ਵਜੇ ਦੇ ਕਰੀਬ ਮੈਂ ਅਤੇ ਮੇਰੀ ਪਤਨੀ ਰਾਜ ਕੁਮਾਰੀ ਗੁਰਦਾਸਪੁਰ ਦਵਾਈ ਲੈਣ ਗਏ ਸੀ ਕਿ ਰਾਤ 1.30 ਵਜੇ ਦੇ ਕਰੀਬ ਸਾਡੇ ਲੜਕੇ ਸਚਿਨ ਹੰਸ ਨੇ ਫੋਨ ਕਰਕੇ ਦੱਸਿਆ ਕਿ ਘਰ ਵਿੱਚ ਅਲਮਾਰੀ ਅਤੇ ਟਰੰਕ ਵਿਚੋਂ ਸਮਾਨ ਇਧਰ ਉਧਰ ਖਿਲਰਿਆ ਪਿਆ ਹੈ ਅਤੇ ਫਰੋਲਾ-ਫਲਾਈ ਕੀਤੀ ਹੋਈ ਹੈ। ਅਸੀਂ ਘਰ ਪੁੱਜ ਕੇ ਦੇਖਿਆ ਕਿ ਬੈਡ ਦੀ ਢੋਹ ਵਿੱਚ ਰੱਖੇ ਕਰੀਬ 10/11 ਤੋਲੇ ਸੋਨੇ ਦੇ ਗਹਿਣੇ ਅਤੇ ਟਰੰਕ ਵਿੱਚ ਰੱਖੀਆਂ ਹੋਈਆਂ ਚਾਂਦੀ ਦੀਆਂ ਝਾਂਜਰਾਂ ਦੋ ਸੈਟ, ਇੱਕ ਚਾਂਦੀ ਦੀ ਜੈਟਸ ਚੈਨੀ ਅਤੇ 20/25 ਹਜ਼ਾਰ ਰੁਪਏ ਨਕਦੀ ਗਾਇਬ ਸੀ ਜੋ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਏ ਹਨ। ਪੀੜਤ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਉਸ ਦਾ ਚੋਰੀ ਹੋਇਆ ਸਮਾਨ ਵਾਪਸ ਦਿਵਾਇਆ ਜਾਵੇ। ਉਨ੍ਹਾਂ ਕਿਹਾ ਕਿ ਚੋਰੀ ਉਸ ਦੀ 30 ਸਾਲ ਦੀ ਕਮਾਈ ਚੋਰੀ ਕਰਕੇ ਲੈ ਗਏ ਹਨ । ਥਾਣਾ ਬਹਿਰਾਮਪੁਰ ਪੁਲਿਸ ਨੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

# ਰਿਜਨਲ ਸਟੇਸ਼ਨ ਵਿਖੇ ਕਿਸਾਨ ਮੇਲਾ 18 ਨੂੰ

**ਗੁਰਦਾਸਪੁਰ (ਜਨਕ ਮਹਾਜਨ)**- ਕੁਦਰਤੀ ਸੋਮੇ ਬਚਾਉ ਅਤੇ ਸਭ ਨੂੰ ਖੁਸ਼ਹਾਲ ਬਣਾਉ ਦੇ ਉਦੇਸ਼ ਨਾਲ ਰਿਜਨਲ ਕਿਸਾਨ ਮੇਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਜਨਲ ਸਟੇਸ਼ਨ ਗੁਰਦਾਸਪੁਰ ਵਿਖੇ 18 ਸਤੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਦੇ ਸੁਧਰੇ ਬੀਜ, ਫਲ਼ਦਾਰ ਬੂਟੇ ਅਤੇ ਸਬਜ਼ੀਆਂ ਦੀ ਪਨੀਰੀ ਮੁਹੱਈਆ ਕਰਵਾਈ ਜਾਏਗੀ। ਵੱਖ-ਵੱਖ ਵਿਸ਼ਾ ਮਾਹਰਾਂ ਵੱਲੋ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਏਗੀ ਅਤੇ ਕਿਸਾਨਾਂ ਦੀਆਂ ਖੇਤੀ ਮੁਸ਼ਕਲਾਂ ਬਾਰੇ ਸੁਆਲ-ਜੁਆਬ ਵੀ ਹੋਣਗੇ। ਇਸ ਤੋਂ ਇਲਾਵਾ ਪੀ ਏ ਯੂ ਅਤੇ ਪ੍ਰਾਈਵੇਟ ਕੰਪਨੀਆਂ ਵਲੋਂ ਸਟਾਲ/ਪ੍ਰਦਰਸ਼ਨੀਆਂ ਵੀ ਲਗਾਏ ਜਾਣਗੇ।

# ਐੱਸ ਐੱਸ ਐੱਮ ਕਾਲਜ 'ਚ ਪੁਸਤਕ ਵੰਡ ਮੈਰਾਥਨ

**ਦੀਨਾਨਗਰ (ਸੰਜੀਵ)**-ਐੱਸ. ਐੱਸ. ਐਮ.ਕਾਲਜ, ਦੀਨਾਨਗਰ ਦੇ ਪ੍ਰਿੰ-ਡਾ. ਆਰ. ਕੇ . ਤੁਲੀ ਦੀ ਪ੍ਰਧਾਨਗੀ ਹੇਠ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਵੱਲੋਂ ਪੁਸਤਕ ਵੰਡ




ਮੈਰਾਥਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਜਮਾਤਾਂ ਦੇ 60 ਦੇ ਕਰੀਬ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੋਰਸਾਂ ਨਾਲ ਸਬੰਧਤ ਕਿਤਾਬਾਂ ਵੰਡੀਆਂ ਗਈਆਂ। ਪੁਸਤਕ ਵੰਡਣ ਨੂੰ ਸਾਰਥਕ ਉਪਰਾਲਾ ਦੱਸਦਿਆਂ ਪ੍ਰਿੰ. ਨੇ ਕਿਹਾ ਕਿ ਪੁਸਤਕਾਂ ਗਿਆਨ ਦਾ ਭੰਡਾਰ ਹੋਣ ਦੇ ਨਾਲ-ਨਾਲ ਸਾਡੀਆਂ ਮਾਰਗ ਦਰਸ਼ਕ ਵੀ ਹਨ, ਇਸ ਲਈ ਸਾਰੇ ਵਿਦਿਆਰਥੀਆਂ ਦਾ ਫਰਜ਼ ਬਣਦਾ ਹੈ ਕਿ ਉਹ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕਰਕੇ ਆਪਣੇ ਟੀਚੇ ਵੱਲ ਵਧਣ। ਇਸ ਮੌਕੇ ਪ੍ਰੋ: ਸਤਨਾਮ ਸਿੰਘ, ਪ੍ਰੋ: ਰਜਤ ਮਹਾਜਨ, ਪ੍ਰੋ. ਰਕਸ਼ੰਦਾ ਸਲਾਰੀਆ, ਪ੍ਰੋ. ਪ੍ਰਿਆ, ਪ੍ਰੋ. ਸਿਮਰਨਜੀਤ, ਪ੍ਰੋ. ਕੋਮਲ, ਪ੍ਰੋ. ਸ਼ਿਵਾਨੀ, ਪ੍ਰੋ. ਸ਼ਮ੍ਹਾ ਹਾਜ਼ਰ ਸਨ।

# ਕਰਾਈਸਟ ਦਾ ਕਿੰਗ ਸਕੂਲ ਨੇ ਸਵੱਛਤਾ ਅਭਿਆਨ ਤੇ ਕੱਢੀ ਰੈਲੀ

**ਦੀਨਾਨਗਰ (ਸੰਜੀਵ )**-ਦੀਨਾਨਗਰ ਦੇ ਦਬੁਰਜੀ ਬਾਈ ਪਾਸ ਤੇ ਕਰਾਇਸਟ ਦਾ ਕਿੰਗ ਕਾਨਵੇਂਟ ਸਕੂਲ ਨੇ ਸਵੱਛ ਭਾਰਤ ਅਭਿਆਨ ਤੇ ਇਕ ਰੈਲੀ ਕੱਢੀ ਗਈ ਇਹ ਰੈਲੀ ਪਿੰਡ ਸਿੰਗੋਵਾਲ ਵਿਖ਼ੇ ਕੱਢੀ ਗਈ ਇਸ ਵਿੱਚ ਛੋਟੀ ਕਲਾਸ ਦੇ ਬੱਚਿਆਂ ਤੋਂ ਇਲਾਵਾ ਵੱਡੀ ਕਲਾਸ ਦੇ ਬੱਚੇ ਪ੍ਰਿੰਸੀਪਲ ਮੈਡਮ ਸ਼ੀਲਾ ਅਤੇ ਟੀਚਰ ਮੌਜੂਦ ਸਨ, ਉਹਨਾਂ ਨੇ ਲੋਕਾਂ ਨੂੰ ਸਵੱਛਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਨੂੰ ਆਪਣਾ ਆਲਾ ਦੁਆਲਾ ਕਿਵੇਂ ਸਾਫ ਸੁਥਰਾ ਰੱਖਣਾ ਹੁੰਦਾ ਹੈ ਅਤੇ ਅਸੀਂ ਆਪਣੀ ਸਿਹਤ ਲਈ ਕਿਸ ਤਰਾਂ ਦਾ ਖਾਣਪਾਨ ਹੋਣਾ ਚਾਹੀਦਾ ਹੈ। ਇਸ ਮੌਕੇ ਪਿੰਡ ਦੇ ਸਾਰੇ ਲੋਕ ਅਤੇ ਬੱਚੇ ਸ਼ਾਮਲ ਸਨ।

# ਅਧਿਆਪਕ ਗਿਆਨ ਰੂਪੀ ਦੀਪਕ ਨਾਲ ਬੱਚਿਆਂ ਦੇ ਜੀਵਨ ਨੂੰ ਰੁਸ਼ਨਾਉਂਦੇ : ਪ੍ਰਿੰ. ਅਮਰਪ੍ਰੀਤ ਕੌਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵੱਲੋਂ ਅਧਿਆਪਕ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਵੇਰ ਤੋਂ ਹੀ ਪੂਰੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਸੀ।ਦਿਨ ਦੀ ਸ਼ੁਰੂਆਤ ਵਿਸ਼ੇਸ਼ ਅਸੈਂਬਲੀ ਨਾਲ ਕੀਤੀ ਗਈ ਜਿਸ ਵਿੱਚ ਸ਼ਬਦ ਗਾਇਨ ਸ਼ਰਧਾ ਨਾਲ ਕੀਤਾ ਗਿਆ।ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਨੇ ਇਸ ਦਿਵਸ ਦੀ ਮਹੱਤਤਾ ਬਾਰੇ ਸੰਖੇਪ ਵਿੱਚ ਦੱਸਿਆ। ਉਨ ੍ਹਾਂ ਨੇ ਵਿਦਿਆਰਥੀਆਂ ਨੂੰ ਡਾ. ਰਾਧਾਕ੍ਰਿਸ਼ਨਨ ਦੇ ਜੀਵਨ ਬਾਰੇ ਦੱਸਿਆ।ਵਿਦਿਆਰਥੀਆਂ ਨੇ ਵੱਖ-ਵੱਖ ਰੂਪਾਂ ਵਿੱਚ ਕੇਕ ਕੱਟ ਕੇ ਅਤੇ ਆਪਣੇ ਅਧਿਆਪਕਾਂ ਨੂੰ ਹੱਥਾਂ ਨਾਲ ਬਣੇ ਕਾਰਡ ਦੇ ਕੇ ਧੰਨਵਾਦ ਪ੍ਰਗਟ ਕੀਤਾ।ਸਕੂਲ ਪ੍ਰਬੰਧਕਾਂ ਵੱਲੋਂ ਹਵੇਲੀ ਵਿਖੇ ਦੁਪਹਿਰ ਦੇ ਖਾਣੇ ਦਾ ਆਯੋਜਨ ਕੀਤਾ ਗਿਆ।ਇਹ ਬਹੁਤ ਮਜ਼ੇਦਾਰ ਸੀ ਕਿਉਂਕਿ ਅਧਿਆਪਕਾਂ ਦੁਆਰਾ ਗਾਏ ਗੀਤਾਂ ਨੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਇਸਨੇ ਸੱਚਮੁੱਚ ਸਾਰੇ ਅਧਿਆਪਕਾਂ ਨੂੰ ਉਨ ੍ਹਾਂ ਦੇ ਰੁਝੇਵਿਆਂ ਭਰੇ ਅਧਿਆਪਨ ਜੀਵਨ ਵਿੱਚੋਂ ਇੱਕ ਆਊਟਿੰਗ ਪ੍ਰਦਾਨ ਕੀਤੀ।ਸਕੂਲ ਦੀ ਪ੍ਰਿੰ. ਅਮਰਪ੍ਰੀਤ ਕੌਰ ਨੇ ਸਮੂਹ ਅਧਿਆਪਕਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਨ ਲਈ ਵਧਾਈ ਦਿੱਤੀ।ਡਾਇਰੈਕਟਰ ਪ੍ਰਿੰ. ਅਮਨਦੀਪ ਕੌਰ ਨੇ ਕਿਹਾ ਕਿ ਅਧਿਆਪਕ ਸਕੂਲ ਦੀ ਰੀੜ ਦੀ ਹੱਡੀ ਹਨ।ਉਨ ੍ਹਾਂ ਨੇ ਅਧਿਆਪਕਾਂ ਦੀ ਖੂਬ ਸ਼ਲਾਘਾ ਕੀਤੀ।

# ਪੰਜਾਬ ਸਰਕਾਰ ਨੇ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਤਰੱਕੀਆਂ ਨੂੰ ਕੀਤਾ ਅੱਖੋਂ-ਪਰੋਖੇ : ਚਾਹਲ

ਗੁਰਦਾਸਪੁਰ, (ਜਨਕ ਮਹਾਜਨ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਤ ਸੱਕਤਰ ਅਮਨਦੀਪ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਪੁਰੋਵਾਲ, ਸਹਾਇਕ ਪ੍ਰੈਸ ਸਕੱਤਰ ਦਿਲਦਾਰ ਭੰਡਾਲ ਨੇ ਪ੍ਰਮੋਸ਼ਨਾਂ ਵਿਚ ਦੇਰੀ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਆਈ ਹੋਈ ਪੰਜਾਬ ਦੀ 'ਆਪ' ਸਰਕਾਰ ਵੱਲੋਂ ਸਕੂਲਾਂ ਦੇ ਵਿੱਚ ਅਸਾਮੀਆਂ ਪੂਰੀਆਂ ਕਰਨ ਦੇ ਬਹੁਤ ਬਹੁਤ ਵੱਡੇ ਵਾਅਦੇ ਕੀਤੇ ਗਏ ਸਨ ਪ੍ਰੰਤੂ ਉਨ੍ਹਾਂ ਵਿੱਚੋਂ ਕਿਸੇ 'ਤੇ ਵੀ ਬੂਰ ਨਹੀਂ ਪਿਆ। ਪਿਛਲੇ ਲੰਮੇ ਸਮੇਂ ਦੀ ਉਡੀਕ ਤੋਂ ਬਾਅਦ ਜਦੋਂ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਪ੍ਰਮੋਸ਼ਨਾਂ ਕੀਤੀਆਂ ਗਈਆਂ ਤਾਂ ਕੇਵਲ ਨੌ ਵਿਸ਼ਿਆਂ ਦੀਆਂ ਹੀ ਪ੍ਰਮੋਸ਼ਨਾਂ ਕੀਤੀਆਂ ਅਤੇ ਬਹੁਤ ਸਾਰੇ ਅਹਿਮ ਵਿਸ਼ੇ ਜਿਨ੍ਹਾਂ ਵਿੱਚ ਪੰਜਾਬੀ, ਅੰਗਰੇਜ਼ੀ, ਰਾਜਨੀਤਿਕ, ਸ਼ਾਸਤਰ, ਕਾਮਰਸ, ਹਿਸਟਰੀ, ਇਕਨੋਮਿਕਸ, ਸਾਈਕੋਲੋਜੀ, ਫਿਜ਼ੀਕਲ ਐਜੂਕੇਸ਼ਨ ਦੀ ਕੋਈ ਵੀ ਪ੍ਰਮੋਸ਼ਨ ਨਹੀਂ ਕੀਤੀ। ਜਿੱਥੇ ਹਜ਼ਾਰਾਂ ਅਧਿਆਪਕ ਆਪਣੀਆਂ ਤਰੱਕੀਆਂ ਦੀ ਉਡੀਕ ਕਰ ਰਹੇ ਹਨ ਉਥੇ ਸੈਂਕੜੇ ਅਧਿਆਪਕ ਹਰ ਮਹੀਨੇ ਤਰੱਕੀ ਦੀ ਉਡੀਕ ਕਰਦੇ ਕਰਦੇ ਸੇਵਾ ਮੁਕਤ ਵੀ ਹੋ ਰਹੇ ਹਨ। ਲੱਖਾਂ ਵਿਦਿਆਰਥੀ ਬਿਨਾਂ ਲੈਕਚਰਾਰਾਂ ਤੋਂ ਆਪਣਾ ਸੈਸ਼ਨ ਪੂਰਾ ਕਰ ਰਹੇ ਹਨ।



ਇਸੇ ਤਰ੍ਹਾਂ ਹੀ ਮਾਸਟਰ ਕੇਡਰ ਤੋਂ ਹੈਡ ਮਾਸਟਰ, ਲੈਕਚਰਾਰਾਂ ਤੋਂ ਪ੍ਰਿੰਸੀਪਲ, ਈ ਟੀ ਟੀ ਤੋਂ ਮਾਸਟਰ ਕੇਡਰ ਦੀਆਂ ਤਰੱਕੀਆਂ ਦਾ ਕੰਮ ਵੀ ਅਜੇ ਅਧੂਰਾ ਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਭ ਪ੍ਰਕਾਰ ਦੀਆਂ ਤਰੱਕੀਆਂ ਦੀ ਲਿਸਟ ਜਲਦੀ ਤੋਂ ਜਲਦੀ ਜਾਰੀ ਕੀਤੀ ਜਾਵੇ। ਇਸ ਮੌਕੇ ਸਮੂਹ ਆਗੂਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਪਿਛਲੇ ਦਿਨੀਂ ਸਿੱਖਿਆ ਮੰਤਰੀ ਨਾਲ ਹੋਈ ਮੀਟਿੰਗ ਵਿੱਚ ਬਹੁਤ ਸਾਰੀਆਂ ਮੰਗਾਂ 'ਤੇ ਸਹਿਮਤੀ ਬਣੀ ਸੀ, ਜਥੇਬੰਦੀ ਇਹ ਆਸ ਕਰਦੀ ਹੈ ਕਿ ਉਨ੍ਹਾਂ ਵਾਅਦਿਆਂ ਨੂੰ ਜਲਦ ਬੂਰ ਪਵੇਗਾ। ਉਨ੍ਹਾਂ ਕਿਹਾ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਤਿੱਖੇ ਸੰਘਰਸ਼ ਵੱਲ ਵਧਿਆ ਜਾਵੇਗਾ। ਇਸ ਸਮੇਂ ਅਨਿਲ ਕੁਮਾਰ, ਸੁਖਵਿੰਦਰ ਰੰਧਾਵਾ, ਸੁਖਵਿੰਦਰ ਬਟਾਲਾ, ਮੰਗਲਦੀਪ, ਮਨਜੀਤ ਸਿੰਘ, ਅਮਨਦੀਪ, ਪੁਰਸ਼ੋਤਮ ਕੁਮਾਰ, ਜੋਤ ਪ੍ਰਕਾਸ਼ ਸਿੰਘ, ਨਰਿੰਦਰ ਸ਼ਰਮਾ, ਹਰਪ੍ਰੀਤ ਸਿੰਘ ਗੁਰਪ੍ਰੀਤ ਰੰਗੀਲਪੁਰ, ਸੁਭਾਸ਼ ਪਠਾਨਕੋਟ, ਗੁਰਮੀਤ ਬਾਜਵਾ, ਅਮਰਬੀਰ ਸਿੰਘ, ਲਵਪ੍ਰੀਤ ਰੋੜਾਂਵਾਲੀ, ਕਪਿਲ ਸ਼ਰਮਾ, ਸੁਖਵਿੰਦਰ ਰਾਜ, ਬਲਵਿੰਦਰ ਕੁਮਾਰ, ਪ੍ਰੇਮ ਕੁਮਾਰ ਨੂਤਨ, ਬਲਕਾਰ ਸਿੰਘ, ਸੀ ਐਚ ਟੀ ਸੁਭਾਸ਼ ਕੁਮਾਰ, ਦਲਜੀਤ ਖਾਲਸਾ ਆਦਿ ਹਾਜ਼ਰ ਸਨ।

# ਚੋਹਲਾ ਸਾਹਿਬ ਤੋਂ ਗੁਰਦੁਆਰਾ ਬਾਉਲੀ ਸਾਹਿਬ ਤੱਕ ਸਜਾਇਆ ਨਗਰ ਕੀਰਤਨ

**ਚੋਹਲਾ ਸਾਹਿਬ (ਰਮਨ ਚੱਡਾ)** ਸ੍ਰੀ ਗੁਰੂ ਰਾਮਦਾਸ ਦੇ ਗੁਰਿਆਈ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ ਵੱਖ ਸਥਾਨਾਂ ਤੋਂ ਸਜਾਏ ਜਾ ਰਹੇ ਨਗਰ ਕੀਰਤਨਾਂ ਦੀ ਲੜੀ ਤਹਿਤ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਚੋਹਲਾ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਚੋਹਲਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਨਾਲ ਸਬੰਧਤ ਸ਼ਤਾਬਦੀ ਦਿਹਾੜੇ ਕੌਮ ਲਈ ਬੇਹੱਦ ਅਹਿਮ ਹਨ, ਇਸ ਲਈ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਸ਼ਤਾਬਦੀ ਨਾਲ ਸਬੰਧਤ ਸਮਾਗਮਾਂ ਵਿਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਈਏ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦਿਆਂ ਬਾਣੀ ਬਾਣੇ ਨਾਲ ਜੁੜਨ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਅਪੀਲ ਕੀਤੀ।

# ਬਲਵਿੰਦਰ ਸਿੰਘ ਜਟਾਣਾ ਤੇ ਚਰਨਜੀਤ ਸਿੰਘ ਚੰਨਾ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )** - ਪੰਜਾਬ ਦੇ ਦਰਿਆਈ ਪਾਣੀਆਂ ਦੇ ਰਾਖੇ ਵਜੋਂ ਜਾਣੇ ਜਾਂਦੇ ਜੁਝਾਰੂ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਬੱਬਰ ਅਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਬੱਬਰ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਅਖੰਡ ਕੀਰਤਨੀ ਜਥੇ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ, ਉਪਰੰਤ ਧੁਰ ਕੀ ਬਾਣੀ ਦਾ ਕੀਰਤਨ ਹੋਇਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਅਤੇ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਮਲੋਆ, ਸ਼ਹੀਦ ਭਾਈ ਸਤਵੰਤ ਸਿੰਘ ਅਗਵਾਨ ਦੇ ਭਤੀਜੇ ਭਾਈ ਸੁਖਵਿੰਦਰ ਸਿੰਘ ਅਗਵਾਨ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ ਵਜੋਂ ਅਖੰਡ ਕੀਰਤਨੀ ਜਥਾ ਜਰਮਨੀ ਦੇ ਆਗੂ ਭਾਈ ਭੁਪਿੰਦਰ ਸਿੰਘ ਭਲਵਾਨ, ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਭਰਾ ਭਾਈ ਸਤਪਾਲ ਸਿੰਘ ਝੱਲੀਆਂ ਅਤੇ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਪੱਟੀ ਦੇ ਭਤੀਜੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਭਾਈ ਭੁਪਿੰਦਰ ਸਿੰਘ ਭਲਵਾਨ ਨੇ ਦੱਸਿਆ ਕਿ ਅੱਜ ਦੇ ਸ਼ਹੀਦੀ ਸਮਾਗਮ 'ਚ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ ਨੇ ਆਉਣਾ ਸੀ ਪਰ ਐਕਸੀਡੈਂਟ ਵਿੱਚ ਉਹਨਾਂ ਦੀ ਭੈਣ ਬੀਬੀ ਸੁਰਿੰਦਰ ਕੌਰ ਦੀ ਲੱਤ ਟੁੱਟ ਗਈ ਅਤੇ ਭਣੋਈਏ ਅਵਤਾਰ ਸਿੰਘ ਦੀ ਮੌਤ ਹੋ ਗਈ ਜੋ ਸਾਡੇ ਸਾਰਿਆਂ ਲਈ ਬਹੁਤ ਦੁਖਦਾਈ ਹੈ। ਉਹਨਾਂ ਦੱਸਿਆ ਕਿ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਲਗਾਉਣ ਦਾ ਵੀ ਭਰੋਸਾ ਦਿੱਤਾ ਹੈ। ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਇਹਨਾਂ ਸੂਰਮਿਆਂ ਨੇ ਹਿੰਦ ਸਰਕਾਰ ਵਿਰੁੱਧ ਹਥਿਆਰਬੰਦ ਲੜਾਈ ਲੜੀ ਅਤੇ ਫਸਲਾਂ, ਨਸਲਾਂ ਤੇ ਪਾਣੀਆਂ ਦੀ ਰਾਖੀ ਕੀਤੀ। ਇਹ ਸੂਰਮੇ ਆਪਾ ਵਾਰ ਗਏ। ਅੱਜ ਜੇਕਰ ਸਾਡੇ ਸਿਰਾਂ ਉੱਤੇ ਕੇਸ ਅਤੇ ਦਸਤਾਰਾਂ ਸ਼ੋਭਦੀਆਂ ਹਨ ਤਾਂ ਇਹਨਾਂ ਸ਼ਹੀਦਾਂ ਦੀ ਦੇਣ ਹੈ। ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ ਦੇ ਚਾਰ ਮੈਂਬਰ ਵੀ ਸਰਕਾਰ ਨੇ ਪੂਹਲੇ ਕੈਟ ਰਾਹੀਂ ਸ਼ਹੀਦ ਕਰਵਾ ਦਿੱਤੇ ਸਨ ਅਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਇੱਕ ਭਰਾ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇਸ ਮੌਕੇ ਅਕਾਲ ਫੈਡਰੇਸ਼ਨ ਦੇ ਪ੍ਰਧਾਨ ਭਾਈ ਨਰੈਣ ਸਿੰਘ ਚੌੜਾ, ਮਹਿੰਦਰ ਸਿੰਘ, ਧਰਮ ਸਿੰਘ, ਰਾਜ ਸਿੰਘ ਸੁਲਤਾਨਵਿੰਡ, ਨਰਿੰਦਰ ਸਿੰਘ ਗਿੱਲ, ਮਾਸਟਰ ਬਲਦੇਵ ਸਿੰਘ, ਅਰਜਨ ਸਿੰਘ ਸ਼ੇਰਗਿੱਲ, ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ, ਦਿਲਜੀਤ ਸਿੰਘ ਗਿੱਲ, ਭਾਈ ਸੁਰਿੰਦਰ ਸਿੰਘ ਭੋਲਾ ਸਤਕੋਹਾ ਹਾਜ਼ਰ ਸਨ।

# ਪਸਨਾਵਾਲ ਵਿਖੇ ਮੁਫਤ ਜੇਰੀਐਟ੍ਰਿਕ ਹੈੱਲਥ ਕੈਂਪ ਲਗਾਇਆ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਯੂਰਵੇਦ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਰਵੀ ਕੁਮਾਰ ਡੂਮਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਗੁਰਦਾਸਪੁਰ ਡਾ. ਪਰਦੀਪ ਸਿੰਘ ਦੀ ਅਗਵਾਈ ਹੇਠ ਅਯੂਸ ਹੈਲਥ ਐਂਡ ਵੈੱਲਨੈੱਸ ਸੈਂਟਰ ਪਿੰਡ ਪਸਨਾਵਾਲ ਵਿਖੇ 60 ਸਾਲ ਤੋਂ ਵੱਧ ਉਪਰ ਵਾਲਿਆਂ ਲਈ ਮੁਫਤ ਜੇਰੀਐਟ੍ਰਿਕ ਹੈਲਥ ਕੈਂਪ ਲਗਾਇਆ ਗਿਆ। ਸੈਂਟਰ ਦੇ ਏ ਐਮ ਓ ਡਾਕਟਰ ਵਰੁਣ ਕੁਮਾਰ ਅਤੇ ਸਟਾਫ ਦੇ ਪ੍ਰਬੰਧਾਂ ਹੇਠ ਲਗਾਏ ਕੈਂਪ ਦਾ ਉਦਘਾਟਨ ਬਹੁਮੰਤਵੀ ਕੋਆਪਰੇਟਿਵ ਸੁਸਾਇਟੀ ਪਸਨਾਵਾਲਾ ਦੇ ਪ੍ਰਧਾਨ ਗੁਰਨਾਮ ਸਿੰਘ ਅਤੇ ਸਾਬਕਾ ਏ ਐਮ ਓ ਡਾ. ਬਿਕਰਮਜੀਤ ਸਿੰਘ ਬਾਜਵਾ ਨੇ ਸਾਂਝੇ ਤੌਰ 'ਤੇ ਕੀਤਾ। ਕੈਂਪ ਵਿੱਚ ਏ ਐਮ ਓ ਡਾਕਟਰ ਅਸ਼ੋਕ ਕੁਮਾਰ ਗੁਰਦਾਸਪੁਰ ਅਤੇ ਏ ਐਮ ਓ ਡਾਕਟਰ ਹਰਿੰਦਰ ਸਿੰਘ ਬਟਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕੈਂਪ ਦੌਰਾਨ ਡਾਕਟਰ ਨੀਤੂ ਅੱਗਰਵਾਲ, ਡਾਕਟਰ ਵਰੁਣ ਕੁਮਾਰ ਅਤੇ ਡਾਕਟਰ ਰਮਨ ਸਗੋਤਰਾ (ਸਾਰੇ ਏ ਐਮ ਓ) ਵੱਲੋਂ 60 ਸਾਲ ਤੋਂ ਉਪਰ ਉਮਰ ਦੇ 74 ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਆਯੁਰਵੈਦਾ ਬਾਰੇ ਜਾਗਰੂਕ ਕੀਤਾ ਗਿਆ। ਸ਼ੂਗਰ, ਬੀਪੀ ਆਦਿ ਦੇ ਮੁਫਤ ਟੈਸਟ ਕੀਤੇ ਗਏ। ਇਸ ਮੌਕੇ ਡਾਕਟਰਾਂ ਵਲੋਂ ਪੋਸਣ ਮਾਹ ਤਹਿਤ ਲੋਕਾਂ ਨੂੰ ਸੰਤੁਲਿਤ ਅਹਾਰ ਲੈਣ ਬਾਰੇ ਜਾਗਰੂਕ ਕਰਦਿਆਂ ਤੰਦਰੁਸਤ ਰਹਿਣ ਲਈ ਵੱਧ ਤੋਂ ਵੱਧ ਮੌਸਮੀ ਫਲ ਅਤੇ ਸਬਜ਼ੀਆਂ ਖਾਣ ਲਈ ਪ੍ਰੇਰਿਤ ਕੀਤਾ। ਕੈਂਪ ਵਿੱਚ ਡਾਕਟਰ ਬਿਕਰਮਜੀਤ ਸਿੰਘ ਬਾਜਵਾ ਵਲੋਂ ਡਾਕਟਰਾਂ ਦੀ ਟੀਮ ਦਾ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਇਸ ਮੌਕੇ ਅਯੂਰਵੇਦਿਕ ਫਾਰਮਾਸਿਸਟ ਚਰਨਜੀਤ ਕੌਰ ਤੇ ਹੋਰ ਸਟਾਫ ਮੈਂਬਰਾਂ ਤੋਂ ਇਲਾਵਾ ਪਿੰਡ ਦੀ ਸਾਬਕਾ ਸਰਪੰਚ ਸਤਿੰਦਰ ਕੌਰ, ਲੈਕ.ਮਨਜੀਤ ਕੌਰ ਜੌਹਲ, ਹੈੱਡਮਾਸਟਰ ਗੁਰਮਿੰਦਰ ਸਿੰਘ ਧਾਲੀਵਾਲ, ਸਰਬਪਾਲ ਸਿੰਘ ਦੂਲੂਆਣਾ, ਨਰਿੰਦਰ ਸਿੰਘ ਭਾਟੀਆ, ਜਗਤਾਰ ਸਿੰਘ, ਮਿਸਤਰੀ ਜਸਵੰਤ ਸਿੰਘ, ਜਗੀਰ ਸਿੰਘ ਤਲਵੰਡੀ ਬਥੁੰਨਗੜ, ਗੁਰਮੁੱਖ ਸਿੰਘ ਆਦਿ ਵੀ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਅਧਿਆਪਕ ਦਿਵਸ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਅਧਿਆਪਕ ਦਿਵਸ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ। ਅਧਿਆਪਕ ਦਿਵਸ ਨੂੰ ਮੁੱਖ ਰੱਖਦੇ ਹੋਏ ਸਕੂਲ ਦੇ ਵਿਦਿਆਰਥੀਆਂ ਦੁਆਰਾ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਅਤੇ ਸਮੂਹ ਸਟਾਫ ਨੂੰ ਗੁਰੂ ਦਾ ਦਰਜਾ ਦਿੰਦੇ ਹੋਏ ਉਹਨਾਂ ਦਾ ਅਭਿਨੰਦਨ ਕੀਤਾ। ਉਪਰੰਤ ਉਹਨਾਂ ਵੱਲੋਂ ਰਿਬਨ ਕਟਾਈ ਦੀ ਰਸਮ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਉਪਰੰਤ ਅੱਠਵੀਂ ਜਮਾਤ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ ਅਧਿਆਪਕ ਦਿਵਸ ਦੀ ਮਹੱਤਤਾ ਨੂੰ ਆਪਣੇ ਭਾਸ਼ਣ ਰਾਹੀਂ ਦਰਸਾਇਆ । ਇਸ ਮੌਕੇ ਵਿਦਿਆਰਥਣਾਂ ਗੁਰਲੀਨ ਕੌਰ ਅਤੇ ਅਵਨੀਤ ਕੌਰ ਜਮਾਤ ਅੱਠਵੀਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ ਕੀਤਾ ਗਿਆ। ਅੱਠਵੀਂ ਜਮਾਤ ਦੇ ਵਿਦਿਆਰਥੀ ਸਾਹਿਲ ਪ੍ਰੀਤ ਸਿੰਘ ਦੁਆਰਾ ਭੰਗੜੇ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਵਿਦਿਆਰਥੀਆਂ ਦੁਆਰਾ ਸਮੂਹ ਅਧਿਆਪਕਾਂ ਨੂੰ ਬੈਚ ਲਗਾ ਕੇ ਸਨਮਾਨਤ ਕੀਤਾ ਗਿਆ । ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਦੁਆਰਾ ਸਮੂਹ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਗਈਆਂ। ਸਮੂਹ ਸਟਾਫ ਵੱਲੋਂ ਕੇਕ ਕੱਟਿਆ ਗਿਆ ਤੇ ਵੱਖ ਵੱਖ ਤਰ੍ਹਾਂ ਦੀਆਂ ਫਨ ਗੇਮ ਕਰਵਾਈਆਂ ਗਈਆਂ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ । ਉਹਨਾਂ ਸ੍ਰੀ ਰਾਧਾ ਕ੍ਰਿਸਨਨ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਦਿੱਤੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਅਧਿਆਪਕਾਂ ਲਈ ਹਰ ਦਿਨ ਅਧਿਆਪਕ ਦਿਵਸ ਹੈ। ਇੱਕ ਅਧਿਆਪਕ ਨੂੰ ਹਰ ਦਿਨ ਆਪਣੇ ਕੰਮ ਪ੍ਰਤੀ ਪੂਰਨ ਤੌਰ 'ਤੇ ਇਮਾਨਦਾਰ ਅਤੇ ਸਮਰਪਤ ਹੋਣਾ ਚਾਹੀਦਾ ਹੈ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸੱਭਿਆਚਾਰਕ ਪ੍ਰੋਗਰਾਮ



ਗੁਰਦਾਸਪੁਰ (ਜਨਕ ਮਹਾਜਨ)- ਭਾਰਤ ਵਿਕਾਸ ਪ੍ਰੀਸ਼ਦ ਗੁਰਦਾਸਪੁਰ ਵਲੋਂ ਸੱਭਿਆਚਾਰ ਸਪਤਾਹ ਦੌਰਾਨ ਤੀਸਰੇ ਦਿਨ ਗੋਲਡਨ ਪਬਲਿਕ ਸਕੂਲ ਵਿਖੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਗੋਲਡਨ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਡਾ. ਮੋਹਿਤ ਮਹਾਜਨ ਦੀ ਪ੍ਰਧਾਨਗੀ ਹੇਠ ਅਤੇ ਕੌਂਸਲ ਪ੍ਰਧਾਨ ਅਸ਼ੋਕ ਪੁਰੀ ਦੀ ਅਗਵਾਈ ਹੇਠ ਸਭ ਤੋਂ ਪਹਿਲਾਂ ਜੋਤ ਜਗਾ ਕੇ ਰਾਸ਼ਟਰੀ ਗੀਤ ਵੰਦੇ ਮਾਤਰਮ ਦਾ ਜਾਪ ਕੀਤਾ ਗਿਆ। ਉਸ ਤੋਂ ਬਾਅਦ ਕੌਂਸਲ ਪ੍ਰਧਾਨ ਅਸ਼ੋਕ ਪੁਰੀ ਨੇ ਮੁੱਖ ਮਹਿਮਾਨ ਡਾ. ਮੋਹਿਤ ਮਹਾਜਨ ਨੂੰ ਸਿਰੋਪਾਓ ਭੇਟ ਕੀਤਾ ਅਤੇ ਸਮੂਹ ਹਾਜ਼ਰੀਨ ਦਾ ਸਵਾਗਤ ਕੀਤਾ। ਇਸ ਮੌਕੇ ਰਾਮਾਇਣ ਅਤੇ ਮਹਾਭਾਰਤ ਬਾਰੇ ਕੁਇਜ਼, ਡਾ. ਬੇਟੀ ਬਚਾਓ ਬੇਟੀ ਪੜ੍ਹਾਓ, ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰੋ, ਟਰੈਫਿਕ ਨਿਯਮਾਂ ਅਤੇ ਗੁਰੂ ਵੰਧਨ ਸਬੰਧੀ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਅਸ਼ੋਕ ਪੁਰੀ ਨੇ ਰਮਾਇਣ ਅਤੇ ਮਹਾਭਾਰਤ ਬਾਰੇ ਕੁਇਜ਼ ਕਰਵਾਇਆ, ਵਿਦਿਆਰਥੀਆਂ ਨੇ ਸਾਰੇ ਸਵਾਲਾਂ ਦੇ ਸਹੀ ਜਵਾਬ ਦਿੱਤੇ, ਸਹੀ ਜਵਾਬ ਦੇਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਪੈਨ ਦਿੱਤੇ ਗਏ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਬਾਕੀ ਵਿਸ਼ਿਆਂ 'ਤੇ ਭਾਸ਼ਣ ਦਿੱਤੇ ਗਏ। ਰਜਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਗੁਰੂ ਵੰਧਨ ਦੀ ਵਧਾਈ ਦਿੰਦੇ ਹੋਏ ਸਮੂਹ ਗ੍ਰੈਜੂਏਟਾਂ ਨੂੰ ਵੱਡਿਆਂ ਦਾ ਸਤਿਕਾਰ ਕਰਨ ਅਤੇ ਕਦੇ ਵੀ ਕੋਈ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ। ਸਕੂਲ ਪ੍ਰਿੰਸੀਪਲ ਜਤਿੰਦਰ ਮਹਾਜਨ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਅਨਿਲ ਮਹਾਜਨ ਨੇ ਕੀਤਾ। ਅੰਤ ਵਿੱਚ ਸੰਸਥਾ ਦੇ ਚੇਅਰਮੈਨ ਡਾ. ਮੋਹਿਤ ਮਹਾਜਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਭਾਸ਼ਣ ਦੇਣ ਵਾਲੇ ਵਕੀਲਾਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ ਅਤੇ ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ. ਕੌਂਸਲ ਦੇ ਇੰਦਰਜੀਤ ਸਿੰਘ ਬਾਜਵਾ, ਨਿਖਿਲ ਗੁਪਤਾ, ਪਵਨ ਮਹਾਜਨ, ਅਸ਼ਵਨੀ ਗੁਪਤਾ, ਸਕੂਲ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਵਾਨ ਹਾਜ਼ਰ ਸਨ।

# 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਖਡੂਰ ਸਾਹਿਬ ਵਿਖੇ ਸੈਮੀਨਾਰ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਅੱਜ ਧਰਮ ਪ੍ਰਚਾਰ ਕਮੇਟੀ ਵੱਲੋਂ 'ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਤੇ ਬਾਣੀ' ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸ੍ਰੀ ਗੁਰੂ ਅੰਗਦ ਦੇਵ ਖ਼ਾਲਸਾ ਕਾਲਜ ਖਡੂਰ ਸਾਹਿਬ ਵਿਖੇ ਕਰਵਾਏ ਗਏ ਇਸ ਸੈਮੀਨਾਰ ਦੌਰਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਪਦਮ ਸ੍ਰੀ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਬਲਵਿੰਦਰ ਸਿੰਘ ਕਾਹਲਵਾਂ ਤੇ ਗਿਆਨੀ ਮਹਿਤਾਬ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਪ੍ਰਸਿੱਧ ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰਸੀਪਲ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੇ 'ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਤੇ ਬਾਣੀ' ਵਿਸ਼ੇ 'ਤੇ ਆਪਣੇ ਖੋਜ ਭਰਪੂਰ ਪਰਚੇ ਪੇਸ਼ ਕੀਤੇ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸੈਮੀਨਾਰ ਦੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਇਹ ਦੋਵੇਂ ਅਹਿਮ ਸ਼ਤਾਬਦੀ ਦਿਹਾੜੇ ਗੁਰੂ ਸਾਹਿਬਾਨ ਦੇ ਜੀਵਨ ਤੇ ਉਪਦੇਸ਼ਾਂ ਨੂੰ ਸਮਝਣ ਤੇ ਖੋਜਣ ਲਈ ਸੁਨਹਿਰੀ ਮੌਕਾ ਹਨ। ਉਨ੍ਹਾਂ ਕਿਹਾ ਕਿ ਜਿਥੇ ਸ਼ਤਾਬਦੀ ਸਬੰਧੀ ਗੁਰਮਤਿ ਸਮਾਗਮ ਆਯੋਜਤ ਕੀਤੇ ਜਾ ਰਹੇ ਹਨ। ਇਹ ਦੂਸਰਾ ਸੈਮੀਨਾਰ ਹੈ, ਜਿਸ ਦੀ ਪ੍ਰਬੰਧਨ ਵਾਸਤੇ ਬਾਬਾ ਸੇਵਾ ਸਿੰਘ ਜੀ ਪਦਮਸ੍ਰੀ ਦਾ ਉਚੇਚਾ ਯੋਗਦਾਨ ਹੈ।ਇਸ ਤੋਂ ਪਹਿਲਾਂ ਬਾਬਾ ਸੇਵਾ ਸਿੰਘ ਨੇ ਸੈਮੀਨਾਰ ਵਿਚ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜੀ-ਆਇਆਂ ਕਿਹਾ ਅਤੇ ਸ਼ਤਾਬਦੀ ਸਮਾਗਮਾਂ ਸਮੇਂ ਦੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ।ਸੈਮੀਨਾਰ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਰੂ ਜੀ ਦੀ ਪਾਵਨ ਬਾਣੀ ਵਿੱਚੋਂ ਮਨੁੱਖੀ ਜੀਵਨ ਦੇ ਵਿਕਾਸ ਲਈ ਸਰਬਪੱਖੀ ਉਪਦੇਸ਼ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਵੱਲੋਂ ਵਡੇਰੀ ਉਮਰ ਹੋਣ ਦੇ ਬਾਅਦ ਵੀ ਸਮਰਪਤ ਭਾਵਨਾ ਨਾਲ ਕੀਤੀ ਸੇਵਾ ਸੰਗਤਾਂ ਲਈ ਵੱਡੀ ਪ੍ਰੇਰਨਾ ਹੈ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਪਰਚਾ ਪੇਸ਼ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਨਾਲ ਸਬੰਧਤ ਦਿਹਾੜੇ ਸਾਨੂੰ ਚੇਤਨਤਾ ਦਿੰਦੇ ਹਨ ਕਿ ਅਸੀਂ ਉਸ ਵਿਰਾਸਤ ਦੇ ਵਾਰਸ




ਹਾਂ, ਜੋ ਦੁਨੀਆਂ ਵਿਚ ਨਿਵੇਕਲੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਗੁਰਬਾਣੀ ਅੰਦਰ ਮਨੁੱਖ ਨੂੰ ਸੁਚੱਜੇ ਅਤੇ ਸਫਲ ਜੀਵਨ ਦੇ ਉਪਦੇਸ਼ ਨੂੰ ਦ੍ਰਿੜ੍ਹ ਕਰਵਾਇਆ ਹੈ। ਇਸ ਮੌਕੇ ਪੁੱਜੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਧਰਮ ਪ੍ਰਚਾਰ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ।ਸੈਮੀਨਾਰ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਅਮਰਜੀਤ ਸਿੰਘ ਭਲਾਈਪੁਰ,ਖੁਸ਼ਵਿੰਦਰ ਸਿੰਘ ਭਾਟੀਆ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂਵਾਲਾ, ਭਾਈ ਅਜਾਇਬ ਸਿੰਘ ਅਭਿਆਸੀ,ਸੁਖਵਰਸ਼ ਸਿੰਘ ਪੰਨੂ,ਗੁਰਮੀਤ ਸਿੰਘ ਬੂਹ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸਾਬਕਾ ਸਕੱਤਰ ਤੇ ਡਾਇਰੈਕਟਰ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀ ਪ੍ਰੋ. ਵਰਿਆਮ ਸਿੰਘ, ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਵੱਲੋਂ ਦਿਲਜੀਤ ਸਿੰਘ ਬੇਦੀ, ਸਾਬਕਾ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ,ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ,ਮਨਜੀਤ ਸਿੰਘ ਤਲਵੰਡੀ,ਮੈਨੇਜਰ ਸਤਨਾਮ ਸਿੰਘ ਰਿਆੜ,ਇੰਚਾਰਜ ਜੋਗੇਸ਼ਵਰ ਸਿੰਘ,ਸਤਵਿੰਦਰ ਸਿੰਘ ਫੂਲਪੁਰ,ਰਾਜਵਿੰਦਰ ਸਿੰਘ ਜੋਗਾ,ਪ੍ਰੋ. ਰਾਜਪਾਲ ਸਿੰਘ, ਪ੍ਰਿੰਸੀਪਲ ਗੁਰਜੀਤ ਕੌਰ,ਬਲਦੇਵ ਸਿੰਘ ਔਲਖ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਵਿਆਹ ਪੁਰਬ ਨੂੰ ਲੈ ਕੇ ਪ੍ਰਸ਼ਾਸਨ ਨੇ ਕਮਰ ਕੱਸੀ



**ਬਟਾਲਾ (ਤਰਲੋਕ ਬੱਗਾ)**- ਸ੍ਰੀ ਗੁਰੂ ਨਾਨਕ ਦੇਵ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆਂ ਨੂੰ ਹਰ ਪੱਖੋਂ ਸਾਫ਼ ਸੁਥਰਾ ਰੱਖਣ ਲਈ ਕਮਰ ਕੱਸ ਲਈ ਗਈ ਹੈ। ਹਰੇਕ ਵਿਭਾਗ ਦੀਆਂ ਵੱਖ ਵੱਖ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਏਸੇ ਕੜੀ ਤਹਿਤ ਸੀਵਰੇਜ ਵਿਭਾਗ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਅਗਰ ਸ਼ਹਿਰ ਜਾਂ ਆਸ ਪਾਸ ਦੇ ਇਲਾਕੇ ਵਿੱਚ ਕੋਈ ਵੀ ਹੋਦੀ ਬਗੈਰ ਢੱਕਣ ਦੇ ਨਜ਼ਰ ਆਉਣ ਤੇ ਜਾਂ ਕਿਸੇ ਮੇਨਹੋਲ ਦਾ ਢੱਕਣ ਟੁੱਟਾ ਹੋਵੇ ਤਾਂ ਤੁਰੰਤ ਸੀਵਰੇਜ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਇਸ ਸਬੰਧੀ ਵਧੇਰੇ ਸੀਵਰੇਜ ਵਿਭਾਗ ਦੇ ਜੇ ਈ ਅਮਨ ਸ਼ਰਮਾ ਨੇ ਦੱਸਿਆ ਕਿ ਵਿਭਾਗ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਮੱਦੇਨਜ਼ਰ ਰੱਖਦੇ ਹੋਏ ਪੂਰੀ ਤਿਆਰੀ ਕੀਤੀ ਗਈ ਹੈ। ਵੱਖ ਵੱਖ ਟੀਮਾਂ ਬਣਾ ਕੇ ਹਰੇਕ ਇਲਾਕੇ ਚੈੱਕ ਵੀ ਕੀਤੇ ਜਾ ਰਹੇ ਹਨ ਤਾਂ ਕਿ ਕੋਈ ਮੇਨਹੋਲ ਬਗੈਰ ਢੱਕਣ ਦੇ ਨਾ ਹੋਵੇ ਅਤੇ ਨਾ ਹੀ ਕੋਈ ਹੋਦੀ ਟੁੱਟੀ ਹੋਵੇ ਅਤੇ ਨਾ ਹੀ ਕੋਈ ਅਣਸੁਖਾਵੀਂ ਘਟਨਾ ਵਾਪਰੇ । ਵਿਭਾਗ ਵੱਲੋਂ ਇਕ ਹੈਲਪ ਡੈਸਕ ਨੰਬਰ 84275 66323 ਨੰਬਰ ਜਾਰੀ ਕੀਤਾ ਗਿਆ ਹੈ। ਅਗਰ ਕਿਸੇ ਨੂੰ ਸੀਵਰੇਜ ਬਾਰੇ ਕੋਈ ਸ਼ਿਕਾਇਤ ਹੋਵੇ ਤਾਂ ਇਸ ਨੰਬਰ ਤੇ ਫੋਨ ਕਰ ਸਕਦਾ ਹੈ।

# ਖੇਡਾਂ 'ਚ ਸਕੂਲ ਕਾਦੀਆਂ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਗੁਰਦਾਸਪੁਰ ਦੇ ਵੱਖ - ਵੱਖ ਸਕੂਲਾਂ ਹੋਈਆਂ ਸਨ। ਇਹਨਾਂ ਖੇਡਾਂ ਵਿੱਚ ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਖਿਡਾਰੀਆਂ ਵੱਲੋਂ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੱਲਾਂ ਮਾਰੀਆਂ ਤੇ ਤਗ਼ਮੇ ਹਾਸਲ ਕੀਤੇ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਅਤੇ ਸਕੂਲ ਇੰਚਾਰਜ ਲੈਕਚਰਾਰ ਰਵਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਦੀ ਗੱਤਕਾ ਟੀਮ ਲੜਕੀਆਂ ਵੱਲੋਂ ਅੰਡਰ-19 ਉਮਰ ਵਰਗ ਵਿੱਚ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਜਦ ਕਿ ਵਿਅਕਤੀਗਤ ਤੌਰ 'ਤੇ ਖਿਡਾਰਨ ਨਵਜੋਤ ਕੌਰ ਨੇ ਇਸ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ ਤੇ ਤਗ਼ਮਾ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਦੇ ਅੰਡਰ -19 ਉਮਰ ਵਰਗ ਸਿੰਗਲ ਸੋਟੀ ਮੁਕਾਬਲੇ ਵਿੱਚ ਸਕੂਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਵਿਅਕਤੀਗਤ ਸਿੰਗਲ ਸੋਟੀ ਲੜਕਿਆਂ ਦੇ ਮੁਕਾਬਲੇ ਵਿੱਚੋਂ ਸੁਖਮਨਜੋਤ ਸਿੰਘ ਨੇ ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ ਤੇ ਤਗ਼ਮਾ ਜਿੱਤਿਆ। ਫਰੀ ਸੋਟੀ ਟੀਮ ਨੇ ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ। ਵਿਅਕਤੀਗਤ ਮੁਕਾਬਲੇ ਵਿੱਚ ਪਾਰਸਜੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਰੱਸਾਕਸ਼ੀ ਮੁਕਾਬਲੇ ਲੜਕੀਆਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ -19 ਉਮਰ ਵਰਗ ਮੁਕਾਬਲੇ ਵਿੱਚ ਸਕੂਲ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਤਗ਼ਮੇ ਦੇ ਕੇ ਸਨਮਾਨਤ ਵੀ ਕੀਤਾ ਗਿਆ। ਸਕੂਲ ਕੈਂਪਸ ਅੰਦਰ ਜੇਤੂ ਖਿਡਾਰੀਆਂ ਦੇ ਪੁੱਜਣ 'ਤੇ ਕਾਲਜ ਸਥਾਨਕ ਪ੍ਰਬੰਧਕ ਕਮੇਟੀ ਦੇ ਸਕੱਤਰ ਡਾ. ਬਲਚਰਨਜੀਤ ਸਿੰਘ ਭਾਟੀਆ, ਪ੍ਰਿੰਸੀਪਲ ਸਕੂਲ ਡਾ. ਹਰਪ੍ਰੀਤ ਸਿੰਘ ਹੁੰਦਲ, ਸਕੂਲ ਇੰਚਾਰਜ ਲੈਕਚਰਾਰ ਰਵਿੰਦਰ ਸਿੰਘ, ਸਰੀਰਕ ਸਿੱਖਿਆ ਵਿਭਾਗ ਦੇ ਡਾ. ਸਿਮਰਤਪਾਲ ਸਿੰਘ ਨੇ ਸਮੂਹ ਜੇਤੂ ਖਿਡਾਰੀਆਂ ਦਾ ਸਵਾਗਤ ਕਰਦਿਆਂ ਇਨਾਮ ਪ੍ਰਾਪਤ ਕਰਨ 'ਤੇ ਮੁਬਾਰਕਬਾਦ ਭੇਟ ਕੀਤੀ। ਸਮੂਹ ਖਿਡਾਰੀਆਂ ਦੀ ਸਥਾਨਕ ਪ੍ਰਬੰਧਕ ਕਮੇਟੀ ਤੇ ਸਟਾਫ਼ ਵੱਲੋਂ ਵੀ ਹੌਸਲਾ ਅਫ਼ਜ਼ਾਈ ਕੀਤੀ ਗਈ। ਜੇਤੂ ਖਿਡਾਰੀਆਂ ਦੇ ਮਾਤਾ ਪਿਤਾ ਨੂੰ ਵੀ ਵਧਾਈ ਭੇਟ ਕੀਤੀ ਗਈ। ਸਕੂਲ ਸਟਾਫ਼ ਵੱਲੋਂ ਸਮੂਹ ਜੇਤੂ ਖਿਡਾਰੀਆਂ ਨੂੰ ਸ਼ੁੱਭਕਾਮਨਾਵਾਂ ਭੇਟ ਕੀਤੀਆਂ ਗਈਆਂ।

# ਰਿਸ਼ੀਕੁਲਸ਼ਾਲਾ ਪ੍ਰੋਜੈਕਟ ਦਾ ਸਾਲਾਨਾ ਸਮਾਰੋਹ ਧੂਮਧਾਮ ਨਾਲ ਮਨਾਇਆ



**ਰਈਆ (ਡੀ ਕੇ ਰੈਡੀ )**-ਪਾਵਨ ਚਿੰਤਨ ਧਾਰਾ ਚੈਰੀਟੇਬਲ ਟਰੱਸਟ ਦੇ ਰਿਸ਼ੀਕੁਲਸ਼ਾਲਾ ਪ੍ਰੋਜੈਕਟ ਨੇ ਆਪਣੇ ਵਿਸਤਾਰ ਦੇ 6 ਸਾਲ ਪੂਰੇ ਕੀਤੇ। ਰਿਸ਼ੀਕੁਲਸ਼ਾਲਾ ਪ੍ਰਕਲਪ ਦੇ ਸੰਸਥਾਪਕ ਡਾ. ਪਵਨ ਸਿਨਹਾ ਗੁਰੂਜੀ ਦਾ ਮੰਨਣਾ ਹੈ ਕਿ ਬੱਚੇ ਰਾਸ਼ਟਰ ਦੀ ਸੰਪਤੀ ਹਨ ਅਤੇ ਉਨ੍ਹਾਂ ਦੇ ਜੀਵਨ ਅਤੇ ਬਚਪਨ ਨੂੰ ਸੁਰੱਖਿਅਤ ਰੱਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਲੋੜਵੰਦਾਂ ਨੂੰ ਭੋਜਨ ਦੇਣਾ ਜ਼ਰੂਰੀ ਹੈ, ਪਰ ਵਿਅਕਤੀ ਨੂੰ ਸਸ਼ਕਤ ਬਣਾਉਣਾ ਹੋਰ ਵੀ ਮਹੱਤਵਪੂਰਨ ਹੈ ਤਾਂ ਜੋ ਉਹ ਆਪਣਾ ਭੋਜਨ ਮਾਣ ਨਾਲ ਕਮਾ ਸਕਣ ਅਤੇ ਜਾਗਰੂਕ ਅਤੇ ਸਿਹਤਮੰਦ ਹੋਣ ਤਾਂ ਜੋ ਉਹ ਦੇਸ਼ ਅਤੇ ਸਮਾਜ ਲਈ ਯੋਗਦਾਨ ਪਾ ਸਕਣ। ਇਸ ਦਾ ਸਭ ਤੋਂ ਮਹੱਤਵਪੂਰਨ ਸਾਧਨ 'ਸਿੱਖਿਆ' ਹੈ। ਇਸ ਸੋਚ ਨਾਲ ਡਾ. ਪਵਨ ਸਿਨਹਾ ਗੁਰੂ ਜੀ ਨੇ ਰਿਸ਼ੀਕੁਲਸ਼ਾਲਾ ਪ੍ਰੋਜੈਕਟ ਸ਼ੁਰੂ ਕੀਤਾ।ਰਿਸ਼ੀਕੁਲਸ਼ਾਲਾ ਪ੍ਰਕਲਪ ਇੱਕ ਗੈਰ ਰਸਮੀ ਸਿੱਖਿਆ ਪ੍ਰਣਾਲੀ ਹੈ ਜਿਸ ਦਾ ਉਦੇਸ਼ ਹਾਸ਼ੀਏ 'ਤੇ ਰਹਿ ਗਏ ਬੱਚਿਆਂ ਨੂੰ ਸਿੱਖਿਆ ਦੇਣਾ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਦੇ ਯੋਗ ਬਣਾਉਣਾ ਹੈ। ਰਿਸ਼ੀਕੁਲਸ਼ਾਲਾ ਦੇ ਦੇਸ਼ ਦੇ 10 ਰਾਜਾਂ ਦੇ 15 ਸ਼ਹਿਰਾਂ ਵਿੱਚ 25 ਕੇਂਦਰ ਚੱਲ ਰਹੇ ਹਨ, ਜਿਨ੍ਹਾਂ ਵਿੱਚ 150 ਵਿਵੇਕ ਟੋਲੀ ਮੈਂਬਰਾਂ ਰਾਹੀਂ ਲਗਭਗ 2000 ਬੱਚੇ ਗੈਰ ਰਸਮੀ ਸਾਧਨਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਰਿਸ਼ੀਕੁਲਸ਼ਾਲਾ ਬੱਚਿਆਂ ਵਿੱਚ ਹੁਨਰ ਪੈਦਾ ਕਰਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਅਤੇ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਦੇਣ ਦਾ ਕੰਮ ਵੀ ਕਰ ਰਹੀ ਹੈ। ਜਿਸ ਤਹਿਤ ਬੱਚੇ ਗੰਧਰਵ ਮਹਾਵਿਦਿਆਲਿਆ, ਦਿੱਲੀ, ਪੌਲੀਟੈਕਨਿਕ ਇੰਸਟੀਚਿਊਟ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਐਚ.ਸੀ.ਐਲ ਕੰਪਨੀ ਵਿੱਚ ਸਿਖਲਾਈ ਪ੍ਰਾਪਤ ਕਰ ਰਹੇ ਹਨ। ਇਸ ਵਰ੍ਹੇਗੰਢ ਸਮਾਰੋਹ ਦੇ ਮੌਕੇ ਆਨਲਾਈਨ ਮਾਧਿਅਮ ਨਾਲ ਜੁੜੇ ਪ੍ਰੋਜੈਕਟ ਦੇ ਮੁਖੀ ਸ੍ਰੀ ਗੁਰੂ ਜੀ ਅਤੇ ਸ੍ਰੀ ਗੁਰੂ ਮਾਂ, ਸਾਰੇ ਕੇਂਦਰਾਂ ਦੇ ਮਾਸਟਰ ਟ੍ਰੇਨਰ ਅਤੇ ਵਿਵੇਕ ਟੋਲੀ ਦੇ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਰਿਸ਼ੀਕੁਲਸ਼ਾਲਾ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ। ਅੱਜ ਰਿਸ਼ੀਕੁਲਸ਼ਾਲਾ ਦੇ ਸੈਂਟਰ ਨੰਬਰ 24 ਰਈਆ ਵਿਖੇ ਸਵੇਰ ਵੇਲੇ ਹਵਨ ਯੱਗ ਕੀਤਾ ਗਿਆ। ਇਸ ਉਪਰੰਤ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾਂ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਸਿਵਲ ਹਸਪਤਾਲ ਬਾਬਾ ਬਕਾਲਾ ਦੇ ਫਾਰਮਾਸਿਸਟ ਮਨਜੀਤ ਸਿੰਘ ਨੇ ਬੱਚਿਆਂ ਨੂੰ ਕੈਲਸ਼ੀਅਮ ਅਤੇ ਆਇਰਨ ਦੀਆਂ ਗੋਲੀਆਂ ਵੰਡੀਆਂ। ਅੰਮ੍ਰਿਤਸਰ ਦਿਹਾਤੀ ਪੁਲਸ ਦੇ ਟ੍ਰੈਫਿਕ ਮੁਖੀ ਇੰਸਪੈਕਟਰ ਚਰਨਜੀਤ ਸਿੰਘ ਅਤੇ ਏ ਐਸ ਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਦਾ ਆਯੋਜਨ ਵੀ ਕੀਤਾ। ਅਖੀਰ ਵਿਚ ਸੈਂਟਰ ਦੀ ਮਾਸਟਰ ਟਰੇਨਰ ਅੰਤਿਮਾ ਮਹਿਰਾ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ.ਰਾਜਿੰਦਰ ਰਿਖੀ, ਦੀਪਕ ਮਹਿਰਾ, ਕਾਰਤਿਕ ਰਿਖੀ, ਮੈਡਮ ਰਚਨਾ, ਰਾਧਿਕਾ, ਧੈਰਿਆ ਮਹਿਰਾ, ਧਰੁਵ ਰਿਖੀ ਆਦਿ ਹਾਜ਼ਰ ਸਨ।

8-SEP-PAGE-4.qxd 9/7/2024 11:02 PM Page 1



# ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਵਿਰੁੱਧ ਕਾਂਗਰਸੀਆਂ ਵੱਲੋਂ ਰੋਸ ਪ੍ਰਦਰਸ਼ਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦੇ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਤੇ ਮਹੰਤ ਹਰਵਿੰਦਰ ਸਿੰਘ ਖਨੌੜਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਖਿਲਾਫ ਡੀਜ਼ਲ, ਪੈਟਰੋਲ ਤੇ ਬਿਜਲੀ ਦੇ ਰੇਟਾਂ ਵਿੱਚ ਭਾਰੀ ਵਾਧੇ ਕਾਰਨ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਬੋਲਦਿਆਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨਰੇਸ਼ ਕੁਮਾਰ ਦੁੱਗਲ, ਜ਼ਿਲ੍ਹਾ ਪ੍ਰਧਾਨ ਦਿਹਾਤੀ ਮਹੰਤ ਹਰਵਿੰਦਰ ਸਿੰਘ ਖਨੌੜਾ ਹਲਕਾ ਸ਼ਤਰਾਨਾ ਦੇ ਇੰਚਾਰਜ ਦਰਬਾਰਾ ਸਿੰਘ ਹਰਵਿੰਦਰ ਸਿੰਘ ਨਿੱਪੀ ਬੁਲਾਰਾ ਪੰਜਾਬ ਕਾਂਗਰਸ, ਮਹਿਲਾ ਕਾਂਗਰਸ ਦੀ ਪ੍ਰਧਾਨ ਰੇਖਾ ਅੱਗਰਵਾਲ, ਬਲਾਕ ਪ੍ਰਧਾਨ ਰਜੇਸ਼ ਮੰਡੋਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਬਦਲਾਓ ਦੇ ਨਾਮ 'ਤੇ ਸਰਕਾਰ ਤਾਂ ਬਣਾ ਦਿੱਤੀ, ਪਰ ਹੁਣ ਸਾਰੇ ਫੈਸਲੇ ਲੋਕ ਵਿਰੋਧੀ ਕਰ ਰਹੀ ਹੈ। ਪਿਛਲੇ ਸਮੇਂ ਪ੍ਰੋਪਰਟੀ ਦੇ ਡੀ ਸੀ ਰੇਟਾਂ ਵਿੱਚ ਭਾਰੀ ਵਾਧਾ ਕਰਕੇ ਲੋਕਾਂ 'ਤੇ ਟੈਕਸ ਦਾ ਵਾਧੂ ਭਾਰ ਪਾਇਆ, ਹੁਣ ਡੀਜ਼ਲ ਪੈਟਰੋਲ ਦੇ ਰੇਟਾਂ ਵਿੱਚ ਭਾਰੀ ਵਾਧਾ ਕਰਕੇ ਆਮ ਆਦਮੀ ਦਾ ਲੱਕ ਤੋੜਨ ਦਾ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਗਰੀਬ ਵਰਗ ਤੇ ਮਿਡਲ ਕਲਾਸ ਪਰਵਾਰਾਂ ਨੂੰ ਤਿੰਨ ਰੁਪਏ ਪ੍ਰਤੀ ਦਿੱਤੀ ਜਾਣ ਵਾਲੀ ਸਬਸਿਡੀ ਵਾਪਸ ਲੈ ਕੇ ਗਰੀਬ ਪਰਵਾਰਾਂ ਤੇ ਮਿਡਲ ਕਲਾਸ ਪਰਵਾਰਾਂ 'ਤੇ 24 ਜ਼ਾਰ ਕਰੋੜ ਰੁਪਏ ਦਾ ਸਾਲਾਨਾ ਵਾਧੂ ਭਾਰ ਪਾਇਆ ਗਿਆ ਹੈ, ਜਿਸ ਨਾਲ ਆਮ ਆਦਮੀ ਦਾ ਲੱਕ ਟੁੱਟ ਜਾਵੇਗਾ। ਕਾਂਗਰਸ ਪਾਰਟੀ ਇਸ ਦੀ ਨਿਖੇਧੀ ਕਰਦੀ ਹੈ ਤੇ ਇਸ ਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ। ਅਗਰ ਸਰਕਾਰ ਨੇ ਇਹ ਫੈਸਲੇ ਜਾਂ ਰੇਟਾਂ ਵਿੱਚ ਭਾਰੀ ਵਾਧਾ ਵਾਪਸ ਨਾ ਲਿਆ ਤਾਂ ਕਾਂਗਰਸ ਪਾਰਟੀ ਦਾ ਹਰ ਵਰਕਰ ਗਲੀ-ਮੁਹੱਲੇ ਬੂਥ ਲੈਵਲ ਬਲਾਕ ਲੈਵਲ, ਜ਼ਿਲ੍ਹਾ ਪੱਧਰ 'ਤੇ ਧਰਨੇ ਪ੍ਰਦਰਸ਼ਨ ਕਰਕੇ ਇਹ ਵਾਧੇ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਕਰ ਦੇਵੇਗੀ।


ਪਟਿਆਲਾ


ਬਠਿੰਡਾ



ਸ੍ਰੀ ਮੁਕਤਸਰ ਸਾਹਿਬ

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਕਾਂਗਰਸ ਪਾਰਟੀ ਨੇ ਜ਼ਿਲ੍ਹਾ ਪੱਧਰ 'ਤੇ ਪੰਜਾਬ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਤੇ ਬਿਜਲੀ ਦਰਾਂ ਵਿੱਚ ਕੀਤੇ ਗਏ ਵਾਧੇ ਖਿਲਾਫ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵੱਲੋਂ ਬਠਿੰਡਾ ਦੇ ਮਿੰਨੀ ਸਕੱਤਰੇਤ ਨਜ਼ਦੀਕ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਵਧੀਆਂ ਕੀਮਤਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਮੁੱਖ ਮੰਤਰੀ ਦੇ ਨਾਮ ਡਿਪਟੀ ਕਮਿਸ਼ਨਰ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਵੀ ਦਿੱਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸ ਦੇ ਲੀਡਰ ਸਾਹਿਬਾਨ, ਕੌਂਸਲਰ, ਵੱਖ-ਵੱਖ ਵਿੰਗਾਂ ਦੇ ਅਹੁਦੇਦਾਰ ਸਾਹਿਬਾਨ ਤੇ ਵਰਕਰ ਹਾਜ਼ਰ ਸਨ।ਇਸ ਮੌਕੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਕੇ ਕੇ ਅਗਰਵਾਲ, ਕਾਰਜਕਾਰੀ ਮੇਅਰ ਅਸ਼ੋਕ ਕੁਮਾਰ, ਸਾਬਕਾ ਵਿਧਾਇਕ ਗੁਰਜੰਟ ਸਿੰਘ ਕੁੱਤੀਵਾਲ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਤੇ ਪੈਟਰੋਲ, ਡੀਜ਼ਲ ਦੀਆਂ ਦਰਾਂ ਵਿੱਚ ਕੀਤੇ ਗਏ ਬੇਤਹਾਸ਼ੇ ਵਾਧੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਲੋਕ ਵਿਰੋਧੀ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਜਦੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਨ ਤਾਂ ਬਿਜਲੀ ਦਰਾਂ ਵਿੱਚ ਵੱਡੀ ਕਟੌਤੀ ਕਰਕੇ ਪੰਜਾਬੀਆਂ ਨੂੰ ਵੱਡੀ ਰਾਹਤ ਦਿੱਤੀ ਗਈ ਸੀ, ਹੁਣ ਸਰਕਾਰ ਨੇ ਉਹ ਵੀ ਬੰਦ ਕਰਕੇ ਲੋਕ ਵਿਰੋਧੀ ਫੈਸਲਾ ਕੀਤਾ ਹੈ, ਜਿਸ ਦੀ ਕਾਂਗਰਸ ਪਾਰਟੀ ਨਿੰਦਾ ਕਰਦੀ ਹੈ।ਇਸ ਮੌਕੇ ਕਿਰਨਜੀਤ ਸਿੰਘ ਗਹਿਰੀ, ਦਰਸ਼ਨ ਸਿੰਘ ਜੀਦਾ, ਰੁਪਿੰਦਰ ਬਿੰਦਰਾ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਬਠਿੰਡਾ ਨੇ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ।ਇਸ ਮੌਕੇ ਬਲਵੰਤ ਰਾਏ ਨਾਥ, ਨੱਥੂ ਰਾਮ, ਪ੍ਰਕਾਸ਼ ਚੰਦ, ਸੋਨੂ ਐੱਮ ਸੀ, ਮਹਿੰਦਰ ਸਿੰਘ ਭੋਲਾ ਭੁਪਿੰਦਰ ਸ਼ਰਮਾ, ਮਨਜੀਤ ਸਿੰਘ ਸਰਪੰਚ ਬਲਾਢੇ ਵਾਲਾ, ਸਾਧੂ ਸਿੰਘ ਐੱਮ ਸੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਦੇ ਵਰਕਰ ਮੌਜੂਦ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)** : ਪੰਜਾਬ ਸਰਕਾਰ ਵੱਲੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾਉਣ ਦੇ ਵਿਰੋਧ ਵਿੱਚ ਜ਼ਿਲ੍ਹਾ ਕਾਂਗਰਸ ਨੇ ਡੀ. ਸੀ. ਦਫ਼ਤਰ ਅੱਗੇ ਧਰਨਾ ਦੇ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਧਰਨੇ ਵਿੱਚ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਸ਼ਾਮਲ ਹੋਏ।ਉਨ੍ਹਾਂ ਆਪ ਸਰਕਾਰ ਖ਼ਿਲਾਫ਼ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਸਰਕਾਰ ਲੋਕਾਂ 'ਤੇ ਆਰਥਿਕ ਬੋਝ ਪਾ ਰਹੀ ਹੈ।ਕਾਂਗਰਸ ਜ਼ਿਲ੍ਹਾ ਪ੍ਰਧਾਨ ਸ਼ੁਭਦੀਪ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਮਹਿੰਗਾਈ ਘਟਾਉਣ ਦੀ ਥਾਂ ਵਧਾ ਰਹੀ ਹੈ।

ਪੈਟਰੋਲ ਤੇ ਡੀਜ਼ਲ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹੈ।ਇਸ ਦੀਆਂ ਕੀਮਤਾਂ ਵਧਾਉਣ ਨਾਲ ਲੋਕਾਂ 'ਤੇ ਆਰਥਿਕ ਬੋਝ ਪਾ ਕੇ ਸਰਕਾਰ ਨੇ ਗਲਤ ਫ਼ੈਸਲਾ ਕੀਤਾ ਹੈ, ਜਿਸ ਦਾ ਅਸੀਂ ਵਿਰੋਧ ਕਰਦੇ ਹਾਂ।ਉਨ੍ਹਾਂ ਕਿਹਾ ਕਿ ਬਿਜਲੀ ਬਿੱਲ ਵਿੱਚੋਂ ਸਬਸਿਡੀ ਹਟਾਉਣ ਦੇ ਫ਼ੈਸਲੇ ਦਾ ਵੀ ਉਹ ਵਿਰੋਧ ਕਰਦੇ ਹਨ।ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪੱਧਰ 'ਤੇ ਹੋਰ ਆਗੂ ਵੀ ਹਾਜ਼ਰ ਸਨ।

# ਕਰਜ਼ਾ ਲੈਣ ਦੇ ਬਾਵਜੂਦ ਲੋਕਾਂ 'ਤੇ ਬੋਝ ਪਾਉਣਾ ਪੰਜਾਬੀਆਂ 'ਤੇ ਦੋਹਰੀ ਮਾਰ : ਸਮਿਤ ਸਿੰਘ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਪ੍ਰੋਫੈਸ਼ਨਲ ਕਾਂਗਰਸ ਦੇ ਪ੍ਰਧਾਨ, ਹਲਕਾ ਅਮਰਗੜ੍ਹ ਦੇ ਇੰਚਾਰਜ ਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਸਲਾਹਕਾਰ ਸਮਿਤ ਸਿੰਘ ਮਾਨ ਨੇ ਇਥੇ ਪੱਤਰਕਾਰਾਂ ਨਾਲ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਿਜਲੀ ਤੇ 3 ਰੁਪਏ ਪ੍ਰਤੀ ਯੂਨਿਟ ਸਬਸਿਡੀ ਖ਼ਤਮ ਕਰਨ ਤੇ ਪੈਟਰੋਲ, ਡੀਜ਼ਲ 'ਤੇ ਲਾਏ ਵੈਟ ਦੇ ਵਾਧੇ ਦੀ ਨਿੰਦਾ ਕਰਦਿਆਂ ਇਸਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਹਰ ਵਰਗ ਦੇ ਲੋਕਾਂ ਨੂੰ ਬਿਜਲੀ ਦੇ ਬਿੱਲਾਂ 'ਤੇ 3 ਰੁਪਏ ਪ੍ਰਤੀ ਯੂਨਿਟ ਜੋ ਸਬਸਿਡੀ ਦਿੱਤੀ ਗਈ ਸੀ, ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਨੇ ਉਸ ਨੂੰ ਵਾਪਸ ਲੈਣ ਦਾ ਲੋਕ ਵਿਰੋਧੀ ਫ਼ੈਸਲਾ ਲਿਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਲੋਕ ਮਾਰੂ ਫ਼ੈਸਲਿਆਂ ਨੇ ਪੰਜਾਬ ਸਰਕਾਰ ਦਾ ਦੂਹਰਾ ਚਿਹਰਾ ਨੰਗਾ ਕਰ ਦਿੱਤਾ ਹੈ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੇ ਪੰਜਾਬ ਨੂੰ ਨਸ਼ਾ ਤੇ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਦਾਅਵੇ ਖੋਖਲੇ ਸਾਬਿਤ ਹੋ ਰਹੇ ਹਨ।ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਖ਼ਰਾਬ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਟੈਕਸ ਵਧਾ ਕੇ ਲੋਕਾਂ 'ਤੇ ਆਰਥਿਕ ਬੋਝ ਪਾ ਕੇ ਸਰਕਾਰ ਦਾ ਅਸਲੀ ਚਿਹਰਾ ਨਸ਼ਰ ਹੋਇਆ ਹੈ।ਉਨ੍ਹਾ ਕਿਹਾ ਕਿ ਸਰਕਾਰ ਨੇ ਪਿਛਲੇ ਸਾਲ 45 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਤੇ ਇਸ ਸਾਲ ਹੋਰ ਕਰਜ਼ਾ ਲੈ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਿਸ਼ਾਹੀਣ ਸਰਕਾਰ ਨੇ ਪੰਜਾਬ ਨੂੰ ਆਰਥਿਕ ਬਰਬਾਦੀ ਦੇ ਕੰਢੇ 'ਤੇ ਪਹੁੰਚਾ ਦਿੱਤਾ ਹੈ ਤੇ ਪੰਜਾਬ ਨੂੰ ਕਰਜ਼ੇ 'ਚ ਡੂੰਘੇ ਦੱਬ ਕੇ ਛੱਡ ਦਿੱਤਾ ਹੈ।ਉਨ੍ਹਾ ਕਿਹਾ ਕਿ ਕਰਜ਼ੇ ਲੈਣ ਦੇ ਬਾਵਜੂਦ ਲੋਕਾਂ 'ਤੇ ਬੋਝ ਪਾਉਣਾ ਪੰਜਾਬੀਆਂ 'ਤੇ ਦੋਹਰੀ ਮਾਰ ਹੈ।

# ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਨੂੰ ਅੰਤਮ ਅਰਦਾਸ ਮੌਕੇ ਨਿੱਘੀਆਂ ਸ਼ਰਧਾਂਜਲੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਪਿਤਾ ਤੇ ਸਾਬਕਾ ਮੰਤਰੀ ਸਵਰਗੀ ਸੁਰਜੀਤ ਸਿੰਘ ਕੋਹਲੀ (73), ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਮੌਕੇ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸਵਰਗੀ ਸ੍. ਕੋਹਲੀ ਨੂੰ ਨਿਮਰਤਾ ਦੀ ਪੁੰਜ ਸ਼ਖ਼ਸੀਅਤ ਦੱਸਦਿਆਂ ਉਨ੍ਹਾਂ ਨੂੰ ਸਮਾਜ ਸੇਵਾ ਦਾ ਥੰਮ੍ਹ ਕਰਾਰ ਦਿੱਤਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫ਼ੋਂ ਸਵਰਗੀ ਕੋਹਲੀ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਮੁੱਖ ਮੰਤਰੀ ਦੀ ਸੁਪਤਨੀ ਡਾ. ਗੁਰਪ੍ਰੀਤ ਕੌਰ ਨੇ ਅੰਤਿਮ ਅਰਦਾਸ ਮੌਕੇ ਪੁੱਜੀ ਸਮੁੱਚੀ ਸੰਗਤ, ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਦਾ ਕੋਹਲੀ ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ। ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਕੋਹਲੀ ਪਰਿਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਆਪਣਾ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਕੋਹਲੀ ਪਰਿਵਾਰ ਕਈ ਪੀੜ੍ਹੀਆਂ ਤੋਂ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੈ, ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਉਨ੍ਹਾਂ ਨੂੰ ਇਸ ਪਰਿਵਾਰ ਉਪਰ ਬਹੁਤ ਮਾਣ ਹੈ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਜੀਤਪਾਲ ਸਿੰਘ ਕੋਹਲੀ ਵੀ ਆਪਣੇ ਦਾਦਾ ਜੀ ਤੇ ਪਿਤਾ ਜੀ ਦੇ ਪਾਏ ਪੂਰਨਿਆਂ ਉੱਪਰ ਚੱਲ ਰਹੇ ਹਨ, ਕਿਉਂਕਿ ਸਵਰਗੀ ਸੁਰਜੀਤ ਸਿੰਘ ਕੋਹਲੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚੱਲਣ ਦੀ ਚੰਗੀ ਸੇਧ ਦਿੱਤੀ ਸੀ। ਉਨ੍ਹਾ ਕਿਹਾ ਕਿ ਅੱਜ ਸਵਰਗੀ ਸੁਰਜੀਤ ਸਿੰਘ ਕੋਹਲੀ ਨੂੰ ਸ਼ਰਧਾਂਜਲੀ ਭੇਟ ਕਰਨ ਆਇਆ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਸਬੂਤ ਹੈ ਕਿ ਕੋਹਲੀ ਪਰਵਾਰ ਨੇ ਲੋਕਾਂ ਦਾ ਜਿੱਥੇ ਪਿਆਰ ਕਮਾਇਆ ਹੈ, ਉਥੇ ਹੀ ਪਟਿਆਲਾ ਦੇ ਲੋਕਾਂ ਦਾ ਵਿਸ਼ਵਾਸ ਵੀ ਜਿੱਤਿਆ ਹੈ। ਸੰਧਵਾਂ ਨੇ ਕਿਹਾ ਕਿ ਅਜੀਤਪਾਲ ਸਿੰਘ ਕੋਹਲੀ ਵੱਲੋਂ ਆਪਣੇ ਪਿਤਾ ਦੀ ਕੀਤੀ ਗਈ ਸੇਵਾ ਵੀ ਇੱਕ ਮਿਸਾਲ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸਵਰਗੀ ਸ੍. ਕੋਹਲੀ ਦੇ ਸਪੁੱਤਰ ਅਜੀਤਪਾਲ ਸਿੰਘ ਕੋਹਲੀ ਤੇ ਗੁਰਜੀਤ ਸਿੰਘ ਕੋਹਲੀ ਸੇਵਾ ਦਾ ਪ੍ਰਵਾਹ ਆਪਣੇ ਦਾਦਾ ਜੀ ਤੇ ਪਿਤਾ ਜੀ ਦੀ ਤਰ੍ਹਾਂ ਸਦਾ ਚਲਾਉਂਦੇ ਰਹਿਣਗੇ। ਪਟਿਆਲਾ ਤੋਂ ਮੈਂਬਰ ਲੋਕ ਸਭਾ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਕੋਹਲੀ ਪਰਵਾਰ ਨੇ ਪੀੜ੍ਹੀਆਂ ਤੋਂ ਪਟਿਆਲਾ ਵਾਸੀਆਂ ਦੀ ਇੱਕ ਨਿਮਾਣੇ ਸੇਵਾਦਾਰ ਵਜੋਂ ਸੇਵਾ ਕੀਤੀ, ਇਸੇ ਲਈ ਕੋਹਲੀ ਪਰਵਾਰ ਨੂੰ ਸੇਵਾਦਾਰ ਪਰਿਵਾਰ ਵਜੋਂ ਜਾਣਿਆ ਜਾਂਦਾ ਹੈ। ਸਾਬਕਾ ਐੱਮ. ਪੀ. ਤਰੋਲਚਨ ਸਿੰਘ ਨੇ ਕੋਹਲੀ ਪਰਵਾਰ ਵੱਲੋਂ ਪੀੜ੍ਹੀਆਂ ਤੋਂ ਕੀਤੀ ਜਾ ਰਹੀ ਸੇਵਾ ਦਾ ਜਿਕਰ ਕਰਦਿਆਂ ਸਵਰਗੀ ਸਰਦਾਰਾ ਸਿੰਘ ਕੋਹਲੀ ਤੇ ਸਵਰਗੀ ਸੁਰਜੀਤ ਸਿੰਘ ਕੋਹਲੀ ਦੇ ਜੀਵਨ ਤੋਂ ਜਾਣੂ ਕਰਵਾਇਆ। ਅਕਾਲੀ ਦਲ ਵੱਲੋਂ ਸਾਬਕਾ ਮੇਅਰ ਅਮਰਿੰਦਰ ਸਿੰਘ ਬਜਾਜ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਬੀ.ਜੇ.ਪੀ. ਆਗੂ ਤਰੁਣ ਚੁੱਘ, ਸੰਤ ਕਸ਼ਮੀਰ ਸਿੰਘ ਭੂਰੀ ਵਾਲੇ ਸਮੇਤ ਅਨੇਕਾਂ ਸਿਆਸੀ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਤੇ ਸੰਸਥਾਵਾਂ ਵੱਲੋਂ ਸ਼ੋਕ ਸੰਦੇਸ਼ ਵੀ ਭੇਜੇ ਗਏ।

ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਲਖਵਿੰਦਰ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਯੰਗ ਖ਼ਾਲਸਾ ਫਾਊਂਡੇਸ਼ਨ ਵੱਲੋਂ ਸਵਰਗੀ ਕੋਹਲੀ ਦੀ ਯਾਦ ਵਿੱਚ ਬੂਟਿਆਂ ਦਾ ਲੰਗਰ ਲਗਾਇਆ ਗਿਆ।

# ਲੋਕ ਸੰਬਤਸਰੀ ਵਾਲੇ ਦਿਨ ਮਾਸਾਹਾਰੀ ਭੋਜਨ ਤੋਂ ਪ੍ਰਹੇਜ਼ ਕਰਨ : ਧਰਮਪਾਲ ਜੈਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਜੈਨ ਸਥਾਨਕ ਮਾਛੀਵਾੜਾ ਵਿਖੇ ਐੱਸ.ਐੱਸ. ਜੈਨ ਸਭਾ ਮਾਛੀਵਾੜਾ ਵੱਲੋਂ ਮਹਾਂਪਰਵ ਸੰਬਤਸਰੀ 8 ਸਤੰਬਰ ਨੂੰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਧਰਮਪਾਲ ਜੈਨ ਨੇ ਲੋਕਾਂ ਨੂੰ ਮਹਾਂਪਰਵ ਸੰਬਤਸਰੀ ਵਾਲੇ ਦਿਨ ਮਾਸਾਹਾਰੀ ਭੋਜਨ ਤੋਂ ਪ੍ਰਹੇਜ ਕਰਨ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਸਾਨੂੰ ਆਪਣੀ ਜੀਭ ਦੇ ਸਵਾਦ ਲਈ ਬੇਜ਼ੁਬਾਨਾਂ ਦਾ ਕਤਲ ਨਹੀਂ ਕਰਨਾ ਚਾਹੀਦਾ। ਸ੍ਰੀ ਜੈਨ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਜਾਤ-ਪਾਤ ਤੋਂ ਉੱਪਰ ਉੱਠ ਕੇ ਜੈਨ ਧਰਮ ਨੂੰ ਅਪਣਾਉਣ ਤੇ ਭਗਵਾਨ ਮਹਾਂਵੀਰ ਸਵਾਮੀ ਦੇ ਸੰਦੇਸ਼ 'ਜੀਓ ਔਰ ਜੀਨੇ ਦੋ' 'ਤੇ ਚੱਲਦਿਆਂ ਮਾਸਾਹਾਰੀ ਭੋਜਨ ਦਾ ਤਿਆਗ ਕਰਨ ਦਾ ਸੰਕਲਪ ਲੈਣ। ਉਨ੍ਹਾ ਇਲਾਕੇ ਦੇ ਮਾਸ ਵਿਕ੍ਰੇਤਾਵਾਂ ਨੂੰ ਵੀ ਇਸ ਦਿਨ ਦੁਕਾਨਾਂ ਬੰਦ ਰੱਖਣ ਲਈ ਕਿਹਾ। ਸ੍ਰੀ ਜੈਨ ਨੇ ਕਿਹਾ ਕਿ ਸੰਬਤਸਰੀ ਵਾਲੇ ਦਿਨ ਸ਼ਰਧਾਲੂਆਂ ਵੱਲੋਂ 8 ਸਤੰਬਰ ਨੂੰ ਸਵੇਰੇ 8 ਤੋਂ 9 ਵਜੇ ਤੱਕ ਨਵਕਾਰ ਮਹਾਂਮੰਤਰ ਦਾ ਜਾਪ ਕੀਤਾ ਜਾਵੇਗਾ।

# ਸਾਂਝੇ ਫਰੰਟ ਦੇ ਆਗੂਆਂ 'ਤੇ ਬਣਾਏ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ : ਸਰਾਭਾ, ਬਰਮੀ, ਲੁਬਾਣਾ

**ਚੌਂਕੀਮਾਨ/ਲੁਧਿਆਣਾ (ਬਲਬੀਰ ਮਾਨ/ਐੱਮ ਐੱਸ ਭਾਟੀਆ)**-ਹੱਕੀ ਮੁਲਾਜ਼ਮ ਸੰਘਰਸ਼ਾਂ ਨੂੰ ਪੁਲਸ ਜਬਰ ਨਾਲ ਕੁਚਲਣ ਦਾ ਰਾਹ ਛੱਡ ਕੇ ਭਗਵੰਤ ਮਾਨ ਸਰਕਾਰ, ਵਿਧਾਨ ਸਭਾ ਚੋਣਾਂ ਦੌਰਾਨ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਮੰਗਾਂ ਸਬੰਧੀ ਕੀਤੇ ਵਾਅਦੇ ਮੁਤਾਬਕ ਗੱਲਬਾਤ ਰਾਹੀਂ ਮੰਗਾਂ ਦਾ ਨਿਪਟਾਰਾ ਕਰੇ।ਐਸਮਾ ਵਰਗੇ ਕਾਲੇ ਕਾਨੂੰਨ, ਪਾਣੀ ਦੀਆਂ ਬੁਛਾੜਾਂ, ਝੂਠੇ ਪੁਲਸ ਪਰਚੇ ਕਰਕੇ ਹੱਕੀ ਸੰਘਰਸ਼ਾਂ ਨੂੰ ਦਬਾਇਆ ਨਹੀਂ ਜਾ ਸਕਦਾ। ਆਗੂਆਂ ਨੇ ਕਿਹਾ ਕਿ 3 ਸਤੰਬਰ ਨੂੰ ਚੰਡੀਗੜ੍ਹ ਸੈਕਟਰ-39 ਦੀ ਦਾਣਾ ਮੰਡੀ 'ਚ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਰੈਲੀ ਵਿੱਚ ਚੰਡੀਗੜ੍ਹ ਪੁਲਸ ਪ੍ਰਸ਼ਾਸਨ ਵੱਲੋਂ 2 ਘੰਟੇ ਬਾਅਦ ਵੀ ਮੁੱਖ ਮੰਤਰੀ ਪੱਧਰ ਦੀ ਮੀਟਿੰਗ ਤੈਅ ਕਰਵਾਉਣ ਤੋਂ ਅਸਮਰਥ ਹੋਣ ਤੋਂ ਬਾਅਦ ਵਿਧਾਨ ਸਭਾ ਵੱਲ ਪੁਰਅਮਨ ਵਹੀਕਲ ਰੋਸ ਮਾਰਚ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਭਾਰੀ ਪੁਲਸ ਫੋਰਸ ਨਾਲ ਦਾਣਾ ਮੰਡੀ ਕੋਲ ਹੀ ਰੋਕ ਲਿਆ। ਰੋਸ ਮਾਰਚ ਰੋਕਣ ਕਾਰਨ ਉਥੇ ਟ੍ਰੈਫਿਕ ਜਾਮ ਲੱਗ ਗਿਆ।ਮੁਜ਼ਾਹਰਾਕਾਰੀਆਂ ਦਾ ਜਾਮ ਲਾਉਣ ਦਾ ਕੋਈ ਫੈਸਲਾ ਨਹੀਂ ਸੀ।ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੇ ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਵਾਈਸ ਪ੍ਰਧਾਨ ਜਗਮੇਲ ਸਿੰਘ ਪੱਖੋਵਾਲ, ਪ੍ਰਵੀਨ ਕੁਮਾਰ ਲੁਧਿਆਣਾ ਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਤੇ ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਬਰਮੀਂ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਸਕੱਤਰ ਬਲਬੀਰ ਸਿੰਘ ਮਾਨ, ਸਰਕਲ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ, ਵਿੱਤ ਸਕੱਤਰ ਦਰਸ਼ਨ ਸਿੰਘ ਦਾਖਾ, ਹੰਸਰਾਜ ਜੰਮੂ, ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਹਰਦਿਆਲ ਸਿੰਘ ਘੁਮਾਣ, ਸੁਖਦੇਵ ਸਿੰਘ ਅੱਬੂਵਾਲ, ਜਸਮੇਲ ਸਿੰਘ ਮੋਹੀ ਨੇ ਕਿਹਾ ਕਿ ਪੁਲਸ ਵੱਲੋਂ ਆਗੂਆਂ ਤੇ ਬਣਾਇਆ ਗਿਆ ਕੇਸ ਬਿਲਕੁੱਲ ਝੂਠਾ ਤੇ ਬੇ-ਬੁਨਿਆਦ ਹੈ, ਅਸਲ ਵਿੱਚ ਮੁਲਾਜ਼ਮ ਮੰਗਾਂ ਸਰਕਾਰ ਦੇ ਏਜੰਡੇ 'ਤੇ ਨਹੀਂ ਹਨ। ਇੱਕ ਪਾਸੇ 10 ਸਤੰਬਰ ਦੀ ਮੀਟਿੰਗ ਦੇ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਪੂਚੀ ਪੂਚੀ, 8 ਸਤੰਬਰ ਦੀ ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਦੀ ਰੈਲੀ ਤੇ ਮਾਰਚ ਵਾਪਸ ਕਰਵਾ ਕੇ ਚੁਸਤੀਆਂ ਚਲਾਕੀਆਂ ਨਾਲੇ ਝੂਠੇ ਪਰਚੇ ਦਰਜ ਕਰਕੇ ਫਿੱਡੀਮਾਰਾਂ ਵਾਲਾ ਕੰਮ, ਮੁੱਖ ਮੰਤਰੀ ਸਾਹਿਬ ਆਉਣ ਵਾਲੇ ਦਿਨਾਂ ਵਿੱਚ ਇਹ ਚੱਲਣ ਵਾਲਾ ਨਹੀਂ ਹੈ।ਜੇਕਰ ਮਸਲੇ ਹੱਲ ਨਾ ਹੋਏ ਤਾਂ ਜ਼ਿਮਨੀ ਚੋਣਾਂ ਵਿੱਚ ਗਰਜ਼ਣਗੇ ਲੋਕ ਤੁਹਾਡੀਆਂ ਗਿੱਦੜ ਭਬਕੀਆਂ ਤੋਂ ਡਰਨ ਵਾਲੇ ਨਹੀਂ ਹਨ।

ਹੱਕੀ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ, ਪੰਜਾਬ ਸਰਕਾਰ ਚੰਡੀਗੜ੍ਹ ਪੁਲਸ ਤੋਂ ਬਣਵਾਏ ਪੁਲਸ ਕੇਸ ਤੁਰੰਤ ਵਾਪਸ ਕਰਵਾਏ।




# ਮਿਲਕ ਪਾਊਡਰ ਖ੍ਰੀਦਣ ਲਈ 14 ਲੱਖ ਦੀ ਠੱਗੀ, ਤਿੰਨ ਨਾਮਜ਼ਦ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਉੱਤਰ ਪ੍ਰਦੇਸ਼ ਦੇ ਪਿਓ-ਪੁੱਤਰ ਸਮੇਤ ਤਿੰਨ ਵਿਅਕਤੀਆਂ ਵੱਲੋਂ ਮੌੜ ਮੰਡੀ ਦੇ ਇੱਕ ਵਪਾਰੀ ਨਾਲ 14 ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਥਾਣਾ ਮੌੜ ਮੰਡੀ ਦੀ ਪੁਲਸ ਕੋਲ ਦਰਜ ਕਰਵਾਏ ਬਿਆਨ ਵਿੱਚ ਤੇਜਿੰਦਰ ਕੁਮਾਰ ਪੁੱਤਰ ਵੀਰ ਚੰਦ ਵਾਸੀ ਮੌੜ ਮੰਡੀ ਨੇ ਦੱਸਿਆ ਕਿ ਰਿਸ਼ੀ ਰਾਜ ਤੇ ਉਸ ਦੇ ਪੁੱਤਰ ਪ੍ਰਸ਼ਾਦ ਤੋਂ ਇਲਾਵਾ ਰਵਿੰਦਰ ਰਾਣਾ ਵਾਸੀਆਨ ਬੁਲੰਦ ਸ਼ਹਿਰ ਉੱਤਰ ਪ੍ਰਦੇਸ ਉਸ ਕੋਲੋਂ ਮਿਲਕ ਪਾਊਡਰ ਖ੍ਰੀਦਣ ਦਾ ਧੰਦਾ ਕਰਦੇ ਸਨ।ਉਸ ਨੇ ਦੱਸਿਆ ਕਿ ਪਹਿਲਾਂ ਕਈ ਵਾਰ ਉਕਤ ਵਿਅਕਤੀਆਂ ਨੇ ਉਸ ਕੋਲੋਂ ਮਿਲਕ ਪਾਊਡਰ ਖ੍ਰੀਦਿਆ ਤੇ ਉਸ ਦੇ ਬਣਦੇ ਪੈਸੇ ਦੇ ਦਿੱਤੇ, ਪਰ ਹੁਣ ਉਨ੍ਹਾਂ ਕਰੀਬ 200 ਗੱਟਾ ਮਿਲਕ ਪਾਊਡਰ ਦਾ ਖਰੀਦ ਲਿਆ, ਜਿਸ ਦੀ ਕੀਮਤ 14 ਲੱਖ ਰੁਪਏ ਬਣਦੀ ਹੈ, ਜਦੋਂ ਉਸ ਨੇ ਰਿਸ਼ੀ ਰਾਜ ਵਗੈਰਾ ਤੋਂ ਆਪਣੀ ਬਣਦੀ ਪੇਮੈਂਟ ਦੀ ਮੰਗ ਕੀਤੀ ਤਾਂ ਉਨ੍ਹਾਂ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ।ਇਸ ਤਰ੍ਹਾਂ ਕਥਿਤ ਦੋਸ਼ੀਆਂ ਨੇ ਉਸ ਨਾਲ 14 ਲੱਖ ਰੁਪਏ ਦੀ ਠੱਗੀ ਮਾਰੀ ਹੈ।ਥਾਣਾ ਮੌੜ ਮੰਡੀ ਦੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਪਿਓ-ਪੁੱਤਰ ਸਮੇਤ ਤਿੰਨ ਕਥਿਤ ਦੋਸ਼ੀਆਂ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਭਾਦਲਾ ਨੂੰ ਜਾਂਦੀ ਸੜਕ 'ਚ ਪਏ ਟੋਇਆਂ ਨੇ ਟਾਪੂਆਂ ਦਾ ਰੂਪ ਧਾਰਿਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਖੰਨਾ ਤੋਂ ਮੰਡੀ ਗੋਬਿੰਦਗੜ੍ਹ ਵੱਲ ਜਾਂਦੇ ਸਮੇਂ ਨੈਸ਼ਨਲ ਹਾਈਵੇ ਤੋਂ ਇੱਕ 18 ਫੱਟੀ ਸੜਕ ਪਿੰਡ ਭਾਦਲਾ ਤੋਂ ਖੇੜੀ ਨੌਧ ਸਿੰਘ, ਉੱਚਾ ਪਿੰਡ ਸੰਘੋਲ, ਲੁਧਿਆਣਾ, ਚੰਡੀਗੜ੍ਹ ਰੋਡ ਜਾ ਮਿਲਦੀ ਹੈ। ਇਸ ਸੜਕ ਤੋਂ ਰੋਜ਼ਾਨਾ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਦੂਰੋਂ ਨੇੜਿਓਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮੰਡੀ ਗੋਬਿੰਦਗੜ੍ਹ ਆਉਂਦੇ ਹਨ। ਇਹ ਸੜਕ 'ਤੇ ਅਨੇਕਾਂ ਹੀ ਪਿੰਡ ਪੈਂਦੇ ਹਨ, ਜਿਹੜੇ ਕਿ ਵਿਧਾਨ ਸਭਾ ਹਲਕਾ ਖੰਨਾ ਅਧੀਨ ਆਉਂਦੇ ਹਨ। ਝੋਨੇ ਦਾ ਸੀਜ਼ਨ ਆ ਰਿਹਾ ਹੈ ਤੇ ਕਿਸਾਨਾਂ ਨੇ ਆਪਣਾ ਝੋਨਾ ਵੀ ਅਨਾਜ ਮੰਡੀ ਵਿੱਚ ਇਸ ਸੜਕ ਤੋਂ ਲੈ ਕੇ ਜਾਣਾ ਹੈ। ਇਹ ਸੜਕ ਨੈਸ਼ਨਲ ਹਾਈਵੇ ਤੋਂ ਰੇਲਵੇ ਓਵਰ ਬ੍ਰਿਜ ਤੱਕ ਕੁਝ ਕੁ ਏਰੀਏ 'ਚ ਬਿਲਕੁਲ ਟੁੱਟ ਚੁੱਕੀ ਹੈ। ਕਈ ਦਿਨਾਂ ਤੋਂ ਰੁਕ ਰੁਕ ਕੇ ਹੋ ਰਹੀ ਲਗਾਤਾਰ ਬਾਰਸ਼ ਕਾਰਨ ਇਹ ਸੜਕ ਪਏ ਡੂੰਘੇ ਟੋਇਆਂ ਵਿੱਚ ਪਾਣੀ ਭਰ ਕੇ ਛੋਟੇ ਛੋਟੇ ਟਾਪੂਆਂ ਦਾ ਰੂਪ ਧਾਰਨ ਕਰ ਚੁੱਕੀ ਹੈ। ਟੁੱਟ ਚੁੱਕੀ ਸੜਕ ਦੇ ਕੁਝ ਏਰੀਏ ਵਿੱਚ ਹੀ ਚਾਰ ਕੰਡੇ ਆਮੋ ਸਾਹਮਣੇ ਲੱਗੇ ਹੋਏ ਹਨ। ਇਨ੍ਹਾਂ ਕੰਡਿਆਂ ਉੱਪਰ ਕੰਡਾ ਕਰਵਾਉਣ ਆਏ ਵੱਡੇ ਟਰੱਕ ਟਰਾਲੇ ਸੜਕ ਦੇ ਦੋਹਾਂ ਕਿਨਾਰਿਆਂ 'ਤੇ ਘੰਟਿਆਂ ਬੱਧੀ ਖੜੇ ਰਹਿੰਦੇ ਹਨ। ਇਨ੍ਹਾਂ ਖੜੇ ਟਰੱਕਾਂ ਕਾਰਨ ਮਜਬੂਰ ਹੋ ਕੇ ਲੋਕਾਂ ਨੂੰ ਪਾਣੀ ਦੇ ਭਰੇ ਟੋਇਆਂ ਵਿੱਚੋਂ ਲੰਘਣਾ ਪੈਂਦਾ ਹੈ। ਕਈ ਰਾਹਗੀਰਾਂਦੀਆਂ ਮਹਿੰਗੀਆਂ ਗੱਡੀਆਂ ਇਨ੍ਹਾਂ ਟੋਇਆਂ ਵਿੱਚ ਡਿੱਗ ਕੇ ਤੇਲ ਵਾਲੀ ਟੈਂਕੀਆਂ ਪਾੜ ਚੁੱਕੀਆਂ ਹਨ। ਕਈ ਦੋ ਪਹੀਆ ਵਾਹਨ ਚਾਲਕਾਂ ਦੇ ਸੱਟਾਂ ਵੀ ਲੱਗ ਚੁੱਕੀਆਂ ਹਨ। ਇਸ ਟੁੱਟੀ ਹੋਈ ਸੜਕ ਕਾਰਨ ਸਕੂਲੀ ਬੱਚੇ ਤੇ ਐਮਰਜੈਂਸੀ ਸੇਵਾਵਾਂ ਇਸ ਰੋਡ ਤੋਂ ਨਹੀਂ ਲੰਘ ਸਕਦੀਆਂ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਖੰਨਾ ਦੇ ਹਲਕਾ ਇੰਚਾਰਜ ਯਾਦਵਿੰਦਰ ਸਾਹਿਬ ਯਾਦੂ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਇਹੀ ਤਾਂ ਬਦਲਾਅ ਲਿਆਂਦਾ ਹੈ। ਉਨ੍ਹਾ ਕਿਹਾ ਕਿ ਭਾਦਲੇ ਤੋਂ ਰਤਨਹੇੜੀ ਨੂੰ ਜਾਂਦੀ ਸੜਕ, ਜਿਹੜੀ ਕਿ ਪਿਛਲੇ ਸਾਲ ਆਏ ਬਰਸਾਤੀ ਪਾਣੀ ਕਾਰਨ ਟੁੱਟ ਗਈ ਸੀ, ਦੀ ਪੰਜਾਬ ਸਰਕਾਰ ਨੇ ਕਦੀ ਕੋਈ ਰਿਪੇਅਰ ਨਹੀਂ ਕਰਵਾਈ। ਹਲਕਾ ਖੰਨਾ ਦੇ ਵਿਧਾਇਕ ਆਏ ਦਿਨ ਖੰਨਾ ਹਲਕੇ ਵਿੱਚ ਹੋ ਰਹੇ ਵਿਕਾਸ ਕਾਰਜਾਂ ਬਾਰੇ ਲੋਕਾਂ ਨੂੰ ਦੱਸਦੇ ਨਹੀਂ ਥੱਕਦੇ। ਇਸ ਸਬੰਧੀ ਐੱਸ ਡੀ ਐੱਮ ਖੰਨਾ ਡਾਕਟਰ ਬਲਜਿੰਦਰ ਸਿੰਘ ਢਿੱਲੋਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸੜਕ ਦਾ ਕੁਝ ਹਿੱਸਾ ਮੰਡੀ ਗੋਬਿੰਦਗੜ੍ਹ ਵਿੱਚ ਪੈਂਦਾ ਹੈ ਤੇ ਕੁਝ ਹਿੱਸਾ ਹਲਕਾ ਖੰਨੇ ਅਧੀਨ ਪੈਂਦਾ ਹੈ। ਇਸ ਸੜਕ ਬਾਰੇ ਸਰਕਾਰ ਨੂੰ ਜਲਦੀ ਹੀ ਲਿਖ ਕੇ ਭੇਜਿਆ ਜਾਵੇਗਾ। ਇਸ ਸਬੰਧੀ ਜਦੋਂ ਹਲਕਾ ਖੰਨਾ ਦੇ ਵਿਧਾਇਕ ਤਰਨਪ੍ਰੀਤ ਸਿੰਘ ਸੌਂਧ ਨਾ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਕਿਹਾ ਕਿ ਇਸ ਮਸਲੇ ਸੰਬੰਧੀ ਫੇਰ ਗੱਲ ਕਰਾਂਗੇ।

# ਅਧਿਆਪਕ ਦਿਵਸ ਮੌਕੇ ਸਕੂਲ ਮੁਖੀ ਹਰਮਿੰਦਰ ਸਿੰਘ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਹਾੜੇ ਨੂੰ ਸਮਰਪਤ ਅਧਿਆਪਕ ਦਿਵਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਘੁੰਗਰਾਲੀ ਸਿੱਖਾਂ ਵਿਖੇ ਗੁਰੂਕੁਲ ਇਨਫੋਟੈਕ ਵੱਲੋਂ ਅਧਿਆਪਕਾਂ ਦੇ ਸਤਿਕਾਰ, ਮਾਣ ਤੇ ਵਿੱਦਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਵਜੋਂ ਸਕੂਲ ਮੁਖੀ ਹਰਮਿੰਦਰ ਸਿੰਘ ਬਰਨ, ਸਕੂਲ ਅਧਿਆਪਕਾ ਰਾਜਿੰਦਰ ਕੌਰ ਕੰਗ, ਦਵਿੰਦਰ ਸਿੰਘ ਤੇ ਰਸ਼ਪਿੰਦਰ ਕੌਰ ਨੂੰ ਗੁਰੂਕੁਲ ਇੰਨਫੋਟੈਕ ਦੇ ਡਾਇਰੈਕਟਰ ਅਮਨਦੀਪ ਕੌਸ਼ਲ ਤੇ ਇੰਦਰਜੀਤ ਸਿੰਘ ਕੰਗ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਅਮਨਦੀਪ ਕੌਸ਼ਲ ਨੇ ਕਿਹਾ ਕਿ ਸਾਡਾ ਇੰਸਟੀਚਿਊਟ ਇੱਕ ਨਿਵੇਕਲੀ ਪਹਿਲਕਦਮੀ ਕਰਦੇ ਹੋਏ ਇਸ ਸਾਲ ਤੋਂ ਵੱਖ-ਵੱਖ ਸਕੂਲਾਂ ਵਿੱਚ ਵਧੀਆ ਕਾਰਗੁਜ਼ਾਰੀ ਵਾਲੇ ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਹਰੇਕ ਸਾਲ ਅਧਿਆਪਕ ਦਿਵਸ ਮੌਕੇ ਸਨਮਾਨਤ ਕਰਿਆ ਕਰੇਗੀ।ਇਸ ਮੌਕੇ ਸਕੂਲ ਮੁਖੀ ਹਰਮਿੰਦਰ ਸਿੰਘ ਬਰਨ ਨੇ ਗੁਰੂਕੁਲ ਇੰਫੋਟੈਕ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੀ ਸੰਸਥਾ ਦੀ ਪ੍ਰਸ਼ੰਸਾ ਕੀਤੀ, ਜਿਸ ਤਰ੍ਹਾਂ ਅਧਿਆਪਕ ਮੋਮਬੱਤੀ ਦੀ ਜਲ ਕੇ ਸਮਾਜ ਵਿੱਚ ਗਿਆਨ ਰੂਪੀ ਰੌਸ਼ਨੀ ਫੈਲਾਉਂਦਾ ਹੈ, ਉਸੇ ਤਰ੍ਹਾਂ ਤੁਹਾਡੀ ਸੰਸਥਾ ਵੀ ਵਿੱਦਿਆ ਦੇ ਖੇਤਰ ਵਿੱਚ ਇਸੇ ਤਰ੍ਹਾਂ ਰੌਸ਼ਨੀ ਬਿਖੇਰੇ।ਇਸ ਮੌਕੇ ਸਤਵੀਰ ਸਿੰਘ ਤੇ ਮੈਡਮ ਰਮਨਦੀਪ ਕੌਰ ਤੋਂ ਇਲਾਵਾ ਪਿੰਡ ਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਵੱਖ-ਵੱਖ ਵਿੱਦਿਅਕ ਸੰਸਥਾਵਾਂ 'ਚ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ


ਫਿਰੋਜ਼ਪੁਰ


ਫਿਰੋਜ਼ਪੁਰ


ਫਿਰੋਜ਼ਪੁਰ


ਪਾਤੜਾਂ


ਜਗਰਾਉਂ


ਮਲੋਟ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਾਂਤੀ ਵਿੱਦਿਆ ਮੰਦਰ ਵਿਖੇ ਵੀ ਅਧਿਆਪਕ ਦਿਵਸ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਸੁਦੇਸ਼ ਦਹੀਆ (ਮੁੱਖ ਅਧਿਆਪਕ ਸਰਕਾਰੀ ਸਕੂਲ, ਪਟੇਲ ਨਗਰ) ਸਮੇਤ ਰਜਨੀਸ਼ ਦਹੀਆ (ਵਿਧਾਇਕ ਫ਼ਿਰੋਜ਼ਪੁਰ ਦਿਹਾਤੀ) ਤੇ ਪਤਵੰਤੇ ਸੱਜਣ ਸੋਨੀਆ ਨਾਗਪਾਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਭਗਵਾਨ ਸ਼੍ਰੀ ਗਣੇਸ਼ ਤੇ ਮਾਤਾ ਸਰਸਵਤੀ ਦੇ ਸਾਹਮਣੇ ਦੀਪ ਜਗਾ ਕੇ ਕੀਤੀ ਗਈ। ਉਪਰੰਤ ਅਧਿਆਪਕਾਂ ਨੇ ਵਿਦਿਆਰਥੀਆਂ ਲਈ ਪ੍ਰੇਰਣਾਦਾਇਕ ਗੀਤ ਗਾਏ। ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਲਈ ਪੰਜਾਬੀ ਨਾਚ ਤੇ ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕੀਤਾ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਸੁਦੇਸ਼ ਦਹੀਆ ਨੇ ਸਾਰਿਆਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕ ਤੇ ਚੇਲੇ ਦਾ ਰਿਸ਼ਤਾ ਵਿਸ਼ਵਾਸ ਤੇ ਪਿਆਰ 'ਤੇ ਆਧਾਰਤ ਹੈ, ਜੋ ਕੁਝ ਗੁਰੂ ਆਪਣੇ ਚੇਲੇ ਨੂੰ ਸਿਖਾਉਂਦਾ ਹੈ, ਚੇਲਾ ਉਸ ਦੀ ਪਾਲਣਾ ਕਰਦਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਰਜਨੀ ਮਡਾਹਰ ਨੇ ਅਧਿਆਪਕ ਦਿਵਸ ਦੀ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਅੱਜ ਦੇ ਬੱਚੇ ਆਉਣ ਵਾਲੇ ਕੱਲ੍ਹ ਦੇ ਦੇਸ਼ ਦਾ ਭਵਿੱਖ ਹਨ, ਇਸ ਲਈ ਉਨ੍ਹਾਂ ਦੇ ਇਰਾਦੇ ਮਜ਼ਬੂਤ ਹੋਣੇ ਚਾਹੀਦੇ ਹਨ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਏ ਹੋਏ ਮੁੱਖ ਮਹਿਮਾਨ ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਆਰ ਐੱਸ ਡੀ ਰਾਜ ਰਤਨ ਪਬਲਿਕ ਸਕੂਲ ਵਿੱਚ ਅਧਿਆਪਕ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਨੌਜਵਾਨਾਂ ਦੇ ਦਿਮਾਗ ਨੂੰ ਅਕਾਰ ਦੇਣ 'ਚ ਪਾਏ ਵੱਡਮੁੱਲੇ ਯੋਗਦਾਨ ਲਈ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਪ੍ਰਵੀਨ ਅਲਜੀ ਨੇ ਅਧਿਆਪਕ ਦਿਵਸ ਦੀ ਮਹੱਤਤਾ 'ਤੇ ਜ਼ੋਰ ਦੇਣ ਲਈ ਇੱਕ ਦਿਲਕਸ਼ ਪ੍ਰਾਰਥਨਾ ਸਭਾ ਦੀ ਅਗਵਾਈ ਕੀਤੀ। ਉਨ੍ਹਾਂ ਵਿਦਿਆਰਥੀਆਂ ਦੇ ਵਿਕਾਸ ਤੇ ਸਮਰਪਣ ਨੂੰ ਸਵੀਕਾਰ ਕਰਦੇ ਹੋਏ ਸਾਰੇ ਅਧਿਆਪਕਾਂ ਨੂੰ ਆਪਣੀਆਂ ਨਿੱਘੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਨਮਾਨਤ ਮਹਿਮਾਨਾਂ ਵਿੱਚ ਸਕੂਲ ਦੇ ਮੁਖੀ ਤੇ ਐੱਸ ਸੀ ਸਾਂਵਲਕਾ, ਸਕੱਤਰ ਤੇ ਰਜਨੀਸ਼ ਸਾਂਵਲਕਾ, ਡਾਇਰੈਕਟਰ ਐੱਸ ਪੀ ਆਨੰਦ ਤੇ ਮੈਂਬਰ ਪੰਡਿਤ ਸਤੀਸ਼ ਸ਼ਰਮਾ, ਆਰ ਐੱਸ ਡੀ ਕਾਲਜ ਦੇ ਪ੍ਰਿੰਸੀਪਲ ਦਲਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੌਰਾਨ, ਅਧਿਆਪਕਾਂ ਨੇ ਵੱਖ-ਵੱਖ ਰੰਗੀਨ ਗਤੀਵਿਧੀਆਂ ਦਾ ਪ੍ਰਦਰਸ਼ਨ ਕੀਤਾ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਫਿਰੋਜ਼ਪੁਰ ਵਿਖੇ ਵਿਸ਼ਵ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਧਰਮਪਾਲ ਬਾਂਸਲ ਨੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਅਧਿਆਪਕ ਦੀ ਮਹਾਨਤਾ ਬਾਰੇ ਦੱਸਿਆ। ਇਸ ਮੌਕੇ ਸਾਰੇ ਅਧਿਆਪਕਾਂ ਤੋਂ ਕੇਕ ਕਟਵਾ ਕੇ ਅਧਿਆਪਕਾਂ ਨੂੰ ਉਨ੍ਹਾਂ ਦੇ ਕੰਮ ਦੀ ਹੌਸਲਾ ਅਫਜ਼ਾਈ ਲਈ ਸਨਮਾਨਤ ਪੱਤਰ ਦਿੱਤੇ ਗਏ। ਸਾਰੇ ਵਿਦਿਆਰਥੀਆਂ ਨੇ ਇਸ ਮੌਕੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਤੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਮਨਜੀਤ ਕੌਰ ਤੇ ਆਯੁਰਵੈਦਿਕ ਕਾਲਜ ਦੇ ਪ੍ਰਿੰਸੀਪਲ ਡਾ. ਸੰਜੀਵ ਤੇ ਐੱਸ ਬੀ ਐੱਸ ਕਾਲਜ ਦੇ ਸਟਾਫ ਮੈਂਬਰ ਸੁਖਵਿੰਦਰ ਕੌਰ, ਸ਼ਰਨਜੀਤ ਕੌਰ, ਗੁਰਦੀਪ ਕੌਰ, ਜਸਮੀਤ ਕੌਰ, ਅੰਜਨੀ, ਯਮਖਮ, ਇੰਦਰਜੀਤ ਕੌਰ, ਸੰਤੋਸ਼ ਰਾਣੀ, ਖੁਸ਼ਪਾਲ ਕੌਰ, ਰਮਨਦੀਪ ਸਿੰਘ, ਅਮਨਦੀਪ ਕੌਰ, ਅਮਨਦੀਪ ਕੌਰ, ਅਮਨਦੀਪ ਕੌਰ, ਮੁਸਕਾਨ, ਗਗਨਦੀਪ ਕੌਰ ਤੇ ਵਿਦਿਆਰਥੀ ਸ਼ਾਮਲ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਯੂਨੀਵਰਸਲ ਕਾਲਜ ਤੇ ਆਈਟੀਆਈ ਵੱਲੋਂ ਅਧਿਆਪਕ ਦਿਵਸ ਮੌਕੇ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਤ ਵਿੱਦਿਆ ਦੀ ਜੋਤ ਜਗਾਈ ਗਈ। ਇਸ ਮੌਕੇ ਬੱਚਿਆਂ ਨੇ ਆਪਣੇ ਅਧਿਆਪਕਾਂ ਲਈ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਯੂਨੀਵਰਸਲ ਕੈਂਪਸ ਦੇ ਵਾਇਸ ਚੇਅਰਮੈਨ ਵੀਰਇੰਦਰ ਸਿੰਘ ਧਾਲੀਵਾਲ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਿਆ ਲਈ ਤੁਹਾਡੇ ਸਾਰਿਆਂ ਅਧਿਆਪਕਾਂ ਦਾ ਅਟੁੱਟ ਸਮਰਪਣ ਅਤੇ ਜਨੂੰਨ ਇਸ ਯੂਨੀਵਰਸਲ ਸੰਸਥਾ ਵਿੱਚ ਚਮਕਦਾ ਹੈ। ਜੇਕਰ ਅਧਿਆਪਕ ਦਾ ਪ੍ਰਭਾਵ ਕਲਾਸਰੂਮ ਤੋਂ ਪਰ੍ਹੇ ਹੈ ਤਾਂ ਇਹ ਵਿਦਿਆਰਥੀਆਂ ਦੇ ਜੀਵਨ ਤੇ ਸਥਾਈ ਪ੍ਰਭਾਵ ਛੱਡਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਡਾ. ਅਮਰੀਸ਼ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਪ੍ਰੋਗਰਾਮ ਵਿੱਚ ਪਹੁੰਚੇ ਬੱਚੇ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

**ਜਗਰਾਉਂ (ਅਮਿਤ ਖੰਨਾ)** : ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵੱਲੋਂ ਅਧਿਆਪਕ ਦਿਵਸ ਸਕੂਲ ਕੈਂਪਸ ਵਿਖੇ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਅਧਿਆਪਕਾਂ ਦੀਆਂ ਖੇਡਾਂ ਤੇ ਡਾਂਸ ਦਾ ਖੂਬ ਅਨੰਦ ਮਾਣਿਆ। ਉਨ੍ਹਾਂ ਵੱਲੋਂ ਜੇਤੂ ਅਧਿਆਪਕਾਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ। ਇਸ ਮੌਕੇ ਪ੍ਰਿੰਸੀਪਲ ਮੈਡਮ ਮਿਸਿਜ਼ ਮੋਨਾ ਠਾਕੁਰ ਨੇ ਦੱਸਿਆ ਕਿ ਇਸ ਦਿਨ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਤੌਰ 'ਤੇ ਹਰ ਸਾਲ ਮਨਾਇਆ ਜਾਂਦਾ ਹੈ। ਉਨ੍ਹਾਂ ਸਭ ਅਧਿਆਪਕਾਂ ਨੂੰ ਉਨ੍ਹਾਂ ਦੁਆਰਾ ਦਿਖਾਏ ਮਾਰਗ 'ਤੇ ਚੱਲਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਕੂਲ ਪ੍ਰਬੰਧਕੀ ਕਮੇਟੀ ਨੇ ਵੀ ਅਧਿਆਪਕ ਦਿਵਸ ਦੀ ਸਮੂਹ ਅਧਿਆਪਕ ਵਰਗ ਨੂੰ ਵਧਾਈ ਦਿੱਤੀ।

**ਮਲੋਟ (ਗੁਰਮੀਤ ਸਿੰਘ ਮੱਕੜ)** : ਨਿਸ਼ਾਨ ਅਕੈਡਮੀ ਔਲਖ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਤੇ ਨਾਲ ਹੀ ਸਾਰੇ ਸਟਾਫ ਅਧਿਆਪਕਾਂ ਦੇ ਸਨਮਾਨ ਨੂੰ ਮੁੱਖ ਰੱਖਦਿਆਂ ਅਧਿਆਪਕ ਦਿਵਸ ਨੂੰ ਵਿਸ਼ੇਸ਼ ਰੂਪ ਵਿਚ ਮਨਾਇਆ ਗਿਆ ਤੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੀਆ ਗਈਆਂ। ਪ੍ਰੋਗਰਾਮ ਦੀ ਆਰੰਭਤਾ ਵਿਚ ਸੰਗੀਤ ਵਿਭਾਗ ਦੇ ਅਧਿਆਪਕ ਤੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਉਸ ਉਪਰੰਤ ਮੈਡਮ ਨਵਨੀਤ ਕੌਰ ਤੇ ਪ੍ਰਿੰਸੀਪਲ ਮੈਡਮ ਹਰਪ੍ਰੀਤ ਕੌਰ ਵੱਲੋਂ ਅਧਿਆਪਕ ਦਿਵਸ ਤੇ ਵਿਸ਼ੇਸ਼ ਸਪੀਚ ਦਿੱਤੀ ਗਈ। ਇਸ ਮੌਕੇ ਅਕੈਡਮੀ ਦੇ ਡਾਇਰੈਕਟਰ ਇਕਓਂਕਾਰ ਸਿੰਘ, ਪ੍ਰਿੰਸੀਪਲ ਮੈਡਮ ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਮੈਡਮ ਵੀਰਪਾਲ ਕੌਰ ਵੱਲੋਂ ਸਾਰੇ ਆਧਿਆਪਕਾਂ ਨੂੰ ਅਧਿਆਪਕ ਦਿਵਸ 'ਤੇ ਵਧਾਈਆਂ ਦਿੱਤੀਆਂ ਗਈਆਂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਡੀਏਵੀ ਪਬਲਿਕ ਸਕੂਲ ਵਿੱਚ ਅਧਿਆਪਕ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਰਵਪੱਲੀ ਡਾ ਰਾਧਾ ਕ੍ਰਿਸ਼ਨਨ ਦੀ ਤਸਵੀਰ ਨੂੰ ਫੁੱਲ ਮਾਲਾ ਚੜ੍ਹਾ ਕੇ ਸ਼ਰਧਾਂਜਲੀ ਤੋਂ ਕੀਤੀ ਗਈ। ਸਾਰੇ ਪ੍ਰੋਗਰਾਮ ਦਾ ਸੰਚਾਲਨ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹੀ ਕੀਤਾ। ਇਸ ਦੇ ਅੰਤਰਗਤ ਵਿਦਿਆਰਥੀਆਂ ਨੇ ਅਧਿਆਪਕਾਂ ਪਾਸੋਂ ਵੱਖ-ਵੱਖ ਹਾਸਰਸ ਨਾਲ ਭਰਪੂਰ ਅਤੇ ਸੇਧ ਦੇਣ ਵਾਲੀਆਂ ਗਤੀਵਿਧੀਆਂ ਵੀ ਕਰਾਈਆਂ। ਬਾਰ੍ਹਵੀਂ ਜਮਾਤ ਦੀ ਵਲੰਟੀਅਰ ਟੀਮ ਅਤੇ ਸਕੂਲ ਸਟਾਫ਼ ਲਈ ਚਾਹ-ਪਾਣੀ ਅਤੇ ਦੁਪਹਿਰ ਦੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿਚ ਸਕੂਲ ਮੁਖੀ ਨਵਦੀਪ ਵਸ਼ਿਸ਼ਟ ਵੱਲੋਂ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਜੀ ਦੇ ਜੀਵਨ ਤੋਂ ਸੇਧ ਲੈਂਦੇ ਹੋਏ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਸਮਰਪਣ ਦੀ ਭਾਵਨਾ ਨਾਲ ਪੜ੍ਹਾਉਣ ਦੀ ਪ੍ਰੇਰਣਾ ਦਿੱਤੀ।

**ਚੌਂਕੀਮਾਨ (ਬਲਬੀਰ ਮਾਨ)** : ਬਾਬਾ ਫ਼ਰੀਦ ਕਾਲਜ ਆਫ਼ ਫਾਰਮੇਸੀ ਮੁੱਲਾਂਪੁਰ (ਲੁਧਿਆਣਾ) ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਕਾਲਜ ਮੁਖੀ ਡਾ: ਅਰੁਣ ਕੁਮਾਰ ਕੌੜਾ ਨੇ ਅਧਿਆਪਕ ਦਿਵਸ 'ਤੇ ਸਿੱਖਿਆ ਦੀ ਮਹੱਤਤਾ 'ਤੇ ਚਾਨਣਾ ਪਾਇਆ। ਪ੍ਰੋਗਰਾਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਤੇ ਦੀਪ ਪ੍ਰਵਾਰਨਾ ਨਾਲ ਹੋਈ। ਫਾਰਮੇਸੀ ਦੇ ਵਿਦਿਆਰਥੀਆਂ ਨੇ ਗਾਇਕੀ, ਡਾਂਸ, ਕਵਿਤਾ ਆਦਿ ਸਮੇਤ ਵੱਖ-ਵੱਖ ਸਟੇਜ ਗਤੀਵਿਧੀਆਂ ਪੇਸ਼ ਕੀਤੀਆਂ। ਪੰਜਾਬ ਦੇ ਲੋਕ ਨਾਚ ਭੰਗੜੇ ਨੇ ਹਰ ਵਿਦਿਆਰਥੀ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪ੍ਰੋਗਰਾਮ ਦੇ ਸਮਾਪਤੀ ਸਮਾਰੋਹ ਵਿੱਚ ਸ੍ਰੀਮਤੀ ਅਰਸ਼ਦੀਪ ਕੌਰ ਪ੍ਰੋਫੈਸਰ ਫਾਰਮੇਸੀ ਪ੍ਰੈਕਟਿਸ ਵਿਭਾਗ ਨੇ ਆਉਂਦੇ ਸਾਲ ਹੋਰ ਵਧੀਆ ਉਪਰਾਲਾ ਕਰਨ ਦਾ ਵਾਅਦਾ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** : ਦਯਾਨੰਦ ਮਾਡਲ ਹਾਈ ਸਕੂਲ ਵੱਲੋਂ ਮਾਤਾ ਨੈਣਾ ਆਰੀਆ ਧਰਮਸ਼ਾਲਾ ਵਿਖੇ ਸਕੂਲ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਤੇ ਪ੍ਰਿੰਸੀਪਲ ਰੇਖਾ ਸਿੰਗਲਾ ਦੀ ਅਗਵਾਈ ਵਿੱਚ ਅਧਿਆਪਕ ਦਿਵਸ ਮੌਕੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਪਟਿਆਲਾ ਤੋਂ ਸਾਂਸਦ ਡਾਕਟਰ ਧਰਮਵੀਰ ਗਾਂਧੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾਕਟਰ ਧਰਮਵੀਰ ਗਾਂਧੀ ਵੱਲੋਂ ਮਾਤਾ ਨੈਣਾ ਆਰੀਆ ਧਰਮਸ਼ਾਲਾ ਵਿੱਚ ਲਾਇਬ੍ਰੇਰੀ ਭਵਨ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਇਸ ਮੌਕੇ ਸਰਕਾਰੀ ਸਕੂਲ ਦੇ ਅਧਿਆਪਕਾਂ ਅਮੀਰ ਸਿੰਗਲਾ, ਹਿਤਭਿਲਾਸ਼ੀ ਜਸਵਿੰਦਰ ਸਿੰਘ, ਕ੍ਰਿਸ਼ਨ ਵੋਹਰਾ, ਪ੍ਰਭਾਤ ਵਰਮਾ ਤੇ ਹਰਵਿੰਦਰਪਾਲ ਸਿੰਘ ਨੇ ਆਪਣੇ ਸੰਬੋਧਨ ਰਾਹੀਂ ਸਰਕਾਰੀ ਅਧਿਆਪਕਾਂ ਦੇ ਵਿਚਾਰ ਤੇ ਸਮੱਸਿਆਵਾਂ ਨੂੰ ਸਾਂਸਦ ਡਾਕਟਰ ਧਰਮਵੀਰ ਗਾਂਧੀ ਅੱਗੇ ਰੱਖਿਆ। ਸਕੂਲ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਤੇ ਪ੍ਰਿੰਸੀਪਲ ਰੇਖਾ ਸਿੰਗਲਾ ਨੇ ਡਾਕਟਰ ਧਰਮਵੀਰ ਗਾਂਧੀ, ਆਏ ਹੋਏ ਅਧਿਆਪਕਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲਗਭਗ 200 ਅਧਿਆਪਕਾਂ ਨੂੰ ਡਾਕਟਰ ਗਾਂਧੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਗਾਯਤ੍ਰੀ ਮੰਤਰ ਤੇ ਨਾਟਕ ਪੇਸ਼ ਕੀਤਾ ਗਿਆ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** : ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਸਕੂਲ ਪ੍ਰਿੰਸੀਪਲ ਬਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾ ਕਿਹਾ ਕਿ ਮਾਤਾ-ਪਿਤਾ ਤੋਂ ਬਾਅਦ ਅਧਿਆਪਕ ਹੀ ਹੁੰਦੇ ਹਨ, ਜੋ ਬਿਨਾਂ ਕਿਸੇ ਸਵਾਰਥ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਸਹੀ ਦਿਸ਼ਾ ਵੱਲ ਲਿਜਾਣ ਲਈ ਹਰ ਸੰਭਵ ਯਤਨ ਕਰਦੇ ਹਨ ਤਾਂ ਜੋ ਉਹ ਜ਼ਿੰਦਗੀ ਦੇ ਹਰ ਪੜਾਅ 'ਤੇ ਤਰੱਕੀ ਕਰ ਵਧੀਆ ਇਨਸਾਨ ਬਣ ਸਕਣ। ਪ੍ਰਿੰਸੀਪਲ ਬਲਜੀਤ ਸਿੰਘ ਨੇ ਦੱਸਿਆ ਕਿ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਵਿਦਿਆਰਥੀਆਂ ਦੀ ਸਿੱਖਿਆ 'ਚ ਬਹੁਤ ਵੱਡਾ ਯੋਗਦਾਨ ਪਾਇਆ, ਜਿਨ੍ਹਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਸ਼ਾਨਦਾਰ ਭਾਸ਼ਣਾਂ, ਗੀਤਾਂ ਤੇ ਸੱਭਿਆਚਾਰਕ ਪ੍ਰੋਗਰਾਮਾਂ ਅਤੇ ਆਪਣੇ ਹੱਥੀਂ ਬਣਾਏ ਕਾਰਡਾਂ, ਫੁੱਲਾਂ ਰਾਹੀਂ ਵਧਾਈਆਂ ਦਿੱਤੀਆਂ। ਇਸ ਮੌਕੇ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ, ਕਾਜਲ ਅਨੰਦ, ਸਿਮਰਜੀਤ ਕੌਰ, ਹਰਿੰਦਰਦੀਪ ਸ਼ਰਮਾ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਮਿਸ ਜਯੋਤੀ, ਮਨਜੋਤ ਕੌਰ, ਰਜਿੰਦਰ ਸਿੰਘ ਤੇ ਗੁਰਚਰਨ ਸਿੰਘ ਮੌਜੂਦ ਸਨ।

**ਅਜੀਤਵਾਲ (ਨਛੱਤਰ ਸੰਧੂ)** : ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਅਧਿਆਪਕ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਵੱਲੋਂ ਸਰਵਪੱਲੀ ਰਾਧਾਕ੍ਰਿਸ਼ਨ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਸਮਾਗਮ ਦਾ ਅਰੰਭ ਮੌਕੇ ਕੇਕ ਕੱਟ ਕੇ ਕੀਤਾ ਗਿਆ। ਇਸ ਮੌਕੇ ਸਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਅਧਿਆਪਕ ਦਿਵਸ ਦੀ ਵਧਾਈ ਦਿੰਦੇ ਕਿਹਾ ਕਿ ਭਾਰਤ ਦੇ ਪਹਿਲੇ ਉੱਪ-ਰਾਸ਼ਟਰਪਤੀ ਡਾ: ਸਰਬਪਲੀ ਰਾਧਾ ਕ੍ਰਿਸ਼ਨਨ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਨ ਲਈ ਹਰ ਸਾਲ ਪੰਜ ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਦੇ ਸਨਮਾਨ ਵਿੱਚ ਭਾਸ਼ਣ, ਕਵਿਤਾਵਾਂ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਬੈਸਟ ਟੀਚਰ ਤੇ ਕ੍ਰੇਟਿਵ ਟੀਚਰ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਸਾਰੇ ਸਟਾਫ ਮੈਂਬਰਾਂ ਨੂੰ ਸੁੰਦਰ ਤੋਹਫੇ ਦਿੱਤੇ ਗਏ।


ਪਾਤੜਾਂ


ਚੌਂਕੀਮਾਨ


ਸਮਾਣਾ


ਮਾਛੀਵਾੜਾ ਸਾਹਿਬ


ਅਜੀਤਵਾਲ

# ਨਰੇਗਾ ਕਾਮਿਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜਲਦ ਹੋਵੇ ਹੱਲ : ਜਗਰੂਪ

## ਨਰੇਗਾ ਕਾਮੇ 13 ਨੂੰ ਦੇਣਗੇ ਡੀ ਸੀ ਦਫਤਰ ਧਰਨਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਆਪਣੀਆਂ ਹੱਕੀ ਮੰਗਾਂ ਦਾ ਨਿਪਟਾਰਾ ਕਰਵਾਉਣ ਲਈ 13 ਸਤੰਬਰ ਨੂੰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਖੇ ਧਰਨਾ ਦੇਣ ਸਬੰਧੀ ਪਿੰਡ ਪੱਧਰ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ। ਇਸ ਦੌਰਾਨ ਪਿੰਡ ਕੋਟ ਭਾਈ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਕਰਵਾਈ ਗਈ। ਇਸ ਸਮੇਂ ਕਾਮਰੇਡ ਗੁਰਮੇਲ ਸਿੰਘ ਦੋਦਾ, ਰੇਸ਼ਮ ਸਿੰਘ ਕੋਟਭਾਈ, ਚਰਨਜੀਤ ਕੌਰ ਤੇ ਰਜਨੀ ਬਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੀਟਿੰਗ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਜਗਰੂਪ ਨੇ ਕਾਮਿਆਂ ਦੀਆਂ ਹੱਕੀ ਮੰਗਾਂ ਬਾਰੇ ਬੋਲਦਿਆਂ ਕਿਹਾ ਕਿ ਨਰੇਗਾ ਕਨੂੰਨ ਦੀ ਵਿਲੱਖਣਤਾ ਇਹ ਹੈ ਕਿ ਇਹ ਮੰਗ ਅਧਾਰਤ ਕੰਮ ਜਾਂ ਬੇਰੁਜ਼ਗਾਰੀ ਭੱਤਾ ਦੇਣ ਦੀ ਗਰੰਟੀ ਦਿੰਦਾ ਹੈ, ਨਰੇਗਾ ਮੰਗ ਦੀ ਰਸੀਦ ਦੇਣੀ ਯਕੀਨੀ ਹੋਵੇ, ਨਰੇਗਾ ਕਾਮਿਆਂ ਦੀ ਹਾਜ਼ਰੀ ਜੌਬ ਕਾਰਡ 'ਤੇ ਲਾਉਣੀ ਯਕੀਨੀ ਹੋਵੇ, ਮਸਟ੍ਰੋਲ ਹਾਜ਼ਰੀ ਵਿੱਚ ਟੈਗ ਦੀਆਂ ਖਾਮੀਆਂ ਦੂਰ ਕੀਤੀਆਂ ਜਾਣ ਤੇ ਹਾਜ਼ਰੀ ਕੰਮ ਸਥਾਨ 'ਤੇ ਹੀ ਲਾਈ ਜਾਵੇ। ਉਨ੍ਹਾਂ ਕਿਹਾ ਕਿ ਨਰੇਗਾ ਕੰਮ ਦੀ ਉਜਰਤ ਜਾਂ ਬੇਰੁਜ਼ਗਾਰੀ ਭੱਤੇ ਦੀ ਗਰੰਟੀ ਦਾ ਕਾਨੂੰਨ ਹੈ, ਪਰ ਫਿਰ ਵੀ ਕੰਮ ਕਰਵਾ ਕੇ ਛੇਟੇ ਔਨਲਾਈਨ ਕਰਕੇ ਮਸਟਰੋਲ ਜ਼ੀਰੋ ਕਰ ਦਿੱਤੇ ਜਾਂਦੇ ਹਨ। ਅਜਿਹਾ ਕਰਨ ਵਾਲਿਆਂ ਵਿਰੁੱਧ 'ਤੇ ਐਕਸ਼ਨ ਲਿਆ ਜਾਵੇ ਤੇ ਕਾਮਿਆਂ ਦੀ ਉਜਰਤ ਦਿੱਤੀ ਜਾਵੇ। ਨਿਯਮਾਂ ਅਨੁਸਾਰ ਚਾਲੀ ਮਜ਼ਦੂਰਾਂ 'ਤੇ ਇੱਕ ਮੇਟ ਬਣਾਇਆ ਜਾਵੇ ਤੇ ਮੇਟ ਨੂੰ ਸੈਮੀ ਸਕਿਲਡ ਉਜਰਤ ਪੰਜ ਸੌ ਰੁਪਏ ਪ੍ਰਤੀ ਦਿਨ ਦਿੱਤਾ ਜਾਵੇ। ਮੇਟ ਦੀਆਂ ਜ਼ਿੰਮੇਵਾਰੀਆਂ 'ਤੇ ਅਧਿਕਾਰ ਦੇ ਸਪੱਸ਼ਟ ਬੋਰਡ ਲਗਾਏ ਜਾਣ। ਨਰੇਗਾ ਕਨੂੰਨ ਅਨੁਸਾਰ ਵਿਰਤੀ ਚੌਦਾਂ ਦਿਨਾਂ 'ਤੇ ਘੱਟ ਕੰਮ ਨਹੀਂ ਮੰਗ ਸਕਦਾ ਤੇ ਕੰਮ ਮੰਗ ਅਨੁਸਾਰ ਮਸਟ੍ਰੋਲ ਸਮੇਂ ਸਿਰ ਕੱਢਿਆ ਜਾਵੇ ਅਤੇ ਕੁਤਾਹੀ ਕਰਨ 'ਤੇ ਉਸ ਵਿਰੁੱਧ ਤੁਰੰਤ ਐਕਸ਼ਨ ਲਿਆ ਜਾਵੇ। ਸਾਥੀ ਵੱਲੋਂ ਉਪਰੋਕਤ ਮੰਗਾਂ ਨੂੰ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਇਸ ਕੜੀ ਤਹਿਤ ਪਿੰਡ ਧੂੜਕੋਟ ਵਿਖੇ ਨਰੇਗਾ ਕਾਮਿਆਂ ਦੀ ਮੀਟਿੰਗ ਕਰਵਾਈ ਗਈ ਇਸ ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਸੁਖਨਾ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਜਸਪ੍ਰੀਤ ਕੌਰ ਪ੍ਰਧਾਨ, ਕੁਲਵੰਤ ਕੌਰ, ਸੁਖਦੇਵ ਕੌਰ, ਪਰਮਜੀਤ ਕੌਰ, ਗੁਰਮੇਲ ਸਿੰਘ, ਮੰਦਰ ਸਿੰਘ ਤੇ ਵਧੇਰੇ ਗਿਣਤੀ ਵਿੱਚ ਔਰਤਾਂ ਹਾਜ਼ਰ ਸਨ।

# ਵਕੀਲਾਂ ਦੇ ਘਰਾਂ 'ਤੇ ਛਾਪੇਮਾਰੀਆਂ ਖਿਲਾਫ ਰੋਸ ਪ੍ਰਦਰਸ਼ਨ



**ਜਗਰਾਉਂ (ਨਛੱਤਰ ਸੰਧੂ)**-ਕੇਂਦਰੀ ਮੋਦੀ ਹਕੂਮਤ ਵੱਲੋਂ ਲੋਕਾਂ ਦੀ ਜ਼ੁਬਾਨ ਬੰਦੀ ਲਈ ਐਨਆਈਏ ਰਾਹੀਂ ਚੰਡੀਗੜ੍ਹ ਤੇ ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰ ਪੰਜ ਸੂਬਿਆਂ ਵਿੱਚ ਸੂਬਿਆਂ ਦੇ ਅਧਿਕਾਰਾਂ ਨੂੰ ਟਿੱਚ ਜਾਣਦਿਆਂ, ਇਨਕਲਾਬੀ ਸਿਆਸੀ ਕਾਰਕੁੰਨਾਂ, ਕਿਸਾਨ ਆਗੂਆਂ, ਵਕੀਲਾਂ ਤੇ ਇਨਸਾਫ਼ਪਸੰਦ ਲੋਕਾਂ ਦੇ ਘਰਾਂ ਉਪਰ ਛਾਪੇਮਾਰੀ ਕਰਕੇ ਗ੍ਰਿਫ਼ਤਾਰੀਆਂ, ਘਰਾਂ ਦੀ ਫੋਲਾ ਫਰਾਲੀ ਕਰਕੇ ਸਾਹਿਤਕ ਸਮੱਗਰੀ ਆਦਿਕ ਨੂੰ ਜ਼ਬਤ ਕਰਨ, ਕੇਂਦਰੀ ਜਾਂਚ ਏਜੰਸੀ ਵੱਲੋਂ ਨੋਟਿਸ ਜਾਰੀ ਕਰ ਕੇ ਲਖਨਊ ਦਫ਼ਤਰ ਪੇਸ਼ ਹੋਣ ਅਤੇ ਸਿਆਸੀ ਵਿਰੋਧੀਆਂ ਨੂੰ ਡਰਾਉਣ ਧਮਕਾਉਣ ਦੇ ਵਿਰੋਧ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮ.ਲ) ਨਿਊਡੈਮੋਕ੍ਰੇਸੀ ਦੇ ਸੂਬਾਈ ਸੱਦੇ 'ਤੇ ਪਾਰਟੀ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਏ ਡੀ ਸੀ ਜਗਰਾਉਂ ਰਾਹੀਂ ਭਾਰਤੀ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਦਿੱਤਾ।ਇਸ ਮੌਕੇ ਸੀਪੀਆਈ (ਐਮ-ਐਲ) ਨਿਊਡੈਮੋਕ੍ਰੇਸੀ ਦੇ ਅਵਤਾਰ ਸਿੰਘ ਕਿਰਤੀ ਕਿਸਾਨ ਯੂਨੀਅਨ ਦੇ ਤਿਰਲੋਚਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਐਨਆਈਏ, ਜਿਸ ਦਾ ਦਫ਼ਤਰ ਲਖਨਊ ਉੱਤਰ ਪ੍ਰਦੇਸ਼ ਵਿੱਚ ਵੱਲੋਂ ਪੰਜਾਬ, ਚੰਡੀਗੜ੍ਹ ਤੇ ਹੋਰ ਸੂਬਿਆਂ ਵਿੱਚ ਸੂਬਾ ਸਰਕਾਰਾਂ ਦੀ ਬਿਨਾਂ ਇਜਾਜ਼ਤ ਤੋਂ ਛਾਪੇਮਾਰੀ, ਤਲਾਸ਼ੀ, ਗ੍ਰਿਫ਼ਤਾਰੀਆਂ ਤੇ ਨੋਟਿਸ ਜਾਰੀ ਭੇਜਣ ਵਰਗੀਆਂ ਕਾਰਵਾਈਆਂ ਸੂਬਿਆਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਮੰਗ ਕੀਤੀ ਕਿ ਹਕੂਮਤ ਦੇ ਵਿਰੋਧੀ ਸਿਆਸੀ ਕਾਰਕੁਨਾਂ, ਕਿਸਾਨ ਆਗੂਆਂ ਤੇ ਇਨਸਾਫ਼ਪਸੰਦ ਲੋਕਾਂ ਨੂੰ ਅਜਿਹੀਆਂ ਲੋਕ ਵਿਰੋਧੀ ਤੇ ਗੈਰ-ਜਮਹੂਰੀ ਕਾਰਵਾਈਆਂ ਕਰਕੇ ਡਰਾਉਣਾ ਧਮਕਾਉਣਾ ਬੰਦ ਕੀਤਾ ਜਾਵੇ।ਐਡਵੋਕੇਟ ਅਜੇ ਸਿੰਗਲਾ ਸਮੇਤ ਗ੍ਰਿਫਤਾਰ ਲੋਕਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਪੇਸ਼ ਹੋਣ ਲਈ ਕੱਢੇ ਨੋਟਿਸ ਰੱਦ ਕੀਤੇ ਜਾਣ, ਐਨ.ਆਈ.ਏ. ਨੂੰ ਤੁਰੰਤ ਖਤਮ ਕੀਤਾ ਜਾਵੇ, ਕੇਂਦਰੀ ਜਾਂਚ ਏਜੰਸੀਆਂ ਦੀ ਸੂਬਾ ਸਰਕਾਰਾਂ ਦੀ ਬਿਨਾਂ ਇਜਾਜ਼ਤ ਦਖਲ-ਅੰਦਾਜ਼ੀ ਬੰਦ ਕੀਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਧੂ ਸਿੰਘ ਅੱਚਰਵਾਲ, ਸੁਖਦੇਵ ਸਿੰਘ ਮਾਣੂੰਕੇ, ਜਗਰੂਪ ਸਿੰਘ ਗਿੱਲ ਆਦਿ ਹਾਜ਼ਰ ਸਨ।

# ਸਟਾਫ ਨਰਸਾਂ ਦੀ ਭਰਤੀ ਦੇ ਪੇਪਰ ਨੂੰ ਲੈ ਕੇ ਬੱਚਿਆਂ ਵੱਲੋਂ ਹੰਗਾਮਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵੱਲੋਂ 319 ਸਟਾਫ ਨਰਸਾਂ ਦੀ ਭਰਤੀ ਨੂੰ ਲੈ ਕੇ ਬਠਿੰਡਾ ਦੇ ਐੱਸ ਐੱਸ ਡੀ ਗਰਲ ਕਾਲਜ ਵਿੱਚ ਪੇਪਰ ਰੱਖਿਆ ਗਿਆ ਸੀ, ਜਿੱਥੇ ਕਿ ਦੂਰ ਦੁਰਾਡੇ ਤੋਂ ਪੇਪਰ ਦੇਣ ਆਏ ਨੌਜਵਾਨ ਲੜਕੇ ਤੇ ਲੜਕੀਆਂ ਵੱਲੋਂ ਉਸ ਸਮੇਂ ਹੰਗਾਮਾ ਕਰ ਦਿੱਤਾ, ਜਦੋਂ ਪੇਪਰ ਲੈਣ ਆਈਆਂ ਟੀਮਾਂ ਵੱਲੋਂ ਸਰਵਰ ਡਾਊਨ ਤੇ ਟੈਕਨੀਕਲ ਸਮੱਸਿਆ ਕਹਿ ਕੇ ਘਰਿਆਂ ਭਰਮਾਉਣ ਦੀ ਕੋਸ਼ਿਸ਼ ਕੀਤੀ, ਸਾਰੇ ਬੱਚੇ ਪੇਪਰ ਛੱਡ ਕੇ ਬਾਹਰ ਸੜਕ ਉਪਰ ਆ ਗਏ ਤੇ ਸੜਕ 'ਤੇ ਧਰਨਾ ਲਾ ਦਿੱਤਾ। ਬਾਬਾ ਫਰੀਦ ਯੂਨੀਵਰਸਿਟੀ ਖਿਲਾਫ਼ ਨੌਜਵਾਨਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ ਤੇ ਕਿਹਾ ਕਿ ਜਦ ਇੰਨ੍ਹਾਂ ਵੱਲੋਂ ਕੋਈ ਤਿਆਰੀ ਨਹੀਂ ਸੀ ਤਾਂ ਸਾਨੂੰ ਖੱਜਲ ਖਵਾਰ ਕਿਉਂ ਕੀਤਾ ਗਿਆ? ਯੂਨੀਵਰਸਿਟੀ ਨੇ ਹੰਗਾਮੇ ਨੂੰ ਦੇਖਦੇ ਹੋਏ ਪੇਪਰ ਰੱਦ ਕਰ ਦਿੱਤਾ। ਪੇਪਰ ਦੇਣ ਆਈਆਂ ਲੜਕੀਆਂ ਨੇ ਕਿਹਾ ਕਿ ਅਸੀਂ ਬਹੁਤ ਦੂਰੋਂ ਪੇਪਰ ਦੇਣ ਲਈ ਆਈਆਂ ਹਾਂ, ਜਦ ਇਨ੍ਹਾਂ ਵੱਲੋਂ ਕੋਈ ਤਿਆਰੀ ਹੀ ਨਹੀਂ ਕੀਤੀ ਗਈ ਸੀ ਤਾਂ ਸਾਨੂੰ ਕਿਉਂ ਬੁਲਾਇਆ ਗਿਆ? ਇਹ ਹਰ ਵਾਰੀ ਇਸੇ ਤਰ੍ਹਾਂ ਹੀ ਹੁੰਦਾ ਹੈ ਜਾਣ ਬੁੱਝ ਕੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਇਹ ਪੇਪਰ ਕਿਸ ਵਾਸਤੇ ਕਿਉਂ ਬਣਾਏ ਗਏ ਹਨ ਤੇ ਇਹੋ ਜਿਹੀਆਂ ਏਜੰਸੀਆਂ ਨੂੰ ਕਿਉਂ ਕੰਮ ਦਿੱਤਾ ਗਿਆ ਹੈ, ਜੋ ਪੇਪਰ ਦੇਣ ਦੀ ਤਿਆਰੀ ਵੀ ਪੂਰੀ ਨਹੀਂ ਕਰਵਾ ਸਕਦੇ ਪੇਪਰ ਰੱਦ ਹੋਣ ਨੂੰ ਲੈ ਕੇ ਬਾਬਾ ਫਰੀਦ ਯੂਨੀਵਰਸਿਟੀ ਨੇ ਆਪਣੀ ਵੈੱਬਸਾਈਟ ਉੱਪਰ ਰੱਦ ਹੋਣ ਦਾ ਮੈਸੇਜ ਪਾ ਦਿੱਤਾ ਸੀ, ਪਰ ਨੌਜਵਾਨਾਂ ਨੇ ਇਸ ਕਰਕੇ ਇਗਨੋਰ ਕਰ ਦਿੱਤਾ ਕਿ ਪਹਿਲਾਂ ਉਸ ਦੇ ਉੱਪਰ ਕਿਸੇ ਦੇ ਦਸਤਖਤ ਹੋਣੇ ਚਾਹੀਦੇ ਹਨ, ਨਹੀਂ ਤਾਂ ਅਸੀਂ ਸੜਕ ਨਹੀਂ ਖਾਲੀ ਕਰਾਂਗੇ। ਦੂਜੇ ਪਾਸੇ ਪੇਪਰ ਦਿਵਾਉਣ ਲਈ ਫਰੀਦਕੋਟ ਯੂਨੀਵਰਸਿਟੀ ਤੋਂ ਅਬਜ਼ਰਵਰ ਦਾ ਕਹਿਣਾ ਹੈ ਕਿ ਸਾਡੇ ਵੱਲੋਂ ਤਿਆਰੀ ਕੀਤੀ ਹੋਈ ਸੀ, ਪਰ ਕੁੱਝ ਟੈਕਨੀਕਲ ਸਮੱਸਿਆ ਆ ਗਈ, ਕੁਝ ਕੰਪਨੀ ਵੱਲੋਂ ਸਮੱਸਿਆ ਆ ਗਈ, ਜੋ ਪੇਪਰ ਲੈ ਰਹੀ ਸੀ, ਇਸ ਕਰਕੇ ਅਸੀਂ ਇਸ ਪੇਪਰ ਰੱਦ ਕਰ ਦਿੱਤਾ। ਕੰਪਨੀ ਵਾਲਿਆਂ ਦਾ ਵੀ ਇਹੀ ਕਹਿਣਾ ਸੀ ਕਿ ਕੁਝ ਸਮੱਸਿਆ ਆਈ ਸੀ, ਬੱਚਿਆਂ ਨੂੰ ਬੈਠਣ ਲਈ ਕਿਹਾ ਸੀ,ਪ੍ਰੰਤੂ ਗੁੱਸੇ ਵਿੱਚ ਆ ਕੇ ਬੱਚੇ ਬਾਹਰ ਭੱਜ ਗਏ। ਮੌਕੇ 'ਤੇ ਪੁੱਜੀ ਪੁਲਸ ਦਾ ਕਹਿਣਾ ਹੈ ਕਿ ਸਾਨੂੰ ਪੂਰੀ ਗੱਲ ਦਾ ਪਤਾ ਨਹੀਂ, ਪਰ ਫਿਰ ਵੀ ਅਸੀਂ ਬੱਚਿਆਂ ਤੇ ਮੈਨੇਜਮੈਂਟ ਵਿਚਕਾਰ ਗੱਲਬਾਤ ਕਰਵਾ ਰਹੇ ਹਾਂ, ਜਲਦੀ ਹੀ ਕੋਈ ਹੱਲ ਨਿਕਲ ਆਵੇਗਾ।

## ਤੀਹਰੇ ਕਤਲ ਕਾਂਡ ਮਾਮਲੇ 'ਚ ਮਹਾਰਾਸ਼ਟਰ ਤੋਂ ਸੱਤ ਸ਼ੱਕੀ ਗ੍ਰਿਫਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀਤੇ ਦਿਨੀਂ ਫਿਰੋਜ਼ਪੁਰ 'ਚ ਹੋਏ ਤੀਹਰੇ ਕਤਲ ਕਾਂਡ 'ਚ ਪੁਲਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ, ਜਿਸ ਤਹਿਤ ਸੱਤ ਸ਼ੱਕੀ ਵਿਅਕਤੀਆਂ ਨੂੰ ਔਰੰਗਾਬਾਦ, ਮਹਾਰਾਸ਼ਟਰ ਤੋਂ ਰਾਤ ਭਰ ਦੀ ਕਾਰਵਾਈ ਦੇ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ।ਇਨ੍ਹਾਂ ਸ਼ੱਕੀਆਂ ਨੂੰ ਔਰੰਗਾਬਾਦ, ਮਹਾਰਾਸ਼ਟਰ ਵਿੱਚ ਏ ਜੀ ਟੀ ਐੱਫ ਦੀ ਸਹਾਇਤਾ ਨਾਲ ਕੀਤੀ ਗਈ ਇੱਕ ਸਾਂਝੀ ਓਪਰੇਸ਼ਨ ਵਿੱਚ ਗ੍ਰਿਫਤਾਰ ਕੀਤਾ ਗਿਆ।ਦੋਸ਼ੀਆਂ ਨੂੰ ਬਾਅਦ ਦੁਪਹਿਰ ਪੰਜਾਬ ਲਿਆਂਦੇ ਜਾਣ ਦੀ ਸੰਭਾਵਨਾ ਹੈ। ਦੱਸ ਦਈਏ ਕਿ ਪਿਛਲੇ ਦਿਨੀਂ ਮੋਟਰਸਾਈਕਲ ਸਵਾਰ ਬਦਮਾਸ਼ਾਂ ਵੱਲੋਂ ਕਾਰ 'ਤੇ ਸਵਾਰ ਹੋ ਕੇ ਜਾ ਰਹੇ ਪੰਜ ਜਣਿਆਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ।ਇਸ ਹਮਲੇ ਵਿੱਚ 2 ਭੈਣ ਭਰਾਵਾਂ ਸਮੇਤ 3 ਦੀ ਮੌਤ ਹੋ ਗਈ ਸੀ ਅਤੇ ਦੋ ਹੋਰ ਗੰਭੀਰ ਜ਼ਖਮੀ ਹੋ ਗਏ ਸਨ।

## ਕਾਤਰਾਂ

### ਆਟੋ ਪਲਟਿਆ, 3 ਜ਼ਖ਼ਮੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਥਾਨਕ ਫਾਇਰ ਬ੍ਰਿਗੇਡ ਚੌਕ 'ਚ ਤੇਜ਼ ਰਫ਼ਤਾਰ ਹੋਣ ਕਾਰਨ ਇਕ ਆਟੋ ਪਲਟ ਗਿਆ, ਜਿਸ ਨਾਲ ਆਟੋ ਚਾਲਕ ਤੇ ਆਟੋ 'ਚ ਬੈਠੀਆਂ ਸਵਾਰੀਆਂ ਜ਼ਖਮੀ ਹੋ ਗਈਆਂ। ਉਕਤ ਆਟੋ ਪਲਟਦਿਆਂ ਸੜਕ 'ਤੇ ਖੜੇ ਮਜ਼ਦੂਰ ਨਾਲ ਟਕਰਾ ਗਿਆ, ਜਿਸ ਨਾਲ ਉਹ ਵੀ ਗੰਭੀਰ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ 'ਤੇ ਸਹਾਰਾ ਟੀਮ ਦੇ ਮੈਂਬਰ ਰਾਜਿੰਦਰ ਕੁਮਾਰ ਮੌਕੇ 'ਤੇ ਪਹੁੰਚੇ ਤੇ ਜ਼ਖ਼ਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਦਾਖ਼ਲ ਕਰਵਾਇਆ। ਜ਼ਖ਼ਮੀਆਂ ਦੀ ਪਛਾਣ ਪ੍ਰਦੀਪ ਵਾਸੀ ਬੀੜ ਤਾਲਾਬ ਬਸਤੀ ਨੰ: 6, ਰਾਮਜੀ ਸਿੰਘ ਵਾਸੀ ਗੋਬਿੰਦਪੁਰਾ, ਰਤਨ ਕੁਮਾਰ ਵਾਸੀ ਅਜੀਤ ਰੋਡ ਵਜੋਂ ਹੋਈ।

### ਗੁਰੂ ਨਾਨਕ ਜਨਰਲ ਸਟੋਰ 'ਚੋਂ ਨਕਦੀ ਤੇ ਸਾਮਾਨ ਚੋਰੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸ਼ਹਿਰ ਦੇ ਬਾਂਸੀ ਗੇਟ ਵਿਖੇ ਗੁਰੂ ਨਾਨਕ ਜਰਨਲ ਸਟੋਰ 'ਚੋਂ ਅਣਪਛਾਤੇ ਵਿਅਕਤੀਆਂ ਵੱਲੋਂ 1 ਲੱਖ ਰੁਪਏ, 30 ਪੇਟੀਆਂ ਦੇਸੀ ਘਿਓ ਤੇ ਦੁਕਾਨ ਅੰਦਰ ਲੱਗਾ ਕੈਮਰੇ ਵਾਲਾ ਡੀਵੀਆਰ, ਲੈਪਟਾਪ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਸ਼ਨਪ੍ਰੀਤ ਸਿੰਘ ਪੁੱਤਰ ਸਤ੍ਰਿਪਤ ਸਿੰਘ ਵਾਸੀ ਅੰਦਰੂਨ ਬਾਂਸੀ ਗੇਟ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੀ ਦੁਕਾਨ ਗੁਰੂ ਨਾਨਕ ਜਰਨਲ ਸਟੋਰ ਦਾ ਸ਼ਟਰ ਤੋੜ ਕੇ ਅਣਪਛਾਤੇ ਵਿਅਕਤੀ ਦੁਕਾਨ ਅੰਦਰ ਪਏ ਗੱਲੇ ਵਿਚੋਂ 1 ਲੱਖ ਰੁਪਏ, 30 ਪੇਟੀਆਂ ਦੇਸੀ ਘਿਓ ਮਾਰਕਾ ਸਿਫਤ ਤੇ ਦੁਕਾਨ ਅੰਦਰ ਲੱਗਾ ਕੈਮਰੇ ਵਾਲਾ ਡੀਵੀਆਰ, ਲੈਪਟਾਪ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਮੋਟਰਸਾਈਕਲ ਸਵਾਰ ਔਰਤ ਦਾ ਪਰਸ ਖੋਹ ਕੇ ਫਰਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫ਼ਿਰੋਜ਼ਪੁਰ ਦੀ ਪੁਲਸ ਨੇ ਬੀਤੇ ਦਿਨ ਮਨੋਹਰ ਲਾਲ ਸਕੂਲ ਦੀ ਗਰਾਊਂਡ ਨੇੜੇ ਐਕਟਿਵਾ ਸਵਾਰ ਔਰਤ ਦਾ ਪਰਸ ਖੋਹਣ ਵਾਲੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਪੀੜਤਾ ਦੇ ਪਤੀ ਦੇ ਬਿਆਨਾਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਜਾਣਕਾਰੀ ਦਿੰਦਿਆਂ ਥਾਣਾ ਕੈਂਟ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਅਨੁਰਾਗ ਜਿੰਦਲ ਪੁੱਤਰ ਵਿਜੇ ਕੁਮਾਰ ਜਿੰਦਲ ਵਾਸੀ ਕ੍ਰਿਸ਼ਨਾ ਨਿਵਾਸ ਮਾਲ ਰੋਡ ਛਾਉਣੀ ਫ਼ਿਰੋਜ਼ਪੁਰ ਨੇ ਦੱਸਿਆ ਕਿ ਜਦੋਂ ਉਹ ਆਪਣੀ ਪਤਨੀ ਨੂੰ ਛੱਡਣ ਜਾ ਰਿਹਾ ਸੀ। ਬੱਸ ਸਟੈਂਡ ਫ਼ਿਰੋਜ਼ਪੁਰ ਛਾਉਣੀ ਵਿਖੇ ਐਕਟਿਵਾ 'ਤੇ ਸਵਾਰ ਮਨੋਹਰ ਲਾਲ ਸਕੂਲ ਦੀ ਗਰਾਊਂਡ ਕੋਲ ਜਾ ਰਿਹਾ ਸੀ ਕਿ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਉਸ ਨੂੰ ਟੱਕਰ ਮਾਰ ਕੇ ਉਸ ਦੀ ਪਤਨੀ ਤੋਂ ਪਰਸ ਖੋਹ ਲਿਆ ਤੇ ਫ਼ਰਾਰ ਹੋ ਗਏ।ਇਸ ਦੌਰਾਨ ਪੀੜਤ ਤੇ ਉਸ ਦੀ ਪਤਨੀ ਹੇਠਾਂ ਡਿੱਗ ਗਏ।ਉਸ ਨੇ ਦੱਸਿਆ ਕਿ ਉਸ ਦੀ ਪਤਨੀ ਦੇ ਪਰਸ ਵਿੱਚ 15 ਹਜ਼ਾਰ ਰੁਪਏ ਦੀ ਰਕਮ ਸੀ।ਮਾਮਲੇ ਦੀ ਜਾਂਚ ਕਰ ਰਹੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਡਾ. ਸ਼ਾਮ ਲਾਲ ਥਾਪਰ ਨਰਸਿੰਗ ਸੰਸਥਾਵਾਂ ਵਿਖੇ ਅਧਿਆਪਕ ਦਿਵਸ ਮਨਾਇਆ




**ਮੋਗਾ (ਇਕਬਾਲ ਸਿੰਘ ਖਹਿਰਾ)**-ਡਾ. ਸ਼ਾਮ ਲਾਲ ਥਾਪਰ ਨਰਸਿੰਗ ਸੰਸਥਾਵਾਂ ਦੇ ਰਾਜੀਵ ਗਾਂਧੀ ਆਡੀਟੋਰੀਅਮ ਅੰਦਰ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਰਗੀਯੇ ਡਾ. ਸਰਵਪੱਲੀ ਰਾਧਾ ਕ੍ਰਿਸ਼ਨ ਜੀ ਦਾ ਜਨਮ ਦਿਨ ਅਧਿਆਪਕ ਦਿਵਸ ਦੇ ਤੌਰ 'ਤੇ ਮਨਾਇਆ ਗਿਆ। ਇਸ ਸਮਾਗਮ ਅੰਦਰ ਸਵਰਗੀਯੇ ਡਾ. ਸਰਵਪੱਲੀ ਰਾਧਾ ਕ੍ਰਿਸ਼ਨ ਦੀ ਫੋਟੋ ਤੇ ਫੁੱਲ ਅਰਪਤ ਕਰਕੇ ਪ੍ਰੋਗਰਾਮ ਆਰੰਭ ਕੀਤਾ ਗਿਆ। ਇਸ ਮੌਕੇ ਡਾ. ਮਾਲਤੀ ਥਾਪਰ ਸਾਬਕਾ ਮੰਤਰੀ ਪੰਜਾਬ ਨੇ ਕਾਲਜ ਦੇ ਅਧਿਆਪਕ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੇ ਸਮਾਜ ਅੰਦਰ ਅਧਿਆਪਕ ਦਾ ਸਥਾਨ ਸਭ ਤੋਂ ਉੱਪਰ ਰੱਖਿਆ ਗਿਆ ਹੈ। ਪੁਰਾਣੇ ਸ਼ਾਸ਼ਤਰਾਂ ਅੰਦਰ ਗੁਰੂ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਰੱਬ ਦੇ ਸਮਾਨ ਦਰਜਾ ਦਿੱਤਾ ਗਿਆ ਹੈ। ਇਸ ਮੌਕੇ ਡਾ. ਮਾਲਤੀ ਥਾਪਰ ਨੇ ਕਿਹਾ ਕਿ ਇੱਕ ਅਧਿਆਪਕ ਹੀ ਹੈ, ਜੋ ਸਾਡੇ ਦਿਮਾਗ ਨੂੰ ਰੋਸ਼ਨ ਕਰਦਾ ਹੈ ਤੇ ਸਾਡੇ ਆਉਣ ਵਾਲੇ ਭਵਿੱਖ ਦੀ ਚਿੰਤਾ ਕਰਦਾ ਹੈ। ਸੋ ਸਾਨੂੰ ਆਪਣੇ ਅਧਿਆਪਕ ਦੀ ਹਰ ਗੱਲ ਨੂੰ ਗੁਰੂ ਦਾ ਆਦੇਸ਼ ਮੰਨ ਕੇ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਉਹ ਬੱਚਾ ਹਮੇਸ਼ਾ ਆਪਣੀ ਜਿੰਦਗੀ ਵਿੱਚ ਕਾਮਯਾਬ ਹੁੰਦਾ ਹੈ, ਜੋ ਆਪਣੇ ਗੁਰੂ ਦੀ ਆਪਣੇ ਮਾਤਾ ਪਿਤਾ ਦੀ ਤੇ ਆਪਣੇ ਅਧਿਆਪਕ ਦੀ ਹਰ ਗੱਲ ਮੰਨਦਾ ਹੈ। ਇਸ ਮੌਕੇ ਕਾਲਜ ਦੇ ਡਾਇਰੈਕਟਰ ਡਾ. ਪਵਨ ਥਾਪਰ ਨੇ ਸਾਰੇ ਸਟਾਫ ਤੇ ਬੱਚਿਆਂ ਨੂੰ ਇਸ ਅਧਿਆਪਕ ਦਿਵਸ ਦੀਆਂ ਵਧਾਈ ਦਿੰਦੇ ਹੋਏ ਕਿਹਾ ਕਿ ਤੁਸੀਂ ਆਪਣਾ ਇੱਕ ਨਿਸ਼ਾਨਾ ਬਣਾਓ ਕਿ ਅਸੀਂ ਅੱਗੇ ਜਾ ਕੇ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ ਹੈ ਤਾਂ ਕਿ ਤੁਹਾਡਾ ਸਮਾਜ ਵਿੱਚ ਤੇ ਤੁਹਾਡੇ ਮਾਤਾ-ਪਿਤਾ ਦਾ ਨਾਮ ਰੋਸ਼ਨ ਹੋ ਸਕੇ। ਉਨ੍ਹਾ ਕਿਹਾ ਕਿ ਜੋ ਅੱਜ ਇੰਟਰਨੈੱਟ ਤੇ ਲੱਚਰਤਾ ਫੈਲ ਰਹੀ ਹੈ, ਇਸ ਤੋਂ ਦੂਰ ਰਹੋ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਮੈਡਮ ਸੁਨੀਤਾ ਜੋਸਫ ਤੇ ਕਾਲਜ ਦੇ ਵਾਈਸ ਪ੍ਰਿੰਸੀਪਲ ਮੈਡਮ ਜੋਤੀ ਬਾਲਾ ਅਤੇ ਕਿਰੀਤਕਾ ਕਪੂਰ ਤੇ ਨਸੀਮ, ਲਗਨ, ਮਨਵੀਰ ਤੇ ਕਰੀਤੀ ਵਰਮਾ ਤੇ ਸ਼ਿਵਮ ਸ਼ਰਮਾ ਅਤੇ ਸੈਫ ਗੁੱਲ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਰੋਡਵੇਜ਼/ਪਨਬਸ ਤੇ ਪੀ ਆਰ ਟੀ ਸੀ ਕਾਮੇ 13 ਨੂੰ ਕਰਨਗੇ ਲੁਧਿਆਣਾ 'ਚ ਰੋਸ ਪ੍ਰਦਰਸ਼ਨ : ਚਾਹਲ, ਕੋਕਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਰੋਡਵੇਜ਼/ਪਨਬਸ ਤੇ ਪੀ.ਆਰ.ਟੀ.ਸੀ. ਵਿਭਾਗ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਸਮੁੱਚੇ ਪੰਜਾਬ ਦੇ ਬੱਸ ਅੱਡਿਆਂ 'ਤੇ ਭਗਵੰਤ ਮਾਨ ਸਰਕਾਰ ਵਿਰੁੱਧ ਗੇਟ ਰੈਲੀਆਂ ਕੀਤੀਆਂ ਗਈਆਂ। ਏਟਕ ਜਥੇਬੰਦੀ ਦੇ ਆਗੂ ਜਗਦੀਸ਼ ਚਾਹਲ ਤੇ ਗੁਰਜੰਟ ਕੋਕਰੀ ਨੇ ਕਿਹਾ ਕਿ ਬਦਲਾਅ ਦੇ ਨਾਹਰੇ ਨਾਲ ਆਈ ਭਗਵੰਤ ਮਾਨ ਸਰਕਾਰ ਢਾਈ ਸਾਲ ਪੂਰੇ ਕਰ ਚੁੱਕੀ ਹੈ, ਪਰ ਮੁੱਖ ਮੰਤਰੀ ਨੇ ਮੁਲਾਜ਼ਮ ਜਥੇਬੰਦੀਆਂ ਨਾਲ ਇੱਕ ਵੀ ਮੀਟਿੰਗ ਕਰਨੀ ਜ਼ਰੂਰੀ ਨਹੀਂ ਸਮਝੀ। ਵਿਭਾਗ ਵਿੱਚ ਬੱਸਾਂ ਦੀ ਭਾਰੀ ਕਮੀ ਹੈ, ਜਿਸ ਕਰਕੇ ਜਿੱਥੇ ਵਿਭਾਗ ਦੀ ਕਮਾਈ ਬਹੁਤ ਪ੍ਰਭਾਵਿਤ ਹੋ ਰਹੀ ਹੈ। ਓਥੇ ਹੀ ਸੂਬੇ ਵਿੱਚ ਔਰਤਾਂ ਨੂੰ ਦਿੱਤੀ ਜਾਣ ਵਾਲੀ ਮੁਫ਼ਤ ਸਫ਼ਰ ਸਹੂਲਤ ਵੀ ਲੰਗੜੀ ਹਾਲਤ ਵਿੱਚ ਹੈ। ਟਾਈਮ ਮਿੱਸ ਹੋਣ ਕਾਰਨ ਓਵਰਲੋਡ ਬੱਸਾਂ ਕਰਕੇ ਰੋਜ਼ਾਨਾ ਹਾਦਸੇ ਵਾਪਰ ਰਹੇ ਹਨ, ਕੱਚੇ ਮੁਲਾਜ਼ਮ ਲੰਮੇ ਸਮੇਂ ਤੋਂ ਪੱਕੇ ਹੋਣ ਲਈ ਜੂਝ ਰਹੇ ਹਨ। ਹਰ ਰੋਜ਼ ਵਧ ਰਹੀ ਮਹਿੰਗਾਈ ਕਰਕੇ ਉਨ੍ਹਾਂ ਦਾ ਜੀਵਨ ਪੱਧਰ ਦਿਨੋਂ ਦਿਨ ਨੀਵਾਂ ਹੋ ਰਿਹਾ ਹੈ। ਸਰਕਾਰ ਵੱਲੋਂ ਕੋਈ ਐਸੀ ਨੀਤੀ ਨਹੀਂ ਬਣਾਈ ਜਾ ਰਹੀ, ਜਿਸ ਨਾਲ ਮੁਲਾਜ਼ਮਾਂ ਨੂੰ ਕੋਈ ਆਸ ਦੀ ਕਿਰਨ ਨਜ਼ਰ ਆਵੇ। ਮੁੱਖ ਮੰਤਰੀ ਸਾਹਬ ਪਹਿਲਾਂ ਜਥੇਬੰਦੀਆਂ ਨੂੰ ਮੀਟਿੰਗ ਦਾ ਸਮਾਂ ਦਿੰਦੇ ਹਨ। ਫਿਰ ਉਸ ਨੂੰ ਅੱਗੇ ਪਾ ਦਿੰਦੇ ਹਨ। ਜਾਪਦਾ ਹੈ ਜਿਵੇਂ ਉਨ੍ਹਾਂ ਨੂੰ ਮਹਿਕਮੇ ਵਿੱਚ ਕੰਮ ਕਰਨ ਵਾਲੇ ਕਿਰਤੀਆਂ ਦੀਆਂ ਮੁਸ਼ਕਲਾਂ ਤੇ ਹੱਕੀ ਮੰਗਾਂ ਨਾਲ ਕੋਈ ਸਰੋਕਾਰ ਨਹੀਂ ਹੈ। ਚੋਣਾਂ ਕਿਸੇ ਸੂਬੇ ਵਿੱਚ ਵੀ ਹੋਣ ਮੁੱਖ ਮੰਤਰੀ ਜੀ ਉੱਡਣ ਖਟੋਲੇ ਸਮੇਤ ਧੂੰਆਂਧਾਰ ਪ੍ਰਚਾਰ ਕਰਨ ਪਹੁੰਚ ਜਾਂਦੇ ਹਨ। ਸੱਤਾ ਵਿੱਚ ਆਉਣ ਤੋਂ ਪਹਿਲਾਂ ਹੈਲੀਕਾਪਟਰ, ਵੱਡਿਆਂ ਕਾਰਾਂ ਦੇ ਕਾਫ਼ਿਲੇ, ਵੀ.ਆਈ.ਪੀ. ਕਲਚਰ ਦੀ ਜ਼ੋਰਦਾਰ ਮੁਖਾਲਫ਼ਤ ਕਰਨ ਵਾਲੇ ਭਗਵੰਤ ਮਾਨ ਅੱਜ ਉਨ੍ਹਾਂ ਸਹੂਲਤਾਂ ਦਾ ਆਨੰਦ ਮਾਨਣ ਵਿੱਚ ਪਿਛਲੀਆਂ ਸਰਕਾਰਾਂ ਤੋਂ ਵੀ ਚਾਰ ਕਦਮ ਮੂਹਰੇ ਹਨ। ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਨਾਮ 'ਤੇ ਸਮੁੱਚੇ ਸੂਬੇ ਦੇ ਮੁਲਾਜ਼ਮਾਂ ਨਾਲ ਮਾਰੀ ਠੱਗੀ ਦਾ ਵੀ ਸਰਕਾਰ ਨੂੰ ਕੋਈ ਅਹਿਸਾਸ ਨਹੀਂ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ 'ਸ਼ੌਂਕ ਨਹੀਂ ਮਜਬੂਰੀ ਹੈ, ਪੁਰਾਣੀ ਪੈਨਸ਼ਨ ਜ਼ਰੂਰੀ ਹੈ' ਦੀਆਂ ਤਖਤੀਆਂ ਫੜ ਕੇ ਬੈਠਣ ਵਾਲੇ ਹਰਪਾਲ ਸਿੰਘ ਚੀਮਾ ਜਦੋਂ ਦੇ ਵਿੱਤ ਮੰਤਰੀ ਬਣੇ ਹਨ, ਪੁਰਾਣੀ ਪੈਨਸ਼ਨ ਸਬੰਧੀ ਇੱਕ ਲਫ਼ਜ਼ ਨਹੀਂ ਬੋਲੇ। ਇਕ ਪਾਸੇ ਸਰਕਾਰ ਸਮਾਰਟ ਸਕੂਲਾਂ ਦੀ ਗੱਲ ਕਰਦੀ ਹੈ ਦੂਜੇ ਪਾਸੇ ਪਿਛਲੇ ਦਿਨੀਂ ਕੁਝ ਕਾਲਜ ਹੀ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਹੋ ਚੁੱਕੀ ਹੈ। ਬਹੁਤ ਸਾਰੇ ਸਰਕਾਰੀ ਕਾਲਜ ਐਸੇ ਹਨ, ਜਿੱਥੇ ਪ੍ਰਿੰਸੀਪਲ ਹੀ ਨਹੀਂ ਹੈ। ਗਵਾਂਢੀ ਸੂਬੇ ਹਰਿਆਣੇ ਵਿੱਚ ਸਰਕਾਰੀ ਕਾਲਜ ਵੀ ਵੱਧ ਗਿਣਤੀ ਵਿੱਚ ਹਨ ਤੇ ਚੱਲ ਵੀ ਵਧੀਆ ਤਰੀਕੇ ਨਾਲ ਰਹੇ ਹਨ। ਵਿੱਦਿਆ ਹੀ ਨਹੀਂ ਬਲਕਿ ਖੇਡਾਂ ਵਿੱਚ ਵੀ ਗਵਾਂਢੀ ਸੂਬਾ ਪੰਜਾਬ ਨਾਲੋਂ ਅੱਗੇ ਚੱਲ ਰਿਹਾ ਹੈ। ਇਸ ਸਭ ਲਈ ਕੌਣ ਜ਼ਿੰਮੇਵਾਰ ਹੈ, ਇਹ ਵੱਡਾ ਸਵਾਲ ਹੈ? ਆਗੂਆਂ ਨੇ ਹਾਜ਼ਰ ਸਾਥੀਆਂ ਨੂੰ ਤਾਕੀਦ ਕੀਤੀ ਕਿ ਆਉਣ ਵਾਲੇ ਢਾਈ ਸਾਲਾਂ ਵਿੱਚ ਤਕੜੇ ਐਕਸ਼ਨ ਕਰਦੇ ਹੋਏ ਹਰ ਹਾਲਤ ਮੁਲਾਜ਼ਮਾਂ ਦੀਆਂ ਮੰਗਾਂ ਮਨਵਾਈਆਂ ਜਾਣਗੀਆਂ ਨਹੀਂ ਤਾਂ ਸਰਕਾਰ ਨੂੰ ਚਲਦਾ ਕੀਤਾ ਜਾਵੇਗਾ। ਕਰਮਚਾਰੀ ਦਲ ਦੇ ਪ੍ਰਧਾਨ ਪਲਵਿੰਦਰ ਸਿੰਘ ਨੇ ਬੋਲਦਿਆਂ ਆਖਿਆ ਕਿ ਵਿਭਾਗ ਵਿੱਚ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਤਰੱਕੀਆਂ ਪੈਂਡਿੰਗ ਹਨ। ਮੌਜੂਦਾ ਸਰਕਾਰ ਵੱਲੋਂ ਕੋਈ ਨਵੀਂ ਬੱਸ ਨਾ ਪਾਉਣ ਦਾ ਸਾਫ ਮਤਲਬ ਟਰਾਂਸਪੋਰਟ ਮਾਫੀਏ ਨੂੰ ਲਾਭ ਦੇਣਾ ਹੈ। ਮੁੱਖ ਮੰਤਰੀ ਨੂੰ ਗੈਰ ਜ਼ਿੰਮੇਵਾਰੀ ਛੱਡਦੇ ਹੋਏ ਤੁਰੰਤ ਮੁਲਾਜ਼ਮ ਜਥੇਬੰਦੀਆਂ ਨਾਲ ਮੀਟਿੰਗ ਕਰਨੀ ਚਾਹੀਦੀ ਹੈ। ਪਨਬਸ ਸਟੇਟ ਟਰਾਂਸਪੋਰਟ ਕਾਮਿਆਂ ਦੀ ਜਥੇਬੰਦੀ ਦੇ ਆਗੂ ਹਰਜਿੰਦਰ ਸਿੰਘ ਤੇ ਚਾਨਣ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਹਰ ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਕਾਮੇ ਹਨ, ਜੋ ਠੇਕੇ ਤੇ ਭਰਤੀ ਕੀਤੇ ਗਏ ਹਨ। ਮਾਨ ਸਰਕਾਰ ਪੱਕੇ ਰੋਜ਼ਗਾਰ ਦੀ ਗਰੰਟੀ ਵਰਗੇ ਵਾਅਦਿਆਂ ਨਾਲ ਸੱਤਾ ਵਿੱਚ ਆਈ ਸੀ, ਪਰ ਢਾਈ ਸਾਲ ਲੰਘਣ ਦੇ ਬਾਵਜੂਦ ਕਦੇ ਵੀ ਕੱਚੇ ਕਾਮਿਆਂ ਦੀ ਸਾਰ ਨਹੀਂ ਲਈ। ਨਿਗੂਣੀਆਂ ਤਨਖਾਹਾਂ ਨਾਲ ਪਰਿਵਾਰ ਪਾਲ ਰਹੇ ਇਹਨਾਂ ਕਰਮਚਾਰੀਆਂ ਦੀ ਪੱਕੇ ਹੋਣ ਤੇ ਬੇਹਤਰ ਆਰਥਿਕ ਤਬਦੀਲੀ ਦੀ ਆਸ ਦਿਨੋਂ ਦਿਨ ਧੁੰਦਲੀ ਹੋ ਰਹੀ ਹੈ। ਗੇਟ ਰੈਲੀ ਵਿੱਚ ਪ੍ਰਧਾਨ ਜਗਪਾਲ ਸਿੰਘ, ਗੁਰਦੀਪ ਮੁੱਲਾਂਪੁਰ, ਮਨਦੀਪ ਮਖੂ ਸਕੱਤਰ, ਗੁਰਪ੍ਰੀਤ ਸਿੰਘ ਕੈਸ਼ੀਅਰ, ਹਰਪ੍ਰੀਤ ਸਿੰਘ ਕਰਮਚਾਰੀ ਦਲ, ਹਰਮਨਦੀਪ ਸਿੰਘ, ਅਤੇ ਪਨਬਸ ਜਥੇਬੰਦੀ ਦੇ ਰਵਿੰਦਰ ਰਾਣਾ, ਨਿਰਮਲ ਸਿੰਘ ਤੇ ਸਮੂਹ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਮੰਗਾਂ ਨੂੰ ਲੈ ਕੇ ਤਿੱਖੇ ਸੰਘਰਸ਼ ਦੇ ਰੌਂਅ 'ਚ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਪਾਵਰਕਾਮ ਤੇ ਟਰਾਂਸਕੋ (ਰਜਿ. 24) ਜ਼ੋਨ ਕਮੇਟੀ ਥਰਮਲ ਪਲਾਂਟ ਲਹਿਰਾ ਮੁਹੱਬਤ ਦੀ ਮੀਟਿੰਗ ਪ੍ਰਧਾਨ ਰਣਜੀਤ ਸਿੰਘ ਸਹੋਤਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸੂਬਾ ਵਿੱਤ ਸਕੱਤਰ ਅਵਤਾਰ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮੂਹ ਮੁਲਾਜ਼ਮਾਂ ਵੱਲੋਂ ਆਪਣੀਆ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਸੂਬਾ ਕਮੇਟੀ ਵੱਲੋਂ ਦਿੱਤੇ ਵਰਕ-ਟੂ-ਰੂਲ ਪ੍ਰੋਗਰਾਮ ਦੀ ਕਾਲ 'ਤੇ ਸਖ਼ਤੀ ਨਾਲ ਪਹਿਰਾ ਦੇਣ ਦਾ ਸੰਕਲਪ ਲਿਆ ਗਿਆ। ਸੰਬੋਧਨ ਦੌਰਾਨ ਆਗੂਆਂ ਵੱਲੋਂ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਦੀ ਜਾਇਜ਼ ਮੰਗਾਂ ਮਸਲਿਆਂ ਨੂੰ ਹੱਲ ਕਰਨ 'ਤੇ ਸਹਿਮਤੀ ਦੇਣ ਉਪਰੰਤ ਵੀ ਲਾਗੂ ਨਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਪਾਵਰਕਾਮ ਮੈਨੇਜਮੈਂਟ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦਾ ਤੁਰੰਤ ਨਿਪਟਾਰਾ ਨਹੀਂ ਕਰਦੀ ਤਾਂ ਸਮੂਹ ਗਰਿੱਡ ਸਬ-ਸਟੇਸ਼ਨ ਸਟਾਫ ਤੇ ਥਰਮਲ ਮੁਲਾਜ਼ਮ ਵਰਕ-ਟੂ-ਰੂਲ ਅਨੁਸਾਰ ਆਪਣੀ ਬਣਦੀ ਡਿਊਟੀ ਕਰਨਗੇ। ਜੇਕਰ ਮੈਨੇਜਮੈਂਟ ਮੰਗਾਂ ਪ੍ਰਤੀ ਫਿਰ ਵੀ ਸੁਚੇਤ ਨਾ ਹੋਈ ਤਾਂ ਸੂਬਾ ਕਮੇਟੀ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਜੋ ਵੀ ਤਿੱਖਾ ਸੰਘਰਸ਼ ਪ੍ਰੋਗਰਾਮ ਉਲੀਕਿਆ ਜਾਵੇਗਾ, ਉਸ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਜਾਵੇਗਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜ਼ੋਨ ਆਗੂ ਇਕਬਾਲ ਸਿੰਘ ਸੇਖੋਂ ਸਕੱਤਰ, ਸੁਖਦੀਪ ਸਿੰਘ ਕੈਸ਼ੀਅਰ, ਸੁਖਪਾਲ ਸਿੰਘ ਸਿੱਧੂ, ਗੁਰਮੇਲ ਸਿੰਘ ਸਿੱਧੂ, ਜਗਤਾਰ ਸਿੰਘ, ਬਲਵਿੰਦਰ ਸਿੰਘ ਸਿੱਧੂ, ਰਾਜ਼ੇਸ਼ ਕੁਮਾਰ, ਜੀਸਮ ਸਿੰਘ ਤੇ ਜਸਬੀਰ ਸਿੰਘ ਆਦਿ ਸ਼ਾਮਲ ਸਨ।

# ਛਾਜਲੀ ਸਟੇਸ਼ਨ 'ਤੇ ਰੇਲ ਗੱਡੀਆਂ ਨਾ ਰੁਕਣ ਕਰਕੇ ਲੋਕਾਂ 'ਚ ਰੋਸ




**ਦਿੜ੍ਹਬਾ (ਜਸਵੀਰ ਲਾਡੀ)**-ਕਿਸਾਨੀ ਸੰਘਰਸ਼ ਵੇਲੇ ਦੀਆਂ ਮੋਦੀ ਸਰਕਾਰ ਵੱਲੋਂ ਬੰਦ ਕੀਤੀਆਂ ਪਿੰਡ ਛਾਜਲੀ ਦੇ ਰੇਲਵੇ ਸਟੇਸ਼ਨ 'ਤੇ ਹਿਸਾਰ ਤੋਂ ਅੰਮ੍ਰਿਤਸਰ, ਲੁਧਿਆਣਾ ਤੋਂ ਹਿਸਾਰ, ਲੁਧਿਆਣਾ ਤੋਂ ਚੂਰੂ, ਹਿਸਾਰ ਤੋਂ ਲੁਧਿਆਣਾ ਤੇ ਅੰਮ੍ਰਿਤਸਰ ਤੋਂ ਹਿਸਾਰ ਰੇਲਗੱਡੀ ਨੰਬਰ ਕ੍ਰਮਵਾਰ 14653, 04576, 04744, 04575, 14654 ਨਾ ਰੁਕਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜ਼ਿਕਰਯੋਗ ਹੈ ਕਿ ਪਿੰਡ ਛਾਜਲੀ ਦੇ ਰੇਲਵੇ ਸਟੇਸ਼ਨ ਤੋਂ ਲਗਭਗ 20 ਪਿੰਡਾਂ ਦੇ ਲੋਕ ਸਫਰ ਕਰਦੇ ਹਨ।ਇਸ ਸਟੇਸ਼ਨ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ, ਕਿਸਾਨ, ਮੁਲਜ਼ਮ ਤੇ ਹੋਰ ਵਪਾਰੀ ਵਰਗ ਦੇ ਲੋਕ ਆਪੋ ਆਪਣੇ ਕੰਮਾਂ-ਕਾਰਾਂ ਲਈ ਜਾਂਦੇ ਹਨ।ਇਹ ਰੇਲਵੇ ਸਟੇਸ਼ਨ ਪਿੰਡ ਤੋਂ ਲੱਗਭੱਗ ਡੇਢ ਕਿੱਲੋਮੀਟਰ 'ਤੇ ਹੈ।ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਡਾਇਰੈਕਟਰ ਜਨਰਲ ਪੁਲਸ ਰੇਲਵੇਜ਼ ਪੰਜਾਬ ਵੱਲੋਂ ਰੇਲਵੇ ਸਟੇਸ਼ਨ ਛਾਜਲੀ ਸਮੇਤ ਰੇਲਵੇ ਸਟੇਸ਼ਨਾਂ 'ਤੇ ਬਣੀਆਂ ਪੰਜਾਬ ਦੇ ਅੱਠ ਜ਼ਿਲ੍ਹਿਆਂ ਦੀਆਂ ਬਾਰਾਂ ਅਸਾਲਟ ਪੋਸਟਾਂ ਨੂੰ ਹਟਾ ਕੇ ਉਥੇ ਤਾਇਨਾਤ ਕਰਮਚਾਰੀਆਂ ਨੂੰ ਦੂਜਿਆਂ ਥਾਣਿਆਂ/ਚੌਕੀਆਂ 'ਚ ਤਬਦੀਲ ਕਰ ਦਿੱਤਾ ਗਿਆ ਹੈ।ਰੇਲਵੇ ਸਟੇਸ਼ਨ ਤੋਂ ਅਸਾਲਟ ਪੋਸਟ (ਜੀ ਆਰ ਪੀ ਚੌਕੀ) ਨੂੰ ਹਟਾਉਣ ਨਾਲ ਰੇਲਵੇ 'ਚ ਸਫ਼ਰ ਕਰਨ ਵਾਲੇ ਲੋਕਾਂ ਦੀ ਅਸੁਰੱਖਿਅਤ ਦਾ ਮਸਲਾ ਵੀ ਬਣਿਆ ਹੋਇਆ ਹੈ।

ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਸਟੇਸ਼ਨ ਤੋਂ ਲੰਘਣ ਵਾਲੀਆਂ ਰੇਲਾਂ ਰੋਕੀਆਂ ਜਾਣ ਤੇ ਸਟੇਸ਼ਨ ਤੋਂ ਹਟਾਈ ਚੌਕੀ ਬਹਾਲ ਕੀਤੀ ਜਾਵੇ।ਮੰਗ ਕਰਨ ਵਾਲਿਆਂ ਵਿੱਚ ਪਿੰਡਾਂ ਦੀਆਂ ਪੰਚਾਇਤਾਂ, ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਜਨਤਕ ਜਥੇਬੰਦੀਆਂ ਤੋਂ ਬਿਨਾਂ ਸਰਪੰਚ ਪਰਮਿੰਦਰ ਕੌਰ ਛਾਜਲੀ, ਇੰਦਰਜੀਤ ਸਿੰਘ (ਬਾਵਾ ਧਾਲੀਵਾਲ), ਸੁਖਵਿੰਦਰ ਸਿੰਘ ਉਗਰਾਹਾਂ, ਸਰਪੰਚ ਮਨਜੀਤ ਕੌਰ ਨੀਲੋਵਾਲ, ਸਰਪੰਚ ਗੁਰਜੰਟ ਸਿੰਘ ਸੰਗਤੀਵਾਲਾ, ਜਥੇਦਾਰ ਭਰਪੂਰ ਸਿੰਘ ਕਾਹਲ, ਜੀਤ ਸਿੰਘ ਧਾਲੀਵਾਲ ਸਾਬਕਾ ਸਰਪੰਚ ਛਾਜਲੀ, ਬਿਕਰਮਜੀਤ ਸਿੰਘ ਵਿੱਕੀ ਛਾਜਲੀ, ਅਕਾਲੀ ਦਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਤਾਰ ਸਿੰਘ ਗੋਬਿੰਦਗੜ੍ਹ ਜੇਜੀਆ, ਸਰਪੰਚ ਗੁਰਮੇਲ ਸਿੰਘ ਖੋਖਰ ਖੁਰਦ, ਸਰਪੰਚ ਰਾਮ ਸਿੰਘ ਖੋਖਰ ਕਲਾਂ, ਸਰਪੰਚ ਸਤਨਾਮ ਸਿੰਘ ਮੈਦੇਵਾਸ, ਬਲਾਕ ਸੰਮਤੀ ਮੈਂਬਰ ਕੁਲਦੀਪ ਕੌਰ, ਹਰਵਿੰਦਰ ਸਿੰਘ ਮੰਡੇਰ, ਹਰਬੰਸ ਸਿੰਘ ਸੂਚ, ਕੁਲਵਿੰਦਰ ਸਿੰਘ ਛਾਜਲੀ ਖੇਡ ਪ੍ਰਮੋਟਰ, ਨਰਿੰਦਰ ਸਿੰਘ ਸੰਗਤੀਵਾਲਾ, ਸਰਪੰਚ ਮਨਦੀਪ ਸਿੰਘ ਸੋਨੀ ਛਾਜਲਾ, ਡਾਕਟਰ ਸਤਗੁਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਪ੍ਰਧਾਨ ਜਗਤਾਰ ਸਿੰਘ ਤਾਰਾ, ਆਪ ਪ੍ਰਧਾਨ ਗੁਰਬਿਆਸ ਸਿੰਘ ਖੰਗੂੜਾ, ਪ੍ਰਧਾਨ ਨਿਰਮਲ ਸਿੰਘ ਖੰਗੂੜਾ, ਗੁਰਚਰਨ ਸਿੰਘ ਢੀਂਡਸਾ ਤੇ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਰਣਜੀਤ ਸਿੰਘ ਛਾਜਲਾ ਆਦਿ ਸ਼ਾਮਲ ਹਨ।

## ਸਹਿਜੋ ਮਾਜਰੇ ਦਾ ਸਾਲਾਨਾ ਦੰਗਲ ਮੇਲਾ 14 ਨੂੰ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੌਂਕੀ ਸ਼ਰਮਾ)**-ਪਿੰਡ ਸਹਿਜੋ ਮਾਜਰੇ ਦਾ ਸਾਲਾਨਾ ਦੰਗਲ ਮੇਲਾ 14 ਸਤੰਬਰ ਨੂੰ ਸਮੂਹ ਗਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗਾਇਕ ਹਰਜਿੰਦਰ ਸਿੰਘ ਉਰਫ ਇੰਦੀ ਦਿਓਲ ਨੇ ਦੱਸਿਆ ਕਿ ਇਸ ਦੰਹਲ ਮੇਲੇ 'ਚ ਹਰ ਵਾਰੀ ਝੰਡੀਆਂ ਦੀਆਂ ਕੁਸ਼ਤੀਆਂ 'ਚ 4-4 ਮੋਟਰਸਾਈਕਲ, ਸੋਨੇ ਦੀਆਂ ਮੁੰਦੀਆਂ ਤੇ ਝੋਟੀਆਂ ਨਾਲ ਭਲਵਾਨਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ।ਹਰਜਿੰਦਰ ਸਿੰਘ ਉਰਫ ਇੰਦੀ ਦਿਓਲ ਵੀ ਆਪਣੇ ਪਿਤਾ ਸਵ. ਸੁਰਮੁੱਖ ਸਿੰਘ ਦੀ ਯਾਦ ਵਿੱਚ ਪਿਛਲੇ ਕੁੱਝ ਸਾਲਾਂ ਤੋਂ ਮੋਟਸਾਈਕਲ ਇਨਾਮ ਵਜੋਂ ਦੇਣ ਦੀ ਸੇਵਾ ਨਿਭਾਅ ਰਹੇ ਹਨ।ਇਸ ਮੌਕੇ ਪੁਹੰਚ ਰਹੇ ਪਹਿਲਵਾਨਾਂ ਵਿੱਚ ਪ੍ਰਿਤਪਾਲ ਫਗਵਾੜਾ, ਮਿਰਜ਼ਾ ਇਰਾਨੀ, ਭੁਪਿੰਦਰ ਅਜਨਾਲਾ, ਗੌਰਵ ਮਾਛੀਵਾੜਾ, ਪਰਮਿੰਦਰ ਕੋਹਲੀ, ਤੇ ਹੋਰ ਚੋਟੀ ਦੇ ਪਹਿਲਵਾਨ ਪਹੁੰਚ ਰਹੇ ਹਨ।ਇੰਦੀ ਦਿਓਲ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਿਆਂ ਨੂੰ ਤਿਆਗ ਕੇ ਜਿੰਮ ਜਾਂ ਪਹਿਲਵਾਨੀ ਜੁਆਇਨ ਕਰੋ, ਜਿਸ ਨਾਲ ਤੁਹਾਡੇ ਪਰਿਵਾਰ ਤੇ ਇਲਾਕੇ ਦਾ ਨਾਮ ਰੌਸ਼ਨ ਹੋਵੇ।ਇਸ ਮੌਕੇ ਕਮੇਟੀ ਮੈਂਬਰ ਸੁਰਿੰਦਰਪਾਲ, ਲਖਵਿੰਦਰ ਸਿੰਘ, ਅਮਰਿੰਦਰ ਸਿੰਘ ਕਾਲਾ, ਜੈਲਾ, ਬਚਨ ਲੰਬੜਦਾਰ, ਸੁਰਿੰਦਰ ਸਿੰਘ, ਆਸ਼ੂ, ਸ਼ਿਕੰਦਰ ਸਿੰਘ, ਪਰਮਜੀਤ ਸਿੰਘ, ਤਾਰਾ ਪੰਚ ਅਤੇ ਕਮਲ ਤੋਂ ਇਲਾਵਾ ਹੋਰ ਮੈਂਬਰ ਸ਼ਾਮਲ ਸਨ।

## ਪੈਟਰੋਲ, ਡੀਜ਼ਲ ਤੇ ਬਿਜਲੀ ਰੇਟਾਂ 'ਚ ਵਾਧੇ ਦੀ ਨਿੰਦਾ

**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਨਾਰੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਪੈਟਰੋਲ ਪਦਾਰਥਾਂ ਦੀਆਂ ਕੀਮਤਾਂ 'ਚ ਬੇਲੋੜੇ ਵਾਧੇ ਤੇ ਬਿਜਲੀ ਫੀਸਾਂ ਵਿੱਚ 7 ਕਿੱਲੋਵਾਟ ਤੱਕ ਬਿਜਲੀ ਦੇ ਬਿਲਾਂ ਵਿੱਚ ਪ੍ਰਤੀ ਯੂਨਿਟ ਤਿੰਨ ਰੁਪਏ ਵਾਧਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਉਨ੍ਹਾ ਕਿਹਾ ਕਿ ਆਮ ਲੋਕਾਂ ਨੂੰ ਰਾਹਤ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦਾ ਖ਼ੂਨ ਚੂਸਣ 'ਤੇ ਉਤਾਰੂ ਹੋ ਗਈ ਹੈ।ਉਨ੍ਹਾਂ ਕਿਹਾ ਕਿ ਆਪਣੇ ਚਹੇਤਿਆਂ ਨੂੰ ਖ਼ੁਸ਼ ਕਰਨ ਦੀਆਂ ਕੋਸ਼ਿਸ਼ਾਂ ਤੇ ਇਸ਼ਤਿਹਾਰਬਾਜ਼ੀ ਵਿੱਚ ਅਰਬਾਂ ਰੁਪਏ ਖਰਚ ਕਰਨ ਵਾਲੀ ਇਹ ਪਾਰਟੀ ਆਪਣੇ ਕਥਿਤ ਮੂਲ ਸਿਧਾਂਤਾਂ ਤੋਂ ਬੁਰੀ ਤਰ੍ਹਾਂ ਭਟਕ ਚੁੱਕੀ ਹੈ।ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ 'ਚ ਨਾਕਾਮ ਹੋ ਕੇ ਲੋਕਾਂ ਦੇ ਭਰੋਸੇ ਨਾਲ ਧੋਖਾ ਕੀਤਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਵਾਂਗ ਰਹਿਣ ਦੇ ਸੁਪਨੇ ਦਿਖਾ ਕੇ ਵੋਟਾਂ ਲੈਣ ਵਾਲੀ ਭਗਵੰਤ ਮਾਨ ਸਰਕਾਰ ਦੇ ਲੀਡਰ ਖੁਦ ਵੀ.ਆਈ.ਪੀ. ਕਲਚਰ ਵਿੱਚ ਰਾਜਿਆਂ ਵਾਂਗ ਰਹਿ ਰਹੇ ਹਨ ਤੇ ਪੰਜਾਬੀਆਂ ਨੂੰ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਦੇ ਬੋਝ ਹੇਠ ਦੱਬ ਰਹੇ ਹਨ।

# ਕਮਿਊਨਿਟੀ ਹੈੱਲਥ ਸੈਂਟਰ 'ਚ ਡਾਕਟਰਾਂ ਦੀ ਘਾਟ ਵਿਰੁੱਧ ਰੋਸ ਪ੍ਰਦਰਸ਼ਨ

## ਜੇਕਰ ਭਲਕ ਤੱਕ ਡਾਕਟਰ ਨਾ ਭੇਜੇ ਤਾਂ ਕਰਾਂਗੇ ਚੱਕਾ ਜਾਮ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ ਵਿਖੇ ਡਾਕਟਰਾਂ ਦੀ ਘਾਟ ਨੂੰ ਲੈ ਕੇ ਸਥਾਨਕ ਲੋਕਾਂ ਵਲੋਂ ਭਾਈ ਲਾਲੋ ਪੰਜਾਬੀ ਮੰਚ ਮਹਿਲ ਕਲਾਂ, ਬੀ.ਕੇ.ਯੂ. ਕਾਦੀਆਂ, ਬੀ.ਕੇ.ਯੂ. ਡਕੌਂਦਾ ਦੀ ਅਗਵਾਈ ਹੇਠ ਸੂਬਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਲੋਕਾਂ ਨੂੰ ਆਧੁਨਿਕ ਸਿਹਤ ਸਹੂਲਤਾਂ ਮੁਹੱਈਆ ਕਰਵਾਉ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਇਨ੍ਹਾਂ ਦਾਅਵਿਆਂ 'ਚ ਕੋਈ ਸੱਚਾਈ ਨਹੀਂ ਹੈ।ਹਾਲਾਤ ਇਹ ਹਨ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਉੱਸਰੇ ਹਸਪਤਾਲਾਂ 'ਚ ਮਰੀਜ਼ਾਂ ਦੀ ਮੁਢਲੀ ਜਾਂ ਵਾਸਤੇ ਇਕ ਵੀ ਡਾਕਟਰ ਤੱਕ ਨਹੀਂ ਹੈ।ਇਲਾਜ ਕਰਵਾਉਣ ਲਈ ਆਏ ਦਰਜਨਾਂ ਪਿੰਡਾਂ ਦੇ ਮਰੀਜ਼ ਇੱਥੋਂ ਨਿਰਾਸ਼ ਹੋ ਕੇ ਵਾਪਸ ਮੁੜਦੇ ਹਨ।ਸਥਾਨਕ ਅਧਿਕਾਰੀਆਂ ਵਲੋਂ ਡਿਮਾਂਡ ਭੇਜਣ ਦੇ ਬਾਵਜੂਦ ਮਹਿਕਮੇ ਦੇ ਉੱਚ ਅਧਿਕਾਰੀ ਲੋਕਾਂ ਦੀ ਇਸ ਮੁਸ਼ਕਲ ਨੂੰ ਹੱਲ ਕਰਵਾਉਣ ਲਈ ਸੁਹਿਰਦ ਨਹੀਂ ਹਨ। ਮੰਗਤ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰਾਂ ਦੀ ਸ਼ਹਿ ਨਾਲ ਸਿਹਤ ਸੇਵਾਵਾਂ 'ਤੇ ਹੁਣ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਚੁੱਕਾ ਹੈ, ਸਰਕਾਰੀ ਹਸਪਤਾਲਾਂ ਨੂੰ ਜਾਣਬੁੱਝ ਕੇ ਫ਼ੇਲ੍ਹ ਕਰ ਕੇ ਪ੍ਰਾਈਵੇਟ ਹਸਪਤਾਲਾਂ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਇਆ ਜਾ ਰਿਹਾ ਹੈ। ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਸੁੱਤੇ ਪਏ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤ ਲਈ ਜਥੇਬੰਦ ਹੋਣ ਦਾ ਸੰਦੇਸ਼ ਦਿੱਤਾ।ਆਗੂਆਂ ਨੇ ਐੱਸ.ਐੱਮ.ਓ. ਮਹਿਲ ਕਲਾਂ ਨੂੰ ਮੰਗ ਪੱਤਰ ਦੇਣ ਉਪਰੰਤ ਐਲਾਨ ਕੀਤਾ ਕਿ ਜੇਕਰ 9 ਸਤੰਬਰ ਤੱਕ ਇੱਥੇ ਸਥਾਈ ਤੌਰ 'ਤੇ ਡਾਕਟਰਾਂ ਦੀ ਨਿਯੁਕਤੀ ਨਾ ਕੀਤੀ ਗਈ ਤਾਂ ਲੁਧਿਆਣਾ-ਬਠਿੰਡਾ ਮੁੱਖ ਮਾਰਗ ਜਾਮ ਕਰਨ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ।ਇਸ ਸਮੇਂ ਸੁਰਿੰਦਰ ਕੁਮਾਰ ਕਾਲਾ, ਜੱਗਾ ਸਿੰਘ, ਅਮਨਦੀਪ ਸਿੰਘ ਸਿੱਧੂ, ਰਾਜਾ ਘੁੰਮਾਣ, ਮਲਕੀਤ ਸਿੰਘ ਬੀ.ਕੇ.ਯੂ. ਕਾਦੀਆਂ, ਸਾਧੂ ਸਿੰਘ ਜੌਹਲ, ਗੁਰਦੀਪ ਸਿੰਘ, ਮਨਦੀਪ ਕੌਰ, ਜਸਵੰਤ ਕੌਰ ਟਿਵਾਣਾ, ਜਸਵੀਰ ਕੌਰ, ਪਰਮਜੀਤ ਸਿੰਘ ਪੰਮਾ, ਅਮਰਜੀਤ ਸਿੰਘ ਬੱਸੀਆਂ ਵਾਲੇ ਆਦਿ ਹਾਜ਼ਰ ਸਨ।

# ਕਾਂਗਰਸ ਆਗੂਆਂ ਵੱਲੋਂ ਪੈਟਰੋਲ, ਡੀਜ਼ਲ ਤੇ ਬਿਜਲੀ ਕੀਮਤਾਂ 'ਚ ਵਾਧੇ ਦੀ ਨਿੰਦਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਹੰਸ ਰਾਜ ਗੁਪਤਾ, ਗੁਰਬਖ਼ਸ਼ ਸਿੰਘ ਗੁੱਡੂ, ਗੁਰਪਿਆਰ ਸਿੰਘ ਧੂਰਾ, ਜਗਤਾਰ ਸਿੰਘ ਤਾਰਾ ਬੇਨੜਾ ਤੇ ਹਰਦੀਪ ਸਿੰਘ ਦੌਲਤਪੁਰ ਨੇ ਇਥੇ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ 'ਚ ਬਦਲਾਅ ਦੇ ਸੁਪਨੇ ਦਿਖਾ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਖੁਦ ਨਜ਼ਾਰੇ ਲੈਂਦੇ ਹੋਏ ਲੋਕਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ 'ਤੇ ਤੁਲੀ ਹੋਈ ਹੈ।ਉਨ੍ਹਾਂ ਕਿਹਾ ਕਿ ਬੀਤੇ ਦਿਨ ਪੰਜਾਬ ਦੇ ਲੋਕਾਂ ਨੂੰ ਬਦਲਾਅ ਦਾ ਤੋਹਫ਼ਾ ਦਿੰਦਿਆਂ ਸਰਕਾਰ ਨੇ ਵੈਟ ਲਗਾ ਕੇ ਪੈਟਰੋਲ ਤੇ ਡੀਜ਼ਲ ਨੂੰ ਕਰੀਬ ਇੱਕ ਰੁਪਏ ਮਹਿੰਗਾ ਕਰ ਦਿੱਤਾ, ਉੱਥੇ ਹੀ ਦੂਜੇ ਪਾਸੇ ਬੱਸਾਂ ਦੇ ਕਿਰਾਏ ਵਿੱਚ ਵੀ 23 ਪੈਸੇ ਪ੍ਰਤੀ ਕਿਲੋਮੀਟਰ ਦਾ ਵਾਧਾ ਕਰਕੇ ਗਰੀਬਾਂ ਦਾ ਸਫਰ ਮਹਿੰਗਾ ਕਰਨ ਦਾ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਅੱਜਕੱਲ੍ਹ ਹਰ ਘਰ ਵਿੱਚ ਦੋ ਤੋਂ ਤਿੰਨ ਏ ਸੀ ਚੱਲਦੇ ਹਨ, ਅਜਿਹੇ ਵਿੱਚ ਤਕਰੀਬਨ ਘਰਾਂ ਵਿੱਚ ਲੋਡ 7 ਕਿੱਲੋ ਵਾਟ ਤੱਕ ਹੈ ਅਤੇ ਪਿਛਲੀਆਂ ਸਰਕਾਰਾਂ ਵੱਲੋਂ ਇਸ ਵਿੱਚ 3 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਸੀ, ਜੋ ਕਿ ਮਾਨ ਸਰਕਾਰ ਵੱਲੋਂ ਬੰਦ ਕਰ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ, ਜਿਸ ਕਾਰਨ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਕਾਲ ਦਾ ਨਿਵਾਲਾ ਬਣ ਰਹੇ ਹਨ।

ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਜੇ ਵੀ ਸਮਾਂ ਹੈ ਕਿ ਉਹ ਕਾਂਗਰਸ ਦਾ ਸਾਥ ਦੇਣ ਤੇ ਇਸ ਦੇ ਹੱਥ ਮਜ਼ਬੂਤ ਕਰਨ, ਤਾਂ ਜੋ ਇਸ ਇਸ਼ਤਿਹਾਰਬਾਜ਼ੀ ਵਾਲੀ ਸਰਕਾਰ ਨੂੰ ਚੱਲਦਾ ਕੀਤਾ ਜਾ ਸਕੇ ਤੇ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਬਣਾਇਆ ਜਾ ਸਕੇ।ਇਸ ਮੌਕੇ ਸਰਪੰਚ ਮਿੱਠੂ ਲੱਡਾ ਤੋਂ ਇਲਾਵਾ ਇੰਦਰਪਾਲ ਸਿੰਘ ਗੋਲਡੀ, ਦੀਦਾਰ ਸਿੰਘ ਰੰਗੀਆਂ, ਗੁਰਸੇਵਕ ਸਿੰਘ ਸੇਬੀ ਕਾਂਝਲਾ (ਤਿੰਨੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ), ਕਾਂਗਰਸੀ ਆਗੂ ਪ੍ਰੇਮ ਕੁਮਾਰ, ਚਮਕੌਰ ਸਿੰਘ ਕੁੰਬੜਵਾਲ ਸਾਬਕਾ ਚੇਅਰਮੈਨ, ਨਰਪਿੰਦਰ ਸਿੰਘ, ਰਾਜੀਵ ਚੌਧਰੀ (ਦੋਵੇਂ ਕੌਂਸਲਰ) ਤੇ ਰਣਜੀਤ ਸਿੰਘ ਕਾਕਾ ਈਸੀ ਹਜ਼ਰ ਸਨ।

## ਭਜਨ ਗਾਇਕ ਪਵਨ ਮੱਕੜ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ



ਬਲਾਕ ਪ੍ਰਧਾਨ ਪ੍ਰਵੀਨ ਮੱਕੜ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਚਾਚਾ ਤੇ ਰਾਮਲੀਲ੍ਹਾ ਕਮੇਟੀ ਦੇ ਡਾਇਰੈਕਟਰ ਅਤੇ ਪ੍ਰਸਿੱਧ ਭਜਨ ਗਾਇਕ ਪਵਨ ਮੱਕੜ (ਪੰਮੀ) ਦੇ 30 ਅਗਸਤ ਨੂੰ ਅਚਾਨਕ ਦੇਹਾਂਤ ਹੋਣ ਨਾਲ ਮੱਕੜ ਪਰਿਵਾਰ ਨੂੰ ਡੂੰਘਾ ਸਦਮਾ ਲੱਗਿਆ।ਸਵ. ਪਵਨ ਮੱਕੜ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 9 ਸਤੰਬਰ ਨੂੰ ਕਮਿਊਨਿਟੀ ਸੈਂਟਰ, ਨੇੜੇ ਬੱਸ ਸਟੈਂਡ, ਮਾਛੀਵਾੜਾ ਸਾਹਿਬ ਵਿਖੇ 1 ਤੋਂ 2 ਵਜੇ ਤੱਕ ਪਾਇਆ ਜਾਵੇਗਾ।ਇਸ ਸਮੇਂ ਉੱਘੇ ਪੰਜਾਬੀ ਗਾਇਕ ਇੰਦੀ ਦਿਓਲ ਨੇ ਕਿਹਾ ਕਿ ਪਵਨ ਮੱਕੜ ਬਹੁਤ ਵਧੀਆ ਲੇਖਕ ਤੇ ਗਾਇਕ ਹੋਣ ਦੇ ਨਾਲ ਨਾਲ 40-45 ਸਾਲ ਤੋਂ ਰਾਮਲੀਲ੍ਹਾ ਵਿੱਚ ਵਧੀਆ ਰੋਲ ਅਦਾ ਕਰ ਰਹੇ ਸਨ ਤੇ ਹਰ ਜਗ੍ਹਾ ਜਾਗਰਣ ਮੌਕੇ ਸਵ. ਪਵਨ ਮੱਕੜ (ਪੰਮੀ) ਦੀ ਗਾਇਕੀ ਦੀ ਚਰਚਾ ਹੁੰਦੀ ਸੀ।ਇਸ ਮੌਕੇ ਐੱਮ ਐੱਲ ਏ ਜਗਤਾਰ ਸਿੰਘ ਦਿਆਲਪੁਰਾ, ਸੁਖਵਿੰਦਰ ਸਿੰਘ ਗਿੱਲ, ਜਸਬੀਰ ਸਿੰਘ ਗਿੱਲ, ਸੀ ਪੀ ਆਈ ਬਲਾਕ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਜਗਦੀਸ਼ ਰਾਏ ਬੌਬੀ, ਜਸਵਿੰਦਰ ਸਿੰਘ ਬੈਨੀਪਾਲ, ਆਸ਼ੂ ਕੌੜਾ, ਬਿਸ਼ਨਪਾਲ, ਪੰਕਜ ਕੁਮਾਰ, ਰਣਵੀਰ ਸਿੰਘ ਤੋਂ ਇਲਾਵਾ ਹੋਰ ਸਿਆਸੀ ਤੇ ਗੈਰ-ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ।

# ਸੈਨ ਵੈੱਲਫੇਅਰ ਸਭਾ ਨੇ ਸਪੀਕਰ ਨੂੰ ਦਿੱਤਾ ਮੰਗ ਪੱਤਰ



**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤੀ ਕਿਸਾਨ ਏਕਤਾ ਸੈਨ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਪ੍ਰਗਟ ਸਿੰਘ ਧੀਰਾ ਪੱਤਰਾ ਦੀ ਅਗਵਾਈ ਵਿੱਚ ਪੂਰੀ ਟੀਮ ਨਾਲ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਸਮਾਜ ਦੀਆਂ ਮੰਗਾਂ ਬਾਰੇ ਵਿਚਾਰ ਚਰਚਾ ਕਰਨ ਲਈ ਮੀਟਿੰਗ ਕੀਤੀ ਗਈ।ਸਮਾਜ ਦੀਆਂ ਮੰਗਾਂ ਬਾਰੇ ਵੇਰਵੇ ਸਹਿਤ ਚਰਚਾ ਕੀਤੀ ਗਈ ਤੇ ਮੰਗ ਕੀਤੀ ਗਈ ਕਿ ਕਿ ਸੈਨ ਸਮਾਜ ਤੇ ਓ ਬੀ ਸੀ ਨੂੰ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ 27 ਪ੍ਰਤੀਸ਼ਤ ਰਾਖਵਾਂਕਰਨ ਯਕੀਨੀ ਬਣਾਇਆ ਜਾਵੇ, ਜਿਸ ਦੇ ਅਧਾਰ 'ਤੇ ਲੋਕ ਸਭਾ, ਵਿਧਾਨ ਸਭਾ, ਪੰਚਾਇਤੀ ਰਾਜ ਤੇ ਸਥਾਨਕ ਸਕਕਾਰਾਂ ਚੋਣਾਂ ਵਿੱਚ 27 ਪ੍ਰਤੀਸ਼ਤ ਕੋਟਾ ਵੀ ਦਿੱਤਾ ਜਾਵੇ।ਭਗਤ ਸੈਨ ਜੀ ਦੇ ਜਨਮ ਦਿਹਾੜੇ 'ਤੇ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਜਾਵੇ ।ਸੈਨ ਭਗਤ ਜੀ ਦਾ ਪੰਜਾਬ ਸਰਕਾਰ ਵੱਲੋਂ ਜੋ ਸੈਨ ਵੈੱਲਫੇਅਰ ਬੋਰਡ ਬਣਾਇਆ ਹੋਇਆ ਹੈ, ਉਸ ਦਾ ਚੇਅਰਮੈਨ ਤੇ ਮੈਂਬਰ ਨਹੀਂ ਲਾਏ ਗਏ, ਨੂੰ ਲਾਇਆ ਜਾਵੇ।ਪਿਛਲੇ ਪੰਜ ਸਾਲ ਦੇ ਸਮੇਂ ਤੋਂ ਕਿਸਾਨਾਂ ਦੀਆਂ ਮੰਗਾਂ ਲਟਕੀਆਂ ਹੋਈਆਂ ਹਨ, ਉਨ੍ਹਾਂ ਸਾਰੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ।ਸੈਨ ਭਗਤ ਤੇ ਭਾਈ ਸਾਹਿਬ ਸਿੰਘ ਦੇ ਨਾਮ 'ਤੇ ਮਾਰਗ ਤੇ ਚੌਕ ਬਣਵਾਏ ਜਾਣ ਅਤੇ ਸਕੂਲਾਂ ਅਤੇ ਕਾਲਜਾਂ ਵਿੱਚ ਬੱਚਿਆਂ ਨੂੰ ਫ੍ਰੀ ਵਿੱਦਿਆ ਦਾ ਐਲਾਨ ਕੀਤਾ ਜਾਵੇ।

ਸੂਬਾ ਪ੍ਰਧਾਨ ਡਾਕਟਰ ਪ੍ਰਗਟ ਸਿੰਘ ਤੇ ਜਰਨਲ ਸਕੱਤਰ ਬੂਟਾ ਸਿੰਘ ਰੱਤੀ ਰੋੜੀ, ਖਜ਼ਾਨਚੀ ਕੁਲਵੰਤ ਸਿੰਘ ਤੇ ਪ੍ਰਧਾਨ ਮੇਜਰ ਸਿੰਘ ਜੈਤੋ, ਪ੍ਰਧਾਨ ਬਿੰਦਰ ਸਿੰਘ ਪੰਜ ਗਰਾਈਆਂ, ਪਵਨ ਕੁਮਾਰ ਸਰਪ੍ਰਸਤ ਸੈਨ ਮਹਾ ਸਭਾ ਤੇ ਕਰਾਰ ਮਲ ਨੇ ਕੁਲਤਾਰ ਸਿੰਘ ਸੰਧਵਾਂ ਤੋਂ ਉਮੀਦ ਜ਼ਾਹਰ ਕੀਤੀ ਕਿ ਉਹ ਸਾਡੇ ਸਮਾਜ ਦੀਆਂ ਵਾਜਬ ਮੰਗਾਂ ਦਾ ਨਿਵਾਰਨ ਕਰਾਉਣਗੇ।ਸਪੀਕਰ ਸਾਹਿਬ ਵੱਲੋਂ ਵੀ ਪ੍ਰਧਾਨ ਧੀਰਾ ਪੱਤਰਾ ਨੂੰ ਮੰਗ ਦੇ ਹੱਲ ਲਈ ਸਾਰਥਕ ਕਦਮ ਚੁੱਕਣ ਦਾ ਯਕੀਨ ਦਿਵਾਇਆ।ਪ੍ਰਧਾਨ ਭਾਕਿਏ ਸੈਨ ਵੈੱਲਫੇਅਰ ਸਭਾ ਨੇ ਸਪੀਕਰ ਸੰਧਵਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਲਾਵਾਰਸ ਹਾਲਤ 'ਚ ਮਿਲੇ ਬੱਚਿਆਂ ਨੂੰ ਬਾਲ ਘਰ ਭੇਜਿਆ : ਮਹਿਮੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੇ ਲਾਵਾਰਸ ਹਾਲਤ ਵਿੱਚ ਮਿਲੇ 3 ਬੱਚਿਆਂ ਦੀ ਸੰਭਾਲ ਕਰ ਕੇ ਬਾਲ ਘਰ ਵਿੱਚ ਭੇਜ ਦਿੱਤਾ ਹੈ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਨੇ ਦੱਸਿਆ ਕਿ ਬੀਤੇ ਦਿਨੀਂ 3 ਬੱਚਿਆਂ ਸਬੰਧੀ ਸੂਚਨਾਂ ਬਾਲ ਭਲਾਈ ਕਮੇਟੀ ਨੂੰ ਮਿਲੀ ਸੀ, ਜਿਸ 'ਤੇ ਕਾਰਵਾਈ ਕਰਦਿਆਂ ਬੱਚਿਆਂ ਨੂੰ ਬਾਲ ਭਲਾਈ ਕਮੇਟੀ ਕੋਲ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਰੇਲਵੇ ਲਾਇਨ ਸਰਹਿੰਦ ਨੇੜਿਓਂ ਗਊਸ਼ਾਲਾ ਕੋਲੋਂ ਦੋ ਬੱਚੀਆਂ ਲਕਸ਼ਮੀ ਉਮਰ ਛੇ ਸਾਲ ਤੇ ਰਾਣੀ ਉਮਰ ਚਾਰ ਸਾਲ ਲਵਾਰਸ ਹਾਲਤ ਵਿੱਚ ਮਿਲੀਆਂ।ਇਨ੍ਹਾਂ ਬਾਰੇ ਇਤਲਾਹ ਨਰਿੰਦਰ ਕੁਮਾਰ ਪ੍ਰਿੰਸ ਨੇ ਬਾਲ ਭਲਾਈ ਕਮੇਟੀ ਨੂੰ ਦਿੱਤੀ ਸੀ।ਮਿਲੀ ਸੂਚਨਾ 'ਤੇ ਫੌਰੀ ਕਾਰਵਾਈ ਕਰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਨੇ ਉਸੇ ਵਕਤ ਇਸ ਕੇਸ ਸਬੰਧੀ ਬਾਲ ਭਲਾਈ ਕਮੇਟੀ ਨਾਲ ਤਾਲਮੇਲ ਕਰ ਕੇ 2 ਬੱਚੀਆਂ ਰਾਣੀ ਤੇ ਲਕਸ਼ਮੀ ਨੂੰ ਸ੍ਰੀ ਗੁਰਮੀਤ ਸਿੰਘ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਤਹਿਗੜ੍ਹ ਸਾਹਿਬ ਦੇ ਅਧੀਨ ਆਉਂਦੇ ਸਖੀ ਵਨ ਸਟਾਪ ਸੈਂਟਰ ਵਿਖੇ ਪੁਲਸ ਸੁਰੱਖਿਆ ਨਾਲ ਛੱਡਿਆ ਤੇ ਨੇੜਲੇ ਪਾਰਕ ਵਿੱਚੋਂ ਮਿਲੇ ਬੱਚੇ ਅੰਸ਼ੂ ਨੂੰ ਫਿੱਟ ਪਰਸਨ ਰੰਜਨਾ ਸ਼ਰਮਾ ਦੇ ਘਰ ਛੱਡਿਆ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਬੱਚਿਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਉਹਨਾਂ ਦਾ ਪਿਤਾ ਮਜ਼ਦੂਰੀ ਦਾ ਕੰਮ ਕਰਦਾ ਹੈ ਅਤੇ ਅੱਜ ਕੁੱਟਮਾਰ ਕਰਕੇ ਉਨ੍ਹਾਂ ਨੂੰ ਇੱਥੇ ਛੱਡ ਕੇ ਚਲਾ ਗਿਆ ਹੈ।ਬੱਚੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਅੰਸ਼ੂ ਉਮਰ ਸੱਤ ਸਾਲ ਨੇੜਲੇ ਪਾਰਕ ਵਿੱਚ ਖੇਡ ਰਿਹਾ ਹੈ ਤਾਂ ਬੱਚੇ ਅੰਸ਼ੂ ਨੂੰ ਵੀ ਰੈਸਕਿਊ ਕੀਤਾ ਗਿਆ।ਬੱਚਿਆਂ ਨੇ ਕਾਊਂਸਲਿੰਗ ਦੌਰਾਨ ਦੱਸਿਆ ਕਿ ਉਨ੍ਹਾਂ ਦੀ ਮਾਂ ਉਨ੍ਹਾਂ ਨੂੰ ਛੱਡ ਕੇ ਚਲੀ ਗਈ ਹੈ ਤੇ ਪਿਤਾ ਸ਼ਰਾਬ ਪੀ ਕੇ ਉਨ੍ਹਾਂ ਦੀ ਕੁੱਟਮਾਰ ਕਰਦਾ ਹੈ। ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਬੱਚਿਆਂ ਦਾ ਮੈਡੀਕਲ ਕਰਵਾ ਕੇ ਬਾਲ ਭਲਾਈ ਕਮੇਟੀ ਦੇ ਚੇਅਰਮੈਨ ਅਨਿਲ ਗੁਪਤਾ, ਮੈਂਬਰ ਨਮਰਤਾ ਸ਼ਰਮਾ, ਵਰਿੰਦਰ ਕੌਰ, ਮਨੀਸ਼ਾ ਭਾਰਦਵਾਜ ਤੇ ਗਗਨਦੀਪ ਸਿੰਘ ਗੁਰਾਇਆ ਵੱਲੋਂ ਬੱਚਿਆਂ ਨੂੰ ਬਾਲ ਘਰ ਛੱਡਣ ਦਾ ਫੈਸਲਾ ਲਿਆ ਗਿਆ।

# Deep Finance LTD

Regd. Office. Garha Road, Opp. Radio Station
Jalandhar City Pujab-144001
CIN : U65921PB1995PLC015859
E-Mail : deepfinancelimited@yahoo.com

## ਜਨਤਕ ਨੋਟਿਸ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸ੍ਰੀ ਸੰਜੇ ਕਟਾਰੀਆ ਪੁੱਤਰ ਸ੍ਰੀ ਮਨੋਹਰ ਲਾਲ ਕਟਾਰੀਆ ਵਾਸੀ ਮਕਾਨ ਨੰ. 71, ਖ਼ਜ਼ਾਨ ਖਾਨਾ, ਰਤਲਾਮ, ਮੱਧ ਪ੍ਰਦੇਸ਼-457001 ਅਤੇ ਸ੍ਰੀ ਰਤਨ ਲਾਲ ਕਟਾਰੀਆ ਪੁੱਤਰ ਸ੍ਰੀ ਪੰਨਾ ਲਾਲ ਕਟਾਰੀਆ ਵਾਸੀ ਮਕਾਨ ਨੰ. 50, ਖ਼ਾਸ ਬਜ਼ਾਰ, ਰਤਲਾਮ, ਮੱਧ ਪ੍ਰਦੇਸ਼-457001 ਮੈਸਰਜ਼ ਦੀਪ ਫਾਇਨੈਂਸ ਲਿਮਟਿਡ, ਕੰਪਨੀਜ਼ ਐਕਟ 1956 ਦੀਆਂ ਵਿਵਸਥਾਵਾਂ ਅਧੀਨ ਸੰਮਿਲਤ ਇੱਕ ਕੰਪਨੀ ਦੀ ਮੈਨੇਜਮੈਂਟ ਨੂੰ ਪ੍ਰਾਪਤ ਕਰਨ ਦਾ ਵਿਚਾਰ ਰੱਖਦੇ ਹਨ, ਜਿਸ ਦਾ ਰਜਿਸਟਰਡ ਦਫ਼ਤਰ ਗੜ੍ਹਾ ਰੋਡ, ਸਾਹਮਣੇ ਰੇਡੀਓ ਸਟੇਸ਼ਨ, ਜਲੰਧਰ ਸਿਟੀ, ਪੰਜਾਬ-144001 (ਇਸ ਤੋਂ ਬਾਅਦ 'ਦਾ ਕੰਪਨੀ' ਵਜੋਂ ਜਾਣਿਆ ਜਾਂਦਾ) ਰਿਜ਼ਰਵ ਬੈਂਕ ਆਫ ਇੰਡੀਆ ਦੀ ਪ੍ਰਵਾਨਗੀ 'ਤੇ ਪ੍ਰੋਮੋਟਰ ਅਤੇ ਡਾਇਰੈਕਟਰਾਂ ਨੂੰ ਨਿਯੁਕਤ ਕਰਨ। ਪ੍ਰਸਤਾਵਿਤ ਕਾਰਵਾਈ ਦਾ ਉਦੇਸ਼ ਕੰਪਨੀ ਦੇ ਬਿਜ਼ਨੈੱਸ ਕਾਰੋਬਾਰਾਂ ਨੂੰ ਮਜ਼ਬੂਤ ਕਰਨਾ ਅਤੇ ਇਸ 'ਚ ਵਿਸਥਾਰ ਕਰਨਾ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ ਹੈ।

ਕੰਪਨੀ ਦੀ ਮੈਨੇਜਮੈਂਟ 'ਚ ਪ੍ਰਸਤਾਵਿਤ ਤਬਦੀਲੀ 'ਤੇ ਇਤਰਾਜ਼ ਰੱਖਣ ਵਾਲਾ ਕੋਈ ਵਿਅਕਤੀ ਲੈਣਦਾਰਾਂ ਸਮੇਤ ਆਪਣੇ ਇਤਰਾਜ਼ ਬਾਰੇ ਕੰਪਨੀ ਨੂੰ ਰਜਿਸਟਰਡ ਦਫ਼ਤਰ ਜਾਂ ਗੈਰ-ਬੈਂਕਿੰਗ ਰੈਗੂਲੇਸ਼ਨ ਦੇ ਵਿਭਾਗ (ਡੀ ਓ ਆਰ) ਆਫ ਆਰ ਬੀ ਆਈ, ਸੈਂਟਰਲ ਵਿਸਟਾ, ਸੈਕਟਰ 17, ਚੰਡੀਗੜ੍ਹ-160017 ਵਿਖੇ ਖੇਤਰੀ ਦਫ਼ਤਰ ਨਾਲ ਇਸ ਜਨਤਕ ਨੋਟਿਸ ਦੀ ਮਿਤੀ ਤੋਂ 30 ਦਿਨਾਂ ਦੇ ਵਿੱਚ-ਵਿੱਚ ਲਿਖ ਸਕਦਾ ਹੈ।

ਉਕਤ ਨੋਟਿਸ ਮਾਸਟਰ ਡਾਇਰੈਕਸ਼ਨ-ਰਿਜ਼ਰਵ ਬੈਂਕ ਆਫ ਇੰਡੀਆ (ਗੈਰ-ਬੈਂਕਿੰਗ ਵਿੱਤੀ ਕੰਪਨੀ-ਸਕੇਲ ਅਧਾਰਤ ਰੈਗੂਲੇਸ਼ਨ) ਡਾਇਰੈਕਸ਼ਨ 2023, ਮਿਤੀ 19 ਅਕਤੂਬਰ 2023 ਅਤੇ ਟਰਾਂਸਫਰਰ (ਜ਼), ਟਰਾਂਸਫਰੀ (ਜ਼) ਅਤੇ ਕੰਪਨੀ ਦੁਆਰਾ ਸਾਂਝੇ ਤੌਰ 'ਤੇ ਰੈਗੂਲੇਸ਼ਨ ਮੁਤਾਬਕ ਪੈਰਾਗ੍ਰਾਫ 42.3 ਦੀਆਂ ਸ਼ਰਤਾਂ ਅਧੀਨ ਦਿੱਤਾ ਜਾਂਦਾ ਹੈ।

ਵੱਲੋਂ ਜਾਰੀ
ਦੀਪ ਫਾਇਨੈਂਸ ਲਿਮਟਿਡ (ਟਰਾਂਸਫਰਰ)
ਸ੍ਰੀ ਸੰਜੇ ਕਟਾਰੀਆ ਅਤੇ ਸ੍ਰੀ ਰਤਨ ਲਾਲ ਕਟਾਰੀਆ (ਟਰਾਂਸਫਰੀ)
ਮਿਤੀ 05/09/2024



# ਉੱਤਰ ਰੇਲਵੇ

## ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.177-2024-25-JAT-DRM-FZR & 178-2024-25-PTK-DRM-FZR ਤਾਰੀਕ 06.09.2024 ਸੀਨੀਅਰ ਮੰਡਲ ਇੰਜੀਨੀਅਰ-ਸੀ/ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 27.09.2024 ਸਮਾਂ 15:00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਨਜ਼ੂਰ ਨਹੀਂ ਹਨ ਅਤੇ ਅਜਿਹੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 04.09.2024 | 13.09.2024 | 27.09.2024 / 15:00 ਵਜੇ |

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 177-2024-25-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਤਵੀ ਦੇ ਅਨੁਭਾਗ ਵਿਚ ਜੰਮੂ ਤਵੀ ਰੇਲਵੇ ਸਟੇਸ਼ਨ ਤੇ ਵਾਸ਼ਿੰਗ ਲਾਈਨ ਨੰਬਰ 3 ਦੀ ਤੁਰੰਤ ਮੁਰੰਮਤ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 89,91,799.64/- | 1,79,800.00/- | 60 ਦਿਨ | 06 ਮਹੀਨੇ |
| | | ਸਮਾਨ ਨੇਚਰ ਦਾ ਕੰਮ - "ਕੋਈ ਵੀ ਸਿਵਿਲ ਕੰਮ ਜਿਸ ਵਿਚ ਕੰਕ੍ਰੀਟਿੰਗ ਦਾ ਕੰਮ ਸ਼ਾਮਲ ਹੋਵੇ" | | | |
| 2. | 178-2024-25-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਤਹਿਤ ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ ਤੇ ਧਾਰੀਵਾਲ ਸਟੇਸ਼ਨ ਤੇ ਗਡਸ ਸ਼ੈਡ ਦਾ ਉਨਨਤ/ਸਧਾਰ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 3,86,83,031.31/- | 3,43,400.00/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜ਼ਨ ਦੀ ਤੁਲਨਾ ਨਾਲ ਕਰਕੇ, ਅਤੇ ਅੰਗ੍ਰੇਜ਼ੀ ਵਰਜ਼ਨ ਹੀ ਮਾਨਯ ਹੋਵੇਗਾ। 2794/24

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# ਆਦੀਨਾਥ ਟੈਕਸਟਾਈਲਜ਼ ਲਿਮਿਟੇਡ

ਰਜਿ ਦਫ਼ਤਰ ਪਿੰਡ ਭੋਲਪੁਰ, ਡਾਕਖਾਨਾ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ 141123
Tel.: +91-9876100948, CIN: L17115PB1979PLC003910
Email: atl@shreyansgroup.com, Website: www.adinathtextiles.com

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 44ਵੀਂ ਸਲਾਨਾ ਜਨਰਲ ਮੀਟਿੰਗ (AGM) ਸੋਮਵਾਰ 30 ਸਤੰਬਰ, 2024 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜਿ ਦਫ਼ਤਰ ਪਿੰਡ ਭੋਲਪੁਰ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123, ਵਿਖੇ ਨਿਰਧਾਰਤ ਕੀਤੀ ਗਈ ਹੈ। ਸੂਚਿਤ ਕੀਤਾ ਜਾਂਦਾ ਹੈ ਕੇ ਮੰਗਲਵਾਰ, 24 ਸਤੰਬਰ 2024 ਤੋਂ ਸੋਮਵਾਰ, 30 ਸਤੰਬਰ 2024 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜਿਸਟਰ ਅਤੇ ਸ਼ੇਅਰ ਟ੍ਰਾਂਸਫਰ ਬੁਕਸ ਉਪਰੋਕਤ AGM ਦੇ ਸਬੰਧ ਵਿੱਚ ਬੰਦ ਰਹਿਣਗੇ।

44ਵੀਂ ਸਲਾਨਾ ਜਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ ਵੀਰਵਾਰ, 26 ਸਤੰਬਰ, 2024 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਐਤਵਾਰ, 29 ਸਤੰਬਰ, 2024 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ।ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ 23 ਸਤੰਬਰ, 2024 ਨੂੰ ਭੌਤਿਕ ਰੂਪ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ਼ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੇਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 23 ਸਤੰਬਰ, 2024 ਤਕ ਰੱਖਦਾ ਹੈ ਉਹ atl@shreyansgroup.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਇਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਕਿਸੇ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲਟ ਪੇਪਰ ਰਾਹੀਂ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦਾ ਨਾਮ ਮੈਂਬਰ ਰਜਿਸਟਰ ਜਾਂ ਡਿਪਾਜ਼ਟਰੀ ਦੇ ਬੈਨੀਫਿਸ਼ਿਅਲ ਓਨਰਜ਼ ਰਜਿਸਟਰ ਵਿੱਚ ਦਰਜ ਹੋਵੇਗਾ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲਟ ਪੇਪਰ ਰਾਹੀਂ ਵੋਟਿੰਗ ਦਾ ਅਧਿਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2023-24 ਈ-ਮੇਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ਆਈ ਡੀ ਕੰਪਨੀ ਦੇ ਨਾਲ ਰਜਿਸਟਰਡ ਹਨ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.adinathtextiles.com, ਸਟਾਕ ਐਕਸਚੇਂਜ ਦੀ ਵੈੱਬਸਾਈਟ i.e. www.bseindia.com ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਬਾ ਹੁਕਮ ਬੋਰਡ
ਲਈ ਆਦੀਨਾਥ ਟੈਕਸਟਾਈਲਜ਼ ਲਿਮਿਟੇਡ
ਸਹੀ/
ਹਰਪ੍ਰੀਤ ਕੌਰ
ਕੰਪਨੀ ਸਕੱਤਰ
ACS 49237

ਸਥਾਨ : ਲੁਧਿਆਣਾ
ਮਿਤੀ : 07-09-2024


## Court Notice

(U/o 5 Rule 20 CPC)
In The Court of
**Sh. Amrinder Pal Singh**
Principal Judge Family Court. Dhuri

HMA/88/2024
CNR No. PBSGF3-000172-2024
Next Date : 05.10.2024

Hardeep Kaur aged about 41 Years W/o Gurmeet Singh S/o Harjit Singh D/o Rajwinder Singh R/o Vill. Kakkarwal, Tehsil Dhuri, Distt. Sangrur

Vs.

Gurmeet Singh S/o Harjit Singh R/o Vill. Kakkarwal, Tehsil Dhuri , Distt. Sangrur

Publication issued to : Gurmeet Singh S/o Harjeet Singh R/o Vill. Kakarwal, Tehsil : Dhuri, Distt. Sangrur

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 05.10.2024 at 10:00 A.M.

For details logon to https://highcourtchd.gov.in/?trs=district_notice&district= Sangrur

Principal Judge Family Court, Dhuri
Dated this day of 02-09-2024

## Court Notice

(U/o 5 Rule 20 CPC)
In The Court of
**Sh. Anshul Berry**
Additional Distt. and Sessions Judge-1, Fatehgarh Sahib
Cis No. MACP /74/2023
CNR No. PBFG01-002255-2023
Next Date : 18-10-2024

Neetu Kaur

Vs.

Bazir Khan and other.

Publication issued to : (1) Bazir Khan S/o Mohd. Bashir R/o Purana Qila, Tehsil Malerkotla, Distt. Sangrur (Now. Distt. Malerkotla) 148023 (Driver of offending Vehicle /Truck bearing Regd. No. PB-11-AT 9756 (2) Satnam Singh S/o Lakhwinder Singh R/o Vill. Daska, Distt. Sangrur, Punjab-148031 (Owner of offending Vehicle Canter bearing Regd. No. PB-11-AT 9756

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 18.10.2024 at 10:00 A.M.

For details logon to https://highcourtchd.gov.in/?trs=district_notice&district=Fatehgarh Sahib

Additional Distt. and Sessions Judge-1, Fatehgarh Sahib
Dated this day of 06-09-2024

## Public Notice

Real World Education has Shifted from SCO No. 48, 3rd floor Cabin No. 48/D City Heart Kharar, Distt. Mohali, 140301 to SCO No. 81-B, First Floor, City Heart, Kharar, Distt. Mohali, Pin code 140301. (Dher)

## Court Notice

In The Court of Sh. Akbar Khan Judicial Magistrate-1st Class-2, Patiala

CNR No. PBPT03-008542-2023
Next Date : 06-11-2024

Deepak Madaan
Vs.
Surinder Kaur

Publication issued to : Surinder Kaur, Spouse : Shamsher Singh R/o H.No. H.No. 195, Street No. 3, Sunder Basti, Tehsil & Distt. Sangrur

In above titled case, the accused could not be served. It is ordered that accused should appear in person or through counsel on 06-11-2024 at 10:00 A.M.

For details logon to https://highcourtchd.gov.in/?trs=district_notice&district=Patiala

Judicial Magistrate-1st Class-2, Patiala
Dated this day of 04-09-2024

## ਜਨਤਕ ਸੂਚਨਾ

ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਸੂਚਿਤ ਕੀਤਾ ਜਾ ਰਿਹਾ ਹੈ, ਜੇ ਆਮ ਪਬਲਿਕ ਨੂੰ ਹੋਵੇ ਕਿ ਸਾਡਾ ਮੁਅੱਕਲ ਮਨਿੰਦਰ ਸਿੰਘ ਪੁੱਤਰ ਸ੍ਰ: ਬਲਧੀਰ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਬੱਗਾ ਕਲਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਐੱਲ.ਆਈ.ਸੀ. ਹਾਊਸਿੰਗ ਫਾਈਨਾਂਸ ਲਿ: ਏਰੀਆ ਦਫ਼ਤਰ ਅੰਮ੍ਰਿਤਸਰ ਨੂੰ ਮਕਾਨ ਦੀ ਖਰੀਦ ਲਈ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਮਾਲਕ ਮਨਿੰਦਰ ਸਿੰਘ ਪੁੱਤਰ ਸ੍ਰ: ਬਲਧੀਰ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਬੱਗਾ ਕਲਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਜਾਇਦਾਦ ਦੀ ਮਾਲਕੀ ਇਕ ਮਕਾਨ ਸਿੰਗਲ ਮੰਜ਼ਲ ਬਣਿਆ ਹੋਇਆ ਹੈ । ਸਮੇਤ ਛੱਤ ਛਤੌਤ ਜਿਸ ਦਾ ਬਰ ਪਲਾਟ ਪ੍ਰਾਈਵੇਟ ਨੰਬਰ 21, ਜਿਸ ਦੀ ਲੰਬਾਈ 50 ਫੁੱਟ, ਚੌੜਾਈ 30 ਫੁੱਟ ਕੁਲ 166.6 ਵਰਗ ਗਜ਼, ਜਿਸ ਦੀ ਹੱਦਬੰਦੀ ਇਸ ਤਰ੍ਹਾਂ ਹੈ : ਚੜ੍ਹਦੇ-ਪਲਾਟ ਨੰਬਰ 5,6, ਲਹਿੰਦੇ-ਪਲਾਟ ਨੰਬਰ 22, ਪਹਾੜ-ਪਲਾਟ ਨੰਬਰ 23, ਦੱਖਣ- ਗਲੀ 15 ਫੁੱਟ ਚੌੜੀ, ਖਸਰਾ ਨੰਬਰ 83//6, 84//10 ਮਿੰਨ, ਖਾਤਾ ਖਤੌਨੀ ਨੰਬਰ 902/1135, ਜਮਾਂਬੰਦੀ ਸਾਲ 2019-20, ਵਾਕਿਆ ਰਕਬਾ ਗੁਮਟਾਲਾ ਸਬ-ਅਰਬਨ, ਆਬਾਦੀ ਗੁਰੂ ਰਾਮ ਦਾਸ ਐਵੀਨਿਊ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਹਾਂ। ਸੂਚਿਤ ਕੀਤਾ ਜਾਂਦਾ ਹੈ ਕਿ ਪੁਰਾਣੀ ਰਜਿਸਟਰੀ, ਜਿਹੜੀ ਕਿ ਮਿਤੀ 19-11-2018 ਨੂੰ ਗੁਆਚ ਗਈ ਸੀ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ।1) ਅਸਲ ਪੁਰਾਣੀ ਰਜਿਸਟਰੀ ਵਸੀਕਾ ਨੰ: 8446, ਬਹੀ ਨੰਬਰ 01, ਜਿਲਦ ਨੰਬਰ 6247, ਸਫਾ ਨੰਬਰ 87 ਮਿਤੀ 01-09-1992 ਦਰਜ ਮਿਤੀ 02-09-1992 ਅਤੇ ਇਸ ਸੰਬੰਧ ਵਿੱਚ ਡੀ.ਡੀ.ਆਰ. ਨੰਬਰ 1857401 ਮਿਤੀ 24-11-2018 ਰਜਿਸਟਰਡ ਕਮਿਸ਼ਨਰ ਆਫ ਪੁਲਿਸ ਅੰਮ੍ਰਿਤਸਰ ਸਿਟੀ(ਸਾਂਝ ਕੇਂਦਰ), ਅੰਮ੍ਰਿਤਸਰ ਵਿੱਚ ਰਜਿਸਟਰਡ ਹੈ, ਜੇਕਰ ਕੋਈ ਵਿਅਕਤੀ ਕੋਈ ਕਲੇਮ, ਹੱਕ ਜਾਂ ਰੁਚੀ ਉਪਰੋਕਤ ਜਾਇਦਾਦ ਵਿੱਚ ਰੱਖਦਾ ਹੈ । ਕਿਸੇ ਵੀ ਤਰੀਕੇ ਸੇਲ, ਗਿਫਟ, ਲੀਜ਼ ਉਤਰਾ ਅਧਿਕਾਰ, ਤਬਦੀਲੀ ਰਹਿਣ, ਚਾਰਜ ਲੀਅਨ, ਟਰਸਟ ਪ੍ਰਜ਼ੀਸ਼ਨ ਅਟੈਚਮੈਂਟ ਜਾਂ ਹੋਰ ਕਿਸੇ ਵੀ ਤਰ੍ਹਾਂ ਨਾਲ ਰੱਖਦਾ ਹੋਵੇ, ਤਾਂ ਉਹ ਨਿਮਨ ਹਸਤਾਖਰੀ ਦੇ ਧਿਆਨ ਵਿਚ ਲਿਖਤੀ ਤੌਰ ਤੇ ਅਤੇ ਸਬੂਤ ਦਸਤਾਵੇਜ ਗਵਾਹੀ ਨਾਲ ਇਸ ਨੋਟਿਸ ਦੇ ਜਾਰੀ ਹੋਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ ਅੰਦਰ ਲਿਆਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਕਲੇਮ ਹੋਵੇਗਾ ਤਾਂ ਉਸ ਨੂੰ ਵਿਚਾਰਿਆ ਨਹੀ ਜਾਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਕੋਈ ਵਿਅਕਤੀ ਕਲੇਮ ਨਹੀਂ ਕਰ ਰਿਹਾ ਅਤੇ ਸਾਡਾ ਮੁਅੱਕਲ ਜਾਂ ਉਹਨਾਂ ਦੇ ਵਾਰਸ ਨੌਮਨੀ ਕਿਸੇ ਵੀ ਤਰੀਕੇ ਪਾਬੰਦ ਨਹੀ ਹੋਣਗੇ।

ਸਹੀ/-ਜੇ.ਕੇ. ਸਿੰਘ ਐਡਵੋਕੇਟ ਅੰਮ੍ਰਿਤਸਰ।
ਚੈਂਬਰ ਨੰਬਰ 110-ਬੀ, ਜ਼ਿਲ੍ਹਾ ਕਚਹਿਰੀ, ਅੰਮ੍ਰਿਤਸਰ
ਮਿਤੀ: 07-09-2024

## Public Notice

It hereby informs to public at large that Ankush Kumar has avail loan from AU SMALL FINANCE BANK LIMITED have its branch office at Mukherian. That Ankush Kumar S/o Rajinder Singh is owner of Property Measuring 11 Marla comprising under Khasra No. 7//620 Situated at Village Siprian, Tehsil Talwara, District Hoshiarpur vide Sale Deed No. 1816 dated 28.03.2024.This property was earlier owned by property was earlier area as owned by Parkash s/o Fateh Singh for more than 15 Years and Parkash s/o Fateh Singh executed a Transfer Deed No.1317 dated 111.01.2021 for area measuring 11 Marla in favor of Piyar Singh S/o Parkash Chand, which is duly mutated vide Mutation No. 2876 and Piyar Singh S/o Parkash Chand executed a sale deed for property area measuring 11 Marla in favour of Ankush Kumar S/o Rajinder Singh vide Sale Deed No. 1816 dated 28.03.2024, which is duly mutated vide mutation no.3026 and he continue to owner of the property. Earlier Transfer Deed No.1317 dated 111.01.2021 is lost and not traceable. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 10 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

Description of Property :-

Property Measuring 11 Marla comprising under Khasra No. 7//620 Situated at Village Siprian, Tehsil Talwara, District Hoshiarpur

Lalit Kakkar (Advocate)
Off. : Chamber No. 24, New Courts, Jalandhar. M.No. 98761-07449

## LOST FOUND

ਮੈਂ ਅਨਿਲ ਪੁੱਤਰ ਰਾਸ ਲਾਲ ਵਾਸੀ ਪਿੰਡ ਫੱਤੇ ਨੰਗਲ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਇੱਕ ਰਜਿਸਟਰੀ ਮਿਤੀ 12.03.19 ਜਿਸਦਾ ਦਸਤਾਵੇਜ ਨੰਬਰ 2018-19 /150/1/681 ਹੈ ਜੋ ਸੁਖਦੇਵ ਸਿੰਘ ਨੇ ਸੁਰਿੰਦਰ ਕੌਰ ਪਤਨੀ ਸ਼ਮਸ਼ੇਰ ਸਿੰਘ ਪੁੱਤਰ ਮੱਖਣ ਸਿੰਘ ਪਿੰਡ ਖਾਨ ਮਲੱਕ ਜਿਲ੍ਹਾ ਗੁਰਦਾਸਪੁਰ ਦੇ ਹੱਕ ਵਿੱਚ ਬਾਬਤ ਰਕਬਾ ਵਾਕਿਆ ਪਿੰਡ ਫੱਤੇਨੰਗਲ ਹਦਬਸਤ ਨੰਬਰ 387 ਸਬ ਤਹਿਸੀਲ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਸਬੰਧੀ ਕੀਤੀ ਗਈ ਸੀ । ਇਹ ਕਿ ਮਿਤੀ 03.12.2019 ਨੂੰ ਸੁਰਿੰਦਰ ਕੌਰ ਪਤਨੀ ਸ਼ਮਸ਼ੇਰ ਸਿੰਘ ਪੁੱਤਰ ਮੱਖਣ ਸਿੰਘ ਪਿੰਡ ਖਾਨ ਮਲੱਕ ਜਿਲ੍ਹਾ ਗੁਰਦਾਸਪੁਰ ਨੇ ਉਪਰੋਕਤ ਰਜਿਸਟਰੀ ਮੇਰੇ ਅਨਿਲ ਪੁੱਤਰ ਰਾਸ ਲਾਲ ਦੇ ਹੱਕ ਵਿੱਚ ਕਰ ਦਿੱਤੀ ਹੈ । ਜਿਸ ਦਾ ਦਸਤਾਵੇਜ ਨੰਬਰ 2019-20 /150/862 ਹੈ । ਇਹ ਕਿ ਜੋ ਰਜਿਸਟਰੀ ਦਸਤਾਵੇਜ 2018-19/150/1/681 ਸੁਰਿੰਦਰ ਕੌਰ ਨੇ ਸੁਖਦੇਵ ਸਿੰਘ ਕੋਲੋਂ ਕਰਵਾਈ ਸੀ ਉਹ ਮੇਰੇ ਕੋਲੋਂ ਕਿਧਰੇ ਗੁੰਮ ਗਈ ਹੈ । ਜੇਕਰ ਕਿਸੇ ਨੂੰ ਮਿਲੇ ਤਾਂ ਉਕਤ ਪਤੇ ਤੇ ਸੂਚਿਤ ਕਰੇ ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਇੰਦਰਜੀਤ ਕੌਰ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਬਟਾਲਾ।

ਕੇਸ ਅਨੁਵਾਨ-ਸੁਨੀਤਾ ਬਨਾਮ - ਜਸਬੀਰ ਸਿੰਘ, ਵਾਕਿਆ ਸ਼ੇਖਪੁਰਾ/295, ਕਿਸਮ : ਤਕਸੀਮ, ਖੇਵਟ : 23

ਨੋਟਿਸ ਬਨਾਮ-1 ਜਸਬੀਰ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ ਪਿੰਡ ਸ਼ੇਖਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ।

ਉਕਤ ਅਨੁਵਾਨ ਕੇਸ ਵਿੱਚ ਇਸ ਅਦਾਲਤ ਵਿੱਚ ਤਾਰੀਖ ਪੇਸ਼ੀ 23-09-2024 ਵਾਸਤੇ ਪੈਂਡਿੰਗ ਹੈ। ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਪਰੋਕਤ ਦਰਜ ਉੱਤਰਵਾਦੀਆਂ ਨੂੰ ਇਸ ਕੇਸ ਸੰਬੰਧੀ ਕੋਈ ਇਤਰਾਜ ਹੈ ਤਾਂ ਉਹ ਇਸ਼ਤਿਹਾਰ ਪ੍ਰਕਾਸ਼ਤ ਹੋਣ ਦੇ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਕਰ ਸਕਦੇ ਹਨ। ਬਾਅਦ ਮਿਆਦ ਗੁਜ਼ਰਨੇ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਅੱਜ ਮਿਤੀ 15-7-2024 ਨੂੰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਹੋਇਆ।

ਸਹਾਇਕ ਕੁਲੈਕਟਰ, ਦਰਜਾ-1, ਬਟਾਲਾ।
ਪਿੱਠ ਅੰਕਣ ਨੰਬਰ 110/ਰੀਡਰ ਮਿਤੀ 15-7-2004

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਅਮਿਤ ਗੁਪਤਾ, ਪੀ ਸੀ ਐੱਸ, ਕੁਲੈਕਟਰ, ਉਪ ਮੰਡਲ, ਧੂਰੀ।
ਕੇਸ ਫੱਕ ਉੱਲ ਰਹਿਣ,
ਵਾਕਾ ਰਕਬਾ ਰਾਜੋਮਾਜਰਾ
ਨਿਸ਼ਚਿਤ ਤਾਰੀਖ ਪੇਸ਼ੀ 27-09-2024

ਇਸ ਅਦਾਲਤੀ ਇਸ਼ਤਿਹਾਰ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੁਲਦੀਪ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਰਾਜੋਮਾਜਰਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਨੇ ਦਰਖਾਸਤ ਪਟੀਸ਼ਨ ਜੇਰ ਧਾਰਾ 4 **Redemption of mortgages (Punjab) Act** 1913 ਬਾਬਤ ਰਕਬਾ ਰਾਜੋਮਾਜਰਾ ਕੇਸ ਨਿਮਨ ਸਹੀਕਾਰ ਦੀ ਅਦਾਲਤ ਵਿੱਚ ਦਾਇਰ ਕੀਤਾ ਗਿਆ ਹੈ। ਇਸ ਦਰਖਾਸਤ ਅਧੀਨ ਮਸੂਲ ਨਰੰਜਣ ਕੌਰ ਵਿਧਵਾ ਗੁਰਨਾਮ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਰਾਜੋਮਾਜਰਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਨੂੰ ਪਾਰਟੀ ਬਣਾਇਆ ਗਿਆ ਹੈ। ਮੁਤਾਬਿਕ ਰਿਪੋਰਟ ਤਹਿਸੀਲਦਾਰ ਮਸੂਲ ਨਰੰਜਣ ਕੌਰ ਵਿਧਵਾ ਗੁਰਨਾਮ ਸਿੰਘ ਪੁੱਤਰ ਪ੍ਰੇਮ ਸਿੰਘ ਦਾ ਪਿੰਡ ਵਿੱਚ ਪਤਾ ਨਹੀਂ ਲੱਗਿਆ, ਜਿਸ ਕਰਕੇ ਇਹ ਅਦਾਲਤੀ ਇਸ਼ਤਿਹਾਰ ਜਾਰੀ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲ ਜਾਂ ਕਿਸੇ ਹੋਰ ਸੰਬੰਧਤ ਨੂੰ ਕੋਈ ਉਜ਼ਰ ਹੋਵੇ ਤਾਂ ਉਹ ਨਿਮਨ ਸਹੀਕਾਰ ਦੀ ਅਦਾਲਤ ਵਿੱਚ ਮਿਤੀ 27.09.2024 ਨੂੰ ਅਸਾਲਤਨ ਜਾਂ ਵਕਾਲਤਨ ਪੇਸ਼ ਹੋਕਰ ਉਜ਼ਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ 02.09.2024 ਨੂੰ ਇਹ ਅਦਾਲਤੀ ਇਸ਼ਤਿਹਾਰ ਮੇਰੇ ਦਸਤਖਤਾਂ ਅਤੇ ਦਫਤਰੀ ਮੋਹਰ ਹੇਠ ਜਾਰੀ ਹੋਇਆ।

ਸਹੀ/-
ਕੁਲੈਕਟਰ ਉੱਪ ਮੰਡਲ, ਧੂਰੀ।
ਨੰਬਰ 351 ਅਹਿ/ਮਿਤੀ : 04-09-2024


# ਉੱਤਰ ਰੇਲਵੇ

## ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:- 171,172-2024-25-PTK-DRM-FZR & 173,174-2024-25-JAT-DRM-FZR & 175-2024-25-PLMX-DRM-FZR ਤਾਰੀਕ 02.09.2024 ਸੀਨੀਅਰ ਮੰਡਲ ਇੰਜੀਨੀਅਰ-ਸੀਕ੍ਰਿਡ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.09.2024 ਸਮਾਂ 15:00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਨਜ਼ੂਰ ਨਹੀਂ ਹਨ ਅਤੇ ਅਜਿਹੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 30.08.2024 | 09.09.2024 | 23.09.2024 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 171-2024-25-PTK-DRM-FZR | 700 ਮਿਮੀ ਅੰਦਰੂਨੀ ਵਿਆਸ ਵਾਲੀ BL ਤੋਂ ਗੁਜ਼ਰਨ ਵਾਲੀ 400 ਮਿਮੀ ਅੰਦਰੂਨੀ ਵਿਆਸ ਵਾਹਕ ਪਾਈਪ ਲਾਈਨ ਨੂੰ ਪਾਰ ਕਰਨਾ। ਅਨਕੋਲਿੰਗ ਪਾਈਪ ਕੇ-7 ਅਤੇ 900 ਮਿਮੀ ਅੰਦਰੂਨੀ ਵਿਆਸ ਐਮ.ਐਸ. ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ ਤੇ ਕਿਮੀ 100/8-9 ਤੇ ਰੇਲਵੇ ਟ੍ਰੈਕ ਦੇ ਹੇਠਾਂ ਹੋਰੀਜ਼ੌਂਟਲ ਡ੍ਰਿਲਿੰਗ ਰਾਹੀਂ ਪਾਈਪ ਲਾਈਨ ਨੂੰ ਲਗਾਉਣ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 53,07,692.60/- | 1,06,200/- | 60 ਦਿਨ | 04 ਮਹੀਨੇ |
| | | ਸਮਾਨ ਨੇਚਰ ਦਾ ਕੰਮ - "ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ ਨਾਲ ਪੁਲ ਦੀ ਉਸਾਰੀ/ਜਮੀਨਦੋਜ਼ ਕੇਬਲ/ਪਾਈਪ ਲਾਈਨ ਆਦਿ ਨੂੰ ਪਾਰ ਕਰਨਾ" | | | |
| 2 | 172-2024-25-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ ਅਨੁਭਾਗ ਵਿਚ ਵੇ ਸਾਈਡ ਸਟੇਸ਼ਨ ਤੇ ਪਾਣੀ ਸਪਲਾਈ ਸੰਵਰਧਨ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 59,98,316.61/- | 1,20,000/- | 60 ਦਿਨ | 06 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 3 | 173-2024-25-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਤਵੀ ਦੇ ਅਨੁਭਾਗ ਵਿਚ ਪੁਲ ਦੀ ਮੁਰੰਮਤ ਅਤੇ ਰਖਰਖਾਅ ਜਿਸ ਵਿਚ ਫਰਸ਼ ਦੀ ਮੁਰੰਮਤ, ਸੁਰੱਖਿਆ ਕੰਮ, ਤਟਬੰਧ ਅਤੇ ਪੁਲ ਦੇ ਪਿਚ ਸੁਧਾਰ ਅਤੇ ਰੱਖ-ਰਖਾਅ ਕੰਮ ਸ਼ਾਮਲ ਹਨ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 59,99,734.63/- | 1,20,000/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 4 | 174-2024-25-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਤਵੀ ਦੇ ਤਹਿਤ ਭਰੋਲੀ-ਜੰਮੂ ਸੈਕਸ਼ਨ ਤੇ ਜੰਮੂ ਵਿਜਯਪੁਰ ਜੰਮੂ ਅਤੇ ਹੀਰਾਨਗਰ ਵਿਚ ਸਟਾਫ ਕਵਾਟਰਾਂ ਵਿਚ ਪਾਣੀ ਦੀ ਸਪਲਾਈ, ਸੀਵਰੇਜ ਅਤੇ ਪਾਣੀ ਨਿਕਾਸੀ ਦੀ ਵਿਸ਼ੇਸ਼ ਮੁਰੰਮਤ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 79,99,463.66/- | 1,60,000/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 5 | 175-2024-25-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਾਲਮਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਅਨੁਭਾਗ ਵਿਚ ਵੇ ਸਾਈਡ ਸਟੇਸ਼ਨ ਤੇ ਪਾਣੀ ਸਪਲਾਈ ਸੰਵਰਧਨ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 59,98,385.27/- | 1,20,000/- | 60 ਦਿਨ | 06 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜ਼ਨ ਦੀ ਤੁਲਨਾ ਨਾਲ ਕਰਕੇ, ਅਤੇ ਅੰਗ੍ਰੇਜ਼ੀ ਵਰਜ਼ਨ ਹੀ ਮਾਨਯ ਹੋਵੇਗਾ। 2805/24

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 33/0004 ਕੇ, 7.5 ਬੀ ਐੱਚ ਪੀ, ਜੋ ਕਿ ਵਿਰਸਾ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪਿੰਡ ਤੂਤ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਲਖਬੀਰ ਸਿੰਘ ਪੁੱਤਰ ਵਿਰਸਾ ਸਿੰਘ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਜਸਤਰਵਾਲ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ ਪੀ ਸੀ ਐੱਲ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 53/0049 ਕੇ, 7.5 ਬੀ ਐੱਚ ਪੀ, ਜੋ ਕਿ ਵਿਰਸਾ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪਿੰਡ ਤੂਤ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਲਖਬੀਰ ਸਿੰਘ ਪੁੱਤਰ ਵਿਰਸਾ ਸਿੰਘ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਜਸਤਰਵਾਲ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ ਪੀ ਸੀ ਐੱਲ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 33/0028 ਕੇ, 7.5 ਬੀ ਐੱਚ ਪੀ, ਜੋ ਕਿ ਵਿਰਸਾ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪਿੰਡ ਤੂਤ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਹਰਮਨਦੀਪ ਸਿੰਘ ਪੁੱਤਰ ਧੀਰ ਸਿੰਘ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਜਸਤਰਵਾਲ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ ਪੀ ਸੀ ਐੱਲ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 26/0290 ਡਬਲਯੂ, 7.5 ਬੀ ਐੱਚ ਪੀ, ਜੋ ਕਿ ਕੁਲਵੰਤ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਪਿੰਡ ਮੁਹਾਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਜਸ਼ਨਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਜਸਤਰਵਾਲ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ ਪੀ ਸੀ ਐੱਲ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 28/0123 ਐੱਫ, 7.5 ਬੀ ਐੱਚ ਪੀ, ਜੋ ਕਿ ਦਲਜੀਤ ਸਿੰਘ ਪੁੱਤਰ ਮੂਲਾ ਸਿੰਘ ਵਾਸੀ ਓਠੀਆਂ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਬਲਜੀਤ ਕੌਰ ਪਤਨੀ ਜਗਦੀਸ਼ ਸਿੰਘ ਨੇ ਆਪਣੇ ਨਾਂਅ 'ਤੇ ਕਰਨ ਦੀ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਜਸਤਰਵਾਲ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ। ਪੀ ਐੱਸ ਪੀ ਸੀ ਐੱਲ।

ਮੋਟਰ ਕੁਨੈਕਸ਼ਨ ਖਾਤਾ ਨੰਬਰ KRAP/140 ਜੋ ਕਿ ਪ੍ਰਕਾਸ਼ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਕੁਲਰੀਆਂ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਰਜਿੰਦਰ ਕੌਰ ਪੁੱਤਰੀ ਧੰਨ ਸਿੰਘ ਵਾਸੀ ਕੁਲਰੀਆਂ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬਰੇਟਾ।

ਮੋਟਰ ਕੁਨੈਕਸ਼ਨ ਖਾਤਾ ਨੰਬਰ KRAP25/624 ਜੋ ਕਿ ਪ੍ਰਕਾਸ਼ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਕੁਲਰੀਆਂ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਰਜਿੰਦਰ ਕੌਰ ਪੁੱਤਰੀ ਧੰਨ ਸਿੰਘ ਵਾਸੀ ਕੁਲਰੀਆਂ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬਰੇਟਾ

ਇਕ ਟਿਊਬਵੈਲ ਕੁਨੈਕਸ਼ਨ ਜਿਸਦਾ ਖਾਤਾ ਨੰ.ਏ.ਪੀ.11/0792, 7.5 ਹਾਰਸ ਪਾਵਰ ਜੋ ਕਿ ਜਗੀਰ ਸਿੰਘ ਪੁੱਤਰ ਫੌਜਾ ਸਿੰਘ ਵਾਸੀ ਪਿੰਡ ਲੋਲਾ,ਦਸ਼ਮੇਸ਼ ਨਗਰ,ਤਹਿ ਬਾਬਾ ਬਕਾਲਾ,ਜਿਲ੍ਹਾ ਅੰਮ੍ਰਿਤਸਰ ਦੇ ਨਾਮ 'ਤੇ ਚਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਬਲਵੰਤ ਸਿੰਘ ਪੁੱਤਰ ਪਿਆਰਾ ਸਿੰਘ ਦੇ ਨਾਮ 'ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸਬੰਧੀ ਕੋਈ ਇਤਰਾਜ਼ ਹੋਵੇ, ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਪੀ.ਐੱਸ.ਪੀ. ਸੀ.ਐੱਲ ਫਤਿਹਪੁਰ ਰਾਜਪੂਤਾਂ ਡਵੀਜ਼ਨ ਜੰਡਿਆਲਾ ਨਾਲ ਸੰਪਰਕ ਕਰ ਸਕਦਾ ਹੈ।

ਮੈਂ, ਨਿਰਮਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਡੀ 7/354, ਗਲੀ ਨੰ. 5, ਸੁੰਦਰ ਨਗਰ, ਕੋਟ ਖਾਲਸਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਘਰ ਦੀਆਂ ਪੁਰਾਣੀਆਂ ਰਜਿਸਟਰੀਆਂ ਕੁੱਲ ਰਕਬਾ 125 ਵਰਗ ਗਜ਼, ਜੋ ਹਰਜਿੰਦਰ ਸਿੰਘ, ਭਜਨ ਕੌਰ, ਅਮਰਜੀਤ ਕੌਰ ਤੇ ਮੁਖਤਿਆਰਨਾਮਾ ਹਰਦੇਵ ਸਿੰਘ ਦੇ ਨਾਂਅ ਸਨ, ਜੋ 15.8.2024 ਨੂੰ ਗੁੰਮ ਹੋ ਗਈਆਂ ਹਨ। ਇਸ ਦੀ ਐੱਫ ਆਈ ਆਰ 4.9.24 ਨੂੰ ਥਾਣਾ ਇਸਲਾਮਾਬਾਦ ਵਿਖੇ ਦਰਜ ਕਰਵਾ ਦਿੱਤੀ ਹੈ। ਇਸ ਦਾ ਜੀ ਡੀ ਨੰ. 018 ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪਰੋਕਤ ਪਤੇ 'ਤੇ ਸੰਪਰਕ ਕਰੇ। (ਕੇ.ਕੇ.)

## ਬੇਦਖਲੀ ਨੋਟਿਸ

ਮੈਂ, ਸੁਖਵੀਰ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਬੜਾਪਿੰਡ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਪੋਤੀ ਹਰਮੀਤ ਕੌਰ ਪੁੱਤਰੀ ਗੁਰਵਿੰਦਰ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਆਪਣੀ ਪੋਤੀ ਹਰਮੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲੇ ਆਪਣੇ ਨਫੇ-ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ, ਸੰਬੰਧਤ ਨੋਟ ਕਰਨ।

ਮੈਂ, ਗੁਰਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਬੜਾਪਿੰਡ, ਤਹਿਸੀਲ ਕਰਤਾਰਪੁਰ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਹਰਮੀਤ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲੇ ਆਪਣੇ ਨਫੇ-ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ, ਸੰਬੰਧਤ ਨੋਟ ਕਰਨ।

ਮੈਂ, ਹੰਸ ਰਾਜ ਪੁੱਤਰ ਲਛਮਣ ਦਾਸ ਵਾਸੀ ਮਕਾਨ ਨੰਬਰ 209, ਵਾਰਡ ਨੰਬਰ 10, ਮੰਡੀ ਮੁਹੱਲਾ, ਕਰਤਾਰਪੁਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸ਼ੁੱਭਮ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਜੀਤੋ ਬਾਈ ਵਿਧਵਾ ਜੈਲਾ ਸਿੰਘ ਵਾਸੀ ਢਾਣੀ ਨੱਥਾ ਸਿੰਘ ਵਾਲੀ, ਢੰਡੀ ਕਦੀਮ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦੀ ਹਾਂ ਕਿ ਮੇਰੀ ਨੂੰਹ ਵੀਰਪਾਲ ਕੌਰ ਵਿਧਵਾ ਹਰਮੇਸ਼ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਲਕਾਰ ਪੁਤੱਰ ਕਾਲਾ ਵਾਸੀ ਗੀਤਾ ਭਵਨ ਰੋਡ, ਗੁਰਦਾਸਪੁਰ, ਤਹਿਸੀਲ ਵਾ ਜਿਲਾ ਗੁਰਦਾਸਪੁਰ ਸੂਚਿਤ ਕਰਦਾ ਹਾ ਕਿ ਮੇਰਾ ਲੜਕਾ ਸੋਰਵ ਮੇਰੇ ਕਹਿਣ ਤੋ ਬਾਹਰ ਹੈ ਅਤੇ ਮੇਰੇ ਨਾਲ ਬਿਨ੍ਹਾਂ ਵਜਾ ਲੜਾਈ ਝਗੜਾ ਕਰਦਾ ਰਹਿੰਦਾ ਹੈ। ਮੈਂ ਸੋਰਵ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਇਹ ਕਿਸੇ ਨਾਲ ਲੜਾਈ ਝਗੜਾ ਕਰਦਾ ਹੈ, ਤਾਂ ਇਹ ਖੁਦ ਜਿਮੇਵਾਰ ਹੋਵੇਗਾ ਅਤੇ ਇਸ ਨਾਲ ਲੈਣ ਦੇਣ ਕਰਨ ਵਾਲਾ ਵੀ ਖੁਦ ਜਿਮੇਵਾਰ ਹੋਵਾਂਗਾ।

ਮੈਂ ਕੁਲਦੀਪ ਸਿੰਘ ਪੁੱਤਰ ਠਾਕੁਰ ਦੇਵੀ ਚੰਦ ਵਾਸੀ ਵਾਰਡ ਨੰਬਰ 11, ਗਲੀ ਸੈਦਾਂ ਵਾਲੀ, ਫ਼ਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਮਰਾਟ ਸਿੰਘ ਅਤੇ ਉਸਦੀ ਪਤਨੀ ਰਚਨਾ ਭੱਲਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਚਰਨਜੀਤ ਸ਼ੈਲੀ ਪੁੱਤਰ ਨਰਾਤਾ ਰਾਮ, ਪਿੰਡ ਬੁਗਰਾ (ਸੰਗਰੂਰ) ਆਪਣੀ ਲੜਕੀ ਮਨਪ੍ਰੀਤ ਸ਼ੈਲੀ ਪਤਨੀਂ ਸਿਮਰਜੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ, ਮਹਿੰਦੀ ਹਸਨ ਪੁੱਤਰ ਹਨੀਫ ਖਾਂ, ਪਿੰਡ ਮਹਿਦੂਦਪੁਰ ਉਰਫ ਦੁਗਨੀ (ਸੰਗਰੂਰ) ਆਪਣੇ ਲੜਕੇ ਆਸਿਫ ਖਾਂ, ਨੂੰਹ ਸਰੀਨਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਮੁਕੇਸ਼ ਚੰਦਰ ਪੁੱਤਰ ਕੁੰਦਨ ਲਾਲ ਸ਼ਰਮਾ ਵਾਸੀ ਮੁਹੱਲਾ ਸੰਤਨਗਰ, ਕਾਦੀਆਂ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਦਾਰਹਿਣਵਾਲਾ ਹਾਂ। ਇਹ ਕਿ ਮੇਰਾ ਲੜਕਾ ਰੁਪੇਸ਼ ਕੁਮਾਰ ਸ਼ਰਮਾ ਅਤੇ ਉਸਦੀ ਪਤਨੀ ਦੀਪੀਕਾ ਸ਼ਰਮਾ ਦੋਨੋਂ ਮੇਰੇ ਕਹਿਣੇ, ਸੁਣਨੇ ਅਤੇ ਮੰਨਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣਦੇਣ ਕਰਨ ਵਾਲਾ ਖੁੱਦ ਜਿੰਮੇਵਾਰਹੋਵੇਗਾ। ਸੰਬੰਧਤ ਨੋਟ ਕਰਨ ।

## ਬੇਦਖਲੀ ਨੋਟਿਸ

ਮੈਂ, ਅਸ਼ੋਕ ਕੁਮਾਰ ਪੁੱਤਰ ਪਿਆਰਾ ਲਾਲ ਵਾਸੀ ਮਕਾਨ ਨੰ. 284, ਵਾਰਡ ਨੰ. 2, ਮੁਹੱਲਾ ਕ੍ਰਿਸ਼ਨਾ ਨਗਰ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਵਿਸ਼ਾਲ ਕੁਮਾਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ, ਭੁਪਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਗਲੀ ਨੰ. 5, ਗੁਰੂ ਨਾਨਕ ਨਗਰ, ਝਬਾਲ ਰੋਡ, ਭਿਖਾਰੀਵਾਲ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸੁਖਜੀਤ ਕੌਰ ਅਤੇ ਮੇਰੀਆਂ ਲੜਕੀਆਂ ਹਰਪ੍ਰੀਤ ਕੌਰ (ਤਲਾਕਸ਼ੁਦਾ) ਤੇ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਨਿਹਾਰਿਕਾ ਠਾਕੁਰ ਉਰਫ ਨਿਹਾਰਿਕਾ ਪੁੱਤਰੀ ਵਿਜੈ ਕੁਮਾਰ ਵਾਸੀ ਮਕਾਨ ਨੰਬਰ 329 ਜਗਜੀਤ ਕਲੋਨੀ, ਰਾਮਾ ਮੰਡੀ, ਦਕੋਹਾ ਵੀ ਟੀ ਸੀ ਜਲੰਧਰ-2, ਬਿਆਨ ਕਰਦੀ ਹਾਂ ਕਿ ਨਿਹਾਰਿਕਾ ਠਾਕੁਰ ਅਤੇ ਨਿਹਾਰਿਕਾ ਦੋਵੇਂ ਇੱਕ ਹੀ ਔਰਤ ਦੇ ਨਾਂਅ ਹਨ। ਸੰਬੰਧਤ ਨੋਟ ਕਰਨ।

ਮੈਂ, ਨਰਿੰਦਰ ਸਿੰਘ ਮਡਾਹਰ ਪੁੱਤਰ ਹਰਬੰਸ ਸਿੰਘ, ਪਿੰਡ ਕੱਕੜਵਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਨਰਿੰਦਰ ਸਿੰਘ ਰੱਖ ਲਿਆ ਹੈ।

ਮੈਂ, ਬਲਜਿੰਦਰ ਸਿੰਘ ਖੁਰਮੀ ਪੁੱਤਰ ਮਹਿੰਦਰ ਸਿੰਘ, ਵਾਸੀ ਮਕਾਨ ਨੰਬਰ 109, ਵਾਰਡ ਨੰਬਰ 8-ਏ, ਗੁਰੂ ਤੇਗ ਬਹਾਦਰ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਬਲਜਿੰਦਰ ਸਿੰਘ ਰੱਖ ਲਿਆ ਹੈ।

## Change of Name

I, Jaswinder Kaur W/o Harinderjit Singh R/o Village Littran, Tehsil Nakodar, Distt. Jalandhar, have changed my son name Tanvir to Tanvir Mattu. Please all concerned noted. (Shekhar)

I, Poojan Devi D/o Joginder Maan R/o VPO Sikanderpur, Jalandhar, have changed my name from Poojan Devi to Poojan Kaur Maan. All concerned please note.

I, Naresh Kumar S/o Sh. Raghubir Parkash R/o BXI-1922, Street No. 9, NGM Road, Barnala, have changed my name from Naresh Kumar to Naresh Kumar Garg. Please note.

I, Rajni alias Rachpal Kaur W/o Bhupinder Singh R/o EN.-40- Rasta Mohalla, Jalandhar, have changed my name to Rachpal Kaur. All concerned please note. (10620)

I, Vipan Rai S/o Tarlok Chand R/o Rajdian da Mohalla, Kalanaur, District Gurdaspur, Punjab-143512 have changed the name of minor daughter Ananya aged 16 years and she shall hereafter be known as Ananya Mahajan.

I, Dilbagh Singh S/O. Joginder Singh, R/O. Vpo. Gill Waraich,Distt.tarn Taran Have Changed My Name Dilbagh Singh To Dilbag Singh All Concerned Please Note .

I, Tejinder Kaur W/o Amritpal Singh R/o 9438 Gali No.1, Guru Nanak Pura Bazar No.4, Sultanwind Road, Amritsar have changed my name from Tejinder Kaur to Tajinder Kaur

I, Guljari Lal S/o Durga Dass R/o H.No.93-B, Medical Enclave Circular Road, Amritsar have changed my name from Guljari Lal to Guljari Lal Soni

I Neeta Sachdeva Alias Anita W/o Ravinder Sachdeva , R/o 21- A Hukam Singh Road ,Amritsar have changed my name from Neeta Sachdeva Alias Anita to Neeta Sachdeva

I Narender Kumar Mangani S/o Rochiram Manglani R/o H.No.R-422 Dera Baba Jaimal Singh Distt. Amritsar have changed my name to Narender Kumar Manglani.

I, Alka Gupta D/o Surinder Kumar Gupta W/o Sanjeev Patni R/o H.No.97, Tilak Nagar Shivala Road, Amritsar have changed my name from Alka Gupta to Alka Patni

I, Manjit Singh S/o Khajan Singh R/o 2102, Main Bazar, Atta Mandi Amritsar have changed my name from Manjit Singh to Manjeet Singh

I Jaspreet Singh S/o Parmjit Singh R/o Village Sarli Kalan Distt Tarn Taran have changed my name from Jaspreet Singh to Singh Jaspreet, Singh is my surname, Jaspreet is my given name

I Naval Khosla S/o Vijay Kumar R/o H.No.30/31 Gali No.7 Pawan Nagar Near Khatti Chiri Ka Bagh Batala Road Amritsar have changed my name to Naval Kishore

I Jagir Singh Warraich S/o Suhel Singh R/o VPO Chabba, Tehsil & Distt. Amritsar have changed my name from Jagir Singh Warraich to Jagir Singh.

I, Sarbjit Singh S/o Kulwant Singh R/o Patti Mansoor Di, Village Sultanwind Amritsar have changed my name from Sarbjit Singh to Sarbjeet Singh

I, Kuldeep Singh Wahla S/o Harbhajan Singh R/o Village Kangra PO Sri Hargobindpur Tehsil Batala District Gurdaspur have changed my name from Kuldeep Singh Wahla to Kuldeep Singh

I, Gurniwaz Singh Wahla S/o Kuldeep Singh R/o Village Kangra PO Sri Hargobindpur Tehsil Batala District Gurdaspur have changed my name from Gurniwaz Singh Wahla to Gurniwaz Singh

I, Mandeep Kaur Wahla W/o Kuldeep Singh R/o Village Kangra PO Sri Hargobindpur Tehsil Batala District Gurdaspur have changed my name from Mandeep Kaur Wahla to Mandeep Kaur

I, Sarbjit Kaur W/o Nishan Singh R/o Village Chhiddan Amritsar have changed my name from Sarbjit Kaur to Sarabjit Kaur

I, Tarsem Singh S/o Ajit Singh R/o Village Chhina District Amritsar have changed my name from Tarsem Singh to Tarseem Singh

I, Sandeep Kaur W/o Tarseem Singh R/o Village Chhina District Amritsar have declare that my mother was known by two name's Amarjit Kaur and Amarjeet Kaur one and same person

I, Jasvir Singh S/O Amrik Singh,R/o P.O. Bhudhi Pind, Hoshiarpur, Punjab - 144212, I have changed the name of my minor daughter Jasjot aged about 11 Years and He shall hereafter be known as Jasjot Kaur.

# ਬਾਬਾ ਮੱਖਣ ਸ਼ਾਹ ਲੁਬਾਣਾ ਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਸਮਾਗਮ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਪੰਥਕ ਸ਼ਖ਼ਸੀਅਤਾਂ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਅਨਿੰਨ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੇ ਜੀਵਨ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਸਿੱਖਾਂ ਦਾ ਸਿੱਖ ਇਤਿਹਾਸ ਅੰਦਰ ਅਹਿਮ ਸਥਾਨ ਹੈ, ਜਿਸ 'ਤੇ ਸਿੱਖ ਕੌਮ ਮਾਣ ਮਹਿਸੂਸ ਕਰਦੀ ਹੈ। ਉਨ੍ਹਾ ਕਿਹਾ ਕਿ ਸਾਨੂੰ ਬਾਬਾ ਮੱਖਣ ਸ਼ਾਹ ਤੇ ਭਾਈ ਲੱਖੀ ਸ਼ਾਹ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਗੁਰਸਿੱਖੀ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਸਿੱਖ ਸ਼ਖ਼ਸੀਅਤਾਂ ਦੀ ਯਾਦ ਮਨਾਉਣਾ ਸ਼ਲਾਘਾਯੋਗ ਉਪਰਾਲਾ ਹੈ। ਇਸੇ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ ਦਲੇਰ ਸਿੰਘ ਨੇ ਸ਼੍ਰੋਮਣੀ ਕਮੇਟੀ ਦਾ ਸਮਾਗਮ ਕਰਨ ਲਈ ਧੰਨਵਾਦ ਕੀਤਾ। ਇਸ ਤੋਂ ਇਲਾਵਾ ਅਮਰੀਕਾ ਤੋਂ ਪੁਜੇ ਅਮਰੀਕ ਸਿੰਘ ਮੋਰਥਲੀ, ਰਘਬੀਰ ਸਿੰਘ ਬੱਬੀ, ਸੁਖਜਿੰਦਰ ਸਿੰਘ ਟੀਟੂ, ਸਤਨਾਮ ਸਿੰਘ ਟਾਹਲੀ, ਬਾਬਾ ਜਸਪਾਲ ਸਿੰਘ, ਪਰਵਿੰਦਰ ਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਸਟੇਜ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ ਨੇ ਨਿਭਾਈ। ਸਮਾਗਮ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

# ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ 17 ਨੂੰ ਧਰਨੇ ਦਾ ਐਲਾਨ



ਚੋਹਲਾ ਸਾਹਿਬ (ਰਮਨ ਚੱਡਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਏ ਡੀ ਸੀ ਨਾਲ ਹੋਈ ਮੀਟਿੰਗ ਤੋਂ ਬਾਅਦ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਸਤਨਾਮ ਸਿੰਘ ਪੰਨੂ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਲਿਖਤੀ ਪ੍ਰੈਸ ਬਿਆਨ ਦਿੰਦੇ ਹੋਏ ਕਿਹਾ ਕੀ 2 ਸਤੰਬਰ ਨੂੰ ਲੱਗੇ ਧਰਨੇ ਵਿੱਚੋਂ ਨਿਕਲੀ ਮੀਟਿੰਗ ਦਾ ਸਮਾਂ 6 ਸਤੰਬਰ ਨੂੰ 3.30 ਵਜੇ ਦਾ ਤਹਿਹਸੀ ਜੋ ਕਿ ਡੀ ਸੀ ਨਾਲ ਹੋਣੀ ਸੀ। ਅਚਾਨਕ ਚੀਫ ਸੈਕਟਰੀ ਵੱਲੋਂ ਡੀਸੀ ਨਾਲ ਵੀ ਸੀ ਆਉਣ ਕਰਕੇ ਮੀਟਿੰਗ ਏ ਡੀ ਸੀ ਨਾਲ ਕਿਸਾਨ ਦੀ ਹੋਈ। ਮੀਟਿੰਗ ਵਿੱਚ ਭਾਰਤ ਮਾਲਾ ਪ੍ਰੋਜੈਕਟ ਅਤੇ ਹੋਰ ਮਸਲਿਆਂ ਦੀ ਗੱਲਬਾਤ ਰੱਖੀ ਗਈ ਅਤੇ ਏ ਡੀ ਸੀ ਵੱਲੋਂ ਚੁਤਾਲੇ ਪਿੰਡ ਦੇ ਰੋਡ ਦਾ ਮਸਲਾ, ਕਲੋਨੀਆਂ ਵਿੱਚ ਸਰਕਾਰੀ ਕੂੜਾ ਕਰਕਟ ਸੁੱਟਣਾ, ਕੰਪਲੈਕਸ ਦਾ ਪਾਣੀ ਓਵਰਫਲੋ ਹੋਣ ਦਾ ਮਸਲਾ ਆਦਿ ਮੰਗਾਂ ਨੂੰ ਹੱਲ ਕਰਨ ਦਾ ਵਿਸ਼ਵਾਸ ਦਵਾਇਆ ਨਾਲ ਸੋਮਵਾਰ 10 ਵਜੇ ਦਾ ਆਗੂਆਂ ਨੂੰ ਮੌਕਾ ਵੇਖਣ ਦਾ ਟਾਈਮ ਵੀ ਨਿਸ਼ਚਤ ਕੀਤਾ ਗਿਆ। ਇਸ ਤੋਂ ਬਾਅਦ 12 ਸਤੰਬਰ ਨੂੰ 3.30 ਵਜੇ ਡੀ ਸੀ ਅਤੇ ਐਨ ਐਚ ਅਧਿਕਾਰੀਆਂ ਨਾਲ ਕਿਸਾਨਾਂ ਦੀ ਭਾਰਤ ਮਾਲਾ ਪ੍ਰੋਜੈਕਟ ਲਈ ਮੀਟਿੰਗ ਹੋਵੇਗੀ। ਕਿਸਾਨ ਆਗੂਆਂ ਨੇ ਕਿਹਾ 2013 ਐਕਟ ਅਨੁਸਾਰ ਜਮੀਨਾਂ ਤੇ ਬਜ਼ਾਰੀ ਰੇਟ ਨਾਲੋਂ ਚਾਰ ਗੁਣਾ ਵੱਧ ਭਾਅ ਅਤੇ 30% ਉਜਾੜ ਭੱਤਾ ਦਿੱਤਾ ਜਾਵੇ। ਕਿਸਾਨ ਗੁਰਸੇਵਕ ਸਿੰਘ ਪਿੰਡ ਸ਼ੇਖ ਫੱਤਾ ਦੀ ਤਿੰਨ ਏਕੜ ਜਮੀਨ ਜੋ ਹਾਈਵੇ ਵਿੱਚ ਨਹੀਂ ਆਉਂਦੀ, ਪਰ ਪ੍ਰਸ਼ਾਸਨ ਵੱਲੋਂ ਪੋਕ ਲੈਣ ਅਤੇ ਜੇ ਸੀ ਬੀ ਨਾਲ ਉਸਦੀ ਝੋਨੇ ਦੀ ਫਸਲ ਬਰਬਾਦ ਕਰ ਦਿੱਤੀ ਗਈ ਹੈ। ਇਸ ਦਾ ਹੁਕਮ ਦੇਣ ਵਾਲੇ ਅਧਿਕਾਰੀਆਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਕਰਕੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ ਕਿਸਾਨ ਆਗੂਆਂ ਨੇ ਕਿਹਾ ਜੇਕਰ 12 ਦੀ ਮੀਟਿੰਗ 'ਚ ਇਹ ਮਸਲਿਆਂ ਦਾ ਹੱਲ ਨਾ ਨਿਕਲਿਆ ਤਾਂ 17 ਤਰੀਕ ਨੂੰ ਜ਼ਿਲ੍ਹਾ ਡੀ ਸੀ ਦਫ਼ਤਰ ਅੱਗੇ ਧਰਨਾ ਲਾਇਆ ਜਾਏਗਾ। ਇਸ ਮੌਕੇ ਜਿਲ੍ਹਾ ਖਜਾਨਚੀ ਫਤਿਹ ਸਿੰਘ ਪਿੱਦੀ ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰੇਸ਼ਮ ਸਿੰਘ ਘੁਰਕਵਿੰਡ ਪਾਖਰ ਸਿੰਘ ਲਾਲਪੁਰ ਭਗਵਾਨ ਸਿੰਘ ਸੰਘਰ ਆਦਿ ਆਗੂ ਹਾਜ਼ਰ ਸਨ।

## Change of Name

I,Gurbir Singh Nizzer S/O Itbar Singh R/O 38-B,B-Block,Guru Amar Dass Avenue,Ajnala Road,Amritsar,Punjab have changed my name from Gurbir Singh Nizzer to Gurbir Singh.Concerned note.

I,Harjeet Kaur W/O Tajinder Singh R/O H.No.1193,Gali No.3,Gurlal Bazar,New Partap Nagar,Amritsar,Punjab have changed my name from Harjeet Kaur to Daljit Kaur.Concerned note.

I, Sohan Singh Bhatti S/o Jai Singh R/o B-59, Street No. 03, Bhagat Singh Nagar, Distt. Hoshiarpur Punjab have changed my name from Sohan Singh Bhatti to Sohan Singh. Concerned note.

I, Kamlesh Bhatti W/o Sohan Singh R/o B-59, Street No. 03, Bhagat Singh Nagar, Distt. Hoshiarpur Punjab have changed my name from Kamlesh Bhatti to Kamlesh Rani. Concerned note.

I Raja son of Kuldip Lal resident of House No. 615/10 Gali No. 2. Preet Nagar , near Markfed, Kapurthala have changed my name from Raja to Raja Mehan. All Concerned please note

I, Sunanda W/o Sh. Rajiv Verma R/o H.No. 83/3, New Harbans Nagar Opp. Gali, Shining Star School, Jalandhar, Punjab, India have changed my name from Sunanda to Sunanda Verma after marriage. All concerned please note.

I, Parminder Singh S/o Sh. Satnam Singh R/o H.No. B-1/117, Janta Colony, Maqsudan, Jalandhar, Punjab, India have changed my name from Parminder Singh to Given Name Parminder and Surname as Singh. All concerned please note.

I, Jasbir Singh S/o Kartar Singh R/o H.No. 9, Ajmer Colony, Near Canana Bank, Sansarpur, Jalandhar Cantt, Jalandhar, Punjab-144005 have changed my name from Jasbir Singh to Jasbir Singh Sohal. All concerned please note.

I, Gopal S/O Udho Ram,R/o Kheparha, Bassi Bazid, Hoshiarpur, Punjab- 144208, I have changed the name of my minor Son Shiva aged about 12 Years and He shall hereafter be known as Shiva Kumar.

I, Aasha Rani D/O Jameel Mohammad, R/o Ward No 8, Behlolpur Road, Samala, Ludhiana, Punjab- 141114. have changed my name and shall hereafter be Known as Aaisha Parveen have change my name not my religion.

I, Rajashree C Renuke, W/O Amol Arvind Bhise R/o C-1/1101, S R S Residency, Kheri Kalan-113, Near S R S Chauwk, Sector-88, Kheri Kalan (113), Faridabad, Haryana- 121002. have changed my name and shall hereafter be Known as Asawari Amol Bhise.

I Gurkiratdeep Singh S/o Gagandeep Singh R/o. Vill. Kalian, Teh Batala (Gurdaspur) Have Changed my name Given name is Gurkiratdeep Singh & Surname is Randhawa.

I, Ashwani S/o Mukhtar Chand R/o Vill. Aujla, P.O. Jiwanwal Babri, Tehsil/Distt. Gurdaspur, Punjab-143520, India, have changed my name from Ashwani to Ashwani Singh.

# ਆਰ ਐਮ ਪੀ ਆਈ ਵੱਲੋਂ ਬਿਜਲੀ ਰੇਟਾਂ ਦੇ ਵਾਧੇ ਨਿਖੇਧੀ



ਬਟਾਲਾ (ਤਰਲੋਕ ਬੱਗਾ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਤਹਿਸੀਲ ਪ੍ਰਧਾਨ ਸੁਰਜੀਤ ਸਿੰਘ ਘੁਮਾਣ, ਤਹਿਸੀਲ ਸਕੱਤਰ ਸੰਤੋਖ ਸਿੰਘ ਔਲਖ ਅਤੇ ਸੂਬਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਇਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਡੀਜ਼ਲ-ਪੈਟਰੋਲ ਤੇ ਟੈਕਸ ਲਾਉਣ ਅਤੇ ਬਿਜਲੀ ਰੇਟਾਂ 'ਚ ਭਾਰੀ ਵਾਧਾ ਕਰਕੇ ਸੂਬੇ ਦੇ ਗਰੀਬ ਖਪਤਕਾਰਾਂ ਦੇ ਉਪਰ ਹਜ਼ਾਰਾਂ ਕਰੋੜ ਰੁਪਏ ਦਾ ਬੇਲੋੜਾ ਬੋਝ ਲੱਦਣ ਦੇ ਨਾਦਰਸ਼ਾਹੀ ਫੈਸਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਇਸ ਲੋਕ ਵਿਰੋਧੀ ਫੈਸਲਾ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।ਆਗੂਆਂ ਨੇ ਕਿਹਾ ਕਿ ਉਕਤ ਫੈਸਲੇ ਤੋਂ ਇਹ ਬਾਖੂਬੀ ਸਿੱਧ ਹੁੰਦਾ ਹੈ ਕਿ 'ਬਦਲਾਅ' ਲਿਆਉਣ ਦਾ ਭੁਲੇਖਾ ਦੇ ਕੇ ਸੱਤਾ ਹਥਿਆਉਣ ਵਾਲੀ 'ਆਪ' ਸਰਕਾਰ ਵੀ ਪਿਛਲੀਆਂ ਹਕੂਮਤਾਂ ਵਾਂਗੂੰ ਕਾਰਪੋਰੇਟ ਧਨਾਢਾਂ ਦੇ ਹਿਤ ਪੂਰਨ ਲਈ ਟੈਕਸ ਵਸੂਲੀ ਨੀਤੀ ਰਾਹੀਂ ਗਰੀਬ ਲੋਕਾਂ ਦੀ ਸੰਘੀ ਘੁੱਟਣ ਦੇ ਰਾਹ ਪਈ ਹੋਈ ਹੈ।ਆਗੂਆਂ ਨੇ ਕਿਹਾ ਕਿ ਇਸ ਲੋਕ ਮਾਰੂ ਫ਼ੈਸਲੇ ਦਾ ਸੂਬੇ ਭਰ ਵਿੱਚ ਡਟਵਾਂ ਵਿਰੋਧ ਕੀਤਾ ਜਾਵੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਐੱਨ ਆਈ ਏ ਵੱਲੋਂ ਛਾਪੇਮਾਰੀ ਤੇ ਗ੍ਰਿਫ਼ਤਾਰੀ ਵਿਰੁੱਧ ਕਨਵੈਨਸ਼ਨ ਤੇ ਰੋਸ ਪ੍ਰਦਰਸ਼ਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਦੇਸ਼ ਭਰ ਵਿੱਚ ਲੋਕਾਂ ਦੀ ਜ਼ੁਬਾਨਬੰਦੀ ਕਰਨ ਖਿਲਾਫ, ਸੂਬਿਆਂ ਦੇ ਅਧਿਕਾਰ ਖੋਹਣ ਵਿਰੁੱਧ ਅਤੇ ਮੋਦੀ ਹਕੂਮਤ ਵੱਲੋਂ ਜ਼ੁਬਾਨਬੰਦੀ ਕਰਨ ਲਈ ਰਾਜਨੀਤਿਕ, ਬੁੱਧੀਜੀਵੀ, ਪੱਤਰਕਾਰ, ਵਕੀਲ ਤੇ ਇਨਸਾਫਪਸੰਦ ਲੋਕਾਂ ਨੂੰ ਗ੍ਰਿਫ਼ਤਾਰ ਕਰਨ, ਛਾਪੇਮਾਰੀ ਕਰਨ ਅਤੇ ਝੂਠੇ ਪੁਲਸ ਕੇਸਾਂ ਵਿੱਚ ਫਸਾਉਣ ਖਿਲਾਫ ਸੀ ਪੀ ਆਈ (ਐਮ-ਐਲ) ਨਿਊ ਡੈਮੋਕਰੇਸੀ ਵਲੋਂ ਅੱਜ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਅਤੇ ਰੋਸ ਮੁਜ਼ਾਹਰਾ ਕੀਤਾ ਹੈ।ਇਸ ਮੌਕੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਅਤੇ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਐਨ ਆਈ ਏ ਨੇ ਚੰਡੀਗੜ੍ਹ ਤੇ ਪੰਜਾਬ ਸਮੇਤ ਪੰਜ ਸੂਬਿਆਂ ਵਿੱਚ ਛਾਪੇਮਾਰੀ ਕੀਤੀ ਹੈ, ਜਿਸ ਵਿੱਚ ਚੰਡੀਗੜ੍ਹ ਤੋਂ ਵਕੀਲ ਅਜੇ ਸਿੰਗਲ ਨੂੰ ਗ੍ਰਿਫਤਾਰ ਕੀਤਾ ਹੈ ਤੇ ਕਈ ਵਿਅਕਤੀਆਂ ਨੂੰ ਲਖਨਊ ਐਨ ਆਈ ਏ ਦੇ ਦਫਤਰ ਪੇਸ਼ ਹੋਣ ਲਈ ਨੋਟਿਸ ਦਿੱਤਾ ਹੈ। ਇਹ ਸਾਰੀ ਕਾਰਵਾਈ ਉੱਤਰ ਪ੍ਰਦੇਸ਼ ਵਿਚ ਦਰਜ ਇੱਕ ਸਾਲ ਪੁਰਾਣੇ ਕੇਸ ਵਿੱਚ ਕੀਤੀ ਹੈ। ਉਸ ਕੇਸ ਵਿੱਚ ਅਮਨ ਨਾਮ ਦੇ ਵਿਅਕਤੀ ਨੂੰ ਉਰਫ ਬਣਾ ਕੇ ਅਜੇ ਸਿੰਗਲ ਦਾ ਨਾਮ ਜੋੜ ਦਿੱਤਾ ਹੈ, ਜਿਹੜਾ ਕਿਸੇ ਤਰੀਕੇ ਨਾਲ ਜਾਇਜ਼ ਨਹੀਂ ਹੈ। ਐਨ ਆਈ ਏ ਨੇ ਵੱਡੀ ਗਿਣਤੀ ਵਿੱਚ ਘਰਾਂ ਵਿੱਚ ਛਾਪੇਮਾਰੀ ਕਰਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਹੈ।





ਇਹ ਕਾਰਵਾਈ ਕੇਂਦਰੀ ਹਕੂਮਤ ਵੱਲੋਂ ਹਾਕਮਾਂ ਖਿਲਾਫ ਬੋਲਣ ਵਾਲੇ ਲੋਕਾਂ ਦੀ ਜ਼ੁਬਾਨਬੰਦੀ ਦਾ ਹਿੱਸਾ ਹੈ। ਖਾਸ ਕਰ ਲਖਨਊ ਵਿੱਚ ਸਥਿਤ ਦਫਤਰ ਵੱਲੋਂ ਪੰਜਾਬ ਵਿੱਚ ਕੀਤੀ ਗਈ ਛਾਪੇਮਾਰੀ ਫੈਡਰਲ ਢਾਂਚੇ 'ਤੇ ਹਮਲਾ ਹੈ। ਇਹ ਕਾਰਵਾਈ ਸੂਬੇ ਦੇ ਅਧਿਕਾਰਾਂ ਨੂੰ ਟਿੱਚ ਜਾਣਨ ਦੀ ਹੈ ਪ੍ਰੰਤੂ ਅਫਸੋਸਨਾਕ ਗੱਲ ਇਹ ਹੈ ਕਿ ਇਹਨਾਂ ਛਾਪੇਮਾਰੀਆਂ ਅਤੇ ਗ੍ਰਿਫਤਾਰੀਆਂ ਵਿੱਚ ਪੰਜਾਬ ਪੁਲਸ ਨੇ ਉਹਨਾਂ ਦਾ ਸਾਥ ਦਿੱਤਾ ਅਤੇ ਰੱਖਿਆ ਕੀਤੀ। ਉਹਨਾਂ ਕਿਹਾ ਕਿ 2009 ਵਿੱਚ ਬਣੀ ਇਸ ਏਜੰਸੀ ਨੂੰ ਮੋਦੀ ਹਕੂਮਤ ਨੇ 2019 ਵਿੱਚ ਲੋਕ ਸਭਾ ਅੰਦਰ ਇੱਕ ਨਵੇਂ ਬਿੱਲ ਰਾਹੀਂ ਵੱਧ ਅਧਿਕਾਰ ਦੇ ਦਿੱਤੇ ਹਨ ਜਿਸ ਤਹਿਤ ਇਹ ਕਿਸੇ ਨੂੰ ਵੀ ਦਹਿਸ਼ਤਗਰਦ, ਚਾਹੇ ਉਹ ਵਿਅਕਤੀ ਦੇਸ਼ ਵਿੱਚ ਬੈਠਾ ਹੈ ਚਾਹੇ ਵਿਦੇਸ਼ ਵਿੱਚ ਹੈ, ਐਲਾਨ ਕੇ ਉਸ ਖਿਲਾਫ ਕਾਰਵਾਈ ਕਰ ਸਕਦੀ ਹੈ। ਦੇਸ਼ ਅੰਦਰ ਸਰਕਾਰ ਖਿਲਾਫ ਕਿਸੇ ਵੀ ਉੱਠ ਰਹੇ ਸੰਘਰਸ਼ ਨੂੰ ਚਾਹੇ ਉਹ ਹੱਕੀ ਮੰਗਾਂ ਲਈ ਹੋਵੇ, ਨੂੰ ਕੁਚਲਣ ਦੇ ਅਧਿਕਾਰ ਦੇ ਦਿੱਤੇ ਹਨ। ਇਹ ਕਿਸੇ ਵੀ ਸੂਬੇ ਵਿੱਚ ਕਿਸੇ ਵੀ ਸਟੇਟ ਨੂੰ ਬਿਨਾਂ ਦੱਸੇ ਕਾਰਵਾਈ ਕਰ ਸਕਦੀ ਹੈ। ਇਸ ਤੋਂ ਇਲਾਵਾ ਇਸ ਏਜੰਸੀ ਦੀ ਕੋਰਟ ਵੀ ਵੱਖਰੀ ਹੋਵੇਗੀ ਤੇ ਕੇਸ ਵੀ ਵੱਖਰਾ ਚੱਲੇਗਾ, ਜਿਹੜਾ ਕਿ ਪਹਿਲਾਂ ਤੋਂ ਸਥਾਪਿਤ ਨਿਆਇਕ ਢਾਂਚੇ ਨੂੰ ਵੀ ਚੈਲੰਜ ਹੈ। ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕਰਨ ਉਪਰੰਤ ਦੇਸ਼ ਦੇ ਰਾਸ਼ਟਰਪਤੀ ਦੇ ਨਾਂਅ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਕੇ ਐਨ ਆਈ ਏ ਨੂੰ ਤੁਰੰਤ ਖਤਮ ਕਰਨ, ਗ੍ਰਿਫਤਾਰ ਵਿਅਕਤੀਆਂ ਨੂੰ ਤੁਰੰਤ ਰਿਹਾਅ ਕਰਨ ਤੇ ਪੁੱਛਗਿੱਛ ਲਈ ਬੁਲਾਏ ਗਏ ਵਿਅਕਤੀਆਂ ਨੂੰ ਭੇਜੇ ਨੋਟਿਸ ਤੇ ਤੁਰੰਤ ਰੋਕ ਲਾਉਣ ਦੀ ਮੰਗ ਕੀਤੀ ਗਈ।

# ਆਨਲਾਈਨ ਬਦਲੀਆਂ 'ਚ ਪਾਰਦਰਸ਼ਤਾ ਦੀ ਘਾਟ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

**ਫਿਲੌਰ ( ਨਿਰਮਲ )** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੱਕਤਰ ਗੁਰਵਿੰਦਰ ਸਿੰਘ ਕੈਂਥ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਵਿਭਾਗ ਵਲੋਂ ਕੀਤੀਆਂ ਜਬਰੀ ਬਦਲੀਆਂ ਤੇ ਸਵਾਲ ਚੁੱਕਿਆ ਹੈ।ਉਹਨਾ ਕਿਹਾ ਹੈ ਕਿ ਕੁਝ ਪ੍ਰਿੰਸੀਪਲਾਂ, ਹੈੱਡ ਮਾਸਟਰਾਂ ਤੇ ਬਲਾਕ ਸਿੱਖਿਆ ਅਫ਼ਸਰਾਂ ਦੀਆਂ ਬਦਲੀਆਂ ਬਦਲੀ ਨੀਤੀ ਤੋਂ ਬਾਹਰ ਜਾ ਕੇ ਧੱਕੇ ਨਾਲ ਉਹਨਾਂ ਦੀ ਸਹਿਮਤੀ ਬਿਨਾਂ ਹੀ ਕੀਤੀਆ ਗਈਆ ਹਨ ਤੇ ਬਦਲੀ ਨੀਤੀ ਦੀ ਪਾਰਦਰਸ਼ਤਾ ਨੂੰ ਢਾਹ ਲਾਈ ਹੈ, ਉਹਨਾ ਕਿਹਾ ਕਿ ਸਰਕਾਰ ਨੇ ਪਿੰਡਾਂ ਵਿੱਚ ਬੈਠੇ ਆਪਣੇ ਸਿਆਸੀ ਚੌਧਰੀਆਂ ਨੂੰ ਖੁਸ਼ ਕਰਨ ਲਈ ਸਾਰਾ ਕੁਝ ਕੀਤਾ ਹੈ। ਉਹਨਾ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਸਿਆਸੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀ ਕੀਤੀ ਜਾਵੇਗੀ।ਇਸ ਮੌਕੇ ਉਹਨਾਂ ਕਿਹਾ ਕਿ ਕਿ ਲੰਬੀ ਉਡੀਕ ਤੋਂ ਬਾਅਦ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਨੂੰ ਬਦਲੀਆਂ ਲਈ ਸਟੇਸ਼ਨ ਚੋਣ ਕਰਨ ਦਾ ਮੌਕਾ ਦਿੱਤਾ ਗਿਆ ਸੀ ਜਿਸ ਵਿਚ ਵੱਖ ਵੱਖ ਸਮੇਂ 'ਤੇ ਹੋਈਆਂ ਭਰਤੀਆਂ ਸਮੇਤ 3704 ਮਾਸਟਰ ਕੇਡਰ, 2392 ਮਾਸਟਰ ਕੇਡਰ, 873 ਡੀ.ਪੀ.ਈ, 53 ਡੀ.ਪੀ.ਈ, 3582 ਮਾਸਟਰ ਕੇਡਰ ਵੇਟਿੰਗ, 180 ਈ.ਟੀ.ਟੀ ਅਤੇ 4161 ਮਾਸਟਰ ਕੇਡਰ, ਸਪੈਸ਼ਲ ਕੈਟਾਗਿਰੀ ਅਧਿਆਪਕ ਵਰਗ ਵਿੱਚ ਬਦਲੀਆਂ ਦੇ ਚਾਹਵਾਨ ਅਧਿਆਪਕਾਂ ਲਈ ਪਹਿਲੇ ਗੇੜ (ਜ਼ਿਲੇ ਦੇ ਅੰਦਰ) ਲਈ ਸਟੇਸ਼ਨ ਚੋਣ ਦੀ ਆਪਸ਼ਨ ਖੋਲ੍ਹੀ ਗਈ, ਪਰ ਇਸ ਆਪਸ਼ਨ ਦੇ ਖੁੱਲਦਿਆਂ ਹੀ ਬਦਲੀਆਂ ਦੀ ਆਸ ਵਿੱਚ ਬੈਠੇ ਵੱਖ ਵੱਖ ਕੈਟਾਗਰੀ ਦੇ ਅਧਿਆਪਕਾਂ ਵਿੱਚ ਭਾਰੀ ਨਿਰਾਸ਼ਾ ਅਤੇ ਬੇਚੈਨੀ ਦਾ ਆਲਮ ਪੈਦਾ ਹੋ ਗਿਆ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆ ਨੇ ਕਿਹਾ ਕਿ ਕੁੱਝ ਜਦੋਂ ਬਦਲੀਆਂ ਲਈ ਸਟੇਸ਼ਨ ਚੋਣ ਪੋਰਟਲ ਖੁੱਲਿਆ ਤਾਂ ਹਜ਼ਾਰਾਂ ਅਧਿਆਪਕਾਂ ਨੂੰ ਡਾਟਾ ਮਿਸਮੈਚ, ਸਰਵਿਸ ਹਿਸਟਰੀ ਮਿਸਮੈਚ, ਰਿਜ਼ਲਟ ਮਿਸਮੈਚ ਆਦਿ ਜਿਹੇ ਇਤਰਾਜ਼ ਲਾ ਕੇ ਬਦਲੀਆਂ ਤੋਂ ਅਯੋਗ ਠਹਿਰਾ ਦਿੱਤਾ ਗਿਆ ਹੈ। ਇਥੋਂ ਤੱਕ ਕਿ ਵਿਸ਼ੇਸ਼ ਰਾਖਵਾਂਕਰਨ ਦੇ ਹੱਕਦਾਰ ਵਿਧਵਾ/ਵਿਧੁਰ, ਅੰਗਹੀਣ ਅਤੇ ਉਹ ਅਧਿਆਪਕਾਵਾਂ ਜਿਨ੍ਹਾਂ ਦੇ ਪਤੀ ਸੈਨਾ 'ਚ ਨੌਕਰੀ ਕਰ ਰਹੇ ਹਨ, ਇਹਨਾਂ ਸਭ ਲਈ ਸਿੱਖਿਆ ਵਿਭਾਗ ਦੀ ਟਰਾਂਸਫਰ ਪਾਲਿਸੀ ਲਈ ਪ੍ਰੋਬੇਸ਼ਨ ਪੀਰੀਅਡ ਪੂਰਾ ਕਰਨ ਜਾਂ ਇੱਕ ਸਕੂਲ ਵਿੱਚ ਤਿੰਨ ਸਾਲ ਦੀ ਨੌਕਰੀ ਕਰਨ ਦੀ ਕੋਈ ਸ਼ਰਤ ਨਾ ਹੋਣ ਦੇ ਬਾਵਜੂਦ ਇਨ੍ਹਾਂ ਅਧਿਆਪਕਾਂ ਨੂੰ ਵੀ ਕੋਈ ਨਾ ਕੋਈ ਇਤਰਾਜ਼ ਲਾ ਕੇ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰੈਸ ਤੇ ਸਿੱਖਿਆ ਵਿਭਾਗ ਕੋਲ ਮਰਜ਼ ਕੀਤੇ ਗਏ ਅਧਿਆਪਕਾਂ ਦਾ ਡਾਟਾ ਵੱਡੇ ਪੱਧਰ ਤੇ ਮਿਸਮੈਚ ਹੈ ਅਤੇ ਬਹੁਤ ਸਾਰੇ ਅਧਿਆਪਕਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਵੀ ਅਯੋਗ ਠਹਿਰਾਇਆ ਗਿਆ ਹੈ। ਸਿੱਖਿਆ ਵਿਭਾਗ ਨੇ ਇਸ ਵੱਡੇ ਪੱਧਰ 'ਤੇ ਡਾਟਾ ਮਿਸਮੈਚ ਦਰੁਸਤ ਕਰਨ ਕੋਈ ਵੀ ਵਿਭਾਗੀ ਪੋਰਟਲ ਜਾਰੀ ਨਹੀਂ ਕੀਤਾ ਜਿਸ ਕਾਰਨ ਅਧਿਆਪਕਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਕਈ ਅਧਿਆਪਕਾਂ ਦੇ ਕੇਸ ਵਿੱਚ ਕਾਫ਼ੀ ਹੈਰਾਨੀਜਨਕ ਤੱਥ ਵੀ ਸਾਹਮਣੇ ਆਏ ਹਨ ਕਿ ਇੱਕੋ ਜਿਹੀ ਕੈਟਾਗਰੀ, ਸਰਵਿਸ ਹਿਸਟਰੀ ਅਤੇ ਬਦਲੀ ਅਪਲਾਈ ਕਰਨ ਸਮੇਂ ਇੱਕ ਜਿਹਾ ਡਾਟਾ ਭਰਨ ਦੇ ਬਾਵਜੂਦ ਕਿਸੇ ਅਧਿਆਪਕ ਨੂੰ ਸਟੇਸ਼ਨ ਚੋਣ ਦਾ ਮੌਕਾ ਦਿੱਤਾ ਗਿਆ ਹੈ ਅਤੇ ਕਿਸੇ ਅਧਿਆਪਕ ਨੂੰ ਬਿਨਾਂ ਕੋਈ ਠੋਸ ਕਾਰਨ ਦੱਸਿਆਂ ਹੀ ਨਾਂਹ ਕਰ ਦਿੱਤੀ ਗਈ ਹੈ।ਜ਼ਿਕਰਯੋਗ ਹੈ ਕਿ ਬਦਲੀਆਂ ਲਈ ਚਾਹਵਾਨ ਕਰਮਚਾਰੀਆਂ ਵੱਲੋਂ ਬਦਲੀ ਅਪਲਾਈ ਕਰਨ ਤੋਂ ਬਾਅਦ ਸਾਰਾ ਡਾਟਾ ਚੈੱਕ ਕਰਕੇ ਡੀ.ਡੀ.ਉਜ਼ (ਪ੍ਰਿੰਸੀਪਲ) ਨੇ ਅਪਰੂਵ ਕਰਕੇ ਵਿਭਾਗ ਨੂੰ ਭੇਜਣਾ ਹੁੰਦਾ ਹੈ ਪਰ ਡੀ. ਡੀ. ਉਜ਼ ਦੀ ਅਣਗਹਿਲੀ ਅਤੇ ਵਿਭਾਗੀ ਖਾਮੀਆਂ ਦਾ ਖ਼ਮਿਆਜ਼ਾ ਘਰਾਂ ਤੋਂ ਕਿਲੋਮੀਟਰ ਦੂਰ ਬੈਠੇ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ। ਸੂਬਾ ਪ੍ਰੈਸ ਸਕੱਤਰ ਨੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਅਤੇ ਡੀ ਪੀ ਆਈ (ਸੈਕੰਡਰੀ) ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਸਟੇਸ਼ਨ ਚੋਣ ਬਦਲੀਆਂ ਦੇ ਚਾਹਵਾਨ ਅਧਿਆਪਕਾਂ ਦੇ ਡਾਟੇ ਵਿਚਲੀਆਂ ਖ਼ਾਮੀਆਂ ਨੂੰ ਦੂਰ ਕਰਕੇ ਸਾਰੇ ਯੋਗ ਅਧਿਆਪਕਾਂ ਨੂੰ ਬਦਲੀਆਂ ਲਈ ਤੁਰੰਤ ਵਿਸ਼ੇਸ਼ ਮੌਕਾ ਦਿੱਤਾ ਜਾਵੇ।

# ਪੈਟਰੋਲ-ਡੀਜ਼ਲ ਮਹਿੰਗਾ ਕੀਤੇ ਜਾਣ 'ਤੇ ਆਮ ਲੋਕਾਂ 'ਤੇ ਵਾਧੂ ਬੋਝ ਪਵੇਗਾ : ਐਡਵੋਕੇਟ ਬਲਵਿੰਦਰ ਕੁਮਾਰ



**ਜਲੰਧਰ (ਸ਼ੈਲੀ ਐਲਬਰਟ)**- ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਲਗਾਤਾਰ ਮਹਿੰਗਾਈ ਵਧਣ ਦੇ ਨਾਲ ਲੋਕਾਂ ਦੀ ਹਾਲਤ ਖਰਾਬ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਹਨ। ਹੁਣ ਸੂਬੇ ਦੀ ਆਪ ਸਰਕਾਰ ਨੇ ਇਨ੍ਹਾਂ ਕੀਮਤਾਂ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਪੈਟਰੋਲ ਤੇ ਡੀਜ਼ਲ ਹੋਰ ਮਹਿੰਗਾ ਹੋਣ ਕਾਰਨ ਇਸ ਦਾ ਵਾਧੂ ਭਾਰ ਲੋਕਾਂ ਦੀ ਜੇਬ 'ਤੇ ਪਵੇਗਾ ਅਤੇ ਉਨ੍ਹਾਂ ਦੇ ਘਰ ਦਾ ਬਜਟ ਵਿਗੜ ਜਾਵੇਗਾ।ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ, ਪਰ ਇਸ ਨੂੰ ਰੋਕਣ ਲਈ ਨਾ ਤਾਂ ਕੇਂਦਰ ਸਰਕਾਰ ਵੱਲੋਂ ਹੀ ਕੋਈ ਖਾਸ ਕਦਮ ਚੁੱਕੇ ਜਾ ਰਹੇ ਹਨ ਤੇ ਨਾ ਹੀ ਸੂਬਾ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ। ਮਹਿੰਗਾਈ ਦਾ ਸਭ ਤੋਂ ਵੱਧ ਅਸਰ ਆਮ ਲੋਕਾਂ ਤੇ ਖਾਸ ਕਰਕੇ ਕੰਮਕਾਜੀ ਵਰਗ 'ਤੇ ਪੈ ਰਿਹਾ ਹੈ।ਜ਼ਿੰਦਗੀ ਜਿਊਣ ਲਈ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਖਰੀਦਣਾ ਹੀ ਲੋਕਾਂ ਲਈ ਮੁਸ਼ਕਲ ਹੋ ਰਿਹਾ ਹੈ। ਮਹਿੰਗਾਈ ਵਧਣ ਦੇ ਨਾਲ ਗਰੀਬੀ ਵੀ ਵਧ ਰਹੀ ਹੈ ਅਤੇ ਲੋਕਾਂ ਲਈ ਰੋਟੀ ਦਾ ਪ੍ਰਬੰਧ ਕਰਨਾ ਵੀ ਔਖਾ ਹੋ ਰਿਹਾ ਹੈ।ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਸਰਕਾਰਾਂ ਦਾ ਕੰਮ ਲੋਕਾਂ ਦੀ ਜ਼ਿੰਦਗੀ ਬੇਹਤਰ ਬਣਾਉਣਾ ਹੈ ਤੇ ਇਸ ਦੇ ਲਈ ਜ਼ਰੂਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ, ਪਰ ਸਰਕਾਰਾਂ ਵੱਲੋਂ ਮਹਿੰਗਾਈ ਨੂੰ ਕੰਟਰੋਲ ਕਰਨ ਤੇ ਆਮ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਲੋਕਾਂ ਦੀ ਪਹੁੰਚ ਵਿੱਚ ਰੱਖਣ ਲਈ ਕੋਈ ਖਾਸ ਯਤਨ ਨਹੀਂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਰਥਿਕ ਤੰਗੀ ਦੇ ਮੁਸ਼ਕਲ ਦੌਰ ਵਿੱਚੋਂ ਕੱਢਣ ਲਈ ਜ਼ਰੂਰੀ ਹੈ ਕਿ ਮਹਿੰਗਾਈ ਨੂੰ ਕੰਟਰੋਲ ਕੀਤਾ ਜਾਵੇ ਤੇ ਜ਼ਰੂਰੀ ਚੀਜ਼ਾਂ ਨੂੰ ਲੋਕਾਂ ਦੀ ਪਹੁੰਚ ਵਿੱਚ ਕਰਕੇ ਉਨ੍ਹਾਂ ਨੂੰ ਚੰਗੀ ਜ਼ਿੰਦਗੀ ਵੱਲ ਤੋਰਿਆ ਜਾਵੇ।

# ਐੱਸ ਡੀ ਐੱਮ ਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦਾ ਵਿਵਾਦ ਹੋਇਆ ਹੱਲ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਅਤੇ ਐਸ ਡੀ ਐਮ ਹੁਸ਼ਿਆਰਪੁਰ ਦਾ ਆਪਸੀ ਵਿਵਾਦ ਅੱਜ ਹੱਲ ਹੋ ਗਿਆ, ਜਿਸ ਨੂੰ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵਲੋਂ ਦੋਵੇਂ ਧਿਰਾਂ ਨੂੰ ਬਿਠਾ ਕੇ ਆਪਸੀ ਗੱਲਬਾਤ ਰਾਹੀਂ ਕੁਝ ਦਿਨਾਂ ਤੋਂ ਚੱਲ ਰਹੀ ਰੰਜਿਸ਼ ਨੂੰ ਸਨਮਾਨ ਜਨਕ ਤਰੀਕੇ ਨਾਲ ਖਤਮ ਕਰ ਦਿੱਤਾ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਨੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਪਹਿਲ ਕਦਮੀ ਨਾਲ ਕੁਝ ਦਿਨਾਂ ਤੋਂ ਚੱਲਿਆ ਆ ਰਿਹਾ ਬਾਰ ਐਸੋਸੀਏਸ਼ਨ ਦਾ ਰੋਸ ਖਤਮ ਹੋ ਗਿਆ ਹੈ ਅਤੇ ਇਹ ਗੱਲਬਾਤ ਬਹੁਤ ਹੀ ਸੁਖਾਵੇਂ ਅਤੇ ਸਨਮਾਨਜਨਕ ਤਰੀਕੇ ਨਾਲ ਹੋਈ ਹੈ। ਇਸ ਬਾਰ ਦੇ ਵਕੀਲ ਸਹਿਬਾਨਾਂ ਨੇ ਰਜਨੀ ਨੰਦਾ, ਜਨਰਲ ਸਕੱਤਰ, ਨਿਪੁੰਨ ਸ਼ਰਮਾ ਸਕੱਤਰ, ਰੋਮਨ ਸੱਭਰਵਾਲ ਖਜ਼ਾਨਚੀ, ਅੰਜੂ ਬਾਲਾ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ, ਅਸ਼ੋਕ ਵਾਲੀਆ ਅਤੇ ਸੀਨੀਅਰ ਵਕੀਲ ਏ ਕੇ ਸੈਣੀ, ਕੇ. ਸੀ ਮਹਾਜਨ, ਭਜਨਾ ਰਾਮ ਦਾਦਰਾ, ਲਸ਼ਕਰ ਸਿੰਘ, ਨਵੀਨ ਜੈਰਥ, ਸੁਹਾਸ ਰਾਜਨ, ਮਾਣਿਕ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ, ਸੁਨੀਲ ਕੁਮਾਰ ਪਾਲਵਿੰਦਰ ਮਾਨਾ, ਰਾਕੇਸ਼ ਕੁਮਾਰ, ਪਾਵਨ ਬੱਧਣ, ਕੈਲਾਸ਼, ਵਿਕਰਮ, ਰਾਕੇਸ਼, ਇਸ਼ਾਨੀ, ਗੁਰਜਿੰਦਰ, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ,ਸ਼ਿਵਾਂਗੀ ਅਤੇ ਸਿਧਾਂਤ ਚੌਧਰੀ, ਨਕੁਲ ਨੇ ਵੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਕੀਤੇ ਸਹਿਯੋਗ ਲਈ ਸਰਾਹਨਾ ਕੀਤੀ ਤੇ ਧੰਨਵਾਦ ਕੀਤਾ।

# ਅਧਿਆਪਕ ਸਮਾਜ ਦਾ ਸਰਬਉੱਤਮ ਸਰਮਾਇਆ : ਅਰੋੜਾ



**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਭਾਰਤੀ ਸਮਾਜ ਅੰਦਰ ਅਧਿਆਪਕ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਮਾਂ ਬਾਪ ਤੋਂ ਬਾਅਦ ਬੱਚੇ ਦੇ ਜੀਵਨ ਨੂੰ ਸੰਵਾਰਨ ਵਿੱਚ ਜੇਕਰ ਕੋਈ ਵੱਡੀ ਅਹਿਮ ਭੂਮਿਕਾ ਨਿਭਾਉਂਦਾ ਹੈ ਤਾਂ ਉਹ ਅਧਿਆਪਕ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਅਧਿਆਪਕ ਦਿਵਸ ਸਬੰਧੀ ਕਰਵਾਏ ਗਏ ਵਿਸ਼ੇਸ਼ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਪ੍ਰਮੁੱਖ ਸਮਾਜ ਸੇਵੀ ਅਤੇ ਬੁੱਧੀਜੀਵੀ ਆਗੂ ਸੁਖਵਿੰਦਰ ਸਿੰਘ ਅਰੋੜਾ ਨੇ ਕੀਤਾ। ਉਹਨਾਂ ਕਿਹਾ ਕਿ ਵਿਦਿਆਰਥੀਆਂ ਦੇ ਜੀਵਨ ਦੀ ਸਹੀ ਘਾੜਤ ਇੱਕ ਅਧਿਆਪਕ ਹੀ ਘੜਦਾ ਹੈ। ਉਹ ਉਸ ਨੂੰ ਸਿੱਖਿਆ ਦੇ ਕੇ ਦੁਨੀਆ ਵਿੱਚ ਉੱਚਾ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਕ ਅਧਿਆਪਕ ਹੀ ਹੈ ਜਿਸ ਨੂੰ ਆਪਣੇ ਵਿਦਿਆਰਥੀ ਦੀ ਤਰੱਕੀ 'ਤੇ ਬੇਹੱਦ ਖੁਸ਼ੀ ਹੁੰਦੀ ਹੈ। ਪ੍ਰਿੰਸੀਪਲ ਸ਼ਾਰਧਾ ਦੱਤ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਨਮਾਨ ਸਮਾਰੋਹ ਦੌਰਾਨ ਸਕੂਲ ਦੇ ਅਧਿਆਪਕਾਂ ਨੂੰ ਸੁਖਵਿੰਦਰ ਸਿੰਘ ਅਰੋੜਾ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਉਹਨਾਂ ਨੂੰ ਭਵਿੱਖ ਵਿੱਚ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਨਾ ਕੀਤੀ ਗਈ। ਪ੍ਰਿੰਸੀਪਲ ਸ਼ਾਰਧਾ ਦੱਤ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਪੰਡਿਤ ਰਾਧਾ ਕ੍ਰਿਸ਼ਨਨ ਜੀ ਦੇ ਜੀਵਨ ਵੇਰਵਿਆਂ ਨੂੰ ਬਿਆਨ ਕਰਦੇ ਹੋਏ ਅਧਿਆਪਕਾਂ ਨੂੰ ਉਹਨਾਂ ਤੋਂ ਸਿੱਖਿਆ ਲੈਣ ਲਈ ਕਿਹਾ ਗਿਆ ਉੱਥੇ ਉਹਨਾਂ ਬੀਤੇ ਦਸਾਂ ਸਾਲਾਂ ਤੋਂ ਸਕੂਲ ਦੇ ਸੌ ਫ਼ੀਸਦੀ ਨਤੀਜੇ ਦੇਣ ਲਈ ਅਧਿਆਪਕਾਵਾਂ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਅਧਿਆਪਕ ਦੀ ਇਹ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਵਿਦਿਆਰਥੀਆਂ ਦੇ ਭਵਿੱਖ ਨੂੰ ਨਿਖਾਰੇ ਅਤੇ ਸੰਵਾਰੇ ਕਿਉਂਕਿ ਮਾਤਾ ਪਿਤਾ ਤੋਂ ਬਾਅਦ ਬੱਚੇ ਸਭ ਤੋਂ ਵੱਧ ਅਧਿਆਪਕ ਤੇ ਵਿਸ਼ਵਾਸ ਕਰਦੇ ਹਨ। ਸਨਮਾਨ ਸਮਾਰੋਹ ਦੌਰਾਨ ਮੰਚ ਸੰਚਾਲਨ ਮੈਡਮ ਅੰਜੂ ਬਾਲਾ ਅਤੇ ਪਰਮਜੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਵਾਂ ਸ਼ਰਨਜੀਤ ਕੌਰ, ਜਸਵਿੰਦਰ ਕੌਰ, ਦਮਨਜੀਤ ਕੌਰ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਡਿੰਪਲ, ਸ਼ਾਲੂ ਸੇਠੀ, ਪ੍ਰਭਨੀਤ ਕੌਰ, ਤਰਨਜੀਤ ਕੌਰ, ਸਤਨਾਮ ਕੌਰ, ਪਰਮਿੰਦਰ ਕੌਰ, ਕਮਲਜੀਤ ਕੌਰ, ਜੋਤੀ ਅਤੇ ਅੰਜਲੀ ਨੂੰ ਸਨਮਾਨਤ ਕੀਤਾ ਗਿਆ।

# ਔਰਤਾਂ ਲਈ ਵਰਦਾਨ ਸਾਬਤ ਹੋ ਰਿਹਾ ਸਖੀ ਵਨ ਸਟਾਪ ਸੈਂਟਰ : ਕਰਮਜੀਤ ਕੌਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਇਸਤਰੀ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਔਰਤਾਂ ਅਤੇ ਲੜਕੀਆਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ 'ਚੋਂ ਸਖੀ ਵਨ ਸਟਾਪ ਸੈਂਟਰ ਇਕ ਬਿਹਤਰੀਨ ਸਕੀਮ ਹੈ।ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦਾ ਸਖੀ ਵਨ ਸਟਾਪ ਸੈਂਟਰ ਲੋੜਵੰਦ ਔਰਤਾਂ ਅਤੇ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਰਦਾਨ ਸਾਬਤ ਹੋ ਰਿਹਾ ਹੈ ਅਤੇ ਹੁਣ ਤੱਕ ਇਸ ਸੈਂਟਰ ਵਿਚ 910 ਲੋੜਵੰਦ ਔਰਤਾਂ ਅਤੇ ਲੜਕੀਆਂ ਨੂੰ ਮੁਫ਼ਤ ਕਾਨੂੰਨੀ, ਮੈਡੀਕਲ, ਪੁਲਸ, ਸਮਾਜਿਕ ਅਤੇ ਮਾਨਸਿਕ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਵਨ ਸਟਾਪ ਸੈਂਟਰ ਇਕ, ਸ਼ੈਲਟਰ ਜਾਂ ਕਿਸੇ ਹੋਰ ਸਮੱਸਿਆ ਤੋਂ ਪ੍ਰਭਾਵਿਤ ਔਰਤਾਂ ਨੂੰ ਇਕੋ ਛੱਤ ਹੇਠ ਏਕੀਕ੍ਰਿਤ ਸੇਵਾਵਾਂ ਪ੍ਰਦਾਨ ਕਰਦਾ ਹੈ। ਇਨ੍ਹਾਂ ਸੇਵਾਵਾਂ ਵਿਚ ਡਾਕਟਰੀ ਸਹਾਇਤਾ, ਪੁਲਸ ਸਹਾਇਤਾ, ਕਾਨੂੰਨੀ ਸਹਾਇਤਾ, ਮਨੋਵਿਗਿਆਨਕ ਸਲਾਹ ਅਤੇ ਅਸਥਾਈ ਸਹਾਇਤਾ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸਖੀ ਵਨ ਸਟਾਪ ਸੈਂਟਰ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਲੋੜ ਹੈ। ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਕਿਹਾ ਕਿ ਇਸ ਸਕੀਮ ਦਾ ਮੁੱਖ ਉਦੇਸ਼ ਔਰਤ ਵਰਗ ਦੀ ਹਰ ਤਰ੍ਹਾਂ ਨਾਲ ਸੁਰੱਖਿਆ ਕਰਨਾ ਹੈ। ਸਖੀ ਵਨ ਸਟਾਪ ਸੈਂਟਰ ਦੀ ਸੈਂਟਰ ਪ੍ਰਬੰਧਕ ਆਰਤੀ ਭੱਲਾ ਨੇ ਦੱਸਿਆ ਕਿ ਕੋਈ ਵੀ ਲੋੜਵੰਦ ਔਰਤ ਜਾਂ ਲੜਕੀ ਦਫ਼ਤਰ ਦੇ ਫੋਨ ਨੰਬਰ 01882-254112 'ਤੇ ਸੰਪਰਕ ਕਰਕੇ ਆਪਣੀ ਸਮੱਸਿਆ ਦੱਸ ਸਕਦੀ ਹੈ।

# ਦਯਾਵੰਤੀ ਫਾਊਂਡੇਸ਼ਨ ਨੇ ਖੇੜਾ ਰੋਡ ਵਿਖੇ ਲਗਾਇਆ ਫਰੀ ਆਯੁਰਵੈਦਿਕ ਕੈਂਪ



**ਫਗਵਾੜਾ (ਡਾ. ਰਮਨ)**- ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਦਯਾਵੰਤੀ ਆਯੂਕੇਅਰ ਚੈਰੀਟੇਬਲ ਡਿਸਪੈਂਸਰੀ ਵਲੋਂ ਕਾਸ਼ੀ ਮਹਾਦੇਵ ਕਲੇਸ਼ਵਰ ਸ਼ਿਵ ਮੰਦਰ ਖੇੜਾ ਰੋਡ ਵਿਖੇ ਫਰੀ ਆਯੁਰਵੈਦਿਕ ਚੈਕਅੱਪ ਕੈਂਪ ਕਨੋਜੀਆ ਮਹਾਸਭਾ ਅਤੇ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਵਿੱਚ ਡਾ. ਵਿਕਾਸ (ਬੀ.ਏ.ਐੱਮ.ਐੱਸ.) ਵਲੋਂ ਪਰਮਿੰਦਰ ਕੁਮਾਰ ਅਤੇ ਮੈਨੇਜਰ ਪਰਮਜੀਤ ਸਿੰਘ ਚੱਗਰ ਦੇ ਸਹਿਯੋਗ ਨਾਲ 70 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਇਕ ਹਫਤੇ ਦੀ ਫਰੀ ਦਵਾਈ ਦਿੱਤੀ। ਮੈਨੇਜਰ ਪਰਮਜੀਤ ਸਿੰਘ ਨੇ ਦੱਸਿਆ ਕਿ ਫਾਊਂਡੇਸ਼ਨ ਦੇ ਚੇਅਰਮੈਨ ਸਤੀਸ਼ ਕੁਮਾਰ ਬੱਤਰਾ (ਫਰੰਟੀਅਰ ਕਲੌਥ ਹਾਊਸ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਦੇ ਕੈਂਪ ਵਿਚ ਆਉਣ ਵਾਲੇ ਮਰੀਜ਼ਾਂ ਦਾ ਅਗਲਾ ਇਲਾਜ ਫਰੀ ਕੀਤਾ ਜਾਵੇਗਾ। ਲੋੜਵੰਦ ਜ਼ਰੂਰਤ ਹੋਵੇ ਤਾਂ ਬੰਸੀ ਲਾਲ ਬੱਤਰਾ ਮਾਰਕੀਟ ਬੰਗਾ ਰੋਡ ਸਥਿਤ ਡਿਸਪੈਂਸਰੀ ਤੋਂ ਫਰੀ ਦਵਾਈ ਪ੍ਰਾਪਤ ਕਰ ਸਕਦੇ ਹਨ। ਮਲਕੀਅਤ ਸਿੰਘ ਰਘਬੋਤਰਾ ਜੋ ਕਿ ਫਾਊਂਡੇਸ਼ਨ ਦੇ ਸਕੱਤਰ ਵੀ ਹਨ, ਉਹਨਾਂ ਦੱਸਿਆ ਕਿ ਅਗਲਾ ਕੈਂਪ 17 ਸਤੰਬਰ ਨੂੰ ਗੁਰੂ ਨਾਨਕਪੁਰਾ ਪਾਰਕ ਵਿਚ ਲਗਾਇਆ ਜਾਵੇਗਾ। ਇਸ ਮੌਕੇ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਸਕੱਤਰ ਸੁਰਿੰਦਰਪਾਲ, ਸਭਾ ਦੇ ਪ੍ਰਧਾਨ ਰਾਕੇਸ਼ ਕਨੋਜੀਆ, ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਸ਼ਵਾਮਿੱਤਰ ਸ਼ਰਮਾ, ਮੰਦਰ ਦੇ ਪੁਜਾਰੀ ਸ਼ੰਕਰ ਭਾਰਦਵਾਜ, ਰਾਜਕੁਮਾਰ ਕਨੌਜੀਆ, ਰਜਿੰਦਰ ਕਨੌਜੀਆ, ਸੋਨੂੰ ਕਨੌਜੀਆ, ਰਵੀਕਾਂਤ ਸਹਿਗਲ, ਅਸ਼ੋਕ ਕੁਮਾਰ, ਐਸ.ਸੀ. ਚਾਵਲਾ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਕਾਂਤਾ ਸ਼ਰਮਾ, ਆਦਿ ਹਾਜ਼ਰ ਸਨ।

# ਵਕੀਲਾਂ ਨੇ 'ਨੋ ਵਰਕ ਡੇਅ' ਮਨਾਇਆ



**ਭੁਲੱਥ, (ਮਨਪ੍ਰੀਤ ਸਿੰਘ)**-ਬਾਰ ਐਸੋਸੀਏਸ਼ਨ ਭੁਲੱਥ ਵੱਲੋਂ ਪੰਜਾਬ ਭਰ ਵਿੱਚ ਵਕੀਲਾਂ ਵੱਲੋਂ ਕੀਤੀ ਹੜਤਾਲ ਦੇ ਸਮਰਥਨ ਵਿੱਚ ਨੋ ਵਰਕ ਡੇਅ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਕੁਲਵੰਤ ਸਿੰਘ ਸਹਿਗਲ ਨੇ ਦੱਸਿਆ ਕਿ ਪੰਜਾਬ ਭਰ ਦੇ ਵਕੀਲਾਂ ਵੱਲੋਂ ਪੰਜਾਬ ਵਿੱਚ ਐਡਵੋਕੇਟ ਵੈਲਫੇਅਰ ਐਕਟ ਨੂੰ ਲਾਗੂ ਕਰਨ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿੱਚ ਇਸ ਬਿੱਲ ਨੂੰ ਪੇਸ਼ ਕਰਨ ਲਈ ਅੱਜ ਪੰਜਾਬ ਭਰ ਦੇ ਵਕੀਲਾਂ ਨੇ ਹੜਤਾਲ ਕੀਤੀ ਅਤੇ ਅਦਾਲਤਾਂ ਵਿੱਚ ਨੋ ਵਰਕ ਡੇਅ ਮਨਾਇਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਕੀਲਾਂ ਵੱਲੋਂ ਪਹਿਲਾਂ ਹੀ ਪੰਜਾਬ ਭਰ ਦੇ ਸਾਰੇ ਵਿਧਾਇਕਾਂ ਨੂੰ ਇਸ ਬਿੱਲ ਨੂੰ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕਰਨ ਲਈ ਦਿੱਤਾ ਜਾ ਚੁੱਕਾ ਹੈ, ਪਰ ਇਸ ਦੇ ਬਾਵਜੂਦ ਸਰਕਾਰ ਇਸ ਬਿੱਲ ਨੂੰ ਪਾਸ ਕਰਵਾਉਣ ਤੋਂ ਝਿਜਕ ਰਹੀ ਹੈ। ਇਸ ਮੌਕੇ ਐਡਵੋਕੇਟ ਮਨਿੰਦਰ ਸਿੰਘ ਸੈਕਟਰੀ, ਐਡਵੋਕੇਟ ਪਰਵਿੰਦਰ ਸਿੰਘ ਸਰਾਂ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਭੁਲੱਥ, ਐਡਵੋਕੇਟ ਸੁਖਵਿੰਦਰ ਸਿੰਘ, ਐਡਵੋਕੇਟ ਅੰਮ੍ਰਿਤਪਾਲ ਸਿੰਘ ਬੇਦੀ, ਐਡਵੋਕੇਟ ਪੰਥਜੀਤ ਸਿੰਘ ਪੱਡਾ, ਐਡਵੋਕੇਟ ਮਨਦੀਪ ਸਿੰਘ, ਐਡਵੋਕੇਟ ਅਨੂਪ ਸਿੰਘ, ਐਡਵੋਕੇਟ ਸਰਬਜੀਤ ਕੌਰ, ਐਡਵੋਕੇਟ ਨਵਜਿੰਦਰ ਸਿੰਘ, ਐਡਵੋਕੇਟ ਅਭਿਸ਼ੇਕ ਢੋਲ, ਡਾ. ਇਸ ਮੌਕੇ ਐਡਵੋਕੇਟ ਨਵਸਨਦੀਪ ਕੌਰ, ਐਡਵੋਕੇਟ ਨਵਨੀਤ ਕੁਮਾਰ, ਐਡਵੋਕੇਟ ਬਲਬੀਰ ਸਿੰਘ ਤਲਵੰਡੀ, ਐਡਵੋਕੇਟ ਸੁਖਦੇਵ ਸਿੰਘ, ਐਡਵੋਕੇਟ ਹਰਬੰਸ ਸਿੰਘ, ਐਡਵੋਕੇਟ ਦੀਪਕ ਮੋਂਗਾ, ਐਡਵੋਕੇਟ ਰਾਜਦੀਪ ਸਿੰਘ, ਐਡਵੋਕੇਟ ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਭਲਕੇ ਹੋ ਰਹੇ ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਨੂੰ ਦਿੱਤੀਆਂ ਅੰਤਿਮ ਛੋਹਾਂ




**ਬੰਗਾ (ਅਵਤਾਰ ਕਲੇਰ)** ਪੰਜਾਬੀ ਵਿਭਾਗ (ਸਿੱਖ ਨੈਸ਼ਨਲ ਕਾਲਜ ਬੰਗਾ), ਸਥਾਨਕ ਸਾਹਿਤਕ ਸੱਭਿਆਚਾਰਕ ਅਤੇ ਲੋਕ ਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ 9 ਸਤੰਬਰ ਨੂੰ ਹੋ ਰਹੇ ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਦੀਆਂ ਤਿਆਰੀਆਂ ਨੂੰ ਪ੍ਰਬੰਧਾਂ ਪੱਖੋਂ ਅੰਤਿਮ ਛੋਹਾਂ ਦੇਣ ਲਈ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਖਟਕੜ ਕਲਾਂ ਵਿਖੇ ਮੀਟਿੰਗ ਕੀਤੀ ਹੋਈ।ਇਸ ਮੀਟਿੰਗ ਵਿੱਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਉਲੀਕੇ ਪ੍ਰੋਗਰਾਮ ਬਾਰੇ ਮੁੜ ਯਾਦ ਦੁਆਉਂਦੇ ਹੋਏ ਅਮੋਲਕ ਸਿੰਘ ਨੇ ਹਾਜ਼ਰੀਨ ਨੂੰ ਦੱਸਿਆ ਕਿ ਸਮਾਗਮ ਦੇ ਪਹਿਲੇ ਸੈਸ਼ਨ ਵਿੱਚ ਡਾ. ਪਰਮਿੰਦਰ ਸਿੰਘ ਪਾਸ਼ ਦੀ ਵਾਰਤਕ ਅਤੇ ਇਸਦੀ ਪ੍ਰਸੰਗਿਕਤਾ ਵਿਸ਼ੇ 'ਤੇ ਮੁੱਖ ਵਕਤਾ ਹੋਣਗੇ।ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਏਗਾ। ਉਹਨਾਂ ਦੱਸਿਆ ਕਿ ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਡਾ. ਸੁਰਜੀਤ ਪਾਤਰ ਦੀ ਸਾਹਿਤਕ ਘਾਲਣਾ ਨੂੰ ਸਲਾਮ ਕੀਤਾ ਜਾਏਗਾ।ਡਾ. ਸੁਰਜੀਤ ਪਾਤਰ ਅਤੇ ਕਵੀ ਸੰਤ ਰਾਮ ਉਦਾਸੀ ਦੇ ਪਰਿਵਾਰ ਵੀ ਉਚੇਚੇ ਤੌਰ ਤੇ ਸਮਾਗਮ ਵਿੱਚ ਸ਼ਾਮਲ ਹੋਣਗੇ।

9 ਸਤੰਬਰ ਸਵੇਰੇ ਠੀਕ 11 ਵਜੇ ਪੈਂਜੀ ਇਕਮਿੰਦਰ ਸਿੰਘ ਸੰਧੂ ਸੈਮੀਨਾਰ ਹਾਲ, ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਹੋਣ ਜਾ ਰਹੇ ਇਸ ਸਮਾਗਮ ਨੂੰ ਹਰ ਪੱਖੋਂ ਯਾਦਗਾਰੀ ਬਣਾਉਣ ਅਤੇ ਸਿੱਕੇਬੰਦ ਪ੍ਰਬੰਧ ਕਰਨ ਲਈ ਹੋਈ ਅੱਜ ਦੀ ਮੀਟਿੰਗ 'ਚ ਪਾਸ਼ ਦੇ ਸਾਥੀ ਕਵੀ ਦੀਪ ਕਲੇਰ, ਜਸਵੰਤ ਖਟਕੜ ਤੋਂ ਇਲਾਵਾ ਨੌਜਵਾਨ ਕਵੀ ਤਲਵਿੰਦਰ ਸ਼ੇਰ ਗਿੱਲ, ਸ਼ਿੰਗਾਰਾ ਸਿੰਘ, ਬੂਟਾ ਸਿੰਘ ਮਹਿਮੂਦਪੁਰ ਤੀਰਥ ਰਸੂਲਪੁਰੀ, ਨੰਦ ਲਾਲ ਰਾਏਪੁਰ ਡੱਬਾ, ਖੁਸ਼ੀ ਰਾਮ ਗੁਣਾਚੌਰ, ਦੇਵ ਰਾਜ ਗੁਣਾਚੌਰ, ਰਾਮ ਲੁਭਾਇਆ ਖਟਕੜ ਕਲਾਂ ਅਤੇ ਸੋਹਣ ਲਾਲ ਹਾਜ਼ਰ ਸਨ। ਇਸ ਮੌਕੇ ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਦਾ ਪੋਸਟਰ ਵੀ ਲੋਕ ਅਰਪਣ ਕੀਤਾ ਗਿਆ।

# ਐੱਨ ਓ ਸੀ ਖਤਮ ਹੋਣ ਨਾਲ ਜਨਤਾ ਨੂੰ ਵੱਡੀ ਰਾਹਤ : ਸਰਹਾਲ





**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵਿਧਾਨ ਸਭਾ ਵਿੱਚ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਸੋਧ ਬਿੱਲ ਪਾਸ ਕਰਕੇ ਸੂਬੇ ਦੇ ਲੋਕਾਂ ਅਤੇ ਛੋਟੇ ਪ੍ਰਾਪਰਟੀ ਵਪਾਰੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਹਲਕਾ ਇਚਾਰਜ ਸਰਹਾਲ ਆਮ ਆਦਮੀ ਪਾਰਟੀ ਬੰਗਾ, ਵਾਇਸ ਚੇਅਰਮੈਨ ਵਾਟਰ ਰਿਸੋਰਸਿਸ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਪੰਜਾਬ ਅਤੇ ਭਗਤ ਪੂਰਨ ਸਿੰਘ ਲੋਕ ਸੇਵਾ ਟਰੱਸਟ ਚੇਅਰਮੈਨ ਹਰਪ੍ਰਭਮਹਿਲ ਸਿੰਘ ਆਮ ਆਦਮੀ ਪਾਰਟੀ ਦੇ ਆਗੂਆਂ ਸਮੁੱਚੀ ਟੀਮ ਵਲੋਂ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਲਏ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਸਮੇਂ-ਸਮੇਂ 'ਤੇ ਸਰਕਾਰ ਦੇ ਕਹਿਣ 'ਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਨਾਜਾਇਜ਼ ਕਲੋਨੀਆਂ ਵਿਕਸਤ ਕੀਤੀਆਂ ਗਈਆਂ। ਇਨ੍ਹਾਂ ਕਲੋਨੀਆਂ ਵਿੱਚ ਪਲਾਟ ਖਰੀਦਣ ਅਤੇ ਵੇਚਣ ਵਾਲੇ ਲੋਕਾਂ ਨੂੰ ਬਾਅਦ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਨਾਜਾਇਜ਼ ਕਲੋਨੀਆਂ ਵਿੱਚ ਪਲਾਟਾਂ ਅਤੇ ਮਕਾਨਾਂ ਦੀ ਰਜਿਸਟਰੀ ਲਈ ਐਨ ਓ ਸੀ ਜਾਰੀ ਨਹੀਂ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਹੁਣ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਦੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਬੀਤੇ ਦਿਨੀਂ ਵਿਧਾਨ ਸਭਾ 'ਚ ਸੋਧ ਬਿੱਲ ਪਾਸ ਕਰਕੇ ਲੋਕਾਂ ਨੂੰ ਤੋਹਫਾ ਦਿੱਤਾ ਹੈ। ਆਮ ਲੋਕ ਨਿਗਮ ਜਾਂ ਤਹਿਸੀਲਾਂ ਦੇ ਗੇੜੇ ਮਾਰ-ਮਾਰ ਕੇ ਥੱਕ ਜਾਂਦੇ ਸਨ ਪਰ ਹੁਣ ਉਨ੍ਹਾਂ ਨੂੰ ਅਜਿਹੀ ਕੋਈ ਸਮੱਸਿਆ ਨਹੀਂ ਆਵੇਗੀ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਭਵਿੱਖ ਵਿੱਚ ਵੀ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਸੇ ਤਰ੍ਹਾਂ ਦੇ ਸ਼ਲਾਘਾਯੋਗ ਉਪਰਾਲੇ ਜਾਰੀ ਰੱਖੇਗੀ।

# ਪੁਲਸ ਕੇਸ ਤੁਰੰਤ ਵਾਪਸ ਲਏ ਜਾਣ : ਆਗੂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਯੂ.ਟੀ ਪੁਲਸ ਨੂੰ ਯਾਦ ਕਰਵਾਉਣ ਦੀ ਲੋੜ ਬਣ ਗਈ ਹੈ ਕਿ ਚੰਡੀਗੜ੍ਹ ਵਿੱਚ ਪੰਜਾਬ ਦੀ ਸਰਕਾਰ ਬੈਠੀ ਹੈ। ਜਿਸ ਨਾਲ ਪੰਜਾਬ ਦੇ ਲੋਕਾਂ ਦਾ ਨਿੱਤ ਦਾ ਵਾਹ ਹੈ। ਮੁਜ਼ਾਹਰਾਕਾਰੀ ਪੈਨਸ਼ਨਰਜ਼ ਤੇ ਮੁਲਾਜ਼ਮਾਂ ਲਈ ਪੁਲਸ ਕੇਸ ਕੋਈ ਨਵੀਂ ਗੱਲ ਨਹੀਂ। ਉਪਰੋਕਤ ਟਿੱਪਣੀ ਜੀ ਟੀ ਯੂ ਪੰਜਾਬ ਦੇ ਸਾਬਕਾ ਜਰਨਲ ਸਕੱਤਰ ਸੁੱਚਾ ਸਿੰਘ ਖੱਟੜਾ ਅਤੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਮਾਵੀ ਨੇ ਪ੍ਰੈਸ ਦੇ ਨਾਂ ਸਾਂਝੇ ਬਿਆਨ ਵਿੱਚ ਕਰਦਿਆਂ ਮੰਗ ਕੀਤੀ ਕਿ ਇਹ ਪੁਲਿਸ ਕੇਸ ਤੁਰੰਤ ਵਾਪਸ ਲਏ ਜਾਣ। ਉਹਨਾਂ ਪੰਜਾਬ ਸਰਕਾਰ ਨੂੰ ਵੀ ਚਿਤਾਵਨੀ ਦਿੱਤੀ ਕਿ ਉਹ ਚੰਡੀਗੜ੍ਹ ਪੁਲਸ ਪਿੱਛੇ ਛੁਪ ਕੇ ਦਿਨ ਕਟੀ ਕਰਨਾ ਬੰਦ ਕਰਕੇ ਦਿੱਤੀ ਮੀਟਿੰਗ ਨੂੰ ਟਾਲਣ ਦੀ ਨੀਤੀ ਛੱਡ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਯਾਦ ਕਰਕੇ ਮਸਲੇ ਹੱਲ ਕਰੇ। ਆਗੂਆਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੀ ਸਮਰੱਥਾ ਅਤੇ ਗੁੱਸੇ ਵਿੱਚ ਆਏ ਪੰਜਾਬ ਦੇ ਪੀੜਤ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਸਾਂਝੀ ਤਾਕਤ ਨੂੰ ਤੋਲ ਲੈਣਾ ਚਾਹੀਦਾ ਹੈ। ਆਗੂਆਂ ਕਿਹਾ ਕਿ ਜੇਕਰ ਚੰਡੀਗੜ੍ਹ ਪ੍ਰਸ਼ਾਸਨ, ਪੁਲਸ ਅਤੇ ਪੰਜਾਬ ਸਰਕਾਰ ਇਹੀ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਚੰਡੀਗੜ੍ਹ ਵਿੱਚ ਇੱਕੋ ਵੇਲੇ ਚੋਹਾਂ ਪਾਸਿਆਂ ਤੋਂ ਮਾਰਚ ਕਰਦਿਆਂ ਮਟਕਾ ਚੌਕ ਵਿੱਚ ਪੰਜਾਬ ਸਰਕਾਰ ਨੂੰ ਬੁਲਾਇਆ ਜਾਵੇ, ਤਾਂ ਇਹ ਵੀ ਹੋ ਜਾਵੇਗਾ।

# ਚਲਦੀ ਰੇਲ ਗੱਡੀ 'ਚੋਂ ਡਿੱਗਣ ਕਾਰਨ ਮੌਤ

**ਫਿਲੌਰ ( ਨਿਰਮਲ )**- ਸਤਲੁਜ ਦਰਿਆ ਨੇੜੇ ਰੇਲਵੇ ਲਾਈਨਾਂ ਤੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ। ਰੇਲਵੇ ਚੌਕੀ ਫਿਲੌਰ ਦੇ ਏ ਐਸ ਆਈ ਨਰੇਸ਼ ਕੁਮਾਰ ਨੇ ਦੱਸਿਆ ਕਿ ਇਹ ਵਿਅਕਤੀ ਕਿਸੇ ਚਲਦੀ ਰੇਲ ਗੱਡੀ 'ਚੋਂ ਡਿੱਗਿਆ ਜਾਪਦਾ ਹੈ। ਮ੍ਰਿਤਕ ਦੀ ਉਮਰ ਲਗਭਗ 40 ਤੋਂ 45 ਸਾਲ ਹੈ ਅਤੇ ਉਸ ਨੇ ਮਹਿੰਦੀ ਰੰਗ ਦੀ ਟੀ-ਸ਼ਰਟ ਅਤੇ ਕਾਲੇ ਰੰਗ ਦਾ ਪਜਾਮਾ ਪਾਇਆ ਹੋਇਆ ਹੈ ਤੇ ਸਿਰੋਂ ਮੋਨਾ ਹੈ। ਲਾਸ਼ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ 72 ਘੰਟਿਆਂ ਲਈ ਰੱਖ ਦਿੱਤਾ ਗਿਆ ਹੈ ਅਤੇ ਵਾਰਸਾਂ ਦੀ ਭਾਲ ਜਾਰੀ ਹੈ।

# ਸਿਲਵਰ ਓਕ ਸਕੂਲ ਕਰੇਗਾ ਵਾਲੀਬਾਲ ਤੇ ਲਾਅਨ ਟੈਨਿਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ




**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਓਂਕਾਰ ਸਿੰਘ )**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ, ਵੱਡੇ ਸਪੋਰਟਸ ਈਵੈਂਟ ਕਰਾਉਣ ਵਿੱਚ ਮੋਹਰੀ ਰਿਹਾ ਹੈ, ਇਸ ਸਾਲ ਦੁਬਾਰਾ ਸਕੂਲ ਨੂੰ ਸੀ.ਬੀ.ਐਸ.ਈ ਵੱਲੋਂ ਵਾਲੀਬਾਲ ਕਲਸਟਰ ਚੈਂਪੀਅਨਸ਼ਿਪ ਅਤੇ ਲਾਅਨ ਟੈਨਿਸ ਨਾਰਥ ਜ਼ੋਨ 2 ਚੈਂਪੀਅਨਸ਼ਿਪ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਪ੍ਰੈਸ ਕਾਨਫਰੰਸ ਦੌਰਾਨ ਸੰਬੋਧਨ ਕਰਦੇ ਹੋਏ ਦੱਸਿਆ ਕਿ ਵਾਲੀਬਾਲ ਚੈਂਪੀਅਨਸ਼ਿਪ 12 ਸਤੰਬਰ ਤੋਂ ਲੈ ਕੇ 14 ਸਤੰਬਰ ਤੱਕ ਚੱਲੇਗੀ ਜਿੱਥੇ ਪੰਜਾਬ ਅਤੇ ਜੰਮੂ ਕਸ਼ਮੀਰ ਤੋਂ ਆਈਆਂ ਹੋਈਆਂ ਵੱਖ-ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਲਾਅਨ ਟੈਨਿਸ ਚੈਂਪੀਅਨਸ਼ਿਪ ਜੋ ਕਿ 21 ਸਤੰਬਰ ਤੋਂ ਲੈ ਕੇ 23 ਸਤੰਬਰ ਤੱਕ ਚੱਲੇਗੀ, ਜਿਸ ਵਿੱਚ ਪੰਜਾਬ, ਜੰਮੂ ਕਸ਼ਮੀਰ, ਹਰਿਆਣਾ ਅਤੇ ਹਿਮਾਚਲ ਰਾਜਾਂ ਦੀਆਂ ਟੈਨਸ ਦੀਆਂ ਟੀਮਾਂ ਹਿੱਸਾ ਲੈਣਗੀਆਂ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਸੀ.ਬੀ.ਐਸ.ਈ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਏਡੀ ਵੱਡੀ ਜ਼ਿੰਮੇਵਾਰੀਸਕੂਲ ਨੂੰ ਸੌਂਪੀ ਹੈ। ਸਕੂਲ ਦੇ ਖੇਡ ਵਿਭਾਗ ਦੇ ਮੁਖੀ ਸੰਜੀਵ ਕੁਮਾਰ ਸ਼ਰਮਾ ਨੇ ਦੱਸਿਆ ਕਿ ਇੱਥੇ ਚਾਰਾਂ ਰਾਜਾਂ ਦੇ ਚੋਟੀ ਦੇ ਖਿਡਾਰੀ ਇਹਨਾਂ ਖੇਡਾਂ ਵਿੱਚ ਹਿੱਸਾ ਲੈਣਗੇ। ਤਰਲੋਚਨ ਸਿੰਘ ਨੇ ਦੱਸਿਆ ਕਿ ਵਾਲੀਬਾਲ ਚੈਂਪੀਅਨਸ਼ਿਪ ਦੇ ਉਦਘਾਟਨ ਦੇ ਮੌਕੇ ਤੇ ਸੁਖਪਾਲ ਸਿੰਘ ਬਰਾੜ ਅਰਜੁਨ ਐਵਾਰਡੀ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ ਅਤੇ ਟੂਰਨਾਮੈਂਟ ਦੇ ਆਖਰੀ ਦਿਨ ਇਨਾਮ ਵੰਡ ਸਮਾਰੋਹ ਦੇ ਵਿੱਚ ਦਵਿੰਦਰ ਸਿੰਘ ਬਾਜਵਾ ਡਿਪਟੀ ਸੁਪਰਡੈਂਟ ਆਫ ਪੁਲਸ ਟਾਂਡਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ ਅਤੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਨਗੇ। ਇਸ ਪ੍ਰੈਸ ਕਾਨਫਰੰਸ ਦੌਰਾਨ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਡੀਨੇਟਰ ਬਿਕਰਮਜੀਤ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਸੁਰੇਸ਼, ਪ੍ਰਿਯੰਕਾ, ਬਲਦੇਵ, ਗੁਰਦੇਵ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਸਰਕਾਰ ਨੇ ਬਿਜਲੀ ਤੇ ਡੀਜ਼ਲ ਪੈਟਰੋਲ ਦੇ ਰੇਟਾਂ 'ਚ ਵਾਧਾ ਕਰਕੇ ਲੋਕਾਂ ਨਾਲ ਕੀਤਾ ਵੱਡਾ ਧੋਖਾ : ਸੋਹਾਣਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਅਤੇ ਪੈਟਰੋਲ ਡੀਜ਼ਲ ਦੇ ਰੇਟਾਂ ਵਿੱਚ ਕੀਤੇ ਵਾਧੇ ਨੂੰ ਅਧਿਆਪਕ ਦਿਵਸ ਮੌਕੇ ਪੰਜਾਬ ਦੇ ਲੋਕਾਂ ਨੂੰ ਦਿੱਤਾ ਤੋਹਫਾ ਗਰਦਾਨਦਿਆਂ ਆਮ ਆਦਮੀ ਪਾਰਟੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਲੋਕ ਵਿਰੋਧੀ ਫੈਸਲਾ ਕਰਕੇ ਪੰਜਾਬ ਦੇ ਲੋਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ। ਸੋਹਾਣਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਹਮੇਸ਼ਾ ਲੋਕ ਹਿੱਤ ਵਿੱਚ ਫੈਸਲੇ ਕੀਤੇ ਅਤੇ ਕਰਮਚਾਰੀਆਂ ਨੂੰ ਵੀ ਪੂਰਾ ਮਾਣ ਸਨਮਾਨ ਦਿੱਤਾ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਢਾਈ ਸਾਲਾਂ ਦੇ ਰਾਜ ਦੌਰਾਨ ਹੀ ਲਗਾਤਾਰ ਕਰਮਚਾਰੀਆਂ ਵੱਲੋਂ ਵੀ ਧਰਨੇ ਲੱਗ ਰਹੇ ਹਨ ਅਤੇ ਆਮ ਲੋਕਾਂ ਦਾ ਮੋਹ ਵੀ ਇਸ ਪਾਰਟੀ ਤੋਂ ਪੂਰੀ ਤਰ੍ਹਾਂ ਭੰਗ ਹੋ ਗਿਆ ਹੈ। ਉਹਨਾਂ ਕਿਹਾ ਕਿ ਰਹਿੰਦੀ ਖੂੰਹਦੀ ਕਸਰ ਆਮ ਆਦਮੀ ਪਾਰਟੀ ਸਰਕਾਰ ਨੇ ਬਿਜਲੀ ਦੇ ਰੇਟ ਤਿੰਨ ਰੁਪਏ ਪ੍ਰਤੀ ਯੂਨਿਟ ਅਤੇ ਪੈਟਰੋਲ ਅਤੇ ਡੀਜ਼ਲ ਉੱਤੇ ਕ੍ਰਮਵਾਰ 61 ਪੈਸੇ ਅਤੇ 92 ਪੈਸੇ ਪ੍ਰਤੀ ਲੀਟਰ ਵੈਟ ਵਧਾ ਕੇ ਪੂਰੀ ਕਰ ਦਿੱਤੀ ਹੈ। ਉਹਨਾਂ ਕਿਹਾ ਕਿ ਇਸ ਨਾਲ ਮਹਿੰਗਾਈ ਵਿੱਚ ਵਾਧਾ ਹੋਵੇਗਾ ਅਤੇ ਆਮ ਲੋਕਾਂ ਦੀਆਂ ਜੇਬਾਂ ਉੱਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਡਾਕਾ ਮਾਰਨ ਦੀ ਤਿਆਰੀ ਕੀਤੀ ਗਈ ਹੈ, ਜਿਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਘੱਟ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਪੰਜਾਬ ਸਰਕਾਰ ਦੇ ਅਜਿਹੇ ਮਾਰੂ ਫੈਸਲਿਆਂ ਦਾ ਮੂੰਹ ਤੋੜਵਾਂ ਜਵਾਬ ਦੇਣਗੇ ਅਤੇ ਆਮ ਆਦਮੀ ਪਾਰਟੀ ਤੋਂ ਅਜਿਹੇ ਲੋਕ ਵਿਰੋਧੀ ਫੈਸਲਿਆਂ ਦਾ ਡਟ ਕੇ ਬਦਲਾ ਲੈਣਗੇ।

# ਬੱਚਿਆ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜਨ ਲਈ ਪ੍ਰੋਗਰਾਮ ਕਰਵਾਇਆ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਰਾਹੋਂ ਵੱਲੋਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਅਤੇ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਰੁਚੀ ਵਧਾਉਣ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਅਤੇ ਮੰਚ ਦਾ ਉਦਘਾਟਨ ਸਕੂਲ ਦੇ ਇੰਚਾਰਜ ਕੁਲਵਿੰਦਰ ਰਾਮ ਨੇ ਕੀਤਾ।ਉਹਨ੍ਹਾਂ ਨੇ ਬੱਚਿਆ ਨੂੰ ਸਮਝਾਂਉਂਦੇ ਹੋਏ ਕਿਹਾ ਕਿ ਮਾਪੇ ਬੱਚਿਆਂ ਦੇ ਜਨਮ ਤੋਂ ਹੀ ਉਹਨ੍ਹਾਂ ਦੇ ਗੁਰੂ ਹੁੰਦੇ ਹਨ, ਅਤੇ ਅਧਿਆਪਕ ਬੱਚਿਆਂ ਦੀ ਪੜ੍ਹਾਈ ਦੀ ਚੰਗੀ ਸਿੱਖਿਆ ਦੇ ਗੁਰੂ ਹੁੰਦੇ ਹਨ, ਸਾਨੂੰ ਆਪਣੇ ਮਾਪਿਆਂ ਦੇ ਨਾਲ-ਨਾਲ ਅਧਿਆਪਕਾਂ ਦਾ ਵੀ ਸਨਮਾਨ ਕਰਨਾ ਚਾਹੀਦਾ ਹੈ।ਉਹਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਖੇਡਾਂ 'ਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਪਿੰਡ/ਸ਼ਹਿਰ ਦਾ ਨਾਂਅ ਵਧਾਉਣਾ ਚਾਹੀਦਾ ਹੈ।ਇਸ ਮੰਤਵ ਤਹਿਤ ਸਕੂਲ ਵਿੱਚ ਬੱਚਿਆਂ ਦਾ ਮਨੋਬਲ ਵਧਾਓਣ ਲਈ ਪ੍ਰੋਗਰਾਮ ਕੀਤਾ ਗਿਆ ਹੈ।ਉਹਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਮੇਸ਼ਾ ਦੂਰ ਰਹਿਣਾ ਚਾਹੀਦਾ ਹੈ।ਇਸ ਮੌਕੇ ਸੁਖਦੀਪ ਸਿੰਘ, ਯੋਗੇਸ਼ ਕੁਮਾਰ, ਸਤਨਾਮ ਸਿੰਘ, ਸੰਜੇ, ਕਵਿਤਾ ਸੱਭਰਵਾਲ, ਮੈਡਮ ਭੋਲੀ, ਅੰਜੂ, ਆਰਤੀ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਰੁਪਿੰਦਰ, ਸੰਜੀਵ ਰਣਦੇਵ,ਪਰਮਜੀਤ ਕੌਰ, ਸੁਰਿੰਦਰ ਜੋਸ਼ੀ ਚਰਨ ਸਿੰਘ ਆਦਿ ਹਾਜ਼ਰ ਸਨ।

# ਡੇਂਗੂ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ

**ਫਗਵਾੜਾ ( ਡਾ. ਰਮਨ)** ਸਿਵਲ ਸਰਜਨ ਕਪੂਰਥਲਾ ਡਾ ਰੀਚਾ ਭਾਟੀਆ ਦੇ ਹੁਕਮਾਂ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਨੰਦਿਕਾ ਖੁੱਲਰ ਅਤੇ ਡਾ ਨਵਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਡਾ. ਲਹਿੰਬਰ ਰਾਮ ਦੀ ਯੋਗ ਅਗਵਾਈ ਹੇਠ ਟੀਮ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਬਲਿਹਾਰ ਚੰਦ, ਗੁਰਮੇਜ ਸਿੰਘ ਦੀ ਸੁੱਚਜੀ ਦੇਖਰੇਖ ਹੇਠ ਹਰ ਸ਼ੁੱਕਰਵਾਰ ਡੈਂਗੂ 'ਤੇ ਵਾਰ ਮੁਹਿੰਮ ਤਹਿਤ ਸਿਹਤ ਵਿਭਾਗ ਦੀ ਐਂਟੀ ਲਾਰਵਾ ਟੀਮ ਵਲੋਂ ਮੁੱਹਲਾ ਭਗਤਪੁਰਾ, ਰਾਮਪੁਰਾ, ਪ੍ਰੀਤ ਨਗਰ ਵਿਖੇ ਬ੍ਰੀਡਿੰਗ ਚੈੱਕਰਾਂ ਵਲੋਂ ਘਰ ਘਰ ਜਾ ਕੇ ਵਿਜਟ ਕੀਤਾ ਗਿਆ। ਇਸ ਮੌਕੇ ਲੋਕਾਂ ਦੇ ਘਰਾਂ ਵਿੱਚ ਪਾਣੀ ਨਾਲ ਭਰੇ ਹੋਏ ਕੰਨਟੈਨਰ ਜਿਵੇਂ ਕਿ ਕੂਲਰ, ਗਮਲੇ, ਫਰਿੱਜਾਂ, ਦੀਆ ਟ੍ਰੈਆ ਆਦਿ ਚੈਕ ਕੀਤੀਆਂ ਗਈਆਂ। ਇਸ ਮੌਕੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ, ਬਲਿਹਾਰ ਚੰਦ, ਗੁਰਮੇਜ ਸਿੰਘ ਹੈਲਥ ਵਰਕਰ ਲਖਵਿੰਦਰ ਸਿੰਘ, ਅਮਰੀਕ ਸਿੰਘ, ਸੁਰਿੰਦਰ ਸਿੰਘ, ਬ੍ਰੀਡਿੰਗ ਚੈਕਰ ਮਨੀ ਕੁਮਾਰ, ਸੁਨੀਲ ਕੁਮਾਰ, ਰਜਿੰਦਰ ਕੁਮਾਰ, ਜੋਨੀ, ਸਤਵੀਰ ਸਿੰਘ, ਗੁਰਜੀਤ ਸਿੰਘ, ਅਜੀਤ ਸਿੰਘ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ।

# ਸਕੂਲ ਨੂੰ ਐੱਲ ਈ ਡੀ ਭੇਟ ਕਰਕੇ ਮਨਾਇਆ ਬੇਟੇ ਦਾ ਜਨਮ ਦਿਨ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਸ੍ਰੀ ਚਮਕੌਰ ਸਾਹਿਬ-1 ਵਿੱਚ ਸਕੂਲੀ ਵਿਦਿਆਰਥੀਆਂ ਲਈ ਉੱਘੇ ਦਾਨੀ, ਸਮਾਜ ਸੇਵੀ ਅਤੇ ਐਨ ਆਰ ਆਈ ਪਰਵਾਰ ਵੱਲੋਂ ਐਲ ਈ ਡੀ ਭੇਟ ਕੀਤੀ ਹੈ। ਸਕੂਲ ਇੰਚਾਰਜ ਗੁਰਪ੍ਰੀਤ ਸਿੰਘ ਕੈਂਥੋ ਨੇ ਦੱਸਿਆ ਕਿ ਉੱਘੇ ਦਾਨੀ ਸੱਜਣ ਸੰਜੇ ਖੁਰਾਨਾ ਦੇ ਐਨ ਆਰ ਆਈ ਦਾਮਾਦ ਪੰਕਜ ਕਵਾਤਰਾ ਅਤੇ ਧੀ ਪਲਵੀ ਖੁਰਾਨਾ ਵੱਲੋਂ ਆਪਣੇ ਬੇਟੇ ਮਿਕਨ ਕਵਾਤਰਾ ਦਾ ਦੂਜਾ ਜਨਮ ਦਿਨ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚਮਕੌਰ ਸਾਹਿਬ 1 ਦੇ ਬੱਚਿਆਂ ਵਿੱਚ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸਕੂਲ ਲਈ ਭੇਜੀ ਗਈ ਐਲ ਈ ਡੀ ਸੰਜੇ ਖੁਰਾਨਾ ਤੇ ਉਨ੍ਹਾਂ ਦੀ ਧਰਮ ਪਤਨੀ ਨੀਲਮ ਖੁਰਾਨਾ ਵੱਲੋਂ ਸਕੂਲ ਸਟਾਫ ਨੂੰ ਭੇਟ ਕੀਤੀ ਗਈ। ਇਸ ਮੌਕੇ ਉਨ੍ਹਾਂ ਬੱਚਿਆਂ ਦਾ ਮੂੰਹ ਮਿੱਠਾ ਕਰਾਉਂਦਿਆਂ ਸਾਰੇ ਸਕੂਲ ਵਿਦਿਆਰਥੀਆਂ ਨੂੰ ਮਠਿਆਈ ਵੰਡੀ। ਇਸ ਮੌਕੇ ਸਮੂਹ ਸਟਾਫ ਵੱਲੋਂ ਖੁਰਾਨਾ ਅਤੇ ਕਵਾਤਰਾ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿੱਦਿਆ ਦੇ ਮੰਦਰ ਵਿੱਚ ਦਾਨ ਦੇਣਾ ਸਭ ਤੋਂ ਉੱਤਮ ਕਰਮ ਹੈ। ਇਸ ਪਰਵਾਰ ਵੱਲੋਂ ਇਸ ਸਕੂਲ ਲਈ ਇਹ ਚੌਥੀ ਐਲ ਈ ਡੀ ਭੇਟ ਕੀਤੀ ਗਈ ਹੈ। ਇਹ ਪਰਵਾਰ ਸਮੇਂ ਸਮੇਂ ਤੇ ਸਕੂਲ ਲਈ ਹਰ ਲੋੜੀਂਦੀ ਸਹਾਇਤਾ ਕਰਦਾ ਆ ਰਿਹਾ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਕੈਂਥੋ, ਪੁਰਸ਼ੋਤਮ ਕੁਮਾਰ, ਚੱਕਰਵਰਤੀ ਪਾਠਕ, ਰੁਪਿੰਦਰਜੀਤ ਕੌਰ, ਹਰਜੀਤ ਕੌਰ, ਹਰਜੋਤ ਕੌਰ ਅਤੇ ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਡੇਂਗੂ ਮੱਛਰ ਦੇ ਖਾਤਮੇ ਲਈ ਸਿਹਤ ਵਿਭਾਗ ਦੀ ਟੀਮ ਪੱਬਾਂ ਭਾਰ


**ਬਲਾਚੌਰ (ਜਸਵਿੰਦਰ ਬੈਂਸ)** ਮੁੱਢਲਾ ਸਿਹਤ ਕੇਂਦਰ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੇ ਦਿਸ਼ਾ ਨਿਰਦੇਸ਼ਾ ਤਹਿਤ ਹਰ ਸ਼ੁੱਕਰਵਾਰ ਡੇਂਗੂ ਮੱਛਰ ਉਪਰ ਵਾਰ ਚਲਾਈ ਮੁਹਿੰਮ ਤਹਿਤ ਸਿਹਤ ਵਿਭਾਗ ਦੀ ਟੀਮ ਵਲੋਂ ਸ਼ਹਿਰ ਦੇ ਵੱਖ ਵੱਖ ਸਥਾਨਾਂ 'ਤੇ ਲਾਰਵਾ ਨਸ਼ਟ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆ ਇੰਚਾਰਜ ਹਰਜਿੰਦਰ ਸਿੰਘ ਹੈਲਥ ਇੰਸਪੈਕਟਰ, ਅਮਨਦੀਪ ਸਿਘ ਮਲਟੀਪਰਪਜ ਹੈਲਥ ਵਰਕਰ (ਮੇਲ) ਨੇ ਦੱਸਿਆ ਉਨ੍ਹਾਂ ਵਲੋਂ ਸ਼ਹਿਰ ਅੰਦਰ ਨਰਸਰੀਆਂ, ਕੁਆੜ ਦੀਆਂ ਦੁਕਾਨਾਂ ਤਹਿਸੀਲ ਕੰਪਲੈਕਸ ਸਮੇਤ ਹੋਰ ਵੱਖ ਸਰਕਾਰੀ ਦਫਤਰਾ ਵਿੱਚ ਜਾ ਕੇ ਕੂਲਰ, ਗਮਲਿਆ ਅਤੇ ਹੋਰ ਪਾਣੀ ਖੜਨ ਵਾਲੀਆ ਚੀਜ਼ਾ ਨੂੰ ਚੈੱਕ ਕੀਤਾ ਗਿਆ ਅਤੇ ਜਿੱਥੇ ਕਿੱਤੇ ਵੀ ਡੇਂਗੂ ਮੱਛਰ ਦਾ ਲਾਰਵਾ ਮਿਲਿਆ ਨੂੰ ਨਸ਼ਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਤਹਿਸੀਲ ਕੰਪਲੈਕਸ ਵਿੱਚ ਬਣੇ ਪਟਵਾਰ ਖਾਨੇ ਦੇ ਪਿਛਲੇ ਪਾਸੇ ਪਾਣੀ ਦੀ ਲੀਕੇਜ਼ ਨਾਲ ਬਣੇ ਛੱਪੜ ਵਿੱਚ ਜੋ ਲਾਰਵਾ ਸੀ ਨੂੰ ਦਵਾਈ ਦਾ ਛਿੜਕਾ ਕਰਕੇ ਖਤਮ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਹਦਾਇਤ ਕੀ ਉਹ ਕੂਲਰਾ, ਗਮਲਿਆ ਅਤੇ ਹੋਰ ਸਥਾਨਾ ਉਪਰ ਪਾਣੀ ਨੂੰ ਖੜਾ ਨਾ ਹੋਣ ਦੇਣ ਅਤੇ ਮੱਛਰ ਦੇ ਖਾਤਮੇ ਲਈ ਅਜਿਹੇ ਸਥਾਨਾ ਉਪਰ ਡੀਜ਼ਲ ਜਾਂ ਕਾਲੇ ਤੇਲ ਦਾ ਛਿੜਕਾ ਕਰਕੇ ਵੀ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਸਾਫ ਸਫਾਈ ਨੂੰ ਤਰਜੀਹ ਦਿੱਤੇ ਜਾਣ ਦੀ ਵੀ ਅਪੀਲ ਕੀਤੀ। ਇਸ ਮੌਕੇ ਸੁਰਿੰਦਰ ਸਿੰਘ ਮਲਟੀਪਰਜ ਹੈਲਥ ਵਰਕਰ (ਮੇਲ), ਜਸਪਾਲ ਸਿੰਘ, ਸੁਭਾਸ਼ ਚੰਦਰ, ਅਨਮੋਲ, ਰਜਿੰਦਰ ਕੁਮਾਰ, ਗੁਰਿੰਦਰ ਸਿੰਘ ਬਰੀਡਰ ਚੈਕਰ ਵੀ ਮੌਜੂਦ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਦੀ ਲੁਠੇੜੀ ਸਕੂਲ ਵਿਖੇ ਸ਼ੁਰੂਆਤ



**ਮੋਰਿੰਡਾ ( ਜੈਜ਼ੀ ਸਰਦਾਰ )**-ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਵਿੱਚ ਖੇਡ ਭਾਵਨਾ ਨੂੰ ਵਿਕਸਿਤ ਕਰਨ ਲਈ ਸ਼ੁਰੂ ਕੀਤੇ ਟੂਰਨਾਮੈਂਟ ਖੇਡਾਂ ਵਤਨ ਪੰਜਾਬ ਸੀਜ਼ਨ 3 ਦਾ ਉਦਘਾਟਨ ਸ਼ੁੱਕਰਵਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਕੀਤਾ ਗਿਆ। ਸਬ ਡਵੀਜ਼ਨ ਮੋਰਿੰਡਾ ਦੇ ਐਸ ਡੀ ਐਮ ਸੁਖਪਾਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਏਂਜਲ ਵਰਲਡ ਸਕੂਲ ਮੋਰਿੰਡਾ ਦੀ ਬੈਂਡ ਟੀਮ ਨੇ ਬੈਂਡ ਦੀ ਧੁਨ ਨਾਲ ਅਤੇ ਹੋਰਨਾਂ ਸਕੂਲਾਂ ਦੀਆਂ ਖਿਡਾਰੀ ਟੀਮਾਂ ਨੇ ਸ਼ਾਨਦਾਰ ਮਾਰਚ ਪਾਸਟ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਐਸ ਡੀ ਐਮ ਮੋਰਿੰਡਾ ਸੁਖਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਵੱਡੇ ਵੱਡੇ ਖਿਡਾਰੀ ਇਹਨਾਂ ਹੀ ਖੇਡਾਂ ਵਿੱਚੋਂ ਪੈਦਾ ਹੁੰਦੇ ਹਨ। ਉਹਨਾਂ ਖਿਡਾਰੀਆਂ ਨੂੰ ਖੇਡਾਂ ਖੇਡ ਭਾਵਨਾ ਨਾਲ ਖੇਡਣ ਦੀ ਅਪੀਲ ਕੀਤੀ। ਉਹਨਾਂ ਟੂਰਨਾਮੈਂਟ ਦੇ ਨੋਡਲ ਅਫ਼ਸਰ ਸੁਰਿੰਦਰ ਕੁਮਾਰ ਘਈ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤਹਿਸੀਲਦਾਰ ਪੁਨੀਤ ਬਾਂਸਲ , ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ, ਜ਼ਿਲ੍ਹਾ ਖੇਡ ਅਫਸਰ ਜਗਜੀਵਨ ਸਿੰਘ, ਪ੍ਰਿੰਸੀਪਲ ਇੰਦਰਜੀਤ ਕੌਰ ਲੁਠੇੜੀ, ਹਰਵਿੰਦਰ ਸਿੰਘ ਕੋਚ ਅਥਲੈਟਿਕਸ, ਹਰਿੰਦਰ ਸਿੰਘ ਕੋਚ ਕੁਸ਼ਤੀ, ਗੁਰਜਿੰਦਰ ਸਿੰਘ ਕੋਚ ਰੋਇੰਗ, ਆਮ ਆਦਮੀ ਪਾਰਟੀ ਦੇ ਨੁਮਾਇੰਦੇ ਨਵਦੀਪ ਸਿੰਘ ਟੋਨੀ, ਰਾਜਿੰਦਰ ਸਿੰਘ ਚੱਕਲਾਂ ਆਦਿ ਵਿਸ਼ੇਸ਼ ਤੌਰ 'ਤੇ ਮੰਚ ਉੱਤੇ ਬਿਰਾਜਮਾਨ ਸਨ। ਅੱਜ ਪਹਿਲੇ ਦਿਨ ਫੁੱਟਬਾਲ, ਵਾਲੀਬਾਲ ਅਤੇ ਅਥਲੈਟਿਕਸ ਦੇ ਮੁਕਾਬਲੇ ਹੋਏ। ਇਸ ਮੌਕੇ ਗੁਰਿੰਦਰਜੀਤ ਮਾਨ, ਸੁਰਮੁਖ ਸਿੰਘ ਲੁਠੇੜੀ, ਹਰਪ੍ਰੀਤ ਸਿੰਘ ਮੜੌਲੀ, ਭਵਨਦੀਪ ਸਿੰਘ ਮੜੌਲੀ , ਅੰਜੂ ਬਾਲਾ ਕਲਾਰਾਂ , ਗੁਰਪਾਲ ਸਿੰਘ ਗਾਰਡਨ ਵੈਲੀ,ਗੁਰਮੀਤ ਕੌਰ ਸਹੇੜੀ, ਕਿਰਨਜੀਤ ਕੌਰ ਭਾਈ ਨੰਦ ਲਾਲ,ਬਿਕਰਮ ਸਿੰਘ ਹੀਰਾ ਪਬਲਿਕ ਸਕੂਲ , ਮਨਿੰਦਰ ਕੌਰ ਖਾਲਸਾ ਸਕੂਲ ਮੋਰਿੰਡਾ, ਪਰਮਜੀਤ ਸਿੰਘ ਚਤਾਮਲੀ, ਰਵਿੰਦਰ ਸਿੰਘ ਧਨੌਂਗੀ ਸ਼ਮਿੰਦਰ ਸਿੰਘ ਰੰਗੀਆਂ, ਕੁਲਦੀਪ ਕੌਰ ਕਾਈਨੌਰ, ਭੁਪਿੰਦਰ ਸਿੰਘ ਚਤਾਮਲਾ, ਗੁਰਤੇਜ ਸਿੰਘ ਤਾਜਪੁਰ, ਅਮਨਦੀਪ ਸਿੰਘ ਢੰਗਰਾਲੀ, ਪਰਮਜੀਤ ਸਿੰਘ ਰਤਨਗੜ੍ਹ, ਜਸਬੀਰ ਸਿੰਘ ਸ਼ਾਂਤਪੁਰੀ, ਧਰਮਿੰਦਰ ਸਿੰਘ ਭੰਗੂ, ਹਰਿੰਦਰ ਕੁਮਾਰ ਆਦਿ ਨੇ ਖੇਡਾਂ ਦੇ ਆਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ।ਲੈਕਚਰਾਰ ਗਿਰਧਾਰੀ ਲਾਲ ਨੇ ਮੰਚ ਸੰਚਾਲਨ ਕੀਤਾ।

# ਪ੍ਰਮਜੀਤ ਲਾਲ ਆਟੋ ਯੂਨੀਅਨ ਦੇ ਪ੍ਰਧਾਨ ਨਿਯੁਕਤ



**ਕਾਲਾ ਸੰਘਿਆਂ (ਮਨਜੀਤ ਮਾਨ)** ਸਭ ਦਾ ਮਾਲਿਕ ਏਕ ਹੈ ਜਥੇਬੰਦੀ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਪੰਜਾਬ ਪ੍ਰਧਾਨ ਸਾਬੀ ਆਦਿਵਾਸੀ ਦੀ ਅਗਵਾਈ 'ਚ ਪਾਰਟੀ ਦੇ ਚੇਅਰਮੈਨ ਵਿਜੇ ਘਾਰੂ ਦੇ ਦਫਤਰ ਲਾਂਬੜਾ ਵਿਖੇ ਹੋਈ ਜਿਸ ਵਿੱਚ ਜਥੇਬੰਦੀ ਦੇ ਆਗੂਆਂ ਤੇ ਅਹੁਦੇਦਾਰਾਂ ਨੇ ਹਿੱਸਾ ਲਿਆ ਇਸ ਮੌਕੇ ਆਟੋ ਯੂਨੀਅਨ ਲਾਂਬੜਾ ਦੇ ਮੈਂਬਰ ਜਥੇਬੰਦੀ ਵਿੱਚ ਸ਼ਾਮਲ ਹੋਏ ਅਤੇ ਜਥੇਬੰਦੀ ਦਾ ਆਟੋ ਯੂਨੀਅਨ ਸਥਾਪਿਤ ਕੀਤਾ ਗਿਆ ਜਿਸ ਵਿੱਚ ਪਰਮਜੀਤ ਲਾਲ ਨੂੰ ਆਟੋ ਯੂਨੀਅਨ ਦਾ ਪ੍ਰਧਾਨ ਅਤੇ ਪਾਲਸ਼ੀਰਾ ਨੂੰ ਆਟੋ ਯੂਨੀਅਨ ਸਭ ਦਾ ਮਾਲਿਕ ਏਕ ਹੈ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਸਾਬੀ ਆਦਿਵਾਸੀ ਨੇ ਕਿਹਾ ਕਿ ਸਭ ਦਾ ਮਾਲਿਕ ਏਕ ਹੈ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਨੌਜੁਆਨਾਂ ਨੂੰ ਜਥੇਬੰਦੀ ਪ੍ਰਤੀ ਲਾਮਬੰਦ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਸਭ ਦਾ ਮਾਲਿਕ ਏਕ ਹੈ ਜਥੇਬੰਦੀ ਪੂਰੇ ਪੰਜਾਬ ਵਿੱਚ ਉਭਰ ਕੇ ਸਾਹਮਣੇ ਆ ਰਹੀ ਹੈ। ਇਸ ਮੌਕੇ ਪਰਮਜੀਤ ਸਿੰਘ, ਪ੍ਰਵੀਨ ਕੁਮਾਰ ,ਸੰਤੋਸ਼, ਬਖਸ਼ੀਸ਼ ਰਾਮ, ਗੁਰਮੀਤ ਚੰਦ ,ਬਲਜੀਤ ਸਿੰਘ, ਰਾਮਪਾਲ, ਲਵਲੀ, ਬੁੱਧੂ, ਮੰਗਾ, ਮਨਜੀਤ, ਸੁਖਦੇਵ ਆਦਿ ਹਾਜ਼ਰ ਸਨ।

# ਐੱਨ ਆਈ ਏ ਦੀ ਛਾਪੇਮਾਰੀ ਖਿਲਾਫ਼ ਸੂਬੇ ਭਰ 'ਚ ਜ਼ੋਰਦਾਰ ਪ੍ਰਦਰਸ਼ਨ




**ਜਲੰਧਰ (ਕੇਸਰ)**-ਮੋਦੀ ਹਕੂਮਤ ਵੱਲੋਂ ਜ਼ੁਬਾਨਬੰਦੀ ਕਰਨ ਲਈ ਐਨ.ਆਈ.ਏ. ਰਾਹੀਂ ਰਾਜਨੀਤਿਕ, ਬੁੱਧੀਜੀਵੀਆਂ, ਪੱਤਰਕਾਰਾਂ, ਵਕੀਲਾਂ, ਕਿਸਾਨ ਆਗੂਆਂ ਤੇ ਇਨਸਾਫਪਸੰਦ ਲੋਕਾਂ ਨੂੰ ਗ੍ਰਿਫਤਾਰ ਕਰਨ, ਛਾਪੇਮਾਰੀ ਕਰਨ ਤੇ ਝੂਠੇ ਪੁਲਸ ਕੇਸਾਂ ਵਿੱਚ ਫਸਾਉਣ ਖਿਲਾਫ਼, ਸੂਬੇ ਦੇ ਅਧਿਕਾਰਾਂ ਉਪਰ ਡਾਕਾ ਮਾਰਨ ਵਿਰੁੱਧ ਤੇ ਐਨ.ਆਈ.ਏ. ਦੇ ਖਾਤਮੇ ਦੀ ਮੰਗ ਨੂੰ ਲੈ ਕੇ ਸੂਬੇ ਭਰ ਵਿੱਚ ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਵੱਲੋਂ ਜ਼ਿਲ੍ਹਾ ਕੇਂਦਰਾਂ 'ਤੇ ਪ੍ਰਦਰਸ਼ਨ ਕੀਤੇ ਗਏ ਅਤੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਦਿੱਤੇ।ਇਹਨਾਂ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ, ਦਰਸ਼ਨ ਸਿੰਘ ਖਟਕੜ, ਕੁਲਵਿੰਦਰ ਸਿੰਘ ਵੜੈਚ ਸਮੇਤ ਹੋਰਾਂ ਨੇ ਕਿਹਾ ਕਿ ਕੇਂਦਰ ਵਿੱਚ ਚਾਰੇ ਲੰਗੜੀ ਸਰਕਾਰ ਦੇ ਪ੍ਰੰਤੂ ਵਿੱਚ ਮੋਦੀ ਹਕੂਮਤ ਦਾ ਵਾਲੀ ਹੋਣਾ ਖਤਮ ਨਹੀਂ ਹੋਇਆ। ਦੇਸ਼ ਭਰ ਵਿੱਚ ਆਰ.ਐਸ.ਐਸ. ਤੇ ਕਾਰਪੋਰੇਟ ਦੀਆਂ ਨੀਤੀਆਂ ਖਿਲਾਫ਼ ਬੋਲਣ ਵਾਲੇ ਲੋਕਾਂ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਉਹਨਾਂ ਦੇ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ, ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਪਿਛਲੇ ਦਿਨੀਂ ਐਨ.ਆਈ.ਏ. ਵੱਲੋਂ ਪੰਜਾਬ ਤੇ ਚੰਡੀਗੜ੍ਹ ਸਮੇਤ ਪੰਜ ਸੂਬਿਆਂ ਵਿੱਚ ਛਾਪੇਮਾਰੀ ਕੀਤੀ ਤੇ ਅਜੇ ਕੁਮਾਰ ਸਿੰਗਲ ਨਾਮ ਦੇ ਵਕੀਲ ਨੂੰ ਲਖਨਊ ਦੀ ਐਨ.ਆਈ.ਏ. ਸ਼ਾਖਾ ਚੰਡੀਗੜ੍ਹ ਤੋਂ ਗ੍ਰਿਫਤਾਰ ਕਰਕੇ ਲੈ ਗਈ। ਹੋਰ ਵਕੀਲਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਤੇ ਕਿਸਾਨ ਆਗੂਆਂ ਤੋਂ ਪੁੱਛਗਿੱਛ ਕੀਤੀ ਗਈ ਤੇ ਉਹਨਾਂ ਨੂੰ ਇੱਕ ਸਾਲ ਪੁਰਾਣੇ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਕਿਸਾਨ ਆਗੂਆਂ ਦੇ ਖਾਤਿਆਂ ਦੀ ਜਾਂਚ ਕਰਕੇ ਜੱਥੇਬੰਦੀਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਐਨ.ਆਈ.ਏ. ਰਾਹੀਂ ਮੋਦੀ ਹਕੂਮਤ ਵਿਰੋਧੀਆਂ ਵਿੱਚ ਦਹਿਸ਼ਤ ਪਾਉਣਾ ਚਾਹੁੰਦੀ ਹੈ ਤਾਂ ਕਿ ਆਰ.ਐਸ.ਐਸ. ਤੇ ਕਾਰਪੋਰੇਟ ਦੀਆਂ ਨੀਤੀਆਂ ਸੌਖੀਆਂ ਲਾਗੂ ਕੀਤੀਆਂ ਜਾ ਸਕਣ। ਉਹਨਾਂ ਕਿਹਾ ਕਿ ਐਨ.ਆਈ.ਏ. ਨੂੰ ਜਿਸ ਤਰ੍ਹਾਂ ਅਧਿਕਾਰ ਦਿੱਤੇ ਗਏ ਹਨ ਉਸ ਨਾਲ ਇਹ ਭਾਰਤ ਦੇ ਸੰਘੀ ਢਾਂਚੇ 'ਤੇ ਹਮਲਾ ਹੈ। ਸੂਬੇ ਮਹਿਜ਼ ਕੇਂਦਰ ਦੇ ਰਹਿਮੋ-ਕਰਮ 'ਤੇ ਨਿਰਭਰ ਹਨ। ਪ੍ਰੰਤੂ ਜਿਸ ਢੰਗ ਨਾਲ ਇਹਨਾਂ ਛਾਪਿਆਂ ਵਿੱਚ ਪੰਜਾਬ ਸਰਕਾਰ ਨੇ ਭੂਮਿਕਾ ਨਿਭਾਈ ਹੈ, ਇਹ ਉਸ ਤੋਂ ਵੀ ਖ਼ਤਰਨਾਕ ਹੈ ਤੇ ਸ਼ਰਮਨਾਕ ਹੈ।ਉਹਨਾਂ ਮੰਗ ਕੀਤੀ ਕਿ ਕਿ ਐਨ.ਆਈ.ਏ. ਵੱਲੋਂ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਐਡਵੋਕੇਟ ਮਨਦੀਪ ਸਿੰਘ ਤੇ ਐਡਵੋਕੇਟ ਪੰਕਜ ਤ੍ਰਿਪਾਠੀ ਨੂੰ ਭੇਜੇ ਨੋਟਿਸ ਵਾਪਸ ਲਏ ਜਾਣ। ਐਨ.ਆਈ.ਏ. ਨੂੰ ਖ਼ਤਮ ਕੀਤਾ ਜਾਵੇ ਅਤੇ ਕੇਂਦਰੀ ਏਜੰਸੀਆਂ ਦੇ ਸੂਬਿਆਂ ਵਿੱਚ ਮਨਮਰਜ਼ੀ ਨਾਲ ਦਾਖਲੇ 'ਤੇ ਪਾਬੰਦੀ ਲਾਈ ਜਾਵੇ।

## ਹਰਜੀਤ ਕੌਰ ਸਰਵੋਤਮ ਅਧਿਆਪਕ ਪੁਰਸਕਾਰ 2024 ਨਾਲ ਸਨਮਾਨਤ



**ਗੁਰਾਇਆ (ਬਿੰਦਰ ਸੁਮਨ)** ਅਧਿਆਪਕ ਰਾਸ਼ਟਰ ਦਾ ਨਿਰਮਾਤਾ ਹੈ। ਦੇਸ਼ ਦਾ ਭਵਿੱਖ ਅਧਿਆਪਕਾਂ 'ਤੇ ਨਿਰਭਰ ਕਰਦਾ ਹੈ ਕਿਉਂਕਿ ਅਧਿਆਪਕ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ। ਅਧਿਆਪਕ ਦਿਵਸ ਨੂੰ ਵਿਸ਼ੇਸ਼ ਬਣਾਉਣ ਲਈ ਡੀ ਆਰ ਵੀ ਡੀ ਏ ਵੀ ਪਬਲਿਕ ਸਕੂਲ ਫਿਲੌਰ ਵਿਖੇ ਦੇਸ਼ ਰਾਜ ਬਡੇਰਾ ਮੈਮੋਰੀਅਲ ਬੈਸਟ ਟੀਚਰ ਐਵਾਰਡ 2024 ਦਾ ਆਯੋਜਨ ਕੀਤਾ ਗਿਆ।ਇਸ ਐਵਾਰਡ ਸਮਾਰੋਹ ਲਈ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਗੁਰਾਇਆ ਦੀ ਅਧਿਆਪਕਾ ਮਿਸ ਹਰਜੀਤ ਕੌਰ (ਕੋਆਰਡੀਨੇਟਰ ਅਤੇ ਕੋਟਰੋਲਰ ਆਫ ਐਗਜ਼ਾਮੀਨੇਸ਼ਨ) ਦੁਆਰਾ ਨਾਮਜ਼ਦਗੀ ਦਾਖਲ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੂੰ ਦੇਸ਼ ਰਾਜ ਬਡੇਰਾ ਮੈਮੋਰੀਅਲ ਸਰਵੋਤਮ ਅਧਿਆਪਕ ਅਵਾਰਡ 2023-24 ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਮਨਪਾਲ ਸਿੰਘ (ਐਸ.ਡੀ.ਐਮ. - ਫਿਲੌਰ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਸ੍ਰੀਮਤੀ ਬਲਜੀਤ ਕੌਰ (ਟ੍ਰੇਨਰ, ਲਾਈਫ ਸਕਿੱਲ ਕੋਚ) ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਯੋਗੇਸ਼ ਗੰਭੀਰ (ਪ੍ਰਿੰਸੀਪਲ ਡੀ ਏ ਵੀ. ਪਬਲਿਕ ਸਕੂਲ) ਨੇ ਇਸ ਮੌਕੇ ਹਾਜ਼ਰ ਹੋਏ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ।

# ਇਹੋ ਜਿਹਾ ਸੀ ਪਾਸ਼ !



ਪਾਸ਼ ਦੀ ਸ਼ਾਇਰੀ ਅਤੇ ਵਾਰਤਕ ਪੜ੍ਹਦਿਆਂ-ਸੁਣਦਿਆਂ ਇਹ ਖਿਆਲ ਆਉਣਾ ਸੁਭਾਵਕ ਹੈ ਕਿ ਉਹਨਾਂ ਦੇ ਪਰਵਾਰ ਦੀ ਨਜ਼ਰ ਵਿੱਚ ਕਿਹੋ ਜਿਹਾ ਸੀ ਪਾਸ਼। ਇਤਿਹਾਸ, ਸਮਾਜਕ, ਸਾਹਿਤਕ ਅਤੇ ਕਲਾ ਖੇਤਰ ਦੀਆਂ ਲਹਿਰਾਂ, ਉਹਨਾਂ ਦੇ ਨਾਇਕਾਂ ਅਤੇ ਕਾਰਕੁਨਾਂ ਬਾਰੇ ਜਾਣੂੰ ਲੋਕਾਂ ਦੀ ਨਜ਼ਰ ਤੋਂ ਵਖਰੀ ਵਾਰੀ ਇਹ ਪਾਸਾ ਓਹਲੇ ਰਹਿ ਜਾਂਦਾ ਹੈ ਕਿ ਉਹਨਾਂ ਦੇ ਪਰਵਾਰ ਉਹਨਾਂ ਬਾਰੇ ਕਿਵੇਂ ਸੋਚਦੇ ਹਨ। ਉਹ ਨਾਇਕ ਆਪਣੇ ਪਰਵਾਰਾਂ ਬਾਰੇ ਕਿਵੇਂ ਸੋਚਦੇ ਸਨ। ਜਦੋਂ ਯੁੱਗ ਪਲਟਾਉਣ ਵਿਚ ਮਸਰੂਫ਼ ਲੋਕ ਜੁਟੇ ਹੁੰਦੇ ਨੇ, ਉਸ ਮੌਕੇ ਉਹਨਾਂ ਦੇ ਪਰਵਾਰਾਂ ਦਾ ਅਨੇਕਾਂ ਦੁਸ਼ਵਾਰੀਆਂ ਨਾਲ ਮੱਥਾ ਲੱਗਦਾ ਹੈ। ਜਦੋਂ ਉਹ ਇਸ ਦੁਨੀਆ ਤੋਂ ਵਿਦਾ ਹੋ ਜਾਂਦੇ ਨੇ, ਉਹਨਾਂ ਦੇ ਮਾਪੇ, ਸਾਕ-ਸੰਬੰਧੀ, ਜੀਵਨ ਸਾਥਣਾਂ ਅਤੇ ਸਮੁੱਚਾ ਪਰਵਾਰ ਉਹਨਾਂ ਬਾਰੇ ਕੀ ਜਾਣਦਾ ਹੈ, ਕਿਵੇਂ ਸੋਚਦਾ ਹੈ, ਇਸ ਦਾ ਬਹੁਤੀ ਵਾਰੀ ਬਹੁਤਾ ਵੇਰਵਾ ਨਹੀਂ ਮਿਲਦਾ। ਉਹਨਾਂ ਦਾ ਪਾਇਆ ਯੋਗਦਾਨ ਪਰਦੇ ਪਿੱਛੇ ਜਾਂ ਗਰੀਨ ਰੂਮ ਦੇ ਅੰਦਰ ਹੀ ਸਿਮਟ ਕੇ ਰਹਿ ਜਾਂਦਾ ਹੈ।

ਜਿਹਨਾਂ ਨਾਇਕਾਂ/ ਨਾਇਕਾਵਾਂ, ਕਲਮਕਾਰਾਂ, ਕਲਾ ਖੇਤਰ ਦੇ ਕਾਮਿਆਂ ਦੀ ਜੀਵਨ ਘਾਲਣਾ ਬਹੁਤ ਹੀ ਵਡੇਰੇ, ਸੰਸਾਰ ਭਰ ਦੇ ਕਮਾਊ ਲੋਕਾਂ ਦੀ ਜ਼ਿੰਦਗੀ ਦੇ ਵਿਕਾਸ ਨਾਲ ਜੁੜੀ ਹੁੰਦੀ ਹੈ, ਪਰ ਉਹ ਆਵਾਮ ਅਤੇ ਪਰਵਾਰ ਕਈ ਵਾਰ ਅਣਗੌਲਿਆ ਰਹਿਣ ਵਰਗੀ ਹਾਲਤ ਵਿੱਚ ਹੀ ਰਹੇ ਪ੍ਰਤੀਤ ਹੁੰਦੇ ਹਨ। ਇੱਕ ਪਾਸਾ ਇਸ ਦਾ ਇਹ ਵੀ ਹੈ ਕਿ ਨਵੇਂ ਰਾਹਾਂ ਦੇ ਰਾਹੀਆਂ ਦੇ ਤੁਰ ਜਾਣ ਮਗਰੋਂ ਪਰਵਾਰ ਜਾਂ ਉਹਨਾਂ ਦੇ ਨੇੜਲੇ ਜੀਅ ਹੀ ਉਹਨਾਂ ਨੂੰ ਯਾਦ ਕਰਨ, ਯਾਦਗਾਰ ਬਣਾਉਣ, ਸੰਭਾਲਣ ਦਾ ਯਤਨ ਕਰਦੇ ਨਜ਼ਰ ਆਉਂਦੇ ਨੇ। ਆਪੋ-ਆਪਣੇ ਫਰਜ਼ਾਂ ਦੀ ਪਹਿਚਾਣ ਦੀ ਚੇਤਨ ਭੂਮਿਕਾ ਅਦਾ ਕਰਨਾ, ਅਜਿਹੀ ਚੇਤਨਾ ਦਾ ਜਾਗ ਲਾਉਣਾ ਅਤੇ ਸਬੰ-ਮੱਥਨ ਕਰਨਾ ਵੀ ਤਾਂ ਸਮੇਂ ਦੀ ਲੋੜ ਹੈ, ਨਹੀਂ ਤਾਂ ਕਵੀ ਲਾਲ ਸਿੰਘ ਦਿਲ ਦੀ ਕਾਵਿ ਚਿਤਾਵਨੀ ਸਾਨੂੰ ਹਰ ਪਲ ਇਹ ਹੁੱਜਾਂ ਮਾਰਦੀ ਰਹੇਗੀ :

> 'ਤਨੇਰਾ ਰਾਤਟ ਦੀ ਤੋਰ ਤੁਰਦਾ ਹੈ,
> ਅਸੀਂ ਜੂੰ ਦੀ ਤੋਰ ਤੁਰਦੇ ਹਾਂ।'

ਕਵੀ ਸੰਤ ਰਾਮ ਉਦਾਸੀ ਦੇ ਬੋਲਾਂ ਦੀ ਗੂੰਜ ਸਾਡੇ ਕੰਨੀ ਪੈਂਦੀ ਹੀ ਨਹੀਂ, ਸਗੋਂ ਕੰਨ ਮਰੋੜਦੀ ਵੀ ਰਹੇਗੀ ਕਿ :

> 'ਅਜੇ ਨਾ ਆਈ ਮੰਜ਼ਲ ਤੇਰੀ,
> ਅਜੇ ਹਨੇਰਾ ਗਾੜ੍ਹਾ ਏ।
> ਹਿਮਤ ਕਰ ਅਲਬੇਲੇ ਰਾਹੀ,
> ਅਜੇ ਵਡੇਰਾ ਪਾੜ੍ਹਾ ਏ।'

ਸਾਹਿਤ ਅਤੇ ਕਲਾ ਖੇਤਰ 'ਚ ਪਾਸ਼, ਉਦਾਸੀ, ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ, ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ, ਪ੍ਰੋ. ਗੁਰਦਿਆਲ ਸਿੰਘ, ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਹਰਭਜਨ ਹੁੰਦਲ, ਬਾਰੂ ਸਤਵਰਗ, ਮੰਟੋ, ਓਮ ਪ੍ਰਕਾਸ਼ ਗੁੱਸਾ, ਮਹਿਰ ਸਾਥੀ, ਹੰਸਾ ਸਿੰਘ, ਲਖਵਿੰਦਰ ਮੰਗੂ, ਸਰਿੰਦਰ ਹੇਮ ਜਯੋਤੀ ਆਦਿ ਅਨੇਕਾਂ ਨਾਵਾਂ ਦੀ ਲੜੀ ਹੈ, ਜਿਹਨਾਂ ਦੀ ਕਰਨੀ ਨੂੰ ਸੰਭਾਲਣ ਅਤੇ ਪ੍ਰੇਰਨਾ ਲੈਣ ਲਈ ਕੁਝ ਨਾ ਕੁਝ ਹੁੰਦਾ ਆ ਰਿਹਾ ਹੈ। ਤਰਕਸ਼ੀਲ, ਸਮਾਜਕ, ਜਮਹੂਰੀ, ਇਨਕਲਾਬੀ, ਕਮਿਊਨਿਸਟ ਇਨਕਲਾਬੀ ਲਹਿਰ ਦਾ ਵੇਰਵਾ ਇਸ ਤੋਂ ਅਲੱਗ ਹੈ। ਇਹਨਾਂ ਸਭਨਾਂ ਖੇਤਰਾਂ 'ਚ ਜੋ ਚੰਗਾ ਹੋ ਰਿਹੈ, ਉਸ ਨੂੰ ਸੰਭਾਲਣ ਅਤੇ ਜੋ ਨਹੀਂ ਹੋ ਰਿਹਾ ਜਾਂ ਜਿਸ ਦਾ ਅਸਲ ਮਨੋਰਥ ਭੁੱਲ ਕੇ ਸਿਰਫ਼ ਰਸਮ ਬਣਨ ਲਈ ਉਹਨਾਂ ਦੀ ਸੋਚ ਤੋਂ ਬੇਮੇਲ ਸਮਾਗਮ ਹੋਣ ਵੀ ਸਾਡੇ ਗੌਰ ਫ਼ਿਕਰ ਦੀ ਮੰਗ ਕਰਦੇ ਹਨ। ਪਾਸ਼ ਦਾ ਸਮੁੱਚਾ ਪਰਵਾਰ ਇਸ ਪੱਖੋਂ ਮਾਣਮੱਤਾ ਸਥਾਨ ਰੱਖਦਾ ਹੈ ਕਿ ਉਹਨਾਂ ਪਾਸ਼ ਦੀਆਂ ਲਿਖਤਾਂ, ਉਸ ਦੀ ਸ਼ਹਾਦਤ ਉਪਰੰਤ ਪੈਦਾ ਹੋਈ ਹਾਲਤ ਅਤੇ ਪਾਸ਼ ਦੇ ਵਿਚਾਰਾਂ ਦੀ ਥਾਂਹ ਫੜਨ ਦਾ ਕਾਰਜ ਬੇਹੱਦ ਸੁਹਿਰਦਤਾ ਨਾਲ ਨਿਭਾਇਆ ਹੈ। ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਲਿਖਦੇ ਹਨ- ਪਾਸ਼ ਤਾਂ ਸੂਰਜ ਸੀ, ਸੂਰਜ ਨੂੰ ਕਦੇ ਘਰਾਂ ਵਿੱਚ ਕੈਦ ਕੇ ਨਹੀਂ ਰੱਖਿਆ ਜਾ ਸਕਦਾ। ਸੂਰਜ ਕਦੇ ਮਰਿਆ ਨਹੀਂ ਕਰਦੇ।ਇਹ ਗੱਲ ਮੈਨੂੰ ਹੁਣ ਸਮਝ ਆਉਂਦੀ ਹੈ ਕਿ ਭਗਤ ਸਿੰਘ ਅਤੇ ਪਾਸ਼ ਆਪਣੀ ਸ਼ਹਾਦਤ ਉਪਰੰਤ ਹੋਰ ਵੀ ਵਧੇਰੇ ਰੌਸ਼ਨ ਹੋਏ ਹਨ, ਇਹ ਇਸ ਕਰਕੇ ਕਿ ਲੋਕਾਂ ਦੀ ਮੁਕਤੀ ਨੂੰ ਪ੍ਰਣਾਈ ਘਾਲਣਾ ਅਤੇ ਕੁਰਬਾਨੀ ਕਦੇ ਅਜਾਈਂ ਨਹੀਂ ਜਾਂਦੀ। ਪਾਸ਼ ਨੇ ਠੀਕ ਹੀ ਕਿਹਾ ਸੀ-

> 'ਮੈਂ ਤੇ ਘਾਹ ਹਾਂ,
> ਤੁਹਾਡੇ ਕੀਤੇ-ਕਰਾਏ 'ਤੇ,
> ਉੱਗ ਆਵਾਂਗਾ।'

ਪਾਸ਼ ਜਿਨ੍ਹਾਂ ਲੋਕਾਂ ਦਾ ਪੁੱਤ ਸੀ, ਉਸ ਦੀ ਸ਼ਾਇਰੀ ਉਨ੍ਹਾਂ ਲੋਕਾਂ ਕੋਲ ਲਿਜਾਣਾ ਹੀ ਸਹੀ ਅਰਥਾਂ ਵਿਚ ਪਾਸ਼ ਦਾ ਜਨਮ ਦਿਹਾੜਾ ਅਤੇ ਸ਼ਹੀਦੀ ਦਿਹਾੜਾ ਮਨਾਉਣਾ ਹੈ। ਉਸ ਦੀ ਜੀਵਨ ਸਾਥਣ ਦੇ ਅਹਿਸਾਸ ਹਨ-ਪਾਸ਼ ਦੀ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਸੀ। ਮੇਰਾ ਜਿਸ ਨਾਲ ਜੀਵਨ ਸਾਥ ਜੁੜਿਆ, ਮੈਂ ਉਸ ਅਵਤਾਰ ਸਿੰਘ ਸੰਧੂ ਨੂੰ ਵੀ ਪੂਰਾ ਜਾਣ ਨਾ ਸਕੀ। ਮੈਂ ਪਾਸ਼ ਦੀ ਕਲਮ ਦਾ ਰਾਹ ਤਾਂ ਕੀ ਰੋਕਣਾ ਸੀ, ਜਿਨੇ ਜੋਗੀ ਸੀ ਸਾਥ ਹੀ ਦਿੱਤਾ। ਸਾਡਾ ਵਿਆਹ ਕਰਾਉਣ ਵਾਲੇ ਸ਼ਾਇਦ ਸੋਚਦੇ ਸੀ, 'ਮੁੰਡਾ ਵਿਆਹ ਮਗਰੋਂ ਰਾਹ ਸਿਰ ਆ ਜਾਏਗਾ।' ਉਹਦੇ ਬਾਰਾਂ ਦਾ ਪਿੱਛਾ ਕਰਨ ਵਾਲੇ ਭਲਾ ਚੈਨ ਨਾਲ ਕਿਵੇਂ ਬਹਿ ਸਕਦੇ ਨੇ ? ਪਾਸ਼ ਮੈਨੂੰ ਕਿਹਾ ਕਰਦਾ ਸੀ, 'ਆਉਣ ਵਾਲੇ ਸਮਿਆਂ ਵਿੱਚ ਲੋਕਾਂ ਨੂੰ ਮੇਰੀ ਕਵਿਤਾ ਦੀ ਸਮਝ ਪਏਗੀ।' ਮੈਂ ਨੇੜਿਓਂ ਵੇਖੀ ਹੈ ਪਾਸ਼ ਦੀ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਸੀ। ਉਹਨੇ ਵੱਡੇ ਮੁੱਲ ਅਦਾ ਕਰਕੇ ਕਵਿਤਾ ਨਾਲ ਨਿਭਾ ਕੇ ਦਿਖਾਈ ਹੈ।

ਕਵਿਤਾ 'ਚ ਜਿਉਂਦੇ ਨੇ ਮੇਰੇ ਪਾਪਾ, ਧੀ ਵਿੰਕਲ ਕਹਿੰਦੀ ਹੈ-ਮੇਰੇ ਪਾਪਾ ਤਾਂ ਕਵਿਤਾ ਲਿਖਦੇ ਸਨ। ਕਿਨੇ ਬੁਜ਼ਦਿਲ ਨੇ ਉਹ, ਜਿਹੜੇ ਪਾਪਾ ਦੇ ਹਰਫ਼ਾਂ ਤੋਂ ਹੀ ਡਰ ਗਏ। ਉਹ ਬੰਦੂਕਾਂ ਲੈ ਕੇ ਆਏ ਕਵਿਤਾ ਨੂੰ ਮਾਰਨ ਲਈ। ਭਲਾ ਕਦੀ ਏਦਾਂ ਵੀ ਕਵਿਤਾ ਮਰੀ ਹੈ ? ਗਰੇਟ ਨੇ ਮੇਰੇ ਪਾਪਾ ! ਮੇਰੇ ਪਾਪਾ ਨੇ ਆਪਣੇ ਖੂਨ ਨਾਲ ਖੇਤਾਂ ਨੂੰ ਸਿੰਜਿਆ ਹੈ। ਜਿਨ੍ਹਾਂ ਖੇਤਾਂ 'ਚ ਕਵਿਤਾ ਦੀ ਫ਼ਸਲ ਉਗਦੀ ਹੈ। ਜਦੋਂ ਮੈਂ 'ਕੱਖਾਂ ਦੀਏ ਕੁੱਲੀਏ' ਅਤੇ 'ਚਿੜੀਆਂ ਦਾ ਚੰਬਾ' ਵਰਗੇ ਗੀਤ ਸੁਣਦੀ ਹਾਂ, ਮੈਂ ਪਾਪਾ ਨੂੰ ਸਲੂਟ ਕਰਦੀ ਹਾਂ।

ਪਾਸ਼ ਦੀਆਂ ਭੈਣਾਂ ਦੇ ਜਜ਼ਬਾਤ ਹਨ-ਮਸਤਾਨੀ ਸੀ ਸਾਡਾ ਭਰਾ। ਉਹ ਵੀ ਦਿਨ ਸਨ, ਜਦੋਂ ਅਸੀਂ ਮਨ ਹੀ ਮਨ ਇਹ ਸੋਚਦੀਆਂ ਰਹਿੰਦੀਆਂ ਕਿ ਪਾਸ਼ ਤਾਂ ਸਾਡਾ ਭਰਾ ਹੈ, ਉਹ ਕਿਹੜਾ ਕਿਤੇ ਚੱਲਿਐ, ਪਹਿਲਾਂ ਹੋਰ ਕੰਮ ਕਰ ਲਈਏ ਇਹਦੇ ਨਾਲ ਗੱਲਾਂ ਫੇਰ ਮਾਰ ਲਵਾਂਗੇ। ਅੱਜ ਸੋਚਦੀਆਂ ਹਾਂ ਕਿ ਲਿਖਿਆ ਵੇਲਾ ਕਦੇ ਮੁੜ ਹੱਥ ਨਹੀਂ ਆਉਂਦਾ। ਕਾਸ਼ ! ਅਸੀਂ ਪਾਸ਼ ਦੇ ਵਿਛੋੜੇ ਦਾ ਤੀਰ ਸਦਾ ਰੜਕਦਾ ਰਹੇਗਾ। ਪਾਸ਼ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਇਤਿਹਾਸ ਬਣ ਗਈਆਂ।

ਹਰਸ਼ਰਨ ਧੀਏ ਇੱਕ ਲਿਖਦਾ ਹੈ-ਕਿਤੇ ਨਹੀਂ ਗਿਆ ਪਾਸ਼। ਪਾਸ਼ ਦੀ ਭੈਣ ਪਰਮਿੰਦਰ ਮੇਰੀ ਜੀਵਨ ਸਾਥਣ ਹੈ। ਪਾਸ਼ ਨਾਲ ਮੇਰਾ ਰਿਸ਼ਤਾ ਗੂੜ੍ਹੇ ਮਿੱਤਰਾਂ, ਸਾਥੀਆਂ ਵਾਲਾ ਰਿਹਾ ਅਤੇ ਸਦਾ ਰਹੇਗਾ। ਪਾਸ਼ ਨਾਲ ਲੰਮੀਆਂ ਯਾਦਾਂ ਜੁੜੀਆਂ ਨੇ। ਪਾਸ਼ ਦੀ ਸ਼ਹਾਦਤ ਬਿਨਾਂ ਸ਼ੱਕ ਕਦੇ ਨਾ ਭਰਨ ਵਾਲਾ ਗਹਿਰਾ ਜ਼ਖ਼ਮ ਹੈ। ਪਾਸ਼ ਦੀ ਸਮੁੱਚੀ ਰਚਨਾ ਜ਼ਿੰਦਗੀ ਦੀ ਬਾਤ ਪਾਉਂਦੀ ਹੈ। ਹਰ ਕਦਮ 'ਤੇ ਜੀਣਾ ਸਿਖਾਉਂਦੀ ਹੈ। ਪਾਸ਼ ਦੀਆਂ ਬਾਤਾਂ ਸਾਡੀ ਊਰਜਾ ਹਨ। ਸਾਡਾ ਅੱਜ ਅਤੇ ਕੱਲ੍ਹ ਹੈ ਪਾਸ਼।

ਪਾਸ਼ ਦੇ ਮਿੱਤਰ ਭਰਾ ਸੁੱਖਾ 'ਤੇ ਉਕਾਰ ਯਾਦ ਕਰਦੇ ਹਨ-ਪਾਸ਼ ਸਿਰਫ਼ ਕਾਵਿਕ ਸ਼ਿਲਪਕਾਰੀ ਹੀ ਨਹੀਂ ਸੀ ਕਰਦਾ, ਸਗੋਂ ਨਵੇਂ ਸਮਾਜ ਦਾ ਸੁਪਨਸਾਜ਼ ਸੀ। ਉਹਦੇ ਪੋਟਿਆਂ ਅਤੇ ਧੁਰਾਂ ਵਿੱਚ ਕੋਈ ਵਖਰਾ ਜਾਦੂ ਸੀ। ਉਹਦਾ ਮੰਤਵ ਸਾਨੂੰ ਸਹਿਜ ਤਰਕ ਅਤੇ ਸੁਹਜਮਈ ਸਮਾਜ ਸਿਰਜਣ ਨੂੰ ਪ੍ਰਣਾਇਆ ਅਲਬੇਲਾ ਕਵੀ ਸੀ ਪਾਸ਼।ਪਾਸ਼ ਮਹਿਮਾ ਨਹੀਂ ਕਰਦਾ। ਉਹ ਪੂਰੇ ਦਾ ਪੂਰਾ ਲੋਕਾਂ ਦਾ ਸੀ। ਅਸੀਂ ਤਾਂ ਉਹਨੂੰ ਜਿਵੇਂ ਮੰਗ ਕੇ ਹੀ ਲੀਆ ਕਰਦੇ ਸੀ। ਉਹਦੀ ਸ਼ਹਾਦਤ, ਮਾਂ ਬੋਲੀ ਪੰਜਾਬੀ, ਸਮਾਜ ਅਤੇ ਵਿਸ਼ੇਸ਼ ਕਰਕੇ ਮਿਹਨਤ-ਮੁਸ਼ੱਕਤ ਕਰਦੇ ਲੋਕਾਂ ਲਈ ਕਦੇ ਵੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ। ਸਾਡਾ ਪਾਸ਼ ਲੋਕਾਂ ਦਾ ਪਾਸ਼ ਹੋ ਗਿਆ। ਉਹਦੇ ਅਨੇਕਾਂ ਭੈਣ-ਭਰਾ, ਜਿਹੜੇ ਉਹਦੀਆਂ ਸਾਹਿਤਕ ਪੈੜਾਂ ਸੰਭਾਲ ਰਹੇ ਨੇ, ਅਸੀਂ ਹਮੇਸ਼ਾ ਉਹਨਾਂ ਦੇ ਨਾਲ ਰਹੇ ਹਾਂ ਅਤੇ ਨਾਲ ਰਹਾਂਗੇ।

**—ਅਮੋਲਕ ਸਿੰਘ,**
*ਸੰਪਰਕ : 98778-68710*

# ਜਸਬੀਰ ਸਿੰਘ ਸੋਹੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ





**ਕਪੂਰਥਲਾ (ਪ੍ਰੀਤ ਸੰਗੋਜਲਾ)** ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ, ਕਪੂਰਥਲਾ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਸੋਹੀ ਦੇ ਪਿਤਾ ਸਵ. ਜਸਬੀਰ ਸਿੰਘ ਸੋਹੀ, ਜੋ ਕਿ ਪਿਛਲੇ ਦਿਨੀਂ ਆਪਣੇ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ।ਉਹਨਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਉਹਨਾਂ ਦੇ ਜੱਦੀ ਪਿੰਡ ਹਮੀਰਾ ਜ਼ਿਲ੍ਹਾ ਕਪੂਰਥਲਾ ਦੇ ਗੁਰਦੁਆਰਾ ਸਾਹਿਬ ਵਿਚ ਕਰਵਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ੍ਰੀ ਸ਼ਬਦ ਤਰਲੋਕ ਸਿੰਘ ਡੇਰਾ ਹਰਿ ਨਰਾਇਣਪੁਰੀ ਹਮੀਰਾ ਵਾਲਿਆਂ ਵੈਰਾਗਮਈ ਸ਼ਬਦ ਕੀਰਤਨ ਅਤੇ ਕੱਥਾ ਕੀਤੀ।ਇਸ ਦੁੱਖ ਦੀ ਘੜੀ ਵਿੱਚ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ, ਵੱਖ ਵੱਖ ਸਿਆਸਤਦਾਨਾਂ, ਪੱਤਰਕਾਰ ਭਾਈਚਾਰਾ ਆਦਿ ਸ਼ਾਮਿਲ ਹੋਇਆ, ਜਿਹਨਾਂ ਵਿਚ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ,ਜੇ ਐਸ ਸੰਧੂ ਸੂਬਾ ਸਰਪ੍ਰਸਤ, ਰਾਕੇਸ਼ ਖੰਨਾ ਸੂਬਾ ਚੇਅਰਮੈਨ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਰਾਮ ਸਿੰਘ ਭੱਟੀ ਮੁੱਖ ਬੁਲਾਰਾ ਪੰਜਾਬ,ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੇਅਰਮੈਨ ਕਪੂਰਥਲਾ, ਸੁਖਵਿੰਦਰ ਸਿੰਘ ਸਿੱਧੂ ਸੀਨੀਅਰ ਆਗੂ ,ਬਰਿਦਰ ਚਾਨਾ ਮੁੱਖ ਸੰਪਾਦਕ ਪੰਜ ਨਿਊਜ਼ ਅਖ਼ਬਾਰ, ਗੌਰਵ ਮੜੀਆ, ਸਰਵ ਮੜੀਆਂ ਸੀਨੀਅਰ ਪੱਤਰਕਾਰ,ਜਤਿੰਦਰ ਸੇਠੀ ਯੂਨਿਟ ਪ੍ਰਧਾਨ ਸੁਲਤਾਨਪੁਰ ਲੋਧੀ, ਅਰੁਣ ਕੁਮਾਰ ਸੁਲਤਾਨਪੁਰ ਮੁੱਖ ਸੰਪਾਦਕ ਮਾਂ ਦਾ ਅਸ਼ੀਰਵਾਦ, ਗੋਬਿੰਦ ਸੁਖੀਜਾ, ਅਮ੍ਰਿਤਪਾਲ ਸਿੰਘ ਬਾਜਵਾ,ਧਰਮ ਪਾਲ ਸ਼ਾਰਦਾ, ਹਰਭਜਨ ਸਿੰਘ ਰਾਜਾ ਮਹਿਤ ਪੁਰ, ਜਗਦੀਸ਼ ਸਿੰਘ ਮਹਿਤੂ, ਸੰਦੀਪ ਮਾਨ,ਕਪਿਲ ਪੁਰੀ,ਸੁਰਜੀਤ ਸਿੰਘ ਗਿੱਲ , ਹਰਪ੍ਰੀਤ ਸਿੰਘ ਨਡਾਲਾ, ਰਾਕੇਸ਼ ਪ੍ਰੇਮ ਚੀਫ ਐਡੀਟਰ ਸਹਿਯੋਗ ਅੱਜ ਤੱਕ, ਰਜਿੰਦਰ ਸਿੰਘ ਸਾਰੇ ਪੱਤਰਕਾਰ ਅਤੇ ਇਹਨਾਂ ਤੋਂ ਇਲਾਵਾ ਰਣਜੀਤ ਸਿੰਘ ਖੋਜੇਵਾਲ ਜ਼ਿਲ੍ਹਾ ਪ੍ਰਧਾਨ ਭਾਜਪਾ ਕਪੂਰਥਲਾ, ਸ਼ਾਮ ਸੁੰਦਰ ਅਗਰਵਾਲ ਐਮ ਸੀ, ਨਿਰਮਲ ਸਿੰਘ ਨਾਹਰ , ਬਲਵਿੰਦਰ ਸਿੰਘ ਬਿਸ਼ਨਪੁਰ, ਮਾਨਵ , ਸਰਪੰਚ ਲਖਵਿੰਦਰ ਸਿੰਘ ਹਮੀਰਾ , ਪ੍ਰੀਤਮ ਸਿੰਘ ਚੀਮਾਂ ਦਾਮੂਲੀਆ, ਪ੍ਰਧਾਨ ਬਲਵਿੰਦਰ ਸਿੰਘ, ਐਡਵੋਕੇਟ ਸ਼ਿਵ ਵਰਮਾ ਕਰਤਾਰਪੁਰ, ਡੀ ਜੀ ਐਮ ਗੁਰਪ੍ਰੀਤ ਸਿੰਘ ਮਾਨ , ਰਾਜ ਕੁਮਾਰ ਫੈਕਟਰੀ ਮੈਨੇਜਰ, ਬਾਬਾ ਵਿਜੇ ਕੁਮਾਰ ਹਮੀਰਾ ਅਰੁਣ ਸ਼ਰਮਾ ਮੁਰਾਰ, ਆਦਿ ਸ਼ਾਮਲ ਹੋਏ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਰਪੰਚ ਲਖਵਿੰਦਰ ਸਿੰਘ ਹਮੀਰਾ ਵੱਲੋਂ ਨਿਭਾਈ।

## ਅਧਿਆਪਕ ਸਾਰੀ ਉਮਰ ਦਾ ਵਿਦਿਆਰਥੀ ਹੁੰਦਾ : ਪ੍ਰਿੰ. ਜਸਬੀਰ ਕੌਰ ਬਡਿਆਲ



ਵਿਦਿਆਰਥੀ ਹੁੰਦਾ ਹੈ' ਅਧਿਆਪਕ ਕਿੱਤੇ ਅਜਿਹੇ ਵਿਸ਼ਾਲ ਵਿਸ਼ੇ ਦਾ ਨਾਅ ਹੈ ਜੋ ਆਪਣੀ ਪੁਰਨਤਾ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ ਜਿਸ ਨੂੰ ਉਹ ਸਮਾਜ ਦੇ ਵੱਖ-ਵੱਖ ਪੱਖਾਂ ਤੋਂ ਸਿੱਖਿਆ ਹਾਸਲ ਕਰਕੇ

**ਨੰਗਲ (ਸੁਰਜੀਤ ਸਿੰਘ)** ਅਦਾਰਾ ਅਨਮੋਲ ਸਿੱਖਿਆ ਕੇਂਦਰ ਵੱਲੋਂ ਵਿਖੇ ਅਧਿਆਪਕ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸਮੇਂ ਵਿਦਿਆਰਥੀਆਂ ਵੱਲੋਂ ਬਹੁਤ ਹੀ ਵਧੀਆ ਕਲਾਕ੍ਰਿਤੀਆਂ ਦਾ ਨਮੂਨਾ ਪੇਸ਼ ਕੀਤਾ ਗਿਆ। ਇਸ ਸਮੇਂ ਅਧਿਆਪਕਾਂ ਵੱਲੋਂ ਵੀ ਆਪਣੀ ਸਹਿਭਾਗਤਾ ਕਰਵਾਈ ਗਈ, ਜਿਸ ਦੌਰਾਨ ਪ੍ਰਿੰਸੀਪਲ ਜਸਬੀਰ ਕੌਰ ਬਡਿਆਲ ਅਤੇ ਡਾਇਰੈਕਟਰ ਜਸਵਿੰਦਰ ਸਿੰਘ ਬਡਿਆਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ, 'ਅਧਿਆਪਕ ਸਾਰੀ ਉਮਰ ਦਾ ਪ੍ਰਾਪਤ ਕਰਦਾ ਹੈ। ਅਧਿਆਪਕ ਦੇ ਇਸ ਜਤਨ ਵਿੱਚ ਆਈ ਰੁਕਾਵਟ ਉਸ ਦੇ ਰੁਤਬੇ ਦੇ ਮਿਆਰ ਨੂੰ ਘੱਟ ਕਰਦੀ ਹੈ।ਅਧਿਆਪਕ ਨੇ ਹਮੇਸ਼ਾ ਛੋਟੇ ਤੋਂ ਛੋਟੇ ਪਹਿਲੂ ਨੂੰ ਸਮਝ ਕੇ ਸਹੀ ਅਤੇ ਗਲਤ ਦਾ ਨਿਰਣਾ ਕਰਨਾ ਹੁੰਦਾ ਹੈ ਅਧਿਆਪਕ ਹਮੇਸ਼ਾ ਅਲੱਗ ਅਲੱਗ ਵਿਦਿਆਰਥੀਆਂ ਦੇ ਮਨੋਭਾਵਾਂ ਅਤੇ ਰੁਝਾਨਾਂ ਨੂੰ ਸਮਝ ਕੇ ਉਸ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਨ ਦਾ ਯਤਨ ਕਰਦਾ ਹੈ। ਇਸ ਸਮੇਂ ਲੈਕਚਰਾਰ ਸੁਖਵਿੰਦਰ ਕੌਰ, ਗੁਰਪ੍ਰੀਤ ਕੌਰ, ਜਗੀਰ ਕੌਰ, ਹਰਵਿੰਦਰ ਕੌਰ, ਰਣਜੀਤ ਕੌਰ, ਪੂਨਮ, ਅਨੁਸ਼ਕਾ ਵੀ ਸ਼ਾਮਲ ਸਨ।

# ਪੰਜਾਬ ਖੇਡਾਂ ਸੀਜ਼ਨ-3 ਦੇ ਦੂਜੇ ਦਿਨ ਫਸਵੇਂ ਹੋਏ ਮੁਕਾਬਲੇ



**ਮੋਰਿੰਡਾ (ਜੋਗੀ ਸਰਦਾਰ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਚੱਲ ਰਹੇ ਵਤਨ ਪੰਜਾਬ ਖੇਡਾਂ ਸੀਜ਼ਨ 3 ਦੇ ਦੂਜੇ ਦਿਨ ਫਸਵੇਂ ਮੁਕਾਬਲੇ ਹੋਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨੋਡਲ ਅਫਸਰ ਸੁਰਿੰਦਰ ਕੁਮਾਰ ਘਈ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਲੁਠੇੜੀ ਨੇ ਦੱਸਿਆ ਕਿ ਦੂਜੇ ਦਿਨ ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਜਗਜੀਵਨ ਸਿੰਘ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ। ਨਤੀਜਿਆਂ ਅਨੁਸਾਰ ਅੰਡਰ 17 ਵਿੱਚ ਦੇ ਸੌ ਮੀਟਰ ਲੜਕੀਆਂ ਵਿੱਚ ਪਹਿਲਾ ਤੇ ਦੂਜਾ ਕੁਲਵਾਰਨ ਜਸਮੀਨ ਕੌਰ, ਮਹਿਕਪ੍ਰੀਤ ਕੌਰ ਗਰੀਨ ਵੇਜ ਸਕੂਲ, ਤੀਜਾ ਸਥਾਨ ਪਰਨੀਤ ਕੌਰ ਢੰਗਰਾਲੀ ਨੇ ਪ੍ਰਾਪਤ ਕੀਤਾ।ਦੋ ਸੌ ਮੀਟਰ ਵਿੱਚ ਦੌੜ ਵਿਚ ਮਨਿੰਦਰ ਸਿੰਘ ਬਡਵਾਲੀ ਪਹਿਲਾ ਗਗਨਪ੍ਰੀਤ ਸਿੰਘ ਦੂਜੇ ਅਤੇ ਸੁਖਮਨਪ੍ਰੀਤ ਸਿੰਘ ਰਤਨਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ।1500 ਮੀ ਦੌੜ ਪਹਿਲਾ ਸਥਾਨ ਨੀਤੂ ਚਤਾਮਲੀ ਨੇ ਹਾਸਲ ਕੀਤਾ।ਇਸ ਮੁਕਾਬਲੇ ਲੜਕੀਆਂ ਦੇ ਵਰਗ ਵਿੱਚ ਨਵਦੀਪ ਸਿੰਘ ਦੂਜਾ ਮਾਜਰਾ ਪਹਿਲਾ ਅਤੇ ਅਵਿਰਾਜ ਚਤਾਮਲਾ ਤੇ ਗੁਰਮਨਵੀਰ ਸਿੰਘ ਚਤਾਮਲਾ ਦੂਜੇ ਤੇ ਤੀਜੇ ਸਥਾਨ ਤੇ ਰਹੇ।ਤਿੰਨ ਹਜ਼ਾਰ ਮੀਟਰ 17 ਸਾਲਾ ਵਰਗ ਵਿੱਚ ਤਰਨਪ੍ਰੀਤ ਕੌਰ ਢੰਗਰਾਲੀ ਨੇ ਪਹਿਲਾ, ਮਨਪ੍ਰੀਤ ਕੌਰ ਢੰਗਰਾਲੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਮੁਕਾਬਲੇ ਲੜਕਿਆਂ ਦੇ ਮੁਕਾਬਲੇ ਵਿੱਚ ਨਵਦੀਪ ਸਿੰਘ ਬਰ ਮਾਜਰਾ ਪਹਿਲਾ, ਸੁਰਿੰਦਰ ਸਿੰਘ ਗਾਰਡਨ ਵੈਲੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।800 ਮੀਟਰ ਵਿੱਚ 17 ਸਾਲਾ ਵਰਗ ਵਿੱਚ ਸਤੁਤੀ ਖਾਲਸਾ ਸਕੂਲ ਮੋਰਿੰਡਾ ਪਹਿਲੇ, ਨੀਤੂ ਚਤਾਮਲੀ ਨੇ ਦੂਜਾ , ਪ੍ਰਭਜੋਤ ਕੌਰ ਢੰਗਰਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਵੱਡ ਦੇ ਲੜਕੀਆਂ ਦੇ ਮੁਕਾਬਲੇ ਵਿਚ ਅਨਿਕੇਤ ਖਾਲਸਾ ਮੋਰਿੰਡਾ, ਗੁਰਮਨਵੀਰ ਸਿੰਘ ਬੂਰ ਮਾਜਰਾ, ਹਰਸਿਮਰਨ ਸਿੰਘ ਗਾਰਡਨ ਵੈਲੀ, ਕਰਮਜਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਰਹੇ।60 ਮੀਟਰ ਦੌੜ 'ਚ ਅੰਡਰ 14 ਲੜਕੀਆਂ ਦੇ ਮੁਕਾਬਲੇ ਵਿੱਚ ਗੁਰਨੀਤ ਕੌਰ ਚਤਾਮਲੀ ਨੇ ਪਹਿਲਾ, ਪਾਵਨੀ ਰਤਨਗੜ੍ਹ ਨੇ ਦੂਜਾ, ਲਵਪ੍ਰੀਤ ਕੌਰ ਚਤਾਮਲੀ ਅਤੇ ਦਿਲਜੋਤ ਕੌਰ ਗਾਰਡਨ ਵੈਲੀ ਤੀਜੇ ਸਥਾਨ 'ਤੇ ਰਹੀ। ਇਸੇ ਦੌੜ ਦੇ ਲੜਕਿਆਂ ਦੇ ਮੁਕਾਬਲੇ ਵਿੱਚ ਅਰਵਿੰਦਰ ਸਿੰਘ ਰਤਨਗੜ੍ਹ ਪਹਿਲਾ, ਤੇਜਸਵੀਰ ਸਿੰਘ ਬਡੋਰਾ, ਗੁਰਸੇਵਕ ਸਿੰਘ ਕਾਈਨੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਲੜਕੀਆਂ ਜਸ਼ਨਪ੍ਰੀਤ ਕੌਰ ਚਤਾਮਲੀ ਨੇ ਪਹਿਲਾ, ਲਵਪ੍ਰੀਤ ਕੌਰ ਚਤਾਮਲੀ ਨੇ ਦੂਜਾ , ਰੁਬਲਪ੍ਰੀਤ ਕੌਰ ਚਤਾਮਲਾ ਅਤੇ ਅਕਵੀਰ ਕੌਰ ਮੁੰਡੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਵਰਗ ਵਿੱਚ ਲੜਕਿਆਂ ਦੇ ਮੁਕਾਬਲੇ ਵਿੱਚ ਦੀਪਕ ਚਤਾਮਲੀ ਨੇ ਪਹਿਲਾ, ਤੇਜਸਵਿੰਦਰ ਸਿੰਘ, ਸਮਰਪ੍ਰੀਤ ਸਿੰਘ ਮੁੰਡੀਆਂ ,ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਬੱਡੀ 14 ਸਾਲਾ ਲੜਕੀਆਂ ਦੇ ਮੁਕਾਬਲੇ ਵਿੱਚ ਤਾਜਪੁਰ ਨੇ ਪਹਿਲਾ ਕਲਾਰਾਂ ਨੇ ਦੂਜਾ ਕਜੌਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਮੁਕਾਬਲੇ ਵਿੱਚ ਨਥਮਲਪੁਰ ਅਤੇ ਡੂਮਛੇੜੀ ਪਹਿਲੇ ਅਤੇ ਦੂਜੇ ਸਥਾਨ ਤੇ ਰਹੇ। ਖੋ ਖੋ 14 ਸਾਲਾ ਵਰਗ ਵਿੱਚ ਰਤਨਗੜ੍ਹ ਨੇ ਪਹਿਲਾ , ਪੀ ਆਈ ਐਸ ਰਤਨਗੜ੍ਹ ਦੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਉਮਰ ਦੇ ਲੜਕੀਆਂ ਦੇ ਮੁਕਾਬਲੇ ਵਿੱਚ ਗਾਰਡਨ ਵੈਲੀ ਨੇ ਪਹਿਲਾ , ਆਈ ਪੀ ਐਸ ਰਤਨਗੜ੍ਹ ਨੇ ਦੂਜਾ ਅਤੇ ਮਿਡਲ ਸਕੂਲ ਲਾਤਰਪੁਰ ਤੀਜਾ ਸਥਾਨ ਪ੍ਰਾਪਤ ਕੀਤਾ। ਫੁੱਟਬਾਲ 14 ਸਾਲਾ ਲੜਕਿਆਂ ਦੇ ਮੁਕਾਬਲੇ ਵਿੱਚ ਗਾਰਡਨ ਵੈਲੀ ਨੇ ਪਹਿਲਾ , ਲੁਠੇੜੀ ਦੇ ਦੂਜਾ ਅਤੇ ਢੰਗਰਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਫੁੱਟਬਾਲ ਮੁਕਾਬਲੇ ਦੇ ਸਾਰੇ ਵਰਗਾਂ ਵਿੱਚ ਭਾਈ ਨੰਦ ਲਾਲ ਸਕੂਲ ਮੋਰਿੰਡਾ ਪਹਿਲੇ ਸਥਾਨ ਤੇ ਰਿਹਾ। ਵਾਲੀਬਾਲ 14 ਸਾਲਾ ਲੜਕੀਆਂ ਦੇ ਮੁਕਾਬਲੇ ਵਿੱਚ ਭਾਈ ਨੰਦ ਲਾਲ ਮੋਰਿੰਡਾ ਨੇ ਪਹਿਲਾ, ਤਾਜਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 17 ਸਾਲਾ ਵਰਗ ਵਿੱਚ ਗਾਰਡਨ ਵੈਲੀ ਨੇ ਪਹਿਲਾ ਸਥਾਨ ਤੇ ਭਾਈ ਨੰਦ ਲਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ।

## ਸੰਵਤਸਰੀ ਮਹਾਂਪੁਰਬ ਅੱਜ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਐਸ ਐਸ ਜੈਨ ਸਭਾ (ਰਜਿ.), ਨਵਾਂਸ਼ਹਿਰ ਵੱਲੋਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੂੰ ਮੰਗ ਪੱਤਰ ਦਿੱਤਾ ਗਿਆ ਜੈਨ ਸਮਾਜ ਰੋਟਰੀ ਕਲੱਬ ਦੇ ਪ੍ਰਧਾਨ ਰੋਹਿਤ ਜੈਨ ਦੱਸਿਆ ਕਿ 08.09.2024 ਨੂੰ ਦਿਨ ਐਤਵਾਰ ਨੂੰ ਸੰਵਤਸਰੀ ਮਹਾਂਪੁਰਵ ਮਨਾਇਆ ਜਾ ਰਿਹਾ ਹੈ। ਇਹ ਦਿਨ ਸਾਰੇ ਦੇਸ਼ 'ਚ ਅਹਿੰਸਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

## ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਗਨੇਸ਼ ਚਤੁਰਥੀ ਦਾ ਤਿਉਹਾਰ ਮਨਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਧੀਣਾ ਵਿਖੇ ਭਗਵਾਨ ਗਣੇਸ਼ ਜੀ ਦੇ ਜਨਮ ਦਿਹਾੜੇ ਦਾ ਸ਼ੁਭ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਜਿਸ ਦੀ ਅਗਵਾਈ ਸਕੂਲ ਦੇ ਪ੍ਰਿੰਸੀਪਲ ਅਤੇ ਹੋਰ ਸਟਾਫ਼ ਮੈਂਬਰਾਂ ਨੇ ਕੀਤੀ।ਵਿਦਿਆਰਥੀ ਰੰਗ-ਬਿਰੰਗੇ ਪਹਿਰਾਵੇ ਵਿੱਚ ਸਕੂਲ ਕੈਂਪਸ ਵਿੱਚ ਆਏ।ਇਸ ਮੌਕੇ ਦੀ ਖੁਸ਼ੀ ਉਨ੍ਹਾਂ ਦੇ ਚਿਹਰਿਆਂ ਵਿੱਚ ਸਾਫ਼ ਝਲਕ ਰਹੀ ਸੀ।ਇਸ ਸ਼ੁਭ ਮੌਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵਿਸ਼ੇਸ਼ ਤੌਰ 'ਤੇ ਕੇ ਵੱਖ-ਵੱਖ ਗਤੀਆਂ ਰਾਹੀਂ ਭਗਵਾਨ ਗਣੇਸ਼ ਜੀ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ 'ਚ ਵਿਦਿਆਰਥੀਆਂ ਨੇ ਸ੍ਰੀ ਗਣੇਸ਼ ਭਜਨ 'ਤੇ ਡਾਂਸ ਕੀਤਾ ਜਿਸ ਨਾਲ ਸਕੂਲ ਦਾ ਮਾਹੌਲ ਸ਼ਰਧਾ ਅਧਿਆਤਮਿਕ ਹੋ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਭਗਵਾਨ ਗਣੇਸ਼ ਜੀ ਦੇ ਸਨਮਾਨ ਵਿੱਚ ਸੁਰੀਲੇ ਭਜਨ ਅਤੇ ਪੋਸਟਰ ਪੇਸ਼ ਕੀਤੇ ਗਏ।ਇਸ ਤਿਉਹਾਰ 'ਤੇ ਗਰੁੱਪ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਭਗਵਾਨ ਗਣੇਸ਼ ਦਾ ਆਸ਼ੀਰਵਾਦ ਲਿਆ ਅਤੇ ਸਾਰਿਆਂ ਨੂੰ ਇਸ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

## ਏ ਐੱਸ ਆਈ ਕਾਬਲ ਸਿੰਘ ਨੇ ਚਾਰਜ ਸੰਭਾਲਿਆ




**ਕਾਲਾ ਸੰਘਿਆਂ (ਮਨਜੀਤ ਮਾਨ)** ਜਦਰ ਥਾਣਾ ਨਕੋਦਰ ਅਧੀਨ ਪੈਂਦੀ ਪੁਲਸ ਚੌਕੀ ਪਿੰਡ ਉੱਗੀ ਦੇ ਇੰਚਾਰਜ ਐਸ ਆਈ ਬਲਵੀਰ ਸਿੰਘ ਦਾ ਤਬਾਦਲਾ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਤਬਾਦਲੇ ਉਪਰੰਤ ਥਾਣੇ ਤੋਂ ਬਦਲ ਆਏ ਏ ਐਸ ਆਈ ਕਾਬਲ ਸਿੰਘ ਨੇ ਪੁਲਸ ਚੌਕੀ ਦਾ ਚਾਰਜ ਸੰਭਾਲਦਿਆਂ ਕਿਹਾ ਕਿ ਐਸ ਆਈ ਬਲਵੀਰ ਸਿੰਘ ਨੂੰ ਪੁਲਸ ਵਿਭਾਗ ਨੇ ਤਰੱਕਾ ਪੁਲਸ ਚੌਕੀ ਵਿੱਚ ਤਾਇਨਾਤ ਕੀਤਾ ਗਿਆ ਹੈ।ਪੁਲਸ ਚੌਕੀ ਉੱਗੀ ਵਿੱਚ ਹਰ ਆਮ ਤੇ ਖਾਸ ਵਿਅਕਤੀਆਂ ਦਾ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ। ਪੁਲਸ ਪਾਰਟੀ ਵੱਲੋਂ ਇਲਾਕੇ ਅੰਦਰ ਸ਼ਾਂਤਮਈ ਮਾਹੌਲ ਬਣਾਈ ਰੱਖਣ ਲਈ ਗਸ਼ਤ ਤੇ ਨਾਕਾਬੰਦੀ ਤੇਜ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਮਾੜੇ ਅਨਸਰਾ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ ਇਲਾਕੇ ਅੰਦਰ ਅਮਨ ਸ਼ਾਂਤੀ ਵਾਲਾ ਮਾਹੌਲ ਬਣਾ ਕੇ ਰੱਖਿਆ ਜਾਵੇਗਾ।

## ਕਮਲੇਸ਼ ਕੁਮਾਰੀ ਘੇੜਾ ਰਾਜ ਪੁਰਸਕਾਰ ਨਾਲ ਸਨਮਾਨਤ

**ਫਗਵਾੜਾ (ਡਾ. ਰਮਨ)** ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਹੁਸ਼ਿਆਰਪੁਰ ਵਿਖੇ ਮਨਾਏ ਸੂਬਾ ਪੱਧਰੀ ਅਧਿਆਪਕ ਦਿਵਸ ਮੌਕੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਦੀ ਲੈਕਚਰਾਰ ਕਮਲੇਸ਼ ਕੁਮਾਰੀ ਘੇੜਾ ਨੂੰ ਸਟੇਟ ਅਵਾਰਡ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪ੍ਰਸ਼ੰਸਾ ਪੱਤਰ, ਮੈਡਲ ਅਤੇ ਪ੍ਰਸ਼ੰਸਾ ਪੱਤਰ ਦੇ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ।ਲੈਕਚਰਾਰ ਕਮਲੇਸ਼ ਕੁਮਾਰੀ ਘੇੜਾ ਸਿੱਖਿਆ ਦੇ ਖੇਤਰ ਵਿੱਚ ਨਾਮਵਰ ਸ਼ਖਸ਼ੀਅਤ ਤੇ ਸਟੇਟ ਅਵਾਰਡੀ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਦੀ ਧਰਮ ਪਤਨੀ ਹੈ।ਹੁਣ ਫਗਵਾੜਾ ਵਿੱਚ ਪਹਿਲਾ ਪਤੀ ਪਤਨੀ ਅਧਿਆਪਕ ਸਟੇਟ ਅਵਾਰਡ ਜੋੜਾ ਬਣਿਆ ਹੈ।

## ਚੋਰਾਂ ਨੇ ਦੋ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਇੱਥੋਂ ਦੇ ਪਿੰਡ ਚੀਮਾ ਖੁਰਦ ਵਿਖੇ ਚੋਰਾਂ ਵੱਲੋਂ ਦੋ ਦੁਕਾਨਾਂ ਦੇ ਸ਼ਟਰ ਤੋੜ ਕੇ ਹਜ਼ਾਰਾਂ ਰੁਪਏ ਦਾ ਸਮਾਨ ਚੋਰੀ ਕਰ ਲਿਆ ਗਿਆ । ਪ੍ਰੰਤੂ ਇੱਕ ਹਫ਼ਤਾ ਬੀਤ ਜਾਣ 'ਤੇ ਵੀ ਪੁਲਸ ਚੋਰਾਂ ਦਾ ਕੋਈ ਸੁਰਾਗ ਨਹੀਂ ਲੱਭ ਸਕੀ।ਐਮ ਐਸ ਮੈਡੀਕਲ ਸਟੋਰ ਦੇ ਮਾਲਕ ਲਵਕੇਸ਼ ਪ੍ਰਭਾਕਰ ਅਤੇ ਕਰਿਆਨਾ ਸਟੋਰ ਦੇ ਮਾਲਕ ਤਿਰਲੋਕ ਸਿੰਘ ਨੇ ਦੱਸਿਆ ਕਿ ਬੀਤੇ ਮੰਗਲਵਾਰ ਦੀ ਰਾਤ ਨੂੰ ਉਹਨਾਂ ਦੀਆਂ ਦੁਕਾਨਾਂ ਦੇ ਸ਼ਟਰ ਤੋੜ ਕੇ ਮੈਡੀਕਲ ਦੀ ਦੁਕਾਨ 'ਚੋਂ ਇੱਕ ਐਲ ਸੀ ਡੀ ਅਤੇ ਤਿੰਨ ਹਜ਼ਾਰ ਰੁਪਏ ਨਕਦੀ ਅਤੇ ਕਰਿਆਨੇ ਦੀ ਦੁਕਾਨ ਵਿੱਚੋਂ ਲੱਗ ਭਗ 30,000 ਰੁਪਏ ਦਾ ਕਰਿਆਨੇ ਦਾ ਸਮਾਨ ਚੋਰੀ ਕਰ ਲਿਆ।ਇਥੋਂ ਤੱਕ ਕੇ ਚੋਰ ਕੋਲਡ ਡਰਿੰਕਸ ਦੀਆਂ ਬੋਤਲਾਂ ਵੀ ਲੈ ਗਏ।ਸਥਾਨਕ ਵੱਲੋਂ ਰਾਹਗੀਰਾਂ ਨੂੰ ਕੁੱਝ ਬੋਤਲਾਂ ਰਸਤੇ ਵਿੱਚੋਂ ਮਿਲੀਆਂ।ਇੱਥੇ ਜ਼ਿਕਰਯੋਗ ਹੈ ਕਿ ਬੀਤੇ ਕੁਝ ਮਹੀਨਿਆਂ ਤੋਂ ਇਲਾਕੇ ਵਿੱਚ ਲੁੱਟ ਖੋਹ, ਚੋਰੀਆਂ, ਜਿਸਮ ਫਰੋਸ਼ੀ ਦੇ ਧੰਦੇ ਅਤੇ ਨਸ਼ਿਆਂ ਦੇ ਵਪਾਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਨੂੰ ਪੁਲਸ ਰੋਕਣ 'ਚ ਅਸਫਲ ਜਾਪਦੀ ਹੈ।ਇਹਨਾਂ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਕਾਰਨ ਲੋਕਾਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ।ਐਸ ਐੱਚ ਓ ਪੰਕਜ ਕੁਮਾਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹਨਾਂ ਘਟਨਾਵਾਂ 'ਤੇ ਜਲਦ ਹੀ ਕਾਬੂ ਪਾ ਲਿਆ ਜਾਵੇਗਾ।

## ਵਿਦਿਆਰਥੀਆਂ ਦੇ ਸਲੋਗਨ ਪੋਸਟਰ ਤੇ ਪੇਂਟਿੰਗ ਮੁਕਾਬਲੇ ਕਰਵਾਏ


**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)** ਸਿੱਖਿਆ ਵਿਭਾਗ ਵੱਲੋਂ ਸਕੂਲਾਂ ਵਿੱਚ ਚਲਾਏ ਜਾ ਰਹੇ ਸਵੱਛ ਪਖਵਾੜੇ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੋਸੀ ਵਿਖੇ ਪ੍ਰਿੰਸੀਪਲ ਪੂਨਮ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਛੇਵੀਂ ਤੋਂ ਬਾਰ੍ਹਵੀਂ ਕਲਾਸ ਬੱਚਿਆਂ ਦੇ ਪੇਂਟਿੰਗ ਪੋਸਟਰ ਅਤੇ ਸਲੋਗਨ ਦੇ ਮੁਕਾਬਲੇ ਕਰਵਾਏ ਗਏ।ਇਸ ਸੰਬੰਧੀ ਸਕੂਲ ਇੰਚਾਰਜ ਮੁਕੇਸ਼ ਕੁਮਾਰ ਨੇ ਦੱਸਿਆ ਕਿ ਇਸ ਸਤੰਬਰ ਤੋਂ ਪੰਦਰਾਂ ਸਤੰਬਰ ਤੱਕ ਸਕੂਲਾਂ ਵਿੱਚ ਸਵੱਛ ਪਖਵਾੜਾ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਵੱਖ ਵੱਖ ਗਤੀਵਿਧੀਆਂ ਦੀਆਂ ਕਿਰਿਆਵਾਂ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ ਜਿਸ ਤਹਿਤ ਸਕੂਲ ਵਿੱਚ ਵੱਖ ਵੱਖ ਕਲਾਸਾਂ ਦੇ ਵਿਦਿਆਰਥੀਆਂ ਦੁਆਰਾ ਸਵੱਛਤਾ ਨਾਲ ਸੰਬੰਧਿਤ ਪੋਸਟਰ, ਸਲੋਗਨ ਅਤੇ ਪੇਂਟਿੰਗ ਬਣਾਈਆਂ ਗਈਆਂ। ਇਸ ਸਮੇਂ ਸਕੂਲ ਸਟਾਫ ਜਸਵੀਰ ਸਿੰਘ ਪਰਮਜੀਤ ਸਿੰਘ, ਬਲਕਾਰ ਸਿੰਘ, ਦੀਪਕ ਕੌਸ਼ਲ, ਸਨੀਤਾ ਕੁਮਾਰੀ, ਕਮਲਜੀਤ ਕੌਰ, ਪੂਜਾ ਭਾਟੀਆ ਅਤੇ ਸਕੂਲ ਕੈਂਪ ਮੈਨੇਜਰ ਕੈਪਟਨ ਸੁਰਿੰਦਰ ਕੁਮਾਰ ਆਦਿ ਹਾਜ਼ਰ ਸਨ।

## ਡੀਜ਼ਲ-ਪੈਟਰੋਲ ਤੇ ਬਿਜਲੀ ਦਰਾਂ 'ਚ ਵਾਧੇ ਨਾਲ ਜਨਤਾ ਨੂੰ ਪਵੇਗੀ ਦੁੱਗਣੀ ਮਾਰ : ਨਿਮਿਸ਼ਾ ਮਹਿਤਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੰਜਾਬ ਸਰਕਾਰ ਵੱਲੋਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਅਤੇ 7 ਕਿਲੋਵਾਟ ਤੱਕ ਲੋਡ ਵਾਲੇ ਘਰੇਲੂ ਬਿਜਲੀ ਖ਼ਪਤਕਾਰਾਂ 'ਤੇ ਪਾਏ ਗਏ ਬੋਝ ਦੇ ਫੈਸਲੇ ਦੀ ਨਿੰਦਿਆ ਕਰਦੇ ਭਾਜਪਾ ਆਗੂ ਅਤੇ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਆਮ ਜਨਤਾ 'ਤੇ ਟੈਕਸਾਂ ਦਾ ਬੋਝ ਪਾ ਕੇ ਸਰਕਾਰ ਨੇ ਆਪਣੀ ਅਸਫਲਤਾ ਦਾ ਸਬੂਤ ਦਿੱਤਾ ਹੈ।ਉਨ੍ਹਾਂ ਕਿਹਾ ਕਿ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨਾਲ ਆਮ ਵਾਹਨ ਚਾਲਕ ਦੇ ਨਾਲ-ਨਾਲ ਢੁਆਈ ਵਾਲੀਆਂ ਗੱਡੀਆਂ ਦਾ ਮਾਲਭਾੜਾ ਅਤੇ ਉਤਪਾਦਨ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਵੇਗਾ, ਜਿਸ ਨਾਲ ਜਨਤਾ ਨੂੰ ਮਹਿੰਗਾਈ ਦੀ ਦੁੱਗਣੀ ਮਾਰ ਝਲਣੀ ਪਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਬਿਜਲੀ ਦੇਣ ਦੀਆਂ ਡੀਗਾਂ ਹਾਂਕਣ ਵਾਲੀ ਸਰਕਾਰ ਵੱਲੋਂ 7 ਕਿਲੋਵਾਟ ਤੱਕ ਲੋਡ ਵਾਲੇ 11 ਲੱਖ ਘਰੇਲੂ ਬਿਜਲੀ ਖ਼ਪਤਕਾਰਾਂ 'ਤੇ ਵੀ ਹੁਣ ਤਿੰਨ ਹਜ਼ਾਰ ਰੁਪਏ ਮਹੀਨੇ ਦਾ ਬੋਝ ਹੋਰ ਵਧਾ ਦਿੱਤਾ ਗਿਆ ਹੈ।ਭਾਜਪਾ ਆਗੂ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਸਰਕਾਰ ਵੱਲੋਂ ਨਵੀਆਂ ਗੱਡੀਆਂ ਦੀ ਖ਼ਰੀਦ ਅਤੇ ਜ਼ਮੀਨਾਂ ਦੀਆਂ ਰਜਿਸਟਰੀਆਂ ਦੇ ਟੈਕਸਾਂ ਵਿਚ ਵੀ ਵਾਧਾ ਕੀਤਾ ਗਿਆ ਸੀ ਜਦ ਕਿ ਬੱਸ ਕਿਰਾਇਆਂ ਵਿਚ ਵੀ ਸਰਕਾਰ ਵੱਲੋਂ ਵਾਧਾ ਕਰ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਦੀ ਵਰਗੀ ਲੋਕਾਂ 'ਤੇ ਖਾਸਾ ਬੋਝ ਪਵੇਗਾ।ਭਾਜਪਾ ਆਗੂ ਨੇ ਕਿਹਾ ਕਿ ਇਕ ਪਾਸੇ ਸਰਕਾਰ ਪੰਜਾਬ ਨੂੰ ਅਮਦਨ ਵਿਚ ਵਾਧੇ ਕਰਨ ਦੇ ਦਾਅਵੇ ਪਿਛਲੇ ਸਾਲ ਤੋਂ ਪੇਸ਼ ਕਰ ਰਹੀ ਹੈ, ਦੂਜੇ ਪਾਸੇ ਖ਼ਜ਼ਾਨੇ ਦੀ ਪਤਲੀ ਹਾਲਤ ਨੂੰ ਸਾਂਭਣ ਲਈ ਟੈਕਸਾਂ ਨੂੰ ਵਧਾ-ਵਧਾ ਕੇ ਲੋਕਾਂ 'ਤੇ ਬੋਝ ਪਾ ਰਹੀ ਹੈ। ਇਹ ਆਪਣੇ-ਆਪ ਵਿਚ ਸਰਕਾਰ ਦੀ ਅਸਫ਼ਲਤਾ ਅਤੇ ਝੂਠੇ ਦਾਅਵੇ ਪੇਸ਼ ਕਰਨ ਦਾ ਸਬੂਤ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਤੇਲੰਗੇ ਟੈਕਸ ਲਗਾਉਣ ਦੀ ਥਾਂ ਆਪਣੀ ਪਾਰਟੀ ਦੀ ਮਸ਼ਹੂਰੀ ਲਈ ਬਾਹਰੀ ਸੂਬਿਆਂ ਵਿਚ ਪੰਜਾਬ ਦੇ ਖ਼ਜ਼ਾਨੇ ਦੇ ਪੈਸੇ ਜਾਇਆ ਕਰਨੇ ਬੰਦ ਕਰੇ ਤਾਂ ਜੋ ਪੰਜਾਬ ਦੇ ਖ਼ਜ਼ਾਨੇ ਦਾ ਪੈਸਾ ਸਿਰਫ ਪੰਜਾਬ 'ਤੇ ਹੀ ਲੱਗ ਸਕੇ।

## ਰੇਤ ਦੇ ਟਿੱਪਰਾਂ ਤੇ ਸੜਕ ਮਹਿਕਮੇ ਨੇ ਸੜਕਾਂ ਦਾ ਕੀਤਾ ਬੁਰਾ ਹਾਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਇੱਥੋਂ ਦੇ ਪਿੰਡ ਚੀਮਾ ਕਲਾਂ ਨੂੰ ਨੂਰਮਹਿਲ ਤੋਂ ਜਾਂਦੀ ਲਿੰਕ ਰੋਡ ਉਪਰ ਮਹਿਕਮੇ ਵੱਲੋਂ ਬੱਟੇ ਵਿਛਾ ਕੇ ਲੋਕਾਂ ਦਾ ਲੰਘਣਾ ਮੁਸ਼ਕਲ ਕਰ ਦਿੱਤਾ ਹੈ। ਸੜਕ ਬਣਾਉਣ ਲਈ ਮਹਿਕਮੇ ਵੱਲੋਂ ਅੱਧਾ ਅੱਧਾ ਕਿਲੋਮੀਟਰ ਦਾ ਥਾਂ ਛਡ ਕੇ ਬੱਟੇ ਵਿਛਾਏ ਗਏ ਹਨ ਅਤੇ ਇਸ ਨੂੰ ਲੱਗ ਭਗ 4 ਮਹੀਨੇ ਹੋ ਗਏ ਅਤੇ ਇਸ ਸੜਕ ਨੂੰ ਹਾਲੇ ਤੱਕ ਨਹੀਂ ਪਾਈ ਜਾ ਰਹੀ, ਜਿਸ ਕਾਰਨ ਰਾਹਗੀਰਾਂ ਦੇ ਮੋਟਰਸਾਈਕਲ ਅਕਸਰ ਪੈਂਚਰ ਹੁੰਦੇ ਰਹਿੰਦੇ ਹਨ ਅਤੇ ਸਕੂਲੀ ਬੱਚਿਆਂ ਲਈ ਵੀ ਲੰਘਣਾ ਬਹੁਤ ਮੁਸ਼ਕਲ ਹੋ ਰਿਹਾ ਹੈ।ਅਜਿਹੇ ਹਾਲਾਤ ਵਿੱਚ ਦੇ ਉਹ ਨਾ ਤਾਂ ਪੈਦਲ ਜਾ ਸਕਦੇ ਹਨ ਅਤੇ ਗੱਡੀਆਂ ਵਾਲਿਆਂ ਨੂੰ ਉਥੋਂ ਦੀ ਲੰਘਣਾ ਹੀ ਛਡ ਦਿੱਤਾ।ਪਿੰਡ ਵਾਸੀਆਂ ਦੀ ਮੰਗ ਹੈ ਕਿ ਇਸ ਲਿੰਕ ਸੜਕ ਉਪਰ ਜਲਦ ਤੋਂ ਜਲਦ ਬੱਟੇ ਪਾਏ ਜਾਣ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਥੇ ਬਣ ਰਹੇ ਹਾਈਵੇ ਤੋਂ ਮਿੱਟੀ ਪਾ ਰਹੇ ਟਿੱਪਰਾਂ ਨੇ ਲਿੰਕ ਸੜਕਾਂ ਵਿੱਚ ਥਾਂ ਥਾਂ ਟੋਏ ਪਾ ਦਿੱਤੇ ਹਨ।ਇਥੋਂ ਦੇ ਪਿੰਡਾਂ ਰਾਮੇਵਾਲ, ਗੋਸਲੀਆਂ, ਸ਼ੇਰਪੁਰ, ਭਲੋਵਾਲ ਆਦਿ ਪਿੰਡਾਂ ਦੀਆਂ ਸੜਕਾਂ ਦਾ ਬੁਰਾ ਹਾਲ ਕਰ ਦਿੱਤਾ ਹੈ।

## ਮਾਨ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾ ਵਚਨਬੱਧ : ਕੁਲਵੰਤ ਸਿੰਘ



**ਮੋਹਾਲੀ (ਗੁਰਜੀਤ ਬਿੱਲਾ)** ਵਿਧਾਇਕ ਐਸ ਏ ਐਸ ਨਗਰ ਕੁਲਵੰਤ ਸਿੰਘ ਮੋਹਾਲੀ ਨੇ ਇੱਥੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾਂ ਵਚਨਬੱਧ ਹੈ। ਕਿਸਾਨ ਅੰਦੋਲਨ 'ਚ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕਰਨ ਦੌਰਾਨ ਆਪਣੀ ਜਾਨ ਗਵਾਉਣ ਵਾਲੇ ਮ੍ਰਿਤਕ ਕਿਸਾਨਾਂ ਦੇ ਆਸ਼ਰਿਤਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਉਨ੍ਹਾਂ ਕਿਹਾ ਕਿ ਹੁਣ ਤੱਕ ਅਜਿਹੇ ਕੁੱਲ 660 ਮ੍ਰਿਤਕ ਕਿਸਾਨਾਂ ਦੇ ਆਸ਼ਰਿਤਾਂ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ 'ਤੇ ਭਰਤੀ ਕੀਤਾ ਜਾ ਚੁੱਕਾ ਹੈ। ਜਿਨ੍ਹਾਂ 'ਚੋਂ 453 ਨੂੰ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਨੌਕਰੀਆਂ ਦਿੱਤੀਆਂ ਗਈਆਂ ਹਨ। ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ 'ਚ ਪੱਕਾ ਨਿਯੁਕਤੀਆਂ 'ਚ ਬੇਲਦਾਰ (ਕਲਾਸ 4) ਵਜੋਂ ਨੌਕਰੀਆਂ ਦਿੱਤੀਆਂ ਗਈਆਂ ਹਨ। ਜਿਨ੍ਹਾਂ ਪੰਜ ਆਸ਼ਰਿਤਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ, ਉਨ੍ਹਾਂ 'ਚ ਅਜ਼ਵਨਦੀਪ ਸਿੰਘ ਪੁੱਤਰ ਨਰਿੰਦਰ ਸਿੰਘ, ਮਹਿੰਦਰ ਸਿੰਘ ਪੁੱਤਰ ਬਹਾਦਰ ਸਿੰਘ, ਮੰਗਾ ਖਾਨ ਪੁੱਤਰ ਹਮੀਦ ਖਾਨ, ਗੁਰਪ੍ਰੀਤ ਸਿੰਘ ਪੁੱਤਰ ਸਰੱਮ ਸਿੰਘ ਅਤੇ ਹਰਮਪ੍ਰੀਤ ਸਿੰਘ ਪੁੱਤਰ ਗੁਰਜੀਤ ਸਿੰਘ (ਸਾਰੇ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ) ਸ਼ਾਮਲ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਕਿਸਾਨਾਂ ਦੀਆਂ ਜਿਆਦਾਤਰ ਮੰਗਾਂ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਮੰਨੀਆਂ ਜਾ ਚੁੱਕੀਆਂ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਗਾਤਾਰ ਕਿਸਾਨਾਂ ਨੂੰ ਮਿਲ ਕੇ ਉਨ੍ਹਾਂ ਦੇ ਮਸਲੇ ਹੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਖੇਤੀ ਨੂੰ ਪ੍ਰਫੁੱਲਤ ਕਰਨ, ਨਹਿਰੀ ਆਧਾਰਿਤ ਸਿੰਚਾਈ ਦੀ ਸਹੂਲਤ ਦੇਣ ਤੋਂ ਇਲਾਵਾ ਖੇਤਾਂ ਵਿੱਚ ਦਿਨ ਵਿੱਚ ਵਾਧੇ ਲਈ ਲਏ ਗਏ ਫੈਸਲਿਆਂ ਦੀ ਕਿਸਾਨਾਂ ਵਰਗ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

## ਰੱਤੜਾਂ ਵਾਹਾ ਵਿਖੇ ਨਸ਼ਾ ਵਿਰੋਧੀ ਸੈਮੀਨਾਰ 14 ਨੂੰ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਰੱਤੜਾਂ ਵਾਹਾ ਵਿਖੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਲਈ ਨਸ਼ਾ ਵਿਰੋਧੀ ਮੁਹਿੰਮ ਕਮੇਟੀ ਅਤੇ ਨਗਰ ਨਿਵਾਸੀਆਂ ਵੱਲੋਂ ਪਿੰਡ ਵਿੱਚ ਨਸ਼ਾ ਵਿਰੋਧੀ ਮੁਹਿੰਮ ਨੂੰ ਤੇਜ਼ ਕੀਤਾ ਜਾ ਰਿਹਾ ਹੈ।ਪਿੰਡ ਵਾਸੀ ਅਤੇ ਨਸ਼ਾ ਵਿਰੋਧੀ ਮੁਹਿੰਮ ਕਮੇਟੀ 14 ਸਤੰਬਰ ਨੂੰ ਨਸ਼ਾ ਵਿਰੋਧੀ ਸੈਮੀਨਾਰ ਆਯੋਜਿਤ ਕਰਵਾਏਗੀ ਜਿਸ ਨੂੰ ਮਨੋਵਿਗਿਆਨਕ ਮਾਹਿਰ ਡਾਕਟਰ ਸੰਬੋਧਨ ਕਰਨਗੇ।ਸੈਮੀਨਾਰ ਤੋਂ ਪਹਿਲਾਂ ਪਿੰਡ ਵਿੱਚ ਨਸ਼ਾ ਰੋਕਣ ਲਈ ਘਰ ਘਰ ਜਾਕੇ ਸਹਿਯੋਗ ਮੰਗਿਆ ਜਾਵੇਗਾ, ਸਮੁੱਚੇ ਪਿੰਡ ਵਿੱਚ ਸਮੂਹ ਪਿੰਡ ਵਾਸੀਆਂ ਵਲੋਂ ਨਸ਼ਾ ਵਿਰੋਧੀ ਰੈਲੀ ਆਯੋਜਿਤ ਕੀਤੀ ਜਾਵੇਗੀ।ਨਸ਼ਾ ਵਿਰੋਧੀ ਮੁਹਿੰਮ ਕਮੇਟੀ ਅਤੇ ਨਗਰ ਨਿਵਾਸੀਆਂ ਨੇ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ ਅਤੇ ਇਸ ਸੰਬੰਧੀ ਸਰਕਾਰੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਕੁਲਵਿੰਦਰ ਮਾਨ ਨੂੰ ਨਸ਼ਾ ਵਿਰੋਧੀ ਮੁਹਿੰਮ ਕਮੇਟੀ ਦੇ ਅਹੁਦੇਦਾਰਾਂ ਸਰਵ ਸਾਥੀ ਪ੍ਰੇਮ ਰੱਕੜ, ਜਸਵਿੰਦਰ ਮਾਨ, ਹੰਸ ਰਾਜ, ਜਸਵਿੰਦਰਜੀਤ ਮਾਨ ਦੀ ਅਗਵਾਈ ਵਿੱਚ ਵਫ਼ਦ ਮਿਲਿਆ। ਸੀਨੀਅਰ ਮੈਡੀਕਲ ਅਫ਼ਸਰ ਵੱਲੋਂ ਨਸ਼ਾ ਮੁਕਤੀ ਲਈ ਪਿੰਡ ਵਾਸੀਆਂ ਦੇ ਯਤਨਾਂ ਨੂੰ ਪੂਰਾ ਸਹਿਯੋਗ ਕਰਨ ਦਾ ਵਾਅਦਾ ਕੀਤਾ।

## 'ਪਾਠਕ ਕਹੇ ਵਿਚਾਰ ਕੇ' ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦਾ ਸਨਮਾਨ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੇਦੀ)** ਸਾਹਿਤ ਸਭਾ ਬਹਿਰਾਮ ਪੁਰ ਬੇਟ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ੱਤੇ ਵਿਖੇ ਪਰੋਗਰਾਮ 'ਪਾਠਕ ਕਹੇ ਵਿਚਾਰ ਕੇ' ਤਹਿਤ ਬੱਚਿਆਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਦੱਸੇ ਰਹੇ ਕਿ ਪਿਛਲੇ ਦਿਨੀਂ ਸਾਹਿਤ ਸਭਾ ਬਹਿਰਾਮਪੁਰ ਬੇਟ ਨੇ ਵਿਦਿਆਰਥੀਆਂ ਨੂੰ ਸਾਹਿਤਕ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰ ਕੇ ਬਾਲ ਸਾਹਿਤ ਅਤੇ ਸਾਹਿਤ ਦੀਆਂ ਪੁਸਤਕਾਂ ਪੜ੍ਹਨ ਲਈ ਮੁਹੱਈਆ ਕਰਵਾਈਆਂ ਸਨ। ਇਹ ਸਮਾਗਮ ਇਸ ਲੜੀ ਦਾ ਹਿੱਸਾ ਸੀ। ਸਮਾਗਮ ਵਿੱਚ ਸਭਾ ਦੇ ਸਾਹਿਤਕਾਰ ਸੁਰਿੰਦਰ ਸਿੰਘ ਰਸੂਲਪੁਰ ਅਤੇ ਸਾਹਿਤ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਫ਼ੱਤੇ ਦੀ ਅਗਵਾਈ ਹੇਠ ਕਰਵਾਇਆ। ਉਨ੍ਹਾਂ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਨੇ ਪੁਸਤਕ ਪ੍ਰਦਸ਼ਨੀ ਵਿਚੋਂ ਪੁਸਤਕਾਂ ਲੈ ਕੇ ਪੜ੍ਹਨ ਉਪਰੰਤ ਉਨ੍ਹਾਂ ਕਿਤਾਬਾਂ ਦਾ ਵਧੀਆ ਵਿਸ਼ਲੇਸ਼ਣ ਕਰਕੇ ਟਿੱਪਣੀਆਂ ਕੀਤੀਆਂ ਹਨ ਅਤੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਮੈਡਲ ਅਤੇ ਸਰਟੀਫਿਕੇਟ ਸਭਾ ਦੇ ਸਰਪ੍ਰਸਤ ਮਨਜੀਤ ਸਿੰਘ ਰਾਣਾ ਅਤੇ ਡਾ ਦੌਲਤ ਰਾਮ ਵੱਲੋਂ ਤਕਸੀਮ ਕੀਤੇ ਗਏ।ਸਕੂਲ ਦੀ ਪ੍ਰਿੰਸੀਪਲ ਕੁਲਦੀਪ ਕੌਰ ਨੇ ਸਾਹਿਤ ਸਭਾ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤ ਸਭਾ ਬਹਿਰਾਮਪੁਰ ਬੇਟ ਦਾ ਪੰਜਾਬੀ ਮਾਂ ਬੋਲੀ ਅਤੇ ਸ਼ਾਸਤਰ ਲਈ ਇਹ ਸ਼ਲਾਘਾਯੋਗ ਉਪਰਾਲਾ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ 108 ਵਿਦਿਆਰਥੀਆਂ ਨੇ ਸਾਹਿਤਕ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਵਿਖਾਈ ਹੈ। ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ 68 ਵਿਦਿਆਰਥੀਆਂ ਨੇ ਲਿਖਤੀ ਰੂਪ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਜਿਸ ਕਰਕੇ ਸਾਹਿਤ ਸਭਾ ਵੱਲੋਂ ਵਧੀਆ ਵਿਚਾਰ ਰੱਖਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਸੁਨੀਤਾ ਨੇ ਪਹਿਲਾ, ਗਿਆਰ੍ਹਵੀਂ ਜਮਾਤ ਦੀ ਪਿੰਕੀ ਨੇ ਦੂਜਾ, ਮਹਿਕਪ੍ਰੀਤ ਕੌਰ ਨੇ ਤੀਜਾ ਅਤੇ ਬਾਰਵੀਂ ਜਮਾਤ ਦੀ ਹੀ ਸਰਬਜੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥਣਾਂ ਤੋਂ ਇਲਾਵਾ ਸਿਮਰਨ ਕੌਰ, ਗੁਰਜੀਤ ਕੌਰ, ਹਰਵਿੰਦਰ ਕੌਰ, ਅੰਜਲੀ ਅਤੇ ਕੋਮਲਪ੍ਰੀਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਵਿਸ਼ਵਦੀਪ ਸਿੰਘ, ਸਤਨਾਮ ਕੌਰ, ਕਰਮਜੀਤ ਕੌਰ ਅਤੇ ਸੋਨੀਕਾ ਕੌਸ਼ਲ ਆਦਿ ਹਾਜ਼ਰ ਸਨ।

## ਨਸ਼ਾ ਤਸਕਰ ਦੀ 27.34 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ



**ਜਲੰਧਰ (ਸ਼ੈਲੀ ਐਲਬਰਟ, ਰਜ਼ਨੀਸ਼ ਬਾਪਾ)**-ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਪੁਲਸ ਕਮਿਸ਼ਨਰੇਟ ਨੇ 21 ਕਿਲੋ ਅਫੀਮ ਸਮੇਤ ਕਾਬੂ ਕੀਤੇ ਨਸ਼ਾ ਤਸਕਰਾਂ ਦੀ 27.34 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਥਾਣਾ ਡਿਵੀਜ਼ਨ 3 ਜਲੰਧਰ ਵਿਖੇ 22 ਮਿਤੀ 02-03-2024 ਅਧੀਨ 18,29,27 ਐਨ ਡੀ ਪੀ ਐਸ ਐਕਟ ਤਹਿਤ ਐਫ ਆਈ ਆਰ ਦਰਜ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਕੋਲੋਂ 21 ਕਿਲੋ ਅਫੀਮ ਦੀ ਭਾਰੀ ਮਾਤਰਾ ਬਰਾਮਦ ਕੀਤੀ ਗਈ ਹੈ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਤਫ਼ਤੀਸ਼ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਇਕ ਹੋਰ ਵਿਅਕਤੀ ਦੀ ਪਛਾਣ ਅਮਨਦੀਪ ਵਾਸੀ ਮੁਹੱਲਾ ਨੰ. 08 ਗੌਤਮ ਨਗਰ ਹੁਸ਼ਿਆਰਪੁਰ ਨੇ ਨਸ਼ੀਲੇ ਪਦਾਰਥਾਂ ਦੇ ਪੈਸੇ ਦੀ ਵਰਤੋਂ ਕਰਕੇ ਜਾਇਦਾਦ ਅਤੇ ਵਾਹਨ ਖਰੀਦਿਆ ਸੀ। ਪੁਲਸ ਕਮਿਸ਼ਨਰ ਨੇ ਕਿਹਾ ਕਿ ਪਛਾਣੀਆਂ ਗਈਆਂ ਜਾਇਦਾਦਾਂ 'ਚ ਛੇ ਮਰਲੇ ਦਾ ਪਲਾਟ ਅਤੇ 27,34,111 ਰੁਪਏ ਦੀ ਇੱਕ ਮਾਰੂਤੀ ਸੁਜ਼ੂਕੀ ਸਵਿਫਟ ਕਾਰ ਸ਼ਾਮਲ ਹੈ, ਜੋ ਕਿ ਦੋਸ਼ੀ ਅਮਨਦੀਪ ਦੀ ਹੈ। ਉਨ੍ਹਾਂ ਕਿਹਾ ਕਿ ਸਮਰੱਥ ਅਧਿਕਾਰੀ ਵੱਲੋਂ ਜਾਇਦਾਦ ਅਤੇ ਵਾਹਨ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

8-Sep-Sunday.qxd 9/7/2024 10:38 PM Page 1




ਧਾਰਾ 370 ਦੀ ਮਨਸੂਖੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ
ਐਤਵਾਰਤਾ

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 8 ਸਤੰਬਰ 2024
www.nawanzamana.in
ਕੀਮਤ 5.00 ਰੁਪਏ

# ਤਾਨਾਸ਼ਾਹ ਤਾਨਾਸ਼ਾਹੀ ਨੂੰ ਚਿਰਸਥਾਈ ਬਣਾਉਣ ਦੀ ਫ਼ਿਰਾਕ 'ਚ

**ਸੁਰਜੀਤ ਸਿੰਘ ਖੱਟੜਾ**

ਨਰਿੰਦਰ ਮੋਦੀ ਨੇ 2024 ਦੀਆਂ ਲੋਕ ਸਭਾਈ ਚੋਣਾਂ ਤੋਂ ਢੇਰ ਚਿਰ ਪਹਿਲਾਂ ਤੋਂ ਉਹੀ ਉੱਚੀ-ਉੱਚੀ ਹੋਕਰੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਉਸ ਦਾ ਸਭ ਤੋਂ ਪਹਿਲਾ ਹੋਕਰਾ ਐਤਕੀਂ370 ਸੀਟਾਂ ਲਿਜਾਣ ਤੇ ਵੋਟ ਪ੍ਰਤੀਸ਼ਤਤਾ 50 ਪ੍ਰਤੀਸ਼ਤ ਕਰਨ ਦੀ ਸੀ। ਸਮੇਂ ਦੇ ਗੁਜ਼ਰਨ ਨਾਲ ਇਨ੍ਹਾਂ ਹੋਕਰਿਆਂ ਵਿੱਚ ਹਵਾ ਭਰਨੀ ਸ਼ੁਰੂ ਹੋਈ। ਇਨ੍ਹਾਂ ਦਾ ਵਾਲਿਊਮ 400 ਸੀਟਾਂ ਤੱਕ ਵਧਦਾ-ਵਧਦਾ ਇਸ ਵਾਰ 400 ਪਾਰ ਤੱਕ ਪਹੁੰਚ ਗਿਆ। ਨਾਲ ਦੀ ਨਾਲ ਮੋਦੀ ਨੇ ਆਪਣੇ ਭਾਸ਼ਣਾਂ ਵਿੱਚ ਸਰਕਾਰ ਦੀਆਂ ਉਪਲੱਬਧੀਆਂ ਦੀ ਝੜੀ ਲਾਉਣਾ ਜਾਰੀ ਰੱਖੀ, ਇਨ੍ਹਾਂ ਉਲਬਦੀਆਂ ਨੂੰ ਵੱਡ-ਅਕਾਰੀ ਅੰਕੜਿਆਂ ਨਾਲ ਸ਼ਿੰਗਾਰਿਆ ਜਾਂਦਾ ਰਿਹਾ। ਅੱਜ ਦੁਨੀਆ ਮੇਕ-ਇਨ-ਇੰਡੀਆ ਤੇ ਸਾਡੇ ਯੁਵਾ ਸਟਾਰਟਅਪ ਦੇ ਕਾਰਨਾਮਿਆਂ ਨੂੰ ਅੱਡੀਆਂ ਚੁੱਕ-ਚੁੱਕ ਦੇਖ ਰਹੀ ਹੈ।

ਹਕੀਕਤ 'ਚ ਭਾਰਤ ਦੀ ਅਰਥ ਵਿਵਸਥਾ ਦਾ ਅੱਜ ਕੀ ਹਾਲ ਹੈ? 1% ਅਰਬਾਂ ਖਰਬਾਂਪਤੀ ਕਾਰਪੋਰੇਟਾਂ ਕੋਲ ਦੇਸ਼ ਦੀ ਕੁਲ ਦੌਲਤ ਦਾ 80 ਪ੍ਰਤੀਸ਼ਤ ਉਤੇ ਕਬਜ਼ਾ ਹੈ, ਬਾਕੀ ਬਚਦੀ 99% ਅਬਾਦੀ ਪਾਸ ਸਿਰਫ਼ 10% ਮਾਲਕੀ ਹੈ। ਕੀ ਕੋਈ ਅਮੀਰੀ-ਗਰੀਬੀ ਵਿਚਕਾਰ ਇਸ ਪਾੜੇ ਤੋਂ ਕਿਸੇ ਹੋਰ ਵੱਡੇ ਪਾੜੇ ਨੂੰ ਆਪਣੇ ਤਸਬਰੇ 'ਚ ਲਿਆ ਸਕਦਾ ਹੈ? ਮੋਦੀ ਝੂਠੇ ਦਾਅਵੇ ਕਰੀ ਜਾਂਦਾ ਹੈ ਕਿ ਏਨੇ ਕਰੋੜ ਲੋਕ ਗਰੀਬੀ ਤੋਂ ਬਾਹਰ ਆ ਗਏ ਹਨ, ਜਦੋਂ ਕਿ ਨਾਲ ਹੀ ਇਹ ਫੜ੍ਹ ਮਾਰ ਰਿਹਾ ਹੈ ਕਿ ਮੇਰੀ ਸਰਕਾਰ 82 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਸਪਲਾਈ ਕਰ ਰਹੀ ਹੈ, ਚੌਥੀ ਜਮਾਤ ਪਾਸ ਬੰਦਾ ਵੀ ਇਹ ਝੱਟ ਨਿਰਣਾ ਕਰ ਸਕਦਾ ਹੈ ਕਿ ਇਹ ਮੁਫ਼ਤ ਦਾ ਰਾਸ਼ਨ ਖਾਣ ਵਾਲੇ ਆਪਣੀ ਰੋਟੀ-ਰੋਜ਼ੀ ਵੀ ਨਹੀਂ ਕਮਾ ਸਕਦੇ, ਕੀ ਅਜਿਹੇ ਲੋਕਾਂ ਨੂੰ ਖੁਸ਼ਹਾਲ ਤੇ ਗਰੀਬੀ ਤੋਂ ਪਾਰ ਹੋਏ ਗਿਣਿਆ ਜਾ ਸਕਦਾ ਹੈ। ਸਰਕਾਰੀ ਖਰਚੇ 'ਤੇ ਚੱਲਦੇ ਰੇਡੀਓ ਤੇ ਦੂਰਦਰਸ਼ਨ ਤੋਂ ਲਗਾਤਾਰ ਆਪਣੇ ਮਹੀਨੇਵਾਰ ਵੱਡੇ ਪੱਧਰ 'ਤੇ ਪ੍ਰਚਾਰੇ ਜਾਂਦੇ 'ਮਨ ਕੀ ਬਾਤ' ਦੇ ਪ੍ਰਵਚਨਾਂ ਨਾਲ ਮੋਦੀ ਯੁਵਾ ਤੇ ਨਾਰੀ ਸ਼ਕਤੀ ਨੂੰ ਕੀਲ ਕੇ ਰੱਖਣ ਦਾ ਯਤਨ ਕਰਦਾ ਹੈ ਤਾਂ ਕਿ ਉਹ ਸਰਕਾਰ ਦੀਆਂ ਫ਼ਾਸ਼ੀਵਾਦੀ ਨੀਤੀਆਂ ਨਾਲ ਜੁੜੇ ਰਹਿਣ ਤੇ ਹੋਰ ਕਿਸੇ ਪਾਸੇ ਨਾ ਦੇਖਣ। 'ਬੇਟੀ ਬਚਾਓ ਤੇ ਬੇਟੀ ਪੜ੍ਹਾਓ' ਦਾ ਨਾਅਰਾ ਉਹਦੇ ਅੰਧ ਭਗਤ ਹਮੇਸ਼ਾ ਉਛਾਲਦੇ ਰਹਿੰਦੇ ਹਨ, ਪਰ ਪਤਾ ਨਹੀਂ ਮੋਦੀ ਨੂੰ ਪੜ੍ਹੀ-ਲਿਖੀ ਗੌਰੀ ਲੰਕੇਸ਼ ਕਿਉਂ ਮਨਜ਼ੂਰ ਨਹੀਂ?

ਚੋਣਾਂ ਸੰਪੰਨ ਹੋਣ ਤੋਂ ਬਾਅਦ ਮੋਦੀ ਨੇ ਕਿਹਾ ਕਿ ਮੈਂ ਇਹ ਚੋਣਾਂ ਆਪਣੀ ਮਾਂ ਤੋਂ ਬਗੈਰ ਰਹਿ ਕੇ ਲੜੀਆਂ ਹਨ। ਮਾਂ ਦੇ ਮਰਨ ਤੋਂ ਬਾਅਦ ਕਾਸ਼ੀ ਜਾ ਕੇ ਕਹਿਣ ਲੱਗਾ ਕਿ ਹੁਣ ਮੈਨੂੰ ਗੰਗਾ ਮਾਂ ਨੇ ਅਪਣਾ ਲਿਆ ਹੈ। ਫੇਰ ਝੱਟ ਹੀ ਉਹਨੂੰ ਇਲਹਾਮ ਹੁੰਦਾ ਹੈ ਕਿ ਉਹ ਤਾਂ ਪ੍ਰਾਜੈਵਿਕ ਹੈ, ਉਹ ਤਾਂ ਕਿਸੇ ਔਰਤ ਦੀ ਕੁੱਖ 'ਚੋਂ ਪੈਦਾ ਹੀ ਨਹੀਂ ਹੋਇਆ, ਅਰਥਾਤ ਉਹ ਬਾਇਓਲੋਜੀਕਲ ਨਹੀਂ ਹੈ, ਉਸ ਨੂੰ ਤਾਂ ਸਿੱਧਾ ਈਸ਼ਵਰ ਨੇ ਮਾਤ ਲੋਕ 'ਚ ਉਤਾਰਿਆ ਹੈ। ਉਸ ਦੇ ਅੰਧ ਭਗਤ ਤਾਂ ਲਗਾਤਾਰ ਉਸ ਦੀਆਂ ਗੁੱਡੀਆਂ ਬੰਨ੍ਹਦੇ ਆ ਰਹੇ ਹਨ, ਉਹ ਵਿਸ਼ਵ ਗੁਰੂ, ਅੰਤਰਜਾਮੀ, ਹਿਰਦੇ ਸੁਲਤਾਨ, ਜਨ ਨਾਇਕ, ਵਿਸ਼ਨੂੰ ਅਵਤਾਰ।

ਅਯੁੱਧਿਆ ਵਿੱਚ ਮੋਦੀ ਨੇ ਆਪਣੇ ਆਕਾ ਭਗਵਤ ਦੀ ਹਾਜ਼ਰੀ ਵਿੱਚ ਕੀਤੀ ਪ੍ਰਾਣ ਪ੍ਰਤੀਸ਼ਠਾ ਹਿੰਦੂ-ਰਾਸ਼ਟਰ ਦੀ ਸਨਾਤਨੀ ਧਰਮ ਦੀ ਤੇ ਬ੍ਰਾਹਮਣਵਾਦ ਇਕ ਪੂਰਣ ਹਰ ਪੱਖੋਂ ਗੁੰਦਵੀਂ ਝਾਕੀ ਸੀ ਤੇ ਇਸ ਵਿੱਚੋਂ ਮਨੂੰਵਾਦ ਅਰਥਾਤ ਤਰੇਤਾ ਯੁੱਗ ਦਾ ਅਭਾਸ ਵੀ ਦਿਖਾਈ ਦਿੰਦਾ ਸੀ। ਇਸ ਸਮਾਗਮ ਵਿੱਚ ਕੋਈ ਗਰੀਬ ਗੁਰਬਾ, ਦਲਿਤ, ਆਦਿਵਾਸੀ, ਆਮ ਆਦਮੀ ਨਜ਼ਰ ਨਹੀਂ ਸੀ ਆ ਰਿਹਾ, ਨਜ਼ਰ ਆ ਰਹੇ ਸਨ ਤਾਂ ਮੱਠਾਂ ਦੇ ਸ਼ੰਕਰਾਚਾਰੀ, ਤਿਲਕਧਾਰੀ ਬ੍ਰਾਹਮਣ, ਬਾਬਾ ਰਾਮਦੇਵ, ਸਾਧਵੀ ਰਿਤੰਬਰਾ, ਸਾਧਵੀ ਪ੍ਰਗਿਆ, ਅਮਿਤਾਭ ਬਚਨ, ਗੌਤਮ ਅਡਾਨੀ, ਯੋਗੀ ਆਦਿਤਿਆਨਾਥ।

ਜਦੋਂ ਚੋਣਾਂ ਵਿੱਚ ਰਾਮ ਲੱਲਾ ਦਾ ਇਹ ਵਰਤਾਰਾ ਵੋਟਾਂ ਖਿੱਚਦਾ ਨਹੀਂ ਲਗਿਆ ਤਾਂ ਮੋਦੀ ਨੇ ਝੱਟ ਸੂਈ ਕਾਂਗਰਸ ਦੇ ਚੋਣ ਮੈਨੀਫੈਸਟੋ ਉਤੇ ਧਰ ਦਿੱਤੀ। ਕਹਿਣ ਲੱਗਾ ਕਿ ਇਹ ਤਾਂ ਨਿਰਾ ਮੁਸਲਿਮ ਲੀਗ ਦਾ ਏਜੰਡਾ ਹੈ। ਮੋਦੀ ਮੁਸਲਿਮ ਫੋਬੀਆ ਅਧੀਨ ਮੁਸਲਮਾਨਾਂ ਤੇ ਹਿੰਦੂਆਂ 'ਚ ਪਾੜਾ ਪਾਉਣ ਲਈ ਉਨ੍ਹਾ ਨੂੰ ਘੁਸਪੈਠੀਏ ਦੱਸ ਕੇ ਨਫ਼ਰਤੀ ਮਾਹੌਣ ਬਣਾਉਣ ਲਗਿਆ। ਜੇ ਕਾਂਗਰਸ ਆਈ ਤਾਂ ਉਹ ਤੁਹਾਡੇ ਮੰਗਲ ਸੂਤਰ ਉਤਰਵਾ ਲੈਣਗੇ, ਜੇ ਦੋ ਮਕਾਨ ਨੇ ਤਾਂ ਇਕ ਉਹ ਲੈ ਜਾਣਗੇ, ਦੋ ਮੱਝਾਂ 'ਚੋਂ ਇਕ ਮੱਝ ਖੋਲ੍ਹ ਕੇ ਲੈ ਜਾਣਗੇ। ਇਸ ਤਰ੍ਹਾਂ ਕਬਜ਼ੇ ਵਾਲੀਆਂ ਵਸਤਾਂ ਉਹ ਉਨ੍ਹਾ ਘੁਸਪੈਠੀਆਂ/ਮੁਸਲਮਾਨਾਂ ਨੂੰ ਦੇਣਗੇ, ਜਿਹੜੇ ਬਹੁਤੇ ਬੱਚੇ ਪੈਦਾ ਕਰਦੇ ਹਨ।

ਦੂਜੇ ਬੰਨੇ ਇੰਡੀਆਂ ਗਠਜੋੜ ਵਾਲਿਆਂ ਨੇ ਇਕਸੁਰ ਹੋ ਕੇ



ਪੂਰੇ ਠਰ੍ਹੰਮੇ ਨਾਲ ਇਸ ਕੂੜ ਪ੍ਰਚਾਰ ਦਾ ਮੁਕਾਬਲਾ ਕੀਤਾ, ਚੋਣਾਂ ਦੌਰਾਨ ਉਸ ਨੇ ਲੋਕਾਂ ਦੀਆਂ ਭਖਦੀਆਂ ਮੰਗਾਂ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਨੂੰ ਚੋਣ ਘੋਲ 'ਚ ਕੇਂਦਰਤ ਕਰੀ ਰੱਖਿਆ।

ਅਖੀਰ 4 ਜੂਨ ਆ ਗਈ। ਚੋਣ ਨਤੀਜੇ ਆਰ ਐੱਸ ਐੱਸ/ਭਾਜਪਾ ਦੀਆਂ ਗਿਣਤੀਆਂ-ਮਿਣਤੀਆਂ ਤੋਂ ਬਿਲਕੁਲ ਉਲਟ ਆਏ, ਭਾਰਤ ਦੇ ਲੋਕਾਂ ਨੇ ਡੂੰਘੀ ਸਮਝਦਾਰੀ ਦਿਖਾਈ, ਭਾਜਪਾ ਨੂੰ ਆਪਣੇ ਬਲਬੂਤੇ 272 ਸੀਟਾਂ ਤੱਕ ਵੀ ਪਹੁੰਚਣ ਨਾ ਦਿੱਤਾ ਤੇ ਉਸ ਦੀਆਂ 240 ਸੀਟਾਂ ਹੀ ਬਚੀਆਂ, ਉਸ ਦੀ ਵੋਟ ਪ੍ਰਤੀਸ਼ਤਤਾ 37% ਤੋਂ ਅਗਾਂਹ ਨਹੀਂ ਜਾ ਸਕੀ। ਉਸ ਨੂੰ ਸਰਕਾਰ ਬਣਾਉਣ ਲਈ ਚੰਦਰ ਬਾਬੂ ਨਾਇਡੂ ਤੇ ਨਿਤਿਸ਼ ਵਰਗਿਆਂ ਦਾ ਸਹਾਰਾ ਲੈਣਾ ਪਿਆ। ਮੋਦੀ ਨੇ ਉਨ੍ਹਾਂ ਦੇ ਮੂੰਹ ਸਿਉਣ ਲਈ ਉਨ੍ਹਾਂ ਨੂੰ ਬੱਜਟ ਰਾਹੀਂ 75 ਹਜ਼ਾਰ ਕਰੋੜ ਰਿਸ਼ਵਤ ਦਿੱਤੀ, ਪਰ ਇਨ੍ਹਾਂ ਅੱਤ ਦੇ ਮੌਕਾਪ੍ਰਸਤਾਂ ਇਨ੍ਹਾਂ ਦੀ ਸਿਰੇ ਦੀ ਬੇਅਸੂਲੀ ਰਾਜਨੀਤੀ, ਇਨ੍ਹਾਂ ਦੇ ਮੂੰਹ ਪਾਟੇ ਹੋਏ ਹਨ, ਕਿਸੇ ਪੱਖੋਂ ਜਾਂ ਕਿਸੇ ਆਧਾਰ 'ਤੇ ਇਨ੍ਹਾ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਇੰਡੀਆ ਗਠਜੋੜ ਨੇ ਆਪਣੇ ਸਹਿਯੋਗੀਆਂ ਸਮੇਤ 234 ਸੀਟਾਂ ਜਿੱਤ ਕੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਚੋਣ ਨਤੀਜਿਆਂ ਬਾਰੇ ਹੁਣੇ ਜਿਹੇ ਆਈ ਏ ਡੀ ਆਰ ਦੀ ਰਿਪੋਰਟ ਅਨੁਸਾਰ 70 ਤੋਂ ਵੱਧ ਸੀਟਾਂ 'ਤੇ ਭਾਜਪਾ ਨੂੰ ਗੜਬੜ ਕਰਕੇ ਜਤਾਇਆ ਗਿਆ ਹੈ। ਜੇ ਇਹ ਤੱਥ ਸਹੀ ਹੈ ਤਾਂ ਭਾਜਪਾ ਦੀਆਂ ਕੁਲ ਸੀਟਾਂ 170 ਤੱਕ ਸਿਮਟ ਕੇ ਰਹਿ ਜਾਣੀਆਂ ਸਨ।

ਭਾਜਪਾ ਨੂੰ ਆਪਣੇ ਬਲਬੂਤੇ ਬਹੁਮੱਤ ਹਾਸਲ ਨਾ ਹੋਣਾ, ਨਾ ਵੋਟ ਪ੍ਰਤੀਸ਼ਤ ਦਾ ਵਧਣਾ ਇਹ ਕਾਰਨ ਸਨ ਕਿ ਆਰ ਐੱਸ ਐੱਸ/ਭਾਜਪਾ ਦੇ ਵਰਕਰਾਂ ਵਿੱਚ ਮਯੂਸੀ ਹੋਣ ਲੱਗੀ। ਘੁਸਰ-ਮੁਸਰ ਸ਼ੁਰੂ ਹੋਈ, ਕੋਈ 400 ਟੀਚੇ ਨੂੰ ਗਲਤ ਕਹੀ ਜਾਵੇ, ਕੋਈ ਆਤਮ ਵਿਸ਼ਵਾਸ ਦਾ ਹਾਵੀ ਹੋਣਾ ਆਦਿ। ਜਿਵੇਂ ਕਿਸੇ ਖਾਨਦਾਨੀ ਟੱਬਰ 'ਚ ਕਿਸੇ ਨਿੱਕੇ-ਮੋਟੇ ਕਲੇਸ਼ ਸਮੇਂ ਘਰ ਦੀਆਂ ਨੂੰਹਾਂ ਬੁੜਬੁੜ ਕਰਨ ਲੱਗ ਜਾਣ ਤਾਂ ਸੱਸ ਉੱਚੀ-ਉੱਚੀ ਬੋਲ ਕੇ ਉਨ੍ਹਾਂ ਨੂੰ ਚੁੱਪ ਕਰਾਉਂਦੀ ਹੈ, ਇਵੇਂ ਹੀ ਮੋਹਨ ਭਗਵਤ ਨੇ ਆਪਣੇ ਉਗੜੇ ਦੁਗੜੇ ਭਾਸ਼ਣ ਵਿੱਚ ਹੰਕਾਰ ਨਾ ਕਰਨ, ਆਪਣੇ ਕਰਮ ਕਰਦੇ ਰਹਿਣਾ ਚਾਹੀਦਾ ਹੈ, ਨਾਲ ਗੱਲ ਨੂੰ ਆਈ ਗਈ ਕਰ ਦਿੱਤਾ, ਪਰ ਸਾਨੂੰ ਪਤਾ ਹੈ ਨਾ ਭਗਵਤ ਨੇ ਫਾਸ਼ੀਵਾਦੀ ਏਜੰਡੇ ਨੂੰ ਛੱਡਣਾ ਹੈ, ਨਾ ਦਮੋਦਰ ਦਾਸ ਮੋਦੀ ਨੇ।

ਹੁਣ ਗੱਲ ਕਰੀਏ ਚੋਣ ਕਮਿਸ਼ਨ ਦੀ, ਜਿਸ ਦੀਆਂ ਮੋਦੀ ਸਿਫ਼ਤਾਂ ਕਰਨੋਂ ਨਹੀਂ ਹਟਦਾ। ਪਿਛਲੇ 75 ਸਾਲਾਂ 'ਚ ਦਰਜਨਾਂ ਚੋਣਾਂ ਹੋਈਆਂ, ਪਰ ਏਨਾ ਨਿਕੰਮਾ ਵਿਕਿਆ ਹੋਇਆ ਨਿਰਜਿੰਦ ਚੋਣ ਕਮਿਸ਼ਨ ਕਦੇ ਨਹੀਂ ਦੇਖਿਆ। ਜਦੋਂ ਕਿਸੇ ਬੰਦੇ ਦੇ ਗਲ 'ਚ ਮਰਿਆ ਸੱਪ ਪੈ ਜਾਵੇ ਤਾਂ ਉਹ ਨਿਸਲ ਹੋ ਜਾਂਦਾ ਹੈ, ਸਾਡਾ ਚੋਣ ਕਮਿਸ਼ਨ ਮਰੇ ਹੋਏ ਸੱਪਾਂ ਦੀ ਤਿੱਕੜੀ ਸੀ, ਜਿਹੜੀ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਨਿਸਲ ਪਈ ਰਹੀ। ਭਾਜਪਾ ਨੂੰ ਵੱਜੀ ਇਸ ਸੱਟ ਤੋਂ ਕਈਆਂ ਨੂੰ ਜਾਪਣ ਲੱਗਾ ਕਿ ਹੁਣ ਮੋਦੀ ਕੁਝ ਢਿੱਲਾ ਚੱਲੇਗਾ, ਭਾਜਪਾ/ਆਰ ਐੱਸ ਐੱਸ ਕੁਝ ਹੋਸ਼ ਕਰਨਗੇ ਪਰ ਇਹ ਨਿਰੋਲ ਗਲਤ-ਫਹਿਮੀ ਹੈ। ਫਾਸ਼ੀਵਾਦ ਕਦੇ ਆਪਣਾ ਏਜੰਡਾ ਨਹੀਂ ਛੱਡਦਾ। ਮੋਦੀ ਨੇ ਹਿੱਕ ਠੋਕ ਕੇ ਕਹਿ ਦਿੱਤਾ ਹੈ ਕਿ ਮੈਂ ਹੁਣ ਤੀਜੀ ਪਾਰੀ 'ਚ ਤਿੱਗਣੀ ਸਪੀਡ ਨਾਲ ਕੰਮ ਕਰਾਂਗਾ, ਕਿਸੇ ਨੂੰ ਅਵੇਸਲੇ ਹੋਣ ਦੀ ਲੋੜ ਨਹੀਂ। ਆਪਣੀ ਤੀਜੀ ਪਾਰੀ 'ਚ ਉਹ ਪੂਰੀ ਤੇਜ਼ੀ ਨਾਲ ਫਾਸ਼ੀਵਾਦੀ ਏਜੰਡੇ ਨੂੰ ਲਾਗੂ ਕਰਨ ਵੱਲ ਵਧੇਗਾ। ਪੈਂਦੀ ਸੱਟੇ ਉਸ ਨੇ ਸਰਕਾਰੀ ਕਰਮਚਾਰੀਆਂ 'ਤੇ 58 ਸਾਲਾਂ ਤੋਂ ਲੱਗੀ ਪਾਬੰਦੀ ਹਟਾ ਦਿੱਤੀ ਹੈ। ਕਾਨੂੰਨੀ ਪੜ੍ਹਾਈ ਦੇ ਸਿਲੇਬਸ ਵਿੱਚ ਮਨੂੰ ਸਿਮ੍ਰਤੀ ਨੂੰ ਪਾ ਦਿੱਤਾ ਗਿਆ। ਹੁਣ ਉਹ ਆਰ ਐੱਸ ਐੱਸ ਦੀਆਂ ਕਾਰਵਾਈਆਂ 'ਚ ਖੁੱਲ੍ਹ ਕੇ ਹਿੱਸਾ ਲੈ ਸਕਣਗੇ। ਮੁਦਰੀਕਰਨ ਦੀ ਕੌਮੀ ਨੀਤੀ ਅਧੀਨ ਮੋਦੀ ਸਰਕਾਰ ਨੇ ਲੱਗਭੱਗ ਸਾਰੇ ਪਬਲਿਕ ਅਦਾਰੇ ਕਾਰਪੋਰੇਟਾਂ ਨੂੰ ਸੌਂਪ ਦਿੱਤੇ ਹਨ। ਰਹਿੰਦੇ-ਖੂੰਹਦੇ ਹੁਣ ਵੇਚ ਦੇਵੇਗਾ। ਅਡਾਨੀ ਗਰੁੱਪ ਨੇ 16000 ਕਰੋੜ ਦੀ ਸੰਪਤੀ ਨਾਲ ਬਿਹਾਰ 'ਚ ਸੀਮਿੰਟ ਦੀ ਪਸਾਈ ਦਾ ਕਾਰਜ ਅਰੰਭ ਦਿੱਤਾ ਹੈ।

ਭਾਰਤੀ ਪਬਲਿਕ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ ਕਿ ਕਾਰਪੋਰੇਟ ਜਗਤ ਪਬਲਿਕ ਅਦਾਰਿਆਂ ਵਿੱਚ ਲੱਗੀ ਕਿਰਤ ਸ਼ਕਤੀ 'ਤੇ ਕਦੇ ਵੀ ਕੁਹਾੜਾ ਚਲਾ ਸਕਦਾ ਹੈ। ਉਹ ਵੱਡੀਆਂ ਛਾਂਟੀਆਂ ਕਰ ਸਕਦਾ ਹੈ, ਜਿਸ ਨਾਲ ਪਹਿਲਾਂ ਹੀ ਪੱਸਰੀ ਬੇਰੁਜ਼ਗਾਰੀ ਵਿਕਰਾਲ ਰੂਪ ਅਖਤਿਆਰ ਕਰ ਲਵੇਗੀ।

ਇਕ ਨਵਾਂ ਤੱਥ ਸਾਹਮਣੇ ਆਇਆ ਹੈ ਮੋਦੀ ਨਾਲ ਆਪਣੀ ਪੱਕੀ ਯਾਰੀ ਕਾਰਨ, ਕਾਰਪੋਰੇਟ ਨਿਸ਼ੰਗ ਹੋ ਗਏ ਤੇ ਉਨ੍ਹਾਂ 'ਚ ਹਉਮੈ ਪੈਦਾ ਹੋ ਗਿਆ ਹੈ। ਗੌਤਮ ਅਡਾਨੀ ਦੂਰਦਰਸ਼ਨ 'ਤੇ ਆ ਕੇ ਐਲਾਨ ਕਰਦਾ ਹੈ ਕਿ 2032 ਤੱਕ ਭਾਰਤ ਦੀ ਆਰਥਿਕਤਾ ਦੱਸ ਟਰਿਲੀਅਨ ਹੋ ਜਾਵੇਗੀ। ਸਾਫ਼ ਸੰਕੇਤ ਹੈ ਕਿ ਉਹ ਕਹਿ ਰਿਹਾ ਹੈ ਕਿ ਸਰਕਾਰ ਮੋਦੀ ਨਹੀਂ ਚਲਾ ਰਿਹਾ, ਬਲਕਿ ਸਰਕਾਰ ਕਾਰਪੋਰੇਟ ਜਗਤ ਚਲਾ ਰਿਹਾ ਹੈ।

ਜੇ ਅਸੀਂ ਨੀਝ ਨਾਲ ਦੇਖੀਏ ਭਾਰਤੀ ਲੋਕਾਂ ਦੇ ਹਰ ਭਾਗ, ਹਰ ਤਬਕੇ, ਹਰ ਜਥੇਬੰਦੀ ਵਿੱਚ ਆਰ ਐੱਸ ਐੱਸ ਦੀ ਵਿਚਾਰਧਾਰਾ ਦੀ ਰਸਾਈ ਸਾਫ਼ ਨਜ਼ਰ ਆਉਂਦੀ ਹੈ। ਆਰ ਐੱਸ ਐੱਸ ਦਾ ਇੱਕ ਸਰ ਸੰਘਚਾਲਕ ਦਿਓਰਸ ਸੀ, ਜਿਸ ਦੀ ਨੀਤੀ ਨਾਲ ਇਹ ਰਸਾਈ ਸੰਭਵ ਹੋ ਸਕੀ ਹੈ। ਉਸ ਦਾ ਮੱਤ ਸੀ ਕਿ ਸਿੱਖਿਆ ਦੇ ਸਮੁੱਚੇ ਸਿਸਟਮ ਨੂੰ ਬੋਦੀ ਤੋਂ ਲੈ ਕੇ ਥੱਲੇ ਤੱਕ ਆਪਣੇ ਕਬਜ਼ੇ 'ਚ ਕਰੋ। ਪਿਛਲੇ ਦਸ ਸਾਲਾਂ 'ਚ ਇਹੋ ਨੀਤੀ ਅਪਣਾਈ ਗਈ ਹੈ। ਉਚਤਮ ਵਿਦਿਅਕ ਅਦਾਰਿਅ, ਯੂਨੀਵਰਸਿਟੀ ਗ੍ਰਾਂਟ ਕਮਿਸ਼ਨ, ਯੂਨੀਵਰਸਿਟੀਆਂ, ਕਾਲਜ, ਸਕੂਲਾਂ, ਪਾਠਕਰਮ ਬਣਾਉਣ ਵਾਲੀ ਸੰਸਥਾ, ਸਮਾਜਿਕ ਸੰਸਥਾਵਾਂ, ਸਾਹਿਤਕ ਸੰਸਥਾਵਾਂ, ਇਤਿਹਾਸ ਪ੍ਰਤੀਬੱਧਤਾ, ਸਕੂਲੀ ਸਿੱਖਿਆ ਸਿਸਟਮ ਨੂੰ ਮਜ਼ਬੂਤੀ ਨਾਲ ਆਰ ਐੱਸ ਐੱਸ ਨੇ ਆਪਣੇ ਕਬਜ਼ੇ 'ਚ ਕੀਤਾ ਹੋਇਆ ਹੈ।

ਸੰਵਿਧਾਨ ਨੂੰ ਬਦਲਣ ਦੀਆਂ ਸੁਰਾਂ ਭਾਜਪਾ ਅੰਦਰੋਂ ਲਗਾਤਾਰ ਉੱਠ ਰਹੀਆਂ ਹਨ। ਮੋਦੀ ਇਸ ਨੂੰ ਝੁਠਲਾਉਂਦਾ ਨਹੀਂ, ਪਰ ਹਕੀਕਤ ਕੀ ਹੈ, ਮੋਦੀ ਸੰਵਿਧਾਨ ਦੀ ਪ੍ਰਸਤਾਵਨਾ ਵਿਚਲੇ ਦੋ ਲਫ਼ਜ਼ਾਂ, ਧਰਮ ਨਿਰਪੱਖਤਾ ਤੇ ਸਮਾਜਵਾਦ ਬਾਰੇ ਕਦੇ ਨਹੀਂ ਬੋਲਦਾ। ਉਹ ਧਰਮ ਨਿਰਪੱਖਤਾ ਤੇ ਸਮਾਜਵਾਦ ਦਾ ਵਿਰੋਧੀ ਹੈ, ਭਾਜਪਾ ਦੇ ਵਿਚਾਰਕਾਂ ਵੱਲੋਂ ਇਨ੍ਹਾਂ ਦੋਨਾਂ ਸ਼ਬਦਾਂ ਨੂੰ ਹਟਾ ਦੇਣਾ ਚਾਹੀਦਾ ਹੈ। ਮੋਦੀ ਨੇ ਆਪਣੀ ਦੂਜੀ ਪਾਰੀ ਸਮੇਂ ਪੁਲਸ ਦੀ ਇੱਕ ਵਰਦੀ ਹੋਣ ਦੀ ਗੱਲ ਕਹੀ ਸੀ, ਸਾਨੂੰ ਉਦੋਂ ਹੀ ਖਟਕੀ ਸੀ ਕਿ ਹੁਣ ਮੋਦੀ ਪੁਲਸ ਰਾਜ ਸਥਾਪਤ ਕਰੇਗਾ। ਉਸ ਨੇ ਐੱਨ ਆਈ ਏ ਦਾ ਨਿਰਮਾਣ ਕੀਤਾ, ਹੁਣ ਸਾਰੇ ਭਾਰਤ ਦੇ ਪੁਲਸ ਥਾਣੇ ਇਸ ਐੱਨ ਆਈ ਏ ਦੇ ਅਧੀਨ ਹੋ ਜਾਣਗੇ। ਪੁਲਸ ਰਾਜ ਨੂੰ ਅਮਲ 'ਚ ਲਿਆਉਣ ਲਈ ਨਵੇਂ ਅਪਰਾਧਕ ਕਾਨੂੰਨ ਲਿਆਂਦੇ ਗਏ ਹਨ, ਜਿਹੜੇ ਬਸਤੀਵਾਦੀਆਂ ਦੇ ਰੌਲਟ ਐਕਟ ਨਾਲੋਂ ਕਿਤੇ ਵੱਧ ਜ਼ਾਲਮ ਤੇ ਘਾਤਕ ਹਨ। ਇਹ ਅਪਰਾਧਿਕ ਕਾਨੂੰਨ ਸਾਡੇ ਲੋਕਾਂ ਨੂੰ ਬੇਜ਼ਬਾਨ, ਡਰੇ ਹੋਏ, ਸਹਿਮੇ ਹੋਏ, ਡਰਪੋਕ ਗੁਲਾਮਾਂ ਵਿੱਚ ਬਦਲ ਦੇਣਗੇ। ਇਹ ਅਪਰਾਧਿਕ ਕਾਨੂੰਨ ਨਾਗਰਿਕ ਅਧਿਕਾਰਾਂ, ਜਮਹੂਰੀ ਅਧਿਕਾਰਾਂ ਨੂੰ ਮੁੱਢੋਂ ਖ਼ਤਮ ਕਰ ਦੇਣਗੇ। ਧਰਮ ਨਿਰਪੱਖਤਾ ਗਈ, ਸਮਾਜਵਾਦ ਗਿਆ ਲੋਕਾਂ ਦੇ ਨਾਗਰਿਕ ਤੇ ਜਮਹੂਰੀ ਅਧਿਕਾਰ ਖ਼ਤਮ ਤਾਂ ਫਿਰ ਅੰਬੇਡਕਰ ਦੇ ਸੰਵਿਧਾਨ ਵਿੱਚ ਕੀ ਬਚਿਆ ਰਹਿ ਗਿਆ। ਮੋਦੀ ਇਸ ਸੰਵਿਧਾਨ ਨੂੰ ਮੱਥੇ ਨਾਲ ਲਾਉਣ ਦਾ ਡਰਾਮਾ ਕਰਦਾ ਹੈ। ਉਸ ਦੀ ਚੁਸਤੀ ਇਹ ਕਿ ਲੋਕ ਉਸ ਦੀ ਚਲਾਕੀ ਨੂੰ ਨਹੀਂ ਫੜ ਸਕਦੇ। ਕੂੜ ਨਿਖੁਟੇ ਨਾਨਕਾ, ਓੜਕ ਸੱਚ ਰਹੀ ਕਦੇ-ਕਦਾਈਂ ਗੁਰਦੁਆਰੇ ਜਾ ਕੇ ਮੱਥਾ ਟੇਕਣ ਵਾਲੇ ਨੂੰ ਗੁਰਬਾਣੀ ਦੀ ਟੂਕ ਵੀ ਸੁਣਨੀ ਚਾਹੀਦੀ ਹੈ।

ਹੁਣ ਮੈਂ ਜਾਤੀ ਜਨਗਣਨਾ ਦੀ ਗੱਲ ਕਰਨੀ ਚਾਹਾਂਗਾ। ਰਾਹੁਲ ਜਾਤੀ ਜਨਗਣਨਾ ਇਸ ਲਈ ਚਾਹੁੰਦਾ ਹੈ ਤਾਂ ਕਿ ਪਤਾ ਲੱਗੇ ਕਿ ਗਰੀਬ, ਪੱਛੜੇ, ਦਲਿਤ, ਆਦਿਵਾਸੀਆਂ ਦਾ ਦੇਸ਼ ਦੀ ਦੌਲਤ ਤੇ ਦੇਸ਼ ਦੇ ਪ੍ਰਸ਼ਾਸਨ 'ਚ ਕਿੰਨਾ ਹਿੱਸਾ ਹੈ। ਇਹ ਗੱਲ ਰਾਜ ਘਰਾਣੇ ਦੇ ਬਲਿਊ ਬਲੱਡਡ ਰਈਸ, ਅਨੁਰਾਗ ਠਾਕੁਰ ਨੂੰ ਕਿਵੇਂ ਚੰਗੀ ਲੱਗ ਸਕਦੀ ਹੈ, ਉਸ ਦੀ ਜਗੀਰੂ ਧੌਂਸ ਨੂੰ ਮਰੋੜਾ ਆਇਆ ਤਾਂ ਉਸ ਨੇ ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਨੂੰ ਗਾਲ ਕੱਢ ਮਾਰੀ, ਸਾਲੋਂ ਕੋ ਗੋਲੀ ਮਾਰਨ ਦਾ ਤਾਂ ਉਹ ਸ਼ੌਕੀਨ ਹੈ: ਮੋਦੀ ਬਾਗੋ ਬਾਗ ਹੋ ਗਿਆ। ਅੰਤ ਵਿੱਚ ਮੈਂ ਉਹ ਕੰਮ ਗਿਣਾਵਾਂਗਾ, ਜੋ ਨਰਿੰਦਰ ਮੋਦੀ ਆਪਣੀ ਤੀਜੀ ਪਾਰੀ 'ਚ ਕਰੇਗਾ।

ਪਹਿਲਾ : ਉਹ ਧੁਰ ਈਸ਼ਵਰ ਵੱਲੋਂ ਭੇਜਿਆ ਹੋਣ ਕਰਕੇ ਇਲਾਹੀ ਸ਼ਖ਼ਸੀਅਤ ਹੋਣ ਕਰਕੇ ਆਪਣੀ ਵਿਅਕਤੀ ਪੂਜਾ ਕਰਵਾਏਗਾ।

ਦੂਸਰਾ : ਇਕ ਦੇਸ਼ ਇਕ ਚੋਣ ਦੇ ਵਿਸ਼ੇ 'ਤੇ ਬਹਿਸ ਸ਼ੁਰੂ ਕਰਵਾਏਗਾ। ਬਹਿਸ ਦੌਰਾਨ ਆਰ ਐੱਸ ਐੱਸ ਦੇ ਵਿਸ਼ਾਲ ਵਿਚਾਰਕਾਂ ਦੇ ਤਾਣੇ ਬਾਣੇ ਦੇ ਸਨਾਤਨੀ ਮਹਾਂਪੰਡਤਾਂ ਵੱਲੋਂ ਇਹ ਸੁਰਾਂ ਉੱਚੀਆਂ ਕੀਤੀਆਂ ਜਾਣਗੀਆਂ ਕਿ ਚੋਣਾਂ ਦੀ ਲੋੜ ਹੀ ਕੀ ਹੈ। ਸਾਡੇ ਕੋਲ ਉਹ ਸੋਲਾਂ ਕਲਾਂ ਸੰਪੰਨ ਉਹ ਨੇਤਾ ਹੈ, ਜੋ ਦੇਸ਼ ਨੂੰ ਹਰ ਗੱਲੋਂ ਸੁਰੱਖਿਅਤ ਰੱਖ ਸਕਦਾ ਹੈ। ਉਹਦੀ ਮਹਿਮਾ ਦੀ ਆਭਾ ਦੇਸ਼ ਵਿੱਚ ਹੀ ਨਹੀਂ, ਸਗੋਂ ਸਰਹੱਦੋਂ ਪਾਰ ਦੂਰ-ਦੂਰ ਤੱਕ ਫੈਲੀ ਹੋਈ ਹੈ। ਟਰੰਪ ਉਹਦਾ ਦੋਸਤ ਹੈ, ਪੁਤਿਨ ਉਹਦਾ ਯਾਰ ਹੈ, ਆਸਟ੍ਰੇਲੀਆ ਦਾ ਹਾਕਮ ਉਸ ਨੂੰ ਬੌਸ ਆਖਦਾ ਹੈ, ਮੁਸੋਲਿਨੀ ਦੀ ਚੇਲੀ ਗੋਰਜੀਆ ਮੇਲਨਾ ਲਈ ਉਹ ਉੱਚ ਕੋਟੀ ਦਾ ਨੇਤਾ, ਜੋ ਬਾਈਡਨ ਉਹਦਾ ਆਟੋਗਰਾਫ਼ ਮੰਗਦਾ ਹੈ, ਫਲਸਤੀਨੀ ਲੋਕਾਂ ਦਾ ਕਾਤਲ ਜ਼ਿਓਨਵਾਦੀ ਨੇਤਨਯਾਹੂ ਉਸ ਦਾ ਪੱਕਾ ਆੜੀ, (ਪੈਗਾਸਸ ਸਾਫ਼ਟਵੇਅਰ) ਗੱਲ ਕੀ ਮੋਦੀ ਨੂੰ ਸਾਰੀਆਂ ਸੰਸਦੀ ਸ਼ਕਤੀਆਂ ਆਪਣੇ ਹੱਥ ਦੇ ਲੈਣੀਆਂ ਚਾਹੀਦੀਆਂ ਹਨ (ਜਰਮਨੀ ਵਿੱਚ ਹਿਟਲਰ ਨੇ ਅਜਿਹਾ ਹੀ ਕੀਤਾ ਸੀ) ਅਤੇ ਆਪਣੇ-ਆਪ ਨੂੰ ਪ੍ਰਧਾਨ ਐਲਾਨਣਾ ਚਾਹੀਦਾ। ਪ੍ਰਧਾਨਗੀ ਤਰਜ਼ ਦੀ ਸਰਕਾਰ ਕਿਹੜਾ ਢਾਂਚਾ ਚੁਣੇਗੀ, ਅਮਰੀਕਾ ਜਾਂ 6 ਸਾਲਾ ਟਰਮ ਵਾਲਾ ਰੂਸੀ ਢਾਂਚਾ, ਇਸ ਬਾਰੇ ਫੈਸਲਾ ਹੁੰਦਾ ਰਹੇਗਾ।

**# ਸੰਪਰਕ : 94636-95704**

# ਹਰ ਘਰ ਪੁਸਤਕ ਘਰ ਹੋਵੇ

**ਪ੍ਰੋ. ਕੁਲਵੰਤ ਔਜਲਾ**

ਅਸੀਂ ਪੁਸਤਕਾਂ ਵਿੱਚੋਂ ਪੈਦਾ ਹੋਏ ਹਾਂ। ਪਾਕ ਪੁਸਤਕਾਂ ਸਾਡੇ ਪੁਰਖੇ ਪਾਕ ਪੁਸਤਕਾਂ ਦੇ ਸ਼ਬਦ ਹਮੇਸ਼ਾ ਜੀਉਂਦੇ ਤੇ ਜਾਗਦੇ ਰਹਿੰਦੇ ਹਨ। ਪੁਸਤਕਾਂ ਨੇ ਸਾਡੇ ਮਨ, ਮਸਤਕ, ਮਿਜ਼ਾਜ, ਮੁਹਾਂਦਰੇ ਤੇ ਮੁਹਾਵਰੇ ਨੂੰ ਘੜਿਆ ਹੈ। ਸੁਚੱਜੇ, ਸੁਰੀਲੇ ਤੇ ਸਜੀਵ ਕੁੰਭਕਾਰ ਵਾਂਗੂ। ਪੁਸਤਕਾਂ ਦੀ ਲਿੱਪੀ ਕੋਈ ਵੀ ਹੋਵੇ, ਇਨ੍ਹਾਂ ਦੀਆਂ ਧੜਕਣਾਂ ਪਰ ਸਾਂਝੀਆਂ, ਸਰਬਕਾਲੀ ਤੇ ਸੁਪਨਸ਼ੀਲ ਹੁੰਦੀਆਂ ਹਨ। ਕੈਦੇ, ਪੋਥੀਆਂ, ਵੇਦ, ਸ਼ਾਸਤਰ ਤੇ ਗਰੰਥ ਆਦਿ ਸਾਡੀ ਗਿਆਨਵਰਧਕ ਵਿਰਾਸਤ ਹਨ। ਗਿਆਨਵਰਧਕ ਵਿਰਾਸਤ ਨੇ ਹੌਲੀ-ਹੌਲੀ ਸਾਡੀ ਸਾਹਵਰਧਕ ਵਿਰਾਸਤ ਨੂੰ ਸਿੰਜਿਆ, ਸੰਵਾਰਿਆ ਹੈ। ਆਪਣੇ-ਆਪਣੇ ਸੁਭਾਅ ਤੇ ਸਿਧਾਂਤ ਮੁਤਾਬਕ ਪੁਸਤਕਾਂ ਨੇ ਸਾਡੀ ਊਰਜਾ, ਉਨਤੀ ਤੇ ਉਮਰ ਨੂੰ ਪ੍ਰਭਾਵਿਤ ਕੀਤਾ ਹੈ। ਪੁਸਤਕਾਂ ਸਾਡੇ ਚਰਿੱਤਰ, ਚੇਤਨਾ ਤੇ ਚਾਹਤ ਨੂੰ ਆਦਰਸ਼ ਤੇ ਅੰਬਰ ਦਿੰਦੀਆਂ ਹਨ। ਪੁਸਤਕਾਂ ਬਿਨਾਂ ਅਸੀਂ ਊਣੇ, ਉਲਾਰ ਤੇ ਊਰਜਾਹੀਣ ਰਹਿ ਜਾਂਦੇ ਹਾਂ। ਅਨਪੜ੍ਹ ਲੋਕਾਂ ਕੋਲ ਪੁਸਤਕਾਂ ਪੜ੍ਹਨ ਦੀ ਜੁਗਤ ਨਹੀਂ ਸੀ ਪਰ ਉਨ੍ਹਾਂ ਕੋਲ ਜਿਗਿਆਸਾ ਤੇ ਜਜ਼ਬਾ ਅਥਾਹ ਸੀ। ਅਨਪੜ੍ਹ ਲੋਕ ਪੁਸਤਕਾਂ ਵਰਗੇ ਹੁੰਦੇ ਸਨ। ਉਹਨਾਂ ਦੇ ਵਿਵਹਾਰ, ਵੇਦਾਂਤ ਤੇ ਵਣਜ ਦੀ ਕੁੱਖ ਵਿੱਚੋਂ ਪੁਸਤਕਾਂ ਜੰਮੀਆਂ। ਸ਼ਰਧਾਲੂ, ਸਾਦਾ ਤੇ ਸੱਚੇ ਸਨ ਉਹ। ਉਹਨਾਂ ਦੇ ਅਜਿਹੇ ਉਦਾਹਰਣ ਮਾਨਵੀ ਗੁਣਾਂ ਵਿੱਚੋਂ ਪੁਸਤਕਾਂ ਨੂੰ ਲਿਖਣ ਸਮੱਗਰੀ ਮਿਲੀ। ਏਸੇ ਕਰਕੇ ਮੈਂ ਆਪਣੇ ਬਾਪ ਬਾਰੇ ਲਿਖਿਆ ਸੀ :-

ਅਨੁਭਵਸ਼ੀਲ ਗਰੰਥਾਂ ਵਰਗੇ ਅਤੇ ਅੰਗੂਠਾ ਛਾਪ ਜਿਹੇ
ਅੱਜਕੱਲ੍ਹ ਜੰਮਣੋਂ ਹਟ ਗਏ ਬੰਦੇ ਮੇਰੇ ਕਿਰਤੀ ਬਾਪ ਜਿਹੇ

ਗ੍ਰੰਥਾਂ ਵਰਗੇ ਲੋਕ ਗਰੰਥਾਂ ਨੂੰ ਆਪਣੀ ਆਂਤਰਿਕ ਜੋਤ ਸਮਝਦੇ ਸਨ। ਅਜਿਹੀ ਜੋਤ ਜੋ ਜੀਵਨ ਦੇ ਮੂਲ ਮੰਤਰ ਦਾ ਪ੍ਰਕਾਸ਼ ਪ੍ਰਦਾਨ ਕਰਦੀ ਹੈ। ਅਨਪੜ੍ਹ ਲੋਕ ਲਿਵ ਲਾ ਕੇ ਪਾਠ ਸੁਣਦੇ ਹਨ। ਗਿਆਨਸ਼ੀਲ ਲੋਕ ਗਿਆਨ ਦੇ ਹੰਕਾਰ ਨਾਲ ਤਿੜਕ ਜਾਂਦੇ ਹਨ। ਪੁਸਤਕਾਂ ਤਿੜਕਣ, ਭਟਕਣ ਤੇ ਬਿਖਰਨ ਨਹੀਂ ਦਿੰਦੀਆਂ। ਪੁਸਤਕਾਂ ਜੀਊਣ ਦੀ ਅਭਿਲਾਸ਼ਾ ਮੁੱਕਣ ਨਹੀਂ ਦਿੰਦੀਆਂ। ਸਾਨੂੰ ਪੁਸਤਕਾਂ ਵੰਡਣੀਆਂ ਚਾਹੀਦੀਆਂ ਹਨ। ਅਸੀਂ ਹੋਰ ਬਹੁਤ ਕੁੱਝ ਵੰਡਦੇ ਹਾਂ, ਪਰ ਪੁਸਤਕਾਂ ਵੰਡਣ ਦੀ ਰੁਚੀ ਸਾਡੇ ਵਿੱਚ ਘੱਟ ਹੈ। ਅਜਿਹੀ ਰੁਚੀ ਪ੍ਰਬਲ ਹੋਣ ਨਾਲ ਹਰ ਘਰ ਪੁਸਤਕ ਘਰ ਬਣ ਜਾਵੇਗਾ।

ਹੋਰ ਕੁਝ ਨਾ ਦੇਵੀਂ ਮੈਨੂੰ ਸਿਰਫ ਇਹ ਵਰ ਦੇਵੀਂ
ਮੇਰੇ ਕੋਲ ਵੰਡਣ ਲਈ ਸ਼ਬਦਾਂ ਦੇ ਅਤੁੱਟ ਭੰਡਾਰੇ ਹੋਣ
ਸ਼ਬਦਾਂ ਨਾਲ ਗੱਲਾਂ ਕਰਨਾ ਜ਼ਿੰਦਗੀ ਦਾ ਮਕਸਦ ਹੋਵੇ,
ਜੇ ਮਰਾਂ ਤਾਂ ਮੋਢਾ ਦੇਣ ਲਈ ਸ਼ਬਦਾਂ ਦੇ ਸਹਾਰੇ ਹੋਣ।

ਸਾਡੇ ਅੰਦਰ ਸਹੂਲਤਾਂ ਪ੍ਰਾਪਤ ਕਰਨ ਦੀ ਲਾਲਸਾ ਬਹੁਤ ਹੈ, ਪਰ ਸ਼ਬਦ ਸਾਡੀ ਲਾਲਸਾ ਨਹੀਂ। ਅਸੀਂ ਕਾਰਾਂ ਜ਼ਿਆਦਾ ਖਰੀਦਦੇ ਹਾਂ ਤੇ ਕਿਤਾਬਾਂ ਘੱਟ ਖਰੀਦਦੇ ਹਾਂ। ਪੜ੍ਹੀਆਂ ਲਿਖੀਆਂ ਔਰਤਾਂ ਲੱਖਾਂ ਦੇ ਲਹਿੰਗੇ ਖਰੀਦਦੀਆਂ ਹਨ, ਪਰ ਦਾਜ ਵਿੱਚ ਇੱਕ ਵੀ ਪੁਸਤਕ ਨਾਲ ਨਹੀਂ ਲਿਜਾਂਦੀਆਂ। ਪੁਸਤਕ ਪੜ੍ਹਨਾ ਸਾਡੀ ਖੁਰਾਕ ਨਹੀਂ, ਪੀਜ਼ਾ ਖਾਣਾ ਸਾਡੀ ਖੁਰਾਕ ਹੈ। ਜੇ ਪੁਸਤਕ ਖੁਰਾਕ ਹੋਵੇ ਤਾਂ ਕਿੰਨਾ ਚੰਗਾ ਲੱਗੇ। ਸ਼ਾਇਰ ਮਿੱਤਰ ਗੁਰਭਜਨ ਲਾਸਾਨੀ ਜਰਮਨ ਗਿਆ। ਉੱਥੋਂ ਦੇ ਲੋਕਾਂ ਦਾ ਪੁਸਤਕਾਂ ਪ੍ਰਤੀ ਜਨੂੰਨ ਦੇਖ ਕੇ ਦੰਗ ਰਹਿ ਗਿਆ। ਵੱਡੇ-ਵੱਡੇ ਪੁਸਤਕਾਂ ਦੇ ਸਟੋਰ। ਲੋਕ ਸਫਰ ਕਰਦੇ ਹੋਏ ਵੀ ਪੁਸਤਕਾਂ ਪੜ੍ਹੀ ਜਾਂਦੇ। ਗੁਰਭਜਨ ਦਾ ਦਿਲ ਕੀਤਾ ਅਸੀਂ ਵੀ ਏਦਾਂ ਦੇ ਹੋਈਏ।



ਏਦਾਂ ਦਾ ਹੋਣ ਲਈ ਪਰ ਸਿਸਟਮ, ਸਲੋਗਨ, ਸਿਧਾਂਤ ਤੇ ਸੁਭਾਅ ਬਦਲਣੇ ਪੈਣਗੇ। ਜਿਹੜੇ ਲੋਕ ਆਪਣਾ ਸੁਭਾਅ ਨਹੀਂ ਬਦਲਣਾ ਚਾਹੁੰਦੇ, ਉਹ ਲੋਕ ਮਹਾਨ ਆਂਤਰਿਕ ਤਬਦੀਲੀਆਂ ਨਹੀਂ ਲਿਆ ਸਕਦੇ। ਅਸੀਂ ਗਰਜਾਂ ਦੇ ਯੁੱਧ ਵਿੱਚ ਫਸੇ ਹੋਏ ਹਾਂ। ਮਹਾਨ ਯੁੱਧ ਲੜਨਾ ਸਾਡੇ ਵੱਸ ਦਾ ਰੋਗ ਨਹੀਂ। ਗੁਰੂ ਸਾਹਿਬ ਮਹਾਨ ਯੁੱਧ ਲੜਦੇ ਹੋਏ ਵੀ ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾਉਂਦੇ ਰਹੇ ਅਤੇ ਸਰਬੰਸ ਵਾਰ ਕੇ ਵੀ ਅਜਿਹਾ ਸ਼ਾਹਕਾਰ ਜ਼ਫਰਨਾਮਾ ਲਿਖ ਗਏ, ਜੋ ਅੱਜ ਵੀ ਮਨੁੱਖ ਨੂੰ ਜ਼ੁਲਮ ਕਰਨ ਵਾਲਿਆਂ ਨਾਲ ਰੋਹ ਤੇ ਵਿਦਰੋਹ ਦੀ ਦਾਰਸ਼ਨਿਕ ਸ਼ੈਲੀ ਵਿੱਚ ਗੁਫਤਗੂ ਕਰਨ ਦੀ ਸੋਝੀ ਤੇ ਸੰਵੇਦਨਾ ਦਿੰਦਾ ਹੈ। ਸਾਡੇ ਪੁਰਖੇ ਮਹਾਨ ਕਲਾਸਿਕ ਪੁਸਤਕਾਂ ਰਚ ਗਏ, ਪਰ ਅਸੀਂ ਪੁਸਤਕਾਂ ਦੀ ਥਾਂ ਪਦਾਰਥਾਂ, ਪੈਮਾਇਸ਼ਾਂ ਤੇ ਪ੍ਰਭੂਤਾਵਾਂ ਦੇ ਸ਼ੌਕੀਨ ਹੋ ਗਏ। ਪੁਸਤਕ ਸਾਡੀ ਪਹਿਲੀ ਪਸੰਦ ਨਹੀਂ ਰਹੀ। ਪੈਸਾ ਉੱਤਮ ਹੋ ਗਿਆ। ਅਨਪੜ੍ਹ ਮਾਪਿਆਂ ਨੇ ਸਾਨੂੰ ਪੜ੍ਹਾਇਆ, ਪਰ ਅਸੀਂ ਬਾਰਾਂ-ਬਾਰਾਂ ਜਮਾਤਾਂ ਪੜ੍ਹ ਕੇ ਆਪਣੇ ਪੁੱਤਰ-ਧੀਆਂ ਨੂੰ ਵਿਦੇਸ਼ ਭੇਜ ਦਿੱਤਾ। ਪੁਸਤਕਾਂ ਦੀਆਂ ਪਾਤਸ਼ਾਹੀਆਂ ਦੀ ਕੁੱਖੋਂ ਜਨਮੀ ਰਵਾਇਤ ਨੂੰ ਅਸੀਂ ਸਾਂਭ ਨਹੀਂ ਸਕੇ। ਸਾਡੇ ਮਾਪਿਆਂ ਦੇ ਕਿਰਤ ਦੀ ਕਠੋਰ ਤਪੱਸਿਆ ਕੀਤੀ ਤੇ ਸਾਨੂੰ ਇਲਮ ਦਾ ਮਾਰਗ ਦਿੱਤਾ। ਸਿੱਟੇ ਵਜੋਂ ਸਾਨੂੰ ਉਨ੍ਹਾਂ ਦਾ ਰਿਣ ਚਕਾਉਣ ਲਈ ਹਰ ਘਰ ਪੁਸਤਕ ਸਾਨੂੰ ਘਰ ਹੋਵੇ, ਦਾ ਪੈਗਾਮ ਵੰਡਣਾ ਚਾਹੀਦਾ ਹੈ। ਆਪਣੇ ਵਰਗੀ ਪੂਰੀ ਜਮਾਤ ਲਈ ਲਿਖਿਆ ਸੀ, ਮੈਂ ਕਦੇ :

ਮੈਂ ਉਹਨਾਂ ਕਠੋਰ ਤੇ ਕਾਵਿਕ ਹਲਵਾਹਕਾਂ ਦੀ ਪੈਦਾਇਸ਼ ਹਾਂ
ਜਿਨ੍ਹਾਂ ਪੂਰੀ ਉਮਰ ਕਿਰਤ ਦੇ ਵੱਡੇ-ਵੱਡੇ ਜੋਗ ਕਮਾਏ
ਵੱਡੇ-ਵੱਡੇ ਜੋਗ ਕਮਾਉਣ ਵਾਲਿਆਂ ਨੇ ਸਾਨੂੰ ਪੁਸਤਕਾਂ ਦਿੱਤੀਆਂ, ਪਰ ਅਸੀਂ ਆਪਣੇ ਬੱਚਿਆਂ ਨੂੰ ਪੁਸਤਕਾਂ ਨਹੀਂ ਦੇ ਸਕੇ।

ਸਾਡੇ ਘਰਾਂ ਵਿੱਚ ਬਹੁਤ ਕੁਝ ਹੈ, ਪਰ ਪੁਸਤਕਾਂ ਨਹੀਂ। ਲਿਖਣ ਲਈ ਕਾਗਜ਼ ਤੇ ਕਲਮ ਨਹੀਂ ਮਿਲਦੇ ਘਰਾਂ ਵਿੱਚ। ਮੋਟਰਾਂ, ਮਸ਼ੀਨਾਂ, ਮੋਬਾਈਲ ਤੇ ਵਿਸਕੀ ਬਹੁਤ ਹੈ। ਹਰਫਾਂ ਦੀ ਜ਼ਰਖੇਜ਼ ਤੇ ਜੀਉਂਦੀ ਜਗੀਰ ਬਿਨਾਂ ਨਸ਼ਿਆਂ, ਖੁਦਕੁਸ਼ੀਆਂ, ਮੋਬਾਇਲਾਂ ਤੇ ਗੈਂਗਾਂ ਦੀਆਂ ਮਹਾਂਮਾਰੀਆਂ ਤੋਂ ਮੁਕਤ ਨਹੀਂ ਹੋ ਸਕਦੇ ਅਸੀਂ। ਅਸੀਂ ਜਾਗੀਰਾਂ ਦੀ ਮਾਲਕ ਹੋਣਾ ਲੋਚਦੇ ਹਾਂ। ਹਰਫਾਂ ਨੂੰ ਜਾਗੀਰ ਸਮਝਣ ਦੀ ਸੋਝੀ, ਪਰ ਸਾਡਾ ਵਿਸ਼ਾ ਨਹੀਂ। ਗੁਰੂਆਂ ਨੇ ਹਰਫਾਂ ਨੂੰ ਜਾਗੀਰ ਕਿਹਾ। ਹਰਫਾਂ ਨੂੰ ਜਾਗਤ ਜੋਤ ਆਖਿਆ। ਸਾਡੇ ਲਈ ਮਾਇਆ ਤੇ ਮੋਬਾਈਲ ਇਸ਼ਟ ਹੋ ਗਏ। ਮਾਇਆ ਦੁਨੀਆ ਨੂੰ ਵਿਗਾੜਦੀ ਹੈ, ਹਰਫ ਦੁਨੀਆ ਨੂੰ ਵਰਜਦੇ ਹਨ। ਹਰਫਾਂ ਨਾਲ ਦੁਨੀਆ ਬਦਲ ਜਾਂਦੀ ਹੈ। ਹਰਫਾਂ ਨੂੰ ਰਾਗਾਂ ਤੇ ਰਮਜਾਂ ਵਿੱਚ ਢਾਲਣ ਵਾਲੀਆਂ ਕਲਮਾਂ ਨੂੰ ਪੂਜਣ ਦੀ ਥਾਂ ਅਸੀਂ ਸਵੈ ਪੂਜਕ ਹੋ ਗਏ। ਨਿੱਕੇ-ਨਿੱਕੇ ਧੜੇ ਨਿੱਕੀਆਂ-ਨਿੱਕੀਆਂ ਮਿਸਲਾਂ। ਨਿੱਕੇ-ਨਿੱਕੇ ਗੈਂਗ ਕੌਣ ਪੂਜੇ ਰਚਨਾਕਾਰਾਂ ਨੂੰ? ਕੌਣ ਸਾਂਭੇ ਕਲਮਾਂ ਨੂੰ ? ਜਿਸਮ ਸਦੀਵੀ ਨਹੀਂ। ਹਰਫ ਸਦੀਵੀ ਹਨ। ਹਰਫਾਂ ਦੀ ਜਾਗੀਰ ਸਰਬ ਸਾਂਝੀ ਮਲਕੀਅਤ ਹੈ। ਹਰਫਾਂ ਦੀ ਜਾਗੀਰ ਵਿਰਲੇ-ਵਿਰਲੇ ਨੂੰ ਮਿਲਦੀ ਹੈ। ਹਰਫਾਂ ਨੂੰ ਪਿਆਰ ਕਰਨ ਵਾਲੇ ਲੋਕ ਹੀ ਹਰਫਾਂ ਦੀ ਪਨੀਰੀ ਬੀਜਦੇ ਹਨ। ਚੰਗੇ ਇਨਸਾਨ ਸੰਗਮਰਮਰ ਤੇ ਸੋਨਾ ਨਹੀਂ, ਹਰਫਾਂ ਦੀ ਜਾਗੀਰ ਬਖਸ਼ਦੇ ਹਨ ਆਪਣੀ ਔਲਾਦ ਨੂੰ।

ਹਰਫਾਂ ਦੀਆਂ ਕਮਾਈਆਂ ਜੁਗ-ਜੁਗ ਜੀਂਵਦੀਆਂ
ਹਰਫਾਂ ਨਾਲ ਹਮੇਸ਼ਾ ਟੁੱਟਿਆ ਜੋੜੀਦਾ
ਊੜਾ ਐੜਾ ਈੜੀ ਸੱਸਾ ਸਾਂਭ ਲਈਏ
ਪਿਓ ਦਾਦੇ ਦਾ ਦਿੱਤਾ ਇੰਜ ਨਹੀਂ ਰੋਹੜੀਦਾ
ਸਾਡੀ ਰੁਚੀ ਰੋਹੜਨ ਵਿੱਚ ਹੈ।

ਮਾਇਆ ਦਾ ਹੜ੍ਹ ਸਭ ਕੁਝ ਰੋਹੜਨ ਨੂੰ ਫਿਰਦਾ ਹੈ। ਮਾਇਆ ਦੇ ਰੋਹੜ ਨਾਲ ਰਿਸ਼ਤੇ, ਰੂਹਾਂ, ਰਮਜ਼ਾਂ, ਰਵਾਇਤਾਂ ਤੇ ਰਾਹਦਾਰੀਆਂ ਦੇ ਫਨਾਹ ਹੋ ਜਾਣ ਦੀ ਨੌਬਤ ਆ ਪਹੁੰਚੀ ਹੈ। ਅਜਿਹੇ ਸਿਲਸਿਲੇ ਨੂੰ ਰੋਕਣ ਲਈ ਪੁਸਤਕਾਂ ਸੇਧ ਤੇ ਸਹਾਰਾ ਬਣ ਸਕਦੀਆਂ ਹਨ। ਸਾਨੂੰ ਸੰਗਮਰਮਰਨੁਮਾ ਤੇ ਸੋਨੇ ਰੰਗੇ ਹੋਣ ਦੀ ਥਾਂ ਪੁਸਤਕ ਰੰਗੇ ਹੋਣਾ ਪਵੇਗਾ। ਬੱਚਿਆਂ ਨੂੰ ਅੱਖਰਾਂ ਦੀ ਗੁੜ੍ਹਤੀ ਦੇਣ ਨਾਲ ਹਰ ਘਰ ਪੁਸਤਕ ਰੰਗਾ ਹੋ ਜਾਵੇਗਾ, ਪੁਸਤਕਾਂ ਦਾ ਰੰਗ ਮਜੀਠ ਤੇ ਮਸਕੀਨ ਹੈ।

ਹਰ ਘਰ ਪੁਸਤਕ ਘਰ ਹੋਵੇ ਦਾ ਪੈਗਾਮ ਫੈਲਾ ਕੇ ਹੌਲੀ-ਹੌਲੀ ਸੋਚਾਂ ਤੇ ਸਿਆਣਪਾਂ ਨੂੰ ਬਦਲ ਦਿੰਦਾ ਹੈ। ਸਾਡਾ ਮਿੱਤਰ ਸਰਵਣ ਸਿੰਘ ਔਜਲਾ ਨੈਸ਼ਨਲ ਐਵਾਰਡੀ ਆਪਣੀ ਸੰਸਥਾ ਅੱਵਰ ਮੰਚ ਵੱਲੋਂ ਇਸ ਪੈਗਾਮ ਨੂੰ ਘਰ-ਘਰ ਤੱਕ ਲਿਜਾਣ ਲਈ ਯਤਨਸ਼ੀਲ ਹੈ। ਪੁਸਤਕਾਂ ਵੰਡਣ ਦਾ ਕਾਰਜ ਕਰਦਾ ਹੈ। ਸੁਪਨਸ਼ੀਲ ਕਵਿਤਾਵਾਂ ਨੂੰ ਪੈਗਾਮ ਬਣਾ ਕੇ ਸਕੂਲਾਂ, ਕਾਲਜਾਂ ਵਿੱਚ ਤੋਹਫਿਆਂ ਵਜੋਂ ਭੇਟ ਕਰਨ ਦਾ ਵਣਜ ਕਰ ਰਿਹਾ ਹੈ। ਅਜਿਹੇ ਵਿਵਹਾਰਕ ਯਤਨ ਸਿਹਤਮੰਦ ਚੇਤਨਾ ਪੈਦਾ ਕਰਦੇ ਹਨ। ਪੜ੍ਹਨ ਵਾਲੇ ਲੋਕ ਪੁਸਤਕਾਂ ਮੰਗਦੇ ਹਨ। ਕਵਿਤਾਵਾਂ ਪੜ੍ਹਨ ਨਾਲ ਚੰਗੇ ਅਹਿਸਾਸ ਪੁੰਗਰਦੇ ਹਨ। ਚੰਗੇ ਸੁਪਨੇ ਬੀਜਣ ਲਈ ਮਾਹੌਲ ਸੁਖਾਵਾਂ ਨਹੀਂ। ਚੰਗੇ ਸੁਪਨੇ ਬੀਜਣਾ ਮੁਹਾਲ ਹੁੰਦਾ ਜਾ ਰਿਹਾ ਹੈ। ਪਰ ਫੇਰ ਵੀ ਕੁਝ ਯੋਧੇ ਡਟੇ ਹੋਏ ਹਨ। ਸਭਨਾਂ ਨੂੰ ਡਟਣਾ ਚਾਹੀਦਾ ਹੈ। ਸੁਪਨੇ ਬੀਜਣ ਬਿਨਾਂ ਸਰਨਾ ਨਹੀਂ :

ਫੇਰ ਵੀ ਚੰਗੇ ਖਿਆਲ ਬੀਜੀ ਜਾਈਏ
ਐਸਾ ਬੀਜਣਾ ਬੇਸ਼ੱਕ ਮੁਹਾਲ ਹੋ ਗਿਆ
ਇਹ ਵਕਤ ਦੀ ਰਹਿਮਤ ਹੈ ਕਿ ਸਾਡਾ
ਰੋਮ ਰੋਮ ਸੁਰ, ਲੈਅ ਤਾਲ ਹੋ ਗਿਆ।

ਖ਼ੁਦ ਨੂੰ ਮਸ਼ਹੂਰ ਤੇ ਮਹਾਨ ਸਿੱਧ ਕਰਨ ਹਿੱਤ ਬਥੇਰੇ ਲੋਕ ਤੜਪ ਰਹੇ ਹਨ। ਲੇਕਿਨ ਹਰਫ਼ਾਂ ਦੀ ਨਿਰਸਵਾਰਥ ਖੇਤੀ ਕੋਈ ਨਹੀਂ ਕਰਦਾ। ਹਰਫਾ ਦੀ ਖੇਤੀ ਗੁਰੂ ਨਾਨਕ ਬਾਬੇ ਦਾ ਮਿਸ਼ਨ ਹੈ। ਦੇਹਧਾਰੀਆਂ ਨੇ ਇਸ ਮਿਸ਼ਨ ਨੂੰ ਭਟਕਾ ਦਿੱਤਾ ਹੈ। ਪਦਵੀਆਂ, ਪਹਿਰਾਵਿਆਂ ਤੇ ਪਦਾਰਥਾਂ ਦੀ ਖੇਤੀ ਕਰਨ ਨੂੰ ਮਕਸਦ ਬਣਾਉਣ ਵਾਲੇ ਲੋਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰੂਨੀ ਰਮਜ਼ ਤੇ ਰੂਹ ਨੂੰ ਸਮਝ ਤੇ ਜਾਣ ਨਹੀਂ ਸਕੇ। ਅਸੀਂ ਹਰਫ਼ਾਂ ਦੀ ਜਗੀਰ ਨੂੰ ਹਥਿਆਉਣ ਤੇ ਹੜੱਪਣ ਦਾ ਰਾਹ ਅਪਨਾ ਲਿਆ ਹੈ। ਮੂਲ ਪਛਾਨਣ ਤੋਂ ਖੁੰਝ ਗਏ ਹਾਂ ਅਸੀਂ। ਏਸੇ ਕਰਕੇ ਸਾਡੇ ਕੋਲ ਬਹੁਤ ਸਰਮਾਇਆ ਹੈ, ਪਰ ਹਰਫ਼ਾਂ ਦਾ ਸਰਮਾਇਆ ਨਹੀਂ। ਹਰਫ਼ਾਂ ਨੂੰ ਸਰਮਾਇਆ, ਸੁਪਨਾ, ਸਿਧਾਂਤ ਤੇ ਸੱਚਾ ਸੌਦਾ ਬਣਾਉਣ ਨਾਲ ਹਰ ਘਰ ਪੁਸਤਕ ਘਰ ਹੋਵੇ ਦਾ ਪੈਗ਼ਾਮ ਹਰ ਧੜਕਣ ਦਾ ਪੈਗ਼ਾਮ ਹੋ ਸਕਦਾ ਹੈ।

ਮੇਰੇ ਕੋਲ ਹਰਫ਼ਾਂ ਦੀ ਅਥਾਹ ਜਾਗੀਰ
ਮੈਨੂੰ ਮਿਲਣ ਆਉਂਦੇ ਫਰੀਦ ਤੇ ਕਬੀਰ
ਹਰਫ਼ਾਂ ਦੀ ਤਾਕਤ ਸਭ ਤਾਕਤਾਂ ਤੋਂ ਵੱਡੀ
ਹਰਫ਼ ਬਦਲ ਦਿੰਦੇ ਬ੍ਰਹਿਮੰਡਾਂ ਦੀ ਤਕਦੀਰ
ਜੀਅ ਚਾਹੁੰਦਾ ਹਰਫ਼ਾਂ ਵਰਗੀ ਹੋਵੇ ਦੁਨੀਆ
ਅਤੇ ਮੈਂ ਹੋਵਾਂ ਹਰਫ਼ਾਂ ਦਾ ਸਫ਼ੀਰ

ਹਰਫ਼ਾਂ ਵਰਗੀ ਦੁਨੀਆ ਦਾ ਸੰਕਲਪ ਤੇ ਸੁਪਨਾ ਹਰ ਬੰਦੇ ਦਾ ਸੰਕਲਪ ਤੇ ਸੁਪਨਾ ਹੋਣਾ ਚਾਹੀਦਾ ਹੈ। ਹਰਫ਼ਾਂ ਵਰਗੀ ਦੁਨੀਆ ਹੋਵੇਗੀ ਤਾਂ ਘਰ-ਘਰ ਪੁਸਤਕਾਂ ਹੋਣਗੀਆਂ। ਪੁਸਤਕਾਂ ਘਰਾਂ ਦੀ ਤਕਦੀਰ ਬਦਲ ਦੇਣਗੀਆਂ। ਪੁਸਤਕਾਂ ਘਰਾਂ ਦੇ ਅੰਦਾਜ਼ ਤੇ ਆਦਰਸ਼ ਬਦਲ ਦੇਣਗੀਆਂ। ਬਦੀਆਂ, ਬੁਰਾਈਆਂ ਤੇ ਬੇਈਮਾਨੀਆਂ ਭੱਜ ਜਾਣਗੀਆਂ। ਪੁਸਤਕਾਂ ਇਨਸਾਨ ਨੂੰ ਇਨਸਾਨ ਬਣਾਉਂਦੀਆਂ ਹਨ। ਪੁਸਤਕਾਂ ਮਾਂ-ਬਾਪ ਦੀ ਕਿਰਤ ਨੂੰ ਕਾਵਿਕਤਾ ਦਿੰਦੀਆਂ ਹਨ। ਪੁਸਤਕਾਂ ਬਿਨਾਂ ਆਤਮਾਵਾਂ ਬੇਚਿਰਾਗ਼ ਹੋ ਜਾਂਦੀਆਂ ਹਨ। ਘਰ ਵਸਦੇ ਰਹਿਣ, ਦੇਸ਼ ਚੰਗਾ ਲੱਗੇ, ਧਰਮ ਸਹਿਜਤਾ ਦੇਵੇ, ਸੱਭਿਆਚਾਰ ਨਰੋਆ ਹੋਵੇ, ਨੈਤਿਕਤਾ ਆਦਰਸ਼ ਬਣੇ। ਇਸ ਕਿਸਮ ਦਾ ਵਾਤਾਵਰਣ ਸਿਰਜਣ ਲਈ ਪੁਸਤਕਾਂ ਮੂਲ ਸ੍ਰੋਤ ਬਣਦੀਆਂ ਹਨ। ਏਸੇ ਕਰਕੇ ਪੁਸਤਕ ਨੂੰ ਮਾਨਵਤਾ ਦਾ ਮੂਲ ਤੇ ਮੰਤਵ ਆਖਿਆ ਗਿਆ ਹੈ। ਹਰ ਘਰ ਪੁਸਤਕ ਘਰ ਹੋਵੇ ਦਾ ਸੁਪਨਾ ਮਾਨਵੀ ਮੂਲ ਤੇ ਮੰਤਵ ਦੀ ਖੋਜ ਹੈ। ਪੁਸਤਕਾਂ ਨਾਲ ਘਰ-ਘਰ ਅੰਦਰ ਧਰਮਸ਼ਾਲ ਦਾ ਖ਼ਿਆਲ ਤਾਕਤਵਰ ਹੁੰਦਾ ਹੈ। ਪੁਸਤਕਾਂ ਬਿਨਾਂ ਘਰ ਰੇਗਿਸਤਾਨ ਬਣ ਜਾਂਦੇ ਹਨ।

CMYK

# ਭਾਜਪਾ ਚੱਲਦੀ ਸੋਚ ਦੀ ਸੇਧ ਵਿੱਚ, ਲਾਗੜ-ਭੂਗੜ ਸੱਤਾ ਤੱਕ ਸੀਮਤ

ਅਸੀਂ ਅਤੇ ਸਾਡੇ ਵਾਂਗ ਹੋਰ ਲਿਖਣ ਅਤੇ ਬੋਲਣ ਵਾਲੇ ਸੱਜਣ ਜਿੰਨੇ ਮਰਜ਼ੀ ਫੌਂਟ ਖਾਂ ਬਣੇ ਫਿਰਨ, ਅਜੇ ਤੱਕ ਵੀ ਏਨੇ ਸੂਝ ਵਾਲੇ ਨਹੀਂ ਹੋ ਸਕੇ ਤੇ ਸ਼ਾਇਦ ਕਦੇ ਹੋ ਵੀ ਨਹੀਂ ਸਕਣਗੇ ਕਿ ਰਾਜ-ਤਖ਼ਤ ਲਈ ਯਤਨ ਕਰ ਰਹੇ ਆਗੂਆਂ ਦੀ ਨੀਤ ਅਤੇ ਨੀਤੀਆਂ ਨੂੰ ਜਾਣ ਸਕੀਏ। ਉਹ ਜੋ ਕੁਝ ਕਹਿੰਦੇ ਹਨ, ਉਹ ਬਹੁਤੀ ਵਾਰ ਸੱਚ ਨਹੀਂ ਹੁੰਦਾ ਤੇ ਏਸੇ ਲਈ ਜਿਹੜੇ ਸੱਚ ਦੀ ਝਲਕ ਖ਼ਾਤਰ ਅਸੀਂ ਉਨ੍ਹਾਂ ਸ਼ਬਦਾਂ ਨੂੰ ਬੋਚਦੇ ਜਾਂ ਪੜ੍ਹਦੇ ਹਾਂ, ਉਨ੍ਹਾਂ ਸ਼ਬਦਾਂ ਵਿੱਚ ਬਹੁਤਾ ਉਹ ਲੱਭਦਾ ਹੀ ਨਹੀਂ। ਖ਼ਾਸ ਤੌਰ ਉੱਤੇ ਜਦੋਂ ਲੀਡਰਾਂ ਦੀ ਭਵਿੱਖ ਨੀਤੀ ਦਾ ਮੁੱਦਾ ਅਤੇ ਇਸ ਨਾਲ ਜੁੜੇ ਦਾਅ-ਪੇਚਾਂ ਅਤੇ ਸਿਆਸੀ ਗੱਠਜੋੜਾਂ ਦੀਆਂ ਗੁੰਝਲਾਂ ਦਾ ਸਵਾਲ ਹੋਵੇ ਤਾਂ ਉਹ ਹਕੀਕਤਾਂ ਉੱਤੇ ਮੋਟਾ ਪਰਦਾ ਪਾ ਰੱਖਦੇ ਹਨ। ਇਹੀ ਗੱਲ ਇਸ ਵੇਲੇ ਹਰਿਆਣਾ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਇਨ੍ਹਾਂ ਚੋਣਾਂ ਨਾਲ ਜੋੜ ਕੇ ਸਾਰੇ ਦੇਸ਼ ਪੱਧਰ ਉੱਤੇ ਚਲਾਈ ਜਾਣ ਵਾਲੀ ਇੱਕ ਖ਼ਾਸ ਨੀਤੀ ਬਾਰੇ ਮਿਲਦੇ ਸੰਕੇਤਾਂ ਅਤੇ ਅਗਲੇ ਪੜਾਵਾਂ ਦੇ ਸੰਬੰਧ ਵਿੱਚ ਕਹੀ ਜਾ ਸਕਦੀ ਹੈ।

ਹਰਿਆਣੇ ਵਿੱਚ ਇਸ ਵਕਤ ਜੋ ਕੁਝ ਵਾਪਰਦਾ ਪਿਆ ਹੈ, ਖ਼ਾਸ ਕਰ ਕੇ ਭਾਰਤੀ ਜਨਤਾ ਪਾਰਟੀ, ਜਿਹੜੇ ਪੈਂਤੜੇ ਇਸ ਚੋਣ ਵਿੱਚ ਲੈਂਦੀ ਪਈ ਹੈ, ਉਹ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰਦੇ ਹੋ ਸਕਦੇ ਹਨ। ਪੰਜ ਕੁ ਸਾਲ ਪਹਿਲਾਂ ਜਿਨ੍ਹਾਂ ਲੋਕਾਂ ਨੇ ਭਾਜਪਾ ਦੇ ਖ਼ਿਲਾਫ਼ ਚੋਣਾਂ ਲੜੀਆਂ ਅਤੇ ਉਸ ਦੀ ਲੀਡਰਸ਼ਿਪ ਅਤੇ ਉਸ ਪਿੱਛੇ ਖੜੀ ਆਰ ਐੱਸ ਐੱਸ ਨਾਂਅ ਦੀ ਸੰਸਥਾ ਬਾਰੇ ਬਹੁਤ ਕੁਝ ਆਖਿਆ ਸੀ, ਰਾਜਸੀ ਪੱਖ ਤੋਂ ਸਖ਼ਤ ਪੈਂਤੜੇ ਵਾਲੀ ਰਾਜਸੀ ਧਿਰ ਭਾਜਪਾ ਦਾ ਲੀਡਰਾਂ ਨੂੰ ਕਦੇ ਉਹ ਭੁੱਲਣਾ ਨਹੀਂ, ਫਿਰ ਵੀ ਉਹ ਸੱਜਣ ਐਂਤਕੀਂ ਭਾਜਪਾ ਵਿੱਚ ਸ਼ਾਮਲ ਹੋਈ ਜਾ ਰਹੇ ਹਨ। ਨਾ ਸਿਰਫ਼ ਉਹ ਭਾਜਪਾ ਵਿੱਚ ਸ਼ਾਮਲ ਹੁੰਦੇ ਹਨ, ਉਨ੍ਹਾਂ ਲਈ ਵਿਧਾਨ ਸਭਾ ਚੋਣਾਂ ਵਾਸਤੇ ਟਿਕਟਾਂ ਤੇ ਸੀਟਾਂ ਦਾ ਉਚੇਚਾ ਕੋਟਾ ਕੱਢਿਆ ਜਾਂਦਾ ਹੈ ਅਤੇ ਏਦਾਂ ਕਰਨ ਵੇਲੇ ਚਾਲੀ-ਚਾਲੀ ਸਾਲ ਪਾਰਟੀ ਖ਼ਾਤਰ ਮੁਸ਼ਕਲਾਂ ਝੱਲਦੇ ਰਹਿ ਚੁੱਕੇ ਵਫ਼ਾਦਾਰ ਲੋਕਾਂ ਨੂੰ ਨੁੱਕਰ ਵਿੱਚ ਧੱਕਿਆ ਜਾ ਰਿਹਾ ਹੈ। ਦਸ ਸਾਲ ਪਹਿਲਾਂ ਲੋਕ ਸਭਾ ਚੋਣਾਂ ਵਿੱਚ ਜਦੋਂ ਏਦਾਂ ਹੋਇਆ ਤਾਂ ਕਿਹਾ ਗਿਆ ਸੀ ਕਿ ਇਹ ਸੱਤਾ ਦੇ ਭੁੱਖੇ ਕੁਝ ਭਾਜਪਾ ਲੀਡਰਾਂ ਦੀ ਨੀਤੀ ਹੈ, ਆਰ ਐੱਸ ਐੱਸ ਇਸ ਨਾਲ ਸਹਿਮਤ ਨਹੀਂ ਹੋ ਸਕਦਾ। ਬਾਅਦ ਵਿੱਚ ਇਹ ਸਾਬਤ ਹੁੰਦਾ ਗਿਆ ਕਿ ਨੀਤੀ ਭਾਵੇਂ ਅੱਗੇ ਕੱਢੇ ਹੋਏ ਭਾਜਪਾ ਆਗੂ ਚਲਾਉਂਦੇ ਹਨ, ਪਰ ਆਰ ਐੱਸ ਐੱਸ ਦੇ ਮੁਖੀ ਜਾਂ ਕੇਂਦਰੀ ਟੀਮ ਵਿਚਲੇ ਨਾਗਪੁਰੀ ਆਗੂਆਂ ਦੀ ਸਹਿਮਤੀ ਜਾਂ ਮਾਰਗ-ਦਰਸ਼ਨ ਤੋਂ ਬਿਨਾਂ ਇਹ ਕੁਝ ਹੁੰਦਾ ਸੋਚਣਾ ਮੂਲੋਂ ਹੀ ਮੂਰਖਤਾ ਹੈ। ਇਹ ਗੱਲ ਨਾ ਹੁੰਦੀ ਤਾਂ ਜੰਮੂ-ਕਸ਼ਮੀਰ ਵਿੱਚ ਜਿਸ ਪੀ ਡੀ ਪੀ ਨੂੰ ਇਹ ਦਹਿਸ਼ਤਗਰਦਾਂ ਦੀ ਸਾਥੀ ਕਹਿੰਦੇ ਹੁੰਦੇ ਸਨ ਤੇ ਉਸ ਦਾ ਖ਼ੁਦੀ ਮੁਫ਼ਤੀ ਮੁਹੰਮਦ ਸਈਦ ਤੇ ਉਸ ਦੀ ਧੀ ਮਹਿਬੂਬਾ ਮੁਫ਼ਤੀ ਏਦਾਂ ਦੇ ਬਿਆਨ ਦਾਗ਼ਣ ਤੋਂ ਸੰਕੋਚ ਨਹੀਂ ਸੀ ਕਰਦੇ, ਉਨ੍ਹਾਂ ਨਾਲ ਸਰਕਾਰ ਬਣਾਉਣ ਦੀ ਸਾਂਝ ਨਹੀਂ ਸੀ ਪਾਈ ਜਾ ਸਕਣੀ। ਨਾਗਪੁਰ ਵਾਲੀ ਹਾਈ ਕਮਾਨ ਦੀ ਆਪਣੀ ਨੀਤੀ ਇਹੋ ਮੰਨੀ ਜਾਂਦੀ ਹੈ ਕਿ ਹਰ ਰਾਜ ਵਿੱਚ ਸੱਤਾ ਦੀ ਕਮਾਨ ਝਪਟਣੀ ਹੈ, ਇਸ ਕੋਸ਼ਿਸ਼ ਵਿੱਚ ਕਿਸੇ ਵੀ ਨਾਲ ਵੀ ਸੌਦੇਬਾਜ਼ੀ ਕਰਨ ਦੀ ਲੋੜ ਪੈ ਜਾਵੇ ਤਾਂ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ।

ਇਹ ਸਰਵੇਖਣ ਕਰ ਲੈਣ ਪਿੱਛੋਂ ਕਿ ਹਰਿਆਣੇ ਵਿੱਚ ਅਜੇ ਆਪਣੇ ਸਿਰ ਸੱਤਾ ਦਾ ਸੰਘਰਸ਼ ਜਿੱਤਣ ਦੇ ਹਾਲਾਤ ਨਹੀਂ, ਓਥੇ ਦੂਸਰੀਆਂ ਸਾਰੀਆਂ ਪਾਰਟੀਆਂ ਵਿੱਚੋਂ ਤੋੜ ਖ਼ਾਸ ਕਰ ਕੇ ਦੁਸ਼ਯੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ ਦੇ ਪ੍ਰਭਾਵਸ਼ਾਲੀ ਆਗੂਆਂ ਵਿੱਚੋਂ ਜਿੰਨੇ ਵੀ ਖਿੱਚੇ ਜਾਣ, ਖਿੱਚ ਲੈਣ ਦੀ ਨੀਤੀ ਚਲਾਈ ਗਈ ਹੈ। ਜਦੋਂ ਭਾਜਪਾ ਦੀ ਇਸ ਨੀਤੀ ਹੇਠ ਏਦਾਂ ਦੇ ਕਬੂਤਰ ਆਉਂਦੇ ਹਨ ਤਾਂ ਉਨ੍ਹਾਂ ਨੂੰ ਸੰਭਾਲਣ ਅਤੇ ਆਹਰੇ ਲਾਉਣ ਲਈ ਆਪਣੇ ਪੁਰਾਣਿਆਂ ਦੀਆਂ ਸੀਟਾਂ ਛਡਾ ਕੇ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਸ ਕਰ ਕੇ ਕਈ ਆਗੂ ਬਾਗ਼ੀ ਸੁਰਾਂ ਕੱਢਣ ਲੱਗ ਸਕਦੇ ਹਨ, ਪਰ ਪਾਰਟੀ ਪ੍ਰਵਾਹ ਨਹੀਂ ਕਰਦੀ, ਆਪਣੀ ਨੀਤੀ ਉੱਤੇ ਚੱਲੀ ਜਾਂਦੀ ਹੈ। ਇਸ ਤੋਂ ਪਹਿਲਾਂ ਇਹੀ ਕੁਝ ਪੰਜਾਬ, ਮੱਧ ਪ੍ਰਦੇਸ਼ ਅਤੇ ਹੋਰ ਕਈ ਰਾਜਾਂ ਵਿੱਚ ਕੀਤਾ ਗਿਆ ਹੈ। ਪੰਜਾਬ ਵਿੱਚ ਜਿਹੜੇ ਲੋਕ ਔਖੇ ਦਿਨਾਂ ਵਿੱਚ ਭਾਜਪਾ ਲਈ ਕੁੱਟ ਖਾਂਦੇ ਰਹੇ, ਘਰਾਂ ਦੇ ਜੀਆਂ ਦੀਆਂ ਜਾਨਾਂ ਗੁਆ ਬੈਠੇ, ਉਹ ਪਿੱਛੇ ਧੱਕ ਦਿੱਤੇ ਗਏ ਅਤੇ ਉਨ੍ਹਾਂ ਦੀ ਥਾਂ ਦਲ-ਬਦਲੂਆਂ ਦੀ ਫ਼ੌਜ ਨੂੰ ਮੋਹਰੀ ਬਣਾਇਆ ਜਾ ਰਿਹਾ ਹੈ। ਸੋਚਣੀ ਇਹ ਹੀ ਹੈ ਕਿ ਪੁਰਾਣੇ ਵਫ਼ਾਦਾਰ ਕੋਈ ਇੱਕਾ-ਦੁੱਕਾ ਰੁੱਸ ਵੀ ਗਏ ਤਾਂ ਫ਼ਰਕ ਨਹੀਂ ਪੈਣਾ, ਬਾਕੀ ਸਾਰੇ ਵਰਕਰ ਪਾਰਟੀ ਅਤੇ ਆਰ ਐੱਸ ਐੱਸ ਦੇ ਕਿੱਲੇ ਨਾਲ ਬੱਝੇ ਰਹਿਣੇ ਹਨ, ਨਵਿਆਂ ਨੂੰ ਜੋੜ ਕੇ ਇਨ੍ਹਾਂ ਦਾ ਠੋਸ ਆਧਾਰ ਖੋਹ ਕੇ ਆਪਣੀ ਕਮਾਂਡ ਹੇਠ ਪੂਰੀ ਤਰ੍ਹਾਂ ਕਸ ਲਿਆ ਜਾਵੇ, ਤਾਂ ਕਿ ਅਗਲੀ ਕਿਸੇ ਮੁਹਿੰਮ ਦੇ ਵੇਲੇ ਮੂਹਰੇ ਲਾ ਕੇ ਪੁੱਠੇ-ਸਿੱਧੇ ਕੰਮ ਕਰ ਸਕਣ ਵਾਲਾ ਅਸੂਲੋਂ ਸੱਖਣਾ ਲਸ਼ਕਰ ਦਸਤਾ ਬਣਾਇਆ ਜਾ ਸਕੇ। ਜਿਹੜੇ ਲੋਕ ਸਾਲਾਂਬੱਧੀ ਹੋਰ ਪਾਰਟੀਆਂ ਵਿੱਚ ਰਹਿ ਕੇ ਅੱਜ ਭਾਜਪਾ ਵਿੱਚ ਜਾਂਦੇ ਦਿਖਾਈ ਦੇਂਦੇ ਹਨ, ਉਹ ਇਹ ਸਮਝਣ ਜੋਗੀ ਅਕਲ ਦੇ ਮਾਲਕ ਹੀ ਨਹੀਂ ਕਿ ਉਨ੍ਹਾਂ ਨੂੰ ਅਸਲ ਵਿੱਚ ਵਰਤਿਆ ਜਾ ਰਿਹਾ ਹੈ, ਉਹ ਥੋੜ੍ਹ-ਚਿਰੇ ਲਾਭ ਹੀ ਵੇਖਦੇ ਰਹਿੰਦੇ ਹਨ।

ਬਹੁਤ ਸਾਰੇ ਵਿਚਾਰਵਾਨਾਂ ਦੀ ਰਾਏ ਹੈ ਕਿ ਭਾਰਤੀ ਜਨਤਾ ਪਾਰਟੀ ਭਵਿੱਖ ਦੇ ਦੂਰ ਤੱਕ ਵੇਖਣ ਵਾਲੀ ਪਹੁੰਚ ਦੇ ਨਾਲ ਸਿਆਸੀ ਪਹਿਲ-ਕਦਮੀ ਕਰਦੀ ਤੇ ਉਸ ਦੇ ਚੰਗੇ ਅਤੇ ਮੰਦੇ ਹਰ ਪੱਖ ਦੀ ਅਗਾਊਂ ਘੋਖ ਨਾਲ ਅਸਲ ਵਿੱਚ ਪਿੱਛੇ ਬੈਠੇ ਥਿੰਕ ਟੈਂਕ ਵੱਲੋਂ ਬਣਾਈ ਨੀਤੀ ਉੱਤੇ ਚਲਦੀ ਹੈ। ਪਿੱਛੇ ਬੈਠੇ ਥਿੰਕ-ਟੈਂਕ ਵਾਲੇ ਲੋਕ ਰੋਜ਼-ਰੋਜ਼ ਦੀ ਕੰਗਿੜ-ਛੱਲ ਰਾਜਨੀਤੀ ਵਿੱਚ ਲੱਤਾਂ ਅੜਾਉਣ ਦਾ ਕੰਮ ਨਹੀਂ ਕਰਦੇ, ਚੋਣਵੇਂ ਦਾਅ ਠੋਸ ਕਰਦੇ ਤੇ ਇਸ ਲੰਮੀ ਸੋਚ ਨਾਲ ਕੰਮ ਕਰਦੇ ਹੁੰਦੇ ਹਨ ਕਿ 'ਇੱਕ ਦੇਸ਼, ਇੱਕ ਚੋਣ' ਹੀ ਨਹੀਂ, ਇੱਕ ਵਿਚਾਰਧਾਰਾ ਦੇ ਦੇਸ਼ ਦੀ ਸਿਰਜਣਾ ਕਰਨੀ ਹੈ, ਜਿਸ ਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਸੁਫ਼ਨਾ ਕਦੀ ਆਰ ਐੱਸ ਐੱਸ ਦੀ ਨੀਂਹ ਰੱਖਣ ਵਾਲਿਆਂ ਦੇ ਮਨਾਂ ਵਿੱਚ ਸੀ। ਇਸਲਾਮ ਦਾ ਝੰਡਾ ਸਮੁੱਚੇ ਭਾਰਤ ਦੇ ਹਰ ਨੁੱਕਰ-ਖੂੰਜੇ ਤੱਕ ਝੁਲਾਉਣਾ ਚਾਹੁੰਦੇ ਬਾਦਸ਼ਾਹਾਂ ਦੇ ਜਜ਼ਬੇ ਦੇ ਢਾਂਚੇ ਨੂੰ ਵੇਖੋ ਤਾਂ ਉਨ੍ਹਾਂ ਬਾਦਸ਼ਾਹਾਂ ਦੇ ਦਰਬਾਰਾਂ ਵਿੱਚ ਵੀ ਅਤੇ ਜੰਗੀ ਦਸਤਿਆਂ ਵਿੱਚ ਇਸਲਾਮ ਤੋਂ ਵੱਖਰੀ ਵਿਚਾਰਧਾਰਾ ਵਾਲੇ ਲੋਕ ਥੋੜ੍ਹ-ਗਿਣੇ ਲਾਭਾਂ ਲਈ ਸ਼ਾਮਲ ਹੋ ਜਾਂਦੇ ਸਨ, ਪਰ ਉਹ ਕਮਾਂਡ ਕਰਦੇ ਅਹੁਦਿਆਂ ਤੱਕ ਨਹੀਂ ਸਨ ਜਾਣ ਦਿੱਤੇ ਜਾਂਦੇ। ਅੱਜ ਦੀ ਭਾਜਪਾ ਜਿਹੜੇ ਰਾਹ ਉੱਤੇ ਚੱਲਦੀ ਪਈ ਹੈ, ਇਸ ਨੂੰ ਉਹ ਲੋਕ ਆਪਣੇ ਮਕਸਦ ਲਈ ਨਾਲ ਲੈਣ ਵਿੱਚ ਝਿਜਕ ਨਹੀਂ, ਜਿਹੜੇ ਬੀਤੇ ਸਮੇਂ ਵਿੱਚ ਇਸ ਦੀ ਰਾਜਨੀਤੀ ਦਾ ਵੀ ਅਤੇ ਇਸ ਦੀ ਹਿੰਦੂਤਵ ਵਾਲੀ ਵਿਚਾਰਧਾਰਾ ਦਾ ਵੀ ਤਿੱਖਾ ਵਿਰੋਧ ਕਰਦੇ ਹਰ ਹੱਦ ਉਲੰਘਣ ਨੂੰ ਤਿਆਰ ਰਹਿੰਦੇ ਸਨ, ਪਰ ਇਹੋ ਜਿਹੇ ਲੋਕ ਇਸ ਦਾ ਪੂਰਨਾ ਰਿਕਾਰਡ ਵੀ ਕਾਇਮ ਰਹਿਣਾ ਹੈ। ਇਨ੍ਹਾਂ ਨੂੰ ਸੈਨਤਾਂ ਸਿਰਫ਼ ਓਦੋਂ ਤੱਕ ਮਾਰੀਆਂ ਜਾਂਦੀਆਂ ਰਹਿਣਗੀਆਂ ਤੇ ਆਏ ਹੋਇਆਂ ਨੂੰ ਸੀਨੀਅਰ ਆਗੂ ਵਾਲੀਆਂ ਫੀਤੀਆਂ ਲਾਈਆਂ ਜਾਂਦੀਆਂ ਰਹਿਣਗੀਆਂ, ਜਿੰਨੀ ਦੇਰ ਤੱਕ ਉਸ ਨਿਸ਼ਾਨੇ ਤੱਕ ਭਾਜਪਾ ਪਹੁੰਚ ਨਹੀਂ ਜਾਂਦੀ, ਜਿਹੜਾ ਕਰੀਬ ਇੱਕ ਸਦੀ ਪਹਿਲਾਂ ਇਸ ਲਹਿਰ ਦੇ ਆਗੂਆਂ ਨੇ ਸੋਚਿਆ ਸੀ। 'ਗੌਂਅ ਭੁੰਨਾਵੇ ਜੌਂਅ' ਦੇ ਮੁਹਾਵਰੇ ਵਾਂਗ ਇਸ ਲੋੜ ਵਾਸਤੇ ਲਿਆਂਦੇ ਬਾਹਰਲੇ ਲੋਕ ਸੋਚਦੇ ਹੋਣਗੇ ਕਿ ਭਾਜਪਾ ਦੀ ਰਾਜਨੀਤੀ ਸ਼ਾਇਦ ਉਨ੍ਹਾਂ ਆਸਰੇ ਚੱਲਦੀ ਹੈ ਤੇ ਭਾਜਪਾ ਲੀਡਰ ਚੁੱਪ ਵੱਟੀ ਰੱਖਣਗੇ।

ਅੱਜ ਭਾਜਪਾ ਲੀਡਰਸ਼ਿਪ ਆਪਣੀ ਵੱਖਰੀ ਵਿਚਾਰਧਾਰਾ ਦੇ ਬਾਵਜੂਦ ਪਹੁੰਚ ਦੇ ਪੱਖੋਂ ਇਸਰਾਈਲ ਦੇ ਬਹੁਤ ਨੇੜ ਵਾਲੀ ਧਿਰ ਮੰਨੀ ਜਾਂਦੀ ਹੈ, ਜਿਹੜੀ ਵੀ ਧਾਰਮਿਕ ਵਿਚਾਰਧਾਰਾ ਵਾਲੀ ਧਿਰ ਕੋਈ ਵੱਡਾ ਸੁਫ਼ਨਾ ਸੋਚਦੀ ਹੁੰਦੀ ਹੈ, ਉਹ ਇਸਰਾਈਲ ਨੂੰ ਆਪਣੀ ਸੇਧ ਦਾ ਕੇਂਦਰ ਮੰਨ ਸਕਦੀ ਹੈ। ਭਾਰਤ-ਪਾਕਿ ਵੰਡ ਮਗਰੋਂ ਬਣਦੇ ਪਏ ਹਾਲਾਤ ਵਿੱਚ ਅਕਾਲੀ ਲੀਡਰਸ਼ਿਪ ਨੇ ਵੀ ਆਪਣੇ ਬਿਆਨਾਂ ਅਤੇ ਮੰਗਾਂ ਵਿੱਚ ਕਈ ਵਾਰੀ ਇਸਰਾਈਲ ਦਾ ਜ਼ਿਕਰ ਕੀਤਾ ਸੀ ਅਤੇ ਉਨ੍ਹਾਂ ਵਿੱਚ ਕਈ ਆਗੂ ਓਸ ਖ਼ਾਸ ਵਾਂਗ ਸਿੱਖਾਂ ਲਈ ਇੱਕ ਵੱਖਰਾ ਦੇਸ਼ ਅਤੇ ਕਾਲ ਪੈਦਾ ਕਰਨ ਲਈ ਓਸ ਕਿਸਮ ਦੀ ਨੀਤੀ ਉੱਤੇ ਚੱਲਣ ਦੀ ਵਕਾਲਤ ਕਰਦੇ ਰਹੇ ਸਨ। ਇਹ ਗੱਲ ਸ਼ਾਇਦ ਉਨ੍ਹਾਂ ਨੂੰ ਪਤਾ ਵੀ ਨਹੀਂ ਹੋਣੀ ਕਿ ਇਹੋ ਸੋਚ ਆਰ ਐੱਸ ਐੱਸ ਵਾਲੀ ਧਿਰ ਤੀਹ ਸਾਲ ਪਹਿਲਾਂ ਓਦੋਂ ਤੋਂ ਸੋਚ ਚੁੱਕੀ ਸੀ, ਜਦੋਂ ਇਸਰਾਈਲ ਦੀ ਸੋਚ ਬਾਰੇ ਸੰਸਾਰ ਦੇ ਲੋਕਾਂ ਨੇ ਅਜੇ ਸੁਣਿਆ ਵੀ ਨਹੀਂ ਸੀ। ਬਾਅਦ ਦੇ ਸਾਲਾਂ ਵਿੱਚ ਵੇਖਿਆ ਗਿਆ ਕਿ ਅਕਾਲੀ ਆਗੂ ਇੱਕ ਵੇਲੇ 'ਹੱਥ ਕਾਰ ਵੱਲ, ਦਿਲ ਯਾਰ ਵੱਲ' ਦਾ ਨਮੂਨਾ ਬਣ ਗਏ ਅਤੇ ਦਿਲ ਵਿੱਚ ਸੁਫ਼ਨੇ ਹੋਰ ਰੱਖ ਕੇ 'ਹੱਥ ਕਾਰ ਵੱਲ' ਵਾਲੇ ਵਿਚਾਰ ਮੁਤਾਬਕ ਅਮਲ ਵਿੱਚ ਸਾਰਾ ਤਾਣ ਰਾਜ-ਸੁੱਖ ਦੀ ਪ੍ਰਾਪਤੀ ਅਤੇ ਕਰੋੜਾਂ ਦੀ ਪੂੰਜੀ-ਸੰਪਤੀ ਕਮਾਈ ਵਾਲੇ ਕਾਰੋਬਾਰ ਲਈ ਰਾਜਨੀਤਕ ਚੁਸਤੀਆਂ ਵੱਲ ਲਾਉਂਦੇ ਰਹੇ ਸਨ। ਭਾਰਤ ਦੇ ਦੂਸਰੇ ਕਈ ਰਾਜਾਂ ਵਿੱਚ ਉਨ੍ਹਾਂ ਵਰਗੇ ਸਿਆਸੀ ਲੀਡਰ ਆਪਣੇ ਸੱਤਾ ਵਾਲੇ ਸੁਫ਼ਨੇ ਖ਼ਾਤਰ ਐਂਤਕੀਂ ਉਹੋ ਕੁਝ ਕਰਦੇ ਨਜ਼ਰ ਪੈਂਦੇ ਹਨ, ਜਿਹੜਾ ਅਕਾਲੀ ਲੀਡਰ ਕਰਦੇ ਰਹੇ ਸਨ।

ਅਕਾਲੀ ਹੋਣ ਜਾਂ ਹਰਿਆਣੇ ਵਿਚਲੇ ਓਮ ਪ੍ਰਕਾਸ਼ ਚੌਟਾਲੇ ਦੀ ਇਨੈਲੋ ਪਾਰਟੀ ਜਾਂ ਉਸ ਦੇ ਸੱਤਾ ਦੇ ਭੁੱਖੜ ਪੋਤਰੇ ਦੁਸ਼ਯੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ ਵਾਲੇ, ਉਹ ਸਭ ਸਾਰੇ ਜਣੇ ਵੱਖ-ਵੱਖ ਸਮਿਆਂ ਉੱਤੇ ਸੱਤਾ ਦੇ ਕੇਂਦਰੀ ਧੁਰੇ ਲਈ ਆਪਣੀ ਸੋਚ ਦੀ ਸੇਧ ਦੇ ਰਹੀ ਧਿਰ ਆਰ ਐੱਸ ਐੱਸ ਦੇ ਕਰਿੰਦੇ ਬਣਦੇ ਰਹੇ। ਭਾਰਤ ਬਹੁਤ ਵੱਡੇ ਇਲਾਕੇ ਵਾਲਾ ਦੇਸ਼ ਹੈ, ਜਿਸ ਦਾ ਇੱਕ ਨਕਸ਼ਾ ਨਵੀਂ ਬਣੀ ਪਾਰਲੀਮੈਂਟ ਬਿਲਡਿੰਗ ਲਈ ਪਸੰਦ ਕੀਤਾ ਹੋਣ ਦੀ ਗੱਲ ਕਈ ਵਾਰ ਚੱਲ ਚੁੱਕੀ ਹੈ, ਹਾਲਾਂਕਿ ਉਸ ਨਕਸ਼ੇ ਵਾਲੇ ਸਾਰੇ ਇਲਾਕੇ ਕਦੇ ਵੀ ਇੱਕੋ ਸਿੰਘਾਸਨ ਹੇਠ ਨਹੀਂ ਸੀ ਆਏ। ਕੁਝ ਇਲਾਕੇ ਇਸ ਵਿੱਚ ਆਉਂਦੇ ਸਨ ਤਾਂ ਕੁਝ ਖੁੱਸ ਚੁੱਕੇ ਹੁੰਦੇ ਸਨ ਅਤੇ ਉਸ ਨਕਸ਼ੇ ਦਾ ਦੱਖਣ ਵਾਲਾ ਭਾਰਤੀ ਇਲਾਕਾ ਉਸ ਵਕਤ ਵੀ ਭਾਰਤ ਦੇ ਕੇਂਦਰੀ ਸ਼ਾਸਨ ਦਾ ਹਿੱਸਾ ਨਹੀਂ ਸੀ। ਅੱਜ ਵਾਲੀ ਲੀਡਰਸ਼ਿਪ ਇਸ ਸੋਚ ਨਾਲ ਚੱਲ ਰਹੀ ਹੈ ਕਿ ਜਿਹੜੇ ਇਲਾਕੇ ਇਸ ਰਾਜ ਵਿੱਚ ਚਿਣੇ ਜਾ ਚੁੱਕੇ ਜਾਂ ਚਿਣੇ ਜਾ ਸਕਦੇ ਹਨ, ਉਨ੍ਹਾਂ ਅੰਦਰ ਓਹੋ ਜਿਹੀਆਂ ਸਰਕਾਰਾਂ ਹੀ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਸਰਕਾਰਾਂ ਵਾਂਗ ਚੱਲ ਸਕਣ ਦੀ ਬਜਾਏ ਕਿਸੇ ਫ਼ੌਜੀ ਕਮਾਂਡ ਦੀਆਂ ਰੈਜਮੈਂਟਾਂ ਵਾਂਗ ਇੱਕੋ ਕੇਂਦਰੀ ਸਿੰਘਾਸਨ ਦੇ ਕਹੇ ਮੁਤਾਬਕ ਇੱਕੋ ਇਸ਼ਾਰੇ ਉੱਤੇ ਚੱਲਣਾ ਨਹੀਂ, ਚਲਾਈਆਂ ਜਾ ਸਕਦੀਆਂ ਹੋਣ।

ਉਹ ਆਪਣੀ ਸੋਚ ਅਤੇ ਪਹੁੰਚ ਦੋਵਾਂ ਬਾਰੇ ਸਪੱਸ਼ਟ ਵੀ ਹਨ ਅਤੇ ਇੱਕ ਇਸ ਸੋਚ ਵਿੱਚ ਚੱਲਦੇ ਹੋਏ ਇਸ ਉਦੇਸ਼ ਦੀ ਪੂਰਤੀ ਲਈ ਉਹ ਸਮਝੌਤੇ ਕਰਨੋਂ ਨਹੀਂ ਝਿਜਕਦੇ, ਜਿਹੜੇ ਸਾਰੇ ਵਰਗੀ ਕਿਸੇ ਸਿਆਸੀ ਬੇਈਮਾਨੀ ਦਾ ਰੂਪ ਜਾਪਦੇ ਹਨ, ਪਰ ਇਸ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਲੜਾਈ ਦੇ ਜੰਗ ਦਾ ਫ਼ਰਕ ਜਿਹੜੇ ਲੋਕਾਂ ਨੂੰ ਪਤਾ ਹੈ, ਉਨ੍ਹਾਂ ਨੂੰ ਇਹ ਸਾਰਾ ਪਤਾ ਹੁੰਦਾ ਹੈ ਕਿ ਚੁਸਤ ਫ਼ੌਜੀ ਕਮਾਂਡਰ ਜੰਗ ਜਿੱਤਣ ਲਈ ਵਿਚਲੇ ਸਮੇਂ ਵਿੱਚ ਆਉਂਦੀ ਲੜਾਈ ਹਾਰ ਜਾਣ ਦੀ ਚਿੰਤਾ ਨਹੀਂ ਕਰਦੇ, ਸਗੋਂ ਕਈ ਵਾਰ ਝਾਂਸਾ ਦੇਣ ਲਈ ਜਾਣ-ਬੁੱਝ ਕੇ ਉਹ ਲੜਾਈ ਹਾਰਦੇ ਹਨ। ਵਿਚਾਰ ਦੇ ਆਧਾਰ ਦੀ ਜਿਹੜੀ ਸਿਆਸਤ ਇਸ ਵਕਤ ਭਾਜਪਾ ਦੀ ਚੋਣ-ਰਾਜਨੀਤੀ ਉੱਤੇ ਭਾਰੂ ਦਿੱਸਦੀ ਹੈ, ਉਹ ਅਸਲ ਵਿੱਚ ਉਸ ਚੁਸਤ ਫ਼ੌਜੀ ਕਮਾਂਡਰ ਵਾਲਾ ਪੈਂਤੜਾ ਹੈ, ਜਿਸ ਦੀ ਆਪਣੀ ਅੱਖ ਸਾਹਮਣੇ ਹੋ ਰਹੀ ਲੜਾਈ ਜਿੱਤਣ ਉੱਤੇ ਨਹੀਂ, ਅਗਲੇ ਵਕਤ ਵਿੱਚ ਅਸਲੀ ਜੰਗ ਜਿੱਤਣ ਉੱਤੇ ਹੁੰਦੀ ਹੈ ਤੇ ਇਹ ਪ੍ਰਵਾਹ ਹੀ ਨਹੀਂ ਕਰਦਾ ਕਿ ਕੌਣ ਕੀ ਕਹਿੰਦਾ ਹੈ। ਨਰਿੰਦਰ ਮੋਦੀ ਨੇ ਜਿਸ ਦਿਨ ਦੂਸਰੀ ਵਾਰੀ ਸੱਤਾ ਸਾਂਭਣ ਮਗਰੋਂ ਇਹ ਕਿਹਾ ਸੀ ਕਿ ਆਪਣੀ ਚੜ੍ਹਤ ਦੇ ਦਿਨਾਂ ਵਿੱਚ ਇੰਦਿਰਾ ਗਾਂਧੀ ਦੀ ਅਗਵਾਈ ਵਾਲੇ ਰਾਜਾਂ ਦੀ ਗਿਣਤੀ ਤੋਂ ਭਾਜਪਾ ਦੀ ਅਗਵਾਈ ਵਾਲੇ ਰਾਜਾਂ ਦੀ ਗਿਣਤੀ ਮਾਮੂਲੀ ਜਿਹੀ ਘੱਟ ਰਹਿ ਗਈ ਹੈ, ਉਸ ਦੇ ਖ਼ਾਸ ਅਰਥ ਸਨ। ਅਗਲੇ ਸਾਲਾਂ ਵਿੱਚ ਭਾਜਪਾ ਨੇ ਆਪਣੀ ਅਗਵਾਈ ਵਾਲਾ ਇਲਾਕਾ ਇਸ ਹੱਦ ਤੱਕ ਵਧਾ ਲਿਆ ਹੈ ਕਿ ਉਹ ਅਗਲੀ ਸੋਚ ਇਹ ਸਿੰਘਣ ਲੱਗੀ ਹਨ ਕਿ ਬੱਸ ਐਨੇ ਕੁ ਰਾਜ ਰਹਿੰਦੇ ਹਨ, ਜਿਨ੍ਹਾਂ ਤੀਕਰ ਪਹੁੰਚ ਅਜੇ ਨਹੀਂ ਹੋ ਸਕੀ, ਉਸ ਮਗਰੋਂ ਉਨ੍ਹਾਂ ਦੀ ਕੀ ਸੋਚ ਹੈ, ਦਲ-ਬਦਲੂ ਕਬੂਤਰਾਂ ਨੂੰ ਸੋਚਣ ਦੀ ਅਕਲ ਵੀ ਨਹੀਂ ਹੈ। ਚੋਣ ਲੜਨ ਲਈ ਇੱਕ ਟਿਕਟ ਜਾਂ ਪੰਜ-ਚਾਰ ਸਾਲ ਰਾਜ ਕਰਨ ਲਈ ਇੱਕ ਛੋਟੀ ਜਿਹੀ ਹਕੂਮਤੀ ਕੁਰਸੀ ਦੀ ਭੁੱਖ ਨੇ ਪੰਜਾਬ ਦੇ ਵਿਕਾਸ ਵਾਲੇ ਭਵਿੱਖੀ ਸੁਫਨੇ ਨੂੰ ਵੀ ਬਦਲ ਧਰਿਆ ਸੀ ਅਤੇ ਬਾਕੀ ਦੇਸ਼ ਦਾ ਭਵਿੱਖ ਵੀ ਬਦਲਦਾ ਪਿਆ ਹੈ। ਜਿਹੜੀ ਗੱਲ ਬਦਲਦੀ ਨਹੀਂ ਅਤੇ ਬਦਲਣ ਵਾਲੀ ਵੀ ਨਹੀਂ, ਉਹ ਪਿਛਲੀ ਸਦੀ ਦੇ ਪਹਿਲੇ ਦਹਾਕੇ ਵਿੱਚ ਉੱਭਰੀ ਇਹ ਰਾਜਸੀ ਸੋਚਣੀ ਹੈ ਕਿ ਭਾਰਤ ਕਦੀ ਇੱਕ ਸਾਮਰਾਜ ਹੁੰਦਾ ਸੀ, ਇੱਕੋ ਧਰਮ ਦੇ ਝੰਡੇ ਵਾਲਾ ਸਾਮਰਾਜ ਅਤੇ ਓਦਾਂ ਦਾ ਸਾਮਰਾਜ ਅੱਜ ਵੀ ਚਾਹੀਦਾ ਹੈ।

# ਰਾਹੁਲ ਦੇ ਬਿਆਨ ਨੇ ਉਸ ਦਾ ਕੱਦ ਉੱਚਾ ਕੀਤਾ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਹਿਸਟਰੀ ਦੇ ਵਿਦਿਆਰਥੀਆਂ ਤੋਂ ਇਲਾਵਾ ਸੰਸਾਰ ਦੀਆਂ ਘਟਨਾਵਾਂ ਦੇਸ਼-ਵਿਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਨੇੜੇ ਤੋਂ ਜਾਨਣ ਵਾਲੇ ਸਮਝ ਸਕਦੇ ਹਨ ਕਿ ਹਰ ਉਹ ਸਿਆਸੀ ਅਤੇ ਗੈਰ-ਸਿਆਸੀ ਪਾਰਟੀ ਅੰਤ ਨੂੰ ਸਫ਼ਲ ਹੁੰਦੀ ਹੈ, ਜਿਹੜੀ ਹਰ ਸਮੇਂ ਇਕੋ ਵਿਰੋਧੀ ਦੇਸ ਅਤੇ ਸਿਆਸੀ ਪਾਰਟੀ ਵਿਰੁੱਧ ਲੜਦੀ ਅਤੇ ਕਾਮਯਾਬੀ ਵੱਲ ਵਧਦੀ ਹੈ, ਜੋ ਇਕੋ ਸਮੇਂ ਇਕੋ ਮੁੱਖ ਵਿਰੋਧੀ ਖਿਲਾਫ਼ ਹਮਖਿਆਲ ਪਾਰਟੀਆਂ ਜਾਂ ਗਰੁੱਪਾਂ ਨੂੰ ਲੈ ਕੇ ਲੜਦੀ ਹੈ। ਅਜਿਹੇ ਲੋਕ ਉਦੋਂ ਤੱਕ ਆਪਣਾ ਗੱਠਜੋੜ ਕਾਇਮ ਰੱਖਦੇ ਹਨ, ਜਦ ਤੱਕ ਵਿਰੋਧੀ ਕਮਜ਼ੋਰ ਜਾਂ ਖ਼ਤਮ ਨਹੀਂ ਹੋ ਸਕਦਾ, ਪਰ ਅਜਿਹੇ ਗੱਠਜੋੜਾਂ ਵਿੱਚ ਵੱਡੀਆਂ ਪਾਰਟੀਆਂ ਜਾਂ ਗਰੁੱਪਾਂ ਨੂੰ ਬਾਕੀਆਂ ਨਾਲੋਂ ਜ਼ਿਆਦਾ ਕੁਰਬਾਨੀ ਕਰਨੀ ਪੈਂਦੀ ਹੈ ਜਾਂ ਕੁਰਬਾਨੀ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

ਜ਼ਿਆਦਾ ਡੀਟੇਲ ਵਿੱਚ ਨਾ ਜਾਂਦੇ ਹੋਏ ਦੇਸ਼ ਵਿੱਚ ਬੀਤੇ ਸਮੇਂ ਵਿੱਚ ਅਜਿਹੇ ਪ੍ਰਮੁੱਖ ਦੋ ਗਰੁੱਪ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿੱਚੋਂ ਇੱਕ ਐੱਨ ਡੀ ਏ ਹੈ, ਜਿਸ ਵਿੱਚ ਪ੍ਰਮੁੱਖ ਪਾਰਟੀ ਭਾਰਤੀ ਜਨਤਾ ਪਾਰਟੀ ਹੈ। ਅਜਿਹੇ ਦੂਜੇ ਗਰੁੱਪ ਨੂੰ ਅਸੀਂ ਆਈ ਐੱਨ ਡੀ ਆਈ ਏ (ਇੰਡੀਆ) ਗਰੁੱਪ ਆਖਦੇ ਹਾਂ, ਜਿਸ ਵਿੱਚ ਕਾਂਗਰਸ ਪਾਰਟੀ ਭਾਰੂ ਲਗਦੀ ਹੈ। ਮੋਦੀ ਸਾਹਿਬ ਤੀਜੀ ਵਾਰ ਐਨ ਡੀ ਏ ਦੇ ਸਹਾਰੇ ਕੁਰਸੀ 'ਤੇ ਬਿਰਾਜਮਾਨ ਹੋਏ ਹਨ। 'ਅਬ ਕੀ ਬਾਰ, ਚਾਰ ਸੌ ਪਾਰ' ਆਖਣ ਵਾਲਿਆਂ ਨੂੰ ਅਖੀਰ ਆਪਣੇ ਭਾਈਵਾਲਾਂ ਦੀ ਉਂਗਲੀ ਫੜ ਕੇ ਕੁਰਸੀ ਤੱਕ ਜਾਣਾ ਪਿਆ, ਪਰ ਅਜਿਹੇ ਗੱਠਜੋੜਾਂ ਦੀ ਮਹੱਤਤਾ ਨੂੰ ਨਾ-ਤਜਰਬੇਕਾਰ ਅਸਾਨੀ ਨਾਲ ਨਾ ਸਮਝ ਸਕਦੇ ਹਨ ਨਾ ਹੀ ਅਜਿਹਾ ਧਰਮ ਨਿਭਾਉਣ ਲਈ ਸਹਿਜੇ ਤਿਆਰ ਹੁੰਦੇ ਹਨ। ਅਜਿਹੇ ਗੱਠਜੋੜ ਦੀਆਂ ਧੱਜੀਆਂ ਉਡਦੀਆਂ ਤੁਸੀਂ ਪੰਜਾਬ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਪਿਛਲੀਆ ਚੋਣਾਂ ਵਿੱਚ ਆਮ ਦੇਖਿਆ ਹੋਵੇਗਾ। ਅਜਿਹੇ ਗੱਠਜੋੜਾਂ ਲਈ ਲੰਮਾ ਤਜਰਬਾ ਅਤੇ ਜ਼ਿਆਦਾ ਸਿਆਣਪ ਦੀ ਲੋੜ ਹੁੰਦੀ ਹੈ। ਪਿਛਲੀਆਂ ਪਾਰਲੀਮੈਂਟ ਚੋਣਾਂ ਨੇ ਸਭ ਨੂੰ ਗੱਠਜੋੜ ਦੀ ਗੰਭੀਰਤਾ ਨੂੰ ਚੰਗੀ ਤਰ੍ਹਾਂ ਦਰਸਾ ਦਿੱਤਾ, ਜਿੱਤਣ ਅਤੇ ਹਾਰਨ ਵਾਲਿਆਂ ਦੋਹਾਂ ਨੂੰ।

ਬੀਤੇ ਦਿਨੀਂ ਗੱਠਜੋੜ ਦੀ ਅਚਾਨਕ ਗੱਲ ਤੋਰ ਕੇ ਰਾਹੁਲ ਗਾਂਧੀ ਨੇ ਹਰਿਆਣੇ ਲਈ ਜੋ ਗੱਲ ਆਮ ਆਦਮੀ ਪਾਰਟੀ ਵਾਸਤੇ ਕੀਤੀ ਹੈ, ਉਸ ਨੇ ਸਭ ਧਿਰਾਂ ਨੂੰ ਇਕਦਮ ਹੈਰਾਨ ਕਰ ਦਿੱਤਾ। ਇਹ ਗੱਠਜੋੜ ਦਾ ਹੋਕਾ ਉਸ ਪਾਰਟੀ ਦੇ ਨੇਤਾ ਵੱਲੋਂ ਦਿੱਤਾ ਗਿਆ, ਜਿਹੜੀ ਪਾਰਟੀ ਪਾਰਲੀਮੈਂਟ ਚੋਣਾਂ ਵਿੱਚ ਹਰਿਆਣਾ ਸੂਬੇ ਵਿੱਚੋਂ ਦਸ ਸੀਟਾਂ ਵਿੱਚੋਂ ਅੱਧੀਆਂ, ਯਾਨਿ ਪੰਜ ਸੀਟਾਂ ਜਿਤ ਚੁਕੀ ਹੈ। ਇਹ ਆਫ਼ਰ ਰਾਹੁਲ ਵੱਲੋਂ ਉਸ ਪਾਰਟੀ, ਦਿੱਤੀ ਗਈ, ਜੋ ਪਾਰਲੀਮੈਂਟ ਦੀ ਇੱਕ ਸੀਟ ਲੜ ਕੇ ਵੀ ਹਾਰ ਗਈ, ਜਦ ਕਿ ਹਰਿਆਣਾ ਦੇ ਸਭ ਅੱਜ ਦੇ ਸਰਵੇ ਕਾਂਗਰਸ ਨੂੰ ਅੱਗੇ ਦੱਸ ਰਹੇ ਹਨ। ਅਜਿਹੇ ਗੱਠਜੋੜ ਦਾ ਐਲਾਨ ਕਰਕੇ ਰਾਹੁਲ ਗਾਂਧੀ ਨੇ ਆਪਣੀ ਸੂਝ-ਬੂਝ ਦਾ ਜਿਥੇ ਸਬੂਤ ਦਿੱਤਾ ਹੈ, ਉਥੇ ਸਿਆਸੀ ਜੀਵਨ ਵਿੱਚ ਆਪਣਾ ਕੱਦ ਵੀ ਉੱਚਾ ਕਰ ਲਿਆ ਹੈ। ਇਸ ਐਲਾਨ ਦੇ ਨਾਲ ਉਸੇ ਦਿਨ ਹਰਿਆਣੇ ਦੇ ਇਕ ਪਹਿਲਵਾਨ ਪੁੱਤਰ ਅਤੇ ਇਕ ਪਹਿਲਵਾਨ ਧੀ ਨੂੰ ਮਿਲ ਕੇ ਜੋ ਉਨ੍ਹਾਂ ਨੂੰ ਅਸੰਬਲੀ ਚੋਣਾਂ ਲੜਨ ਲਈ ਉਤਸ਼ਾਹਤ ਕੀਤਾ, ਉਹ ਵੀ ਆਪਣੇ ਆਪ ਵਿੱਚ ਇਕ ਬਹੁਤ ਵੱਡੀ ਗੱਲ ਹੈ। ਅਜਿਹੇ ਦੋ ਛੋਟੇ-ਛੋਟੇ ਐਲਾਨ ਕਰਕੇ ਰਾਹੁਲ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡ ਦਿੱਤੇ ਹਨ। ਰਾਹੁਲ, ਜੋ ਕਹਿੰਦੇ ਹਨ ਉਹ ਕਰਨ ਵਿੱਚ ਵੀ ਯਕੀਨ ਕਰਦੇ ਰੱਖਦੇ ਹਨ। ਉਸ ਕੰਮ ਲਈ ਦੌੜ-ਭੱਜ ਵੀ ਕਰਦੇ ਹਨ। ਜਿਵੇਂ ਤੁਸੀਂ ਨੋਟ ਕੀਤਾ ਹੋਵੇਗਾ ਕਿ ਜਾਤੀ ਜਨਗਣਨਾ ਬਾਰੇ ਜੋ ਕਹਿੰਦੇ ਹਨ, ਉਹ ਹਿੱਕ ਠੋਕ ਕੇ ਕਹਿੰਦੇ ਹਨ।' ਜਿਸ ਰਫ਼ਤਾਰ ਨਾਲ ਰਾਹੁਲ ਗਾਂਧੀ ਭਾਰਤੀ ਰਾਜਨੀਤੀ ਵਿੱਚ ਦਿਨੋਂ-ਦਿਨੀਂ ਆਪਣੀ ਸਥਿਤੀ ਮਜ਼ਬੂਤ ਕਰਦੇ ਜਾ ਰਹੇ ਹਨ, ਉਸ ਹਿਸਾਬ ਨਾਲ ਤੁਸੀਂ ਇਕ ਦਿਨ ਦੇਖੋਗੇ ਕਿ ਜੋ ਉਸ ਨੂੰ ਪੱਪੂ ਕਹਿਣਾ ਲੋਚਦੇ ਸਨ, ਉਹ ਤੁਹਾਡੇ ਦੇਖਦੇ-ਦੇਖਦੇ ਹੀ ਪੱਪੂ ਦੀ ਥਾਂ ਬਾਪੂ ਆਖਣ ਲਈ ਮਜਬੂਰ ਹੋ ਜਾਣਗੇ।

ਅੱਜ ਦੇ ਦਿਨ ਜੇਕਰ ਰਾਹੁਲ ਦੀ ਉਨ੍ਹਾ ਦੇ ਮਰਹੂਮ ਪਿਤਾ ਜੀ ਨਾਲ ਤੁਲਨਾ ਕਰੀਏ ਤਾਂ ਤੁਹਾਨੂੰ ਜਾਪੇਗਾ ਕਿ ਰਾਹੁਲ ਫੈਸਲਾ ਲੈਣ, ਫੈਸਲੇ 'ਤੇ ਅਮਲ ਕਰਨ 'ਚ ਕਾਫ਼ੀ ਅੱਗੇ ਨਿਕਲ ਗਿਆ ਹੈ। ਬਤੌਰ ਵਿਰੋਧੀ ਨੇਤਾ ਉਨ੍ਹਾ ਦਾ ਕੰਮ ਕਾਰ ਦੇਖ ਕੇ ਅੱਜ ਦੇ ਦਿਨ 'ਇੰਡੀਆ' ਗਰੁੱਪ ਦਾ ਉਨ੍ਹਾ 'ਚ ਵਿਸ਼ਵਾਸ ਵਧਿਆ ਹੈ। ਰਾਹੁਲ ਨੇ ਮਾਰਕਸੀ ਪਾਰਟੀ ਅਤੇ ਸੋਸ਼ਲਿਸਟ ਪਾਰਟੀ ਲਈ ਵੀ ਬਿਨਾਂ ਮੰਗੇ ਇਕ-ਇਕ ਸੀਟ ਛੱਡ ਕੇ ਆਪਣੇ ਵੱਡੇ ਦਿਲ ਦਾ ਵਿਖਾਵਾ ਕੀਤਾ ਹੈ। ਜੇਕਰ ਅਜਿਹਾ ਗੱਠਜੋੜ ਸਿਰੇ ਚੜ੍ਹ ਗਿਆ ਤਾਂ ਫਿਰ ਇਹ ਗਠਜੋੜ ਦਿੱਲੀ ਅਤੇ ਪੰਜਾਬ ਵਿੱਚ ਆਪਣਾ ਰੰਗ ਵਿਖਾਵੇਗਾ।

ਇਹ ਸੱਚ ਹੈ ਕਿ ਆਮ ਆਦਮੀ ਪਾਰਟੀ ਨੂੰ ਅੱਜ ਦੇ ਦਿਨ ਅਜਿਹੇ ਗੱਠਜੋੜਾਂ ਦਾ ਕੋਈ ਬਹੁਤ ਤਜਰਬਾ ਨਹੀਂ ਹੈ। ਇਹ ਅਹਿਸਾਸ ਉਨ੍ਹਾਂ ਨੂੰ ਹਰਿਆਣਾ ਅਸੰਬਲੀ ਵਿੱਚ ਪਹੁੰਚ ਕੇ ਹੋਵੇਗਾ। ਅੱਜ ਦੇ ਦਿਨ 'ਇੰਡੀਆ' ਗੱਠਜੋੜ ਦੇ ਭਾਈਵਾਲਾਂ ਦਾ ਜੇ ਕੋਈ ਸਾਂਝਾ ਸਿਆਸੀ ਦੁਸ਼ਮਣ ਹੈ ਅਤੇ ਜਿਸ ਨੂੰ ਹਰਾਉਣਾ ਜ਼ਰੂਰੀ ਅਤੇ ਸਾਡਾ ਧਰਮ ਹੈ, ਉਹ ਹੈ ਭਾਜਪਾ, ਜਿਸ ਪਾਰਟੀ ਦਾ ਜਨਮ ਹੀ ਭਾਰਤ ਦੀ ਅਜ਼ਾਦੀ ਤੋਂ ਬਾਅਦ ਹੋਇਆ। ਸਮੁੱਚੀ ਪਾਰਟੀ ਦਾ ਭਾਰਤ ਦੀ ਅਜ਼ਾਦੀ ਲਹਿਰ ਵਿੱਚ ਦੂਰ-ਦੂਰ ਦਾ ਵਾਸਤਾ ਨਹੀਂ। ਉਂਜ ਅਗਰ ਉਸ ਨੂੰ ਹੋਰ ਨੇੜੇ ਹੋ ਕੇ ਉਸ ਦੀ ਅਸਲੀਅਤ ਜਾਨਣੀ ਹੋਵੇ ਤਾਂ ਤੁਹਾਨੂੰ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਆਖਣ ਵਾਲੀ ਪਾਰਟੀ ਵਿੱਚ ਲੱਗਭੱਗ ਅੱਧੀਆਂ ਸੀਟਾਂ ਉਨ੍ਹਾਂ ਉਮੀਦਵਾਰ ਦਿੰਦੀ ਹੈ, ਜੋ ਦੂਜੀਆਂ ਪਾਰਟੀਆਂ ਨੂੰ ਛੱਡ ਕੇ ਆਏ ਹਨ ਜਾਂ ਦੂਜੀਆਂ ਪਾਰਟੀਆਂ 'ਚੋਂ ਕੱਢੇ ਹਨ। ਅੱਜ ਦੇ ਦਿਨ ਜਿਹੜੀ ਭਾਜਪਾ ਦੀ ਦਿੱਖ ਤੁਹਾਨੂੰ ਦਿਸਦੀ ਹੈ, ਉਹ ਸਿਰਫ਼ ਤੁਹਾਡੇ ਇਕੱਠੇ ਨਾ ਹੋਣ ਕਰਕੇ ਦਿਖਾਈ ਦਿੰਦੀ ਹੈ। ਉਸ ਦਿਨ ਹੀ ਉਸ ਦਾ ਕਮਲ ਮੁਰਝਾ ਜਾਵੇਗਾ, ਜਿਸ ਦਿਨ ਤੁਸੀਂ ਆਪਣੇ ਭੇਦ-ਭਾਵ ਭੁਲਾ ਕੇ ਇਕੱਠੇ ਹੋ ਜਾਓਗੇ। ਕੀ ਅਜਿਹਾ ਹੋ ਸਕੇਗਾ, ਇਹ ਸਭ ਭਵਿੱਖ ਦੀ ਕੁੱਖ ਵਿੱਚ ਹੈ।

# ਸੰਪਰਕ : 98721-65741

# ਅਜੇ ਵੀ ਬਰਕਰਾਰ ਹੈ ਉੱਡਣ ਤਸ਼ਤਰੀਆਂ ਦਾ ਰਹੱਸ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਅਜੋਕਾ ਯੁੱਗ ਅਤਿ-ਆਧੁਨਿਕ ਵਿਗਿਆਨ ਅਤੇ ਤਕਨੀਕ ਦਾ ਯੁੱਗ ਮੰਨਿਆ ਜਾਂਦਾ ਹੈ ਤੇ ਅਜੋਕੇ ਮਨੁੱਖ ਨੇ ਪਤਾਲ ਤੋਂ ਲੈ ਕੇ ਆਕਾਸ਼ ਮੰਡਲਾਂ ਦੇ ਗਰਭ 'ਚ ਲੁਕੇ ਕਈ ਰਹੱਸ ਖੋਜ ਲਿਆਂਦੇ ਹਨ। ਇੰਨੇ ਹਾਈ-ਟੈੱਕ ਯੁੱਗ ਦੇ ਬਾਵਜੂਦ ਅਜੇ ਵੀ 'ਯੂ.ਐੱਫ.ਓ.' ਭਾਵ ਦੂਜੇ ਗ੍ਰਹਿਆਂ ਤੋਂ ਧਰਤੀ ਦੇ ਥਲ ਜਾਂ ਅਕਾਸ਼ੀ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੀਆਂ ਉੱਡਣ-ਤਸ਼ਤਰੀਆਂ ਦਾ ਰਹੱਸ ਉਸੇ ਤਰ੍ਹਾਂ ਹੀ ਬਰਕਰਾਰ ਹੈ। ਬਹੁਤ ਸਾਰੇ ਮੁਲਕਾਂ ਦੇ ਵਿਗਿਆਨੀ ਇਨ੍ਹਾਂ ਉੱਡਣ-ਤਸ਼ਤਰੀਆਂ ਬਾਰੇ ਜਾਣਦੇ ਹੋਏ ਵੀ ਅਣਜਾਣ ਬਣਨ ਦਾ ਢੌਂਗ ਕਰ ਰਹੇ ਹਨ ਤੇ ਸੱਚ ਦੁਨੀਆ ਦੇ ਸਾਹਮਣੇ ਨਹੀਂ ਰੱਖ ਰਹੇ ਹਨ। ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਆਮ ਲੋਕਾਂ ਅਤੇ ਵਿਗਿਆਨੀਆਂ ਵੱਲੋਂ ਅਕਾਸ਼ ਵਿੱਚ ਉੱਡਣ ਤਸ਼ਤਰੀਆਂ ਵੇਖੇ ਜਾਣ ਦੇ ਦਾਅਵੇ ਅਨੇਕਾਂ ਵਾਰ ਕੀਤੇ ਗਏ ਹਨ, ਪਰ ਕੋਈ ਸਵੀਕਾਰਨ ਯੋਗ ਠੋਸ ਸਬੂਤ ਸਾਹਮਣੇ ਲਿਆਉਣ ਵਿਚ ਹਰ ਕੋਈ ਨਾਕਾਮ ਰਿਹਾ ਹੈ। ਕੁਝ ਦੇਸ਼ਾਂ ਦੀਆਂ ਸਰਕਾਰਾਂ 'ਤੇ ਦੋਸ਼ ਲੱਗਦਾ ਹੈ ਕਿ ਉਨ੍ਹਾ ਕੋਲ ਦੂਜੇ ਗ੍ਰਹਿਆਂ ਤੋਂ ਧਰਤੀ 'ਤੇ ਆਉਣ ਵਾਲੇ ਪੁਲਾੜੀ ਵਾਹਨਾਂ ਅਤੇ ਦੂਜੇ ਗ੍ਰਹਿ ਦੇ ਬਾਸ਼ਿੰਦਿਆਂ ਸੰਬੰਧੀ ਮਹੱਤਵਪੂਰਨ ਜਾਣਕਾਰੀਆਂ ਮੌਜੂਦ ਹਨ, ਪਰ ਉਹ ਦੁਨੀਆ ਦੇ ਸਾਹਮਣੇ ਸੱਚ ਲਿਆਉਣ ਲਈ ਰਾਜ਼ੀ ਨਹੀਂ ਹਨ ਤੇ ਸੱਚ ਨੂੰ ਲੁਕਾ ਰਹੇ ਹਨ।

ਬੜੀ ਹੀ ਰੌਚਿਕ ਗੱਲ ਹੈ ਕਿ ਅੰਗਰੇਜ਼ੀ ਦੇ ਵਿਸ਼ਵ ਪ੍ਰਸਿੱਧ ਨਾਵਲਕਾਰ ਐੱਚ.ਜੀ.ਵੈੱਲਜ਼ ਨੇ ਸੰਨ 1897 ਦੇ ਨੇੜੇ-ਤੇੜੇ ਇਕ ਨਾਵਲ 'ਦਿ ਵਾਰ ਔੱਫ਼ ਦਿ ਵਰਲਡਜ਼' ਰਚਿਆ ਸੀ, ਜੋ ਧਰਤੀ ਦੇ ਬਾਸ਼ਿੰਦਿਆਂ ਅਤੇ ਦੂਜੇ ਗ੍ਰਹਿ ਨਾਲ ਸੰਬੰਧਤ ਬਾਸ਼ਿੰਦਿਆਂ ਦਰਮਿਆਨ ਯੁੱਧ ਦੀ ਗੱਲ ਕਰਦਾ ਸੀ, ਭਾਵ ਇਹ ਕਿ ਇਹ ਸੋਚ ਉਸ ਵੇਲੇ ਮੌਜੂਦ ਸੀ ਕਿ ਧਰਤੀ ਤੋਂ ਇਲਾਵਾ ਕਿਸੇ ਹੋਰ ਗ੍ਰਹਿ 'ਤੇ ਵੀ ਜੀਵਨ ਅਤੇ ਸੱਭਿਅਤਾ ਦੀ ਮੌਜੂਦਗੀ ਹੈ। ਇਹ ਨਾਵਲ ਸੰਨ 1938 ਵਿਚ ਸੀ.ਬੀ.ਐੱਸ. ਰੇਡੀਓ ਤੋਂ ਆਰਸਨ ਵੈੱਲਜ਼ ਵੱਲੋਂ ਸਰੋਤਿਆਂ ਨੂੰ ਬੜੇ ਦਿਲਚਸਪ ਢੰਗ ਨਾਲ ਪੜ੍ਹ ਕੇ ਸੁਣਾਇਆ ਗਿਆ ਸੀ। ਉਂਜ ਵਿਸ਼ਵ ਇਤਿਹਾਸ ਦੱਸਦਾ ਹੈ ਕਿ ਅੱਜ ਤੋਂ ਕੋਈ ਅਠਾਰਾਂ ਕੁ ਸੌ ਸਾਲ ਪਹਿਲਾਂ 214 ਈਸਵੀ ਵਿਚ ਅਤੇ ਫਿਰ 1561 ਈਸਵੀ ਸਮੇਂ ਆਕਾਸ਼ ਵਿਚ ਕੁਝ ਅਜੀਬ ਜਿਹੇ ਵਾਹਨ ਉੱਡਦੇ ਵੇਖੇ ਜਾਣ ਦੇ ਵੇਰਵੇ ਦਰਜ ਹਨ। ਅਮਰੀਕੀ ਇਤਿਹਾਸ ਮੁਤਾਬਿਕ 24 ਜੂਨ, 1947 ਦੇ ਦਿਨ ਕੈਨੇਥ ਆਰਨਾਲਡ ਨਾਮਕ ਪਾਇਲਟ ਨੇ ਆਕਾਸ਼ ਵਿੱਚ ਕਿਸੇ ਦੂਜੇ ਗ੍ਰਹਿ ਤੋਂ ਆਈ ਉੱਡਣ ਤਸ਼ਤਰੀ ਵੇਖੇ ਜਾਣ ਬਾਰੇ ਜਾਣਕਾਰੀ ਦਿੱਤੀ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ 'ਮਾਊਂਟ ਰੇਨੀਅਰ' ਨਾਮਕ ਸਥਾਨ ਦੇ ਨੇੜੇ ਆਸਮਾਨ ਵਿਚ 9 ਉੱਡਣ ਤਸ਼ਤਰੀਆਂ ਇਕੱਠੀਆਂ ਉੱਡਦੀਆਂ ਵੇਖੀਆਂ ਸਨ, ਜਿਨ੍ਹਾ ਦੀ ਗਤੀ ਪਾਇਲਟ ਆਰਨਾਲਡ ਮੁਤਾਬਿਕ ਅੰਦਾਜ਼ਨ 1932 ਕਿਲੋਮੀਟਰ ਪ੍ਰਤੀ ਘੰਟਾ ਸੀ। ਇਹ ਕਿਸੇ ਮਨੁੱਖ ਵੱਲੋਂ ਆਧੁਨਿਕ ਸਮੇਂ ਅੰਦਰ ਵੇਖੀ ਗਈ ਉੱਡਣ ਤਸ਼ਤਰੀਆਂ ਦੀ ਪਹਿਲੀ ਘਟਨਾ ਮੰਨੀ ਜਾਂਦੀ ਹੈ। ਆਰਨਾਲਡ ਦੁਆਰਾ ਉੱਡਣ ਤਸ਼ਤਰੀਆਂ ਦੀ ਰੂਪ-ਰੇਖਾ ਤੇ ਆਕਾਰ ਬਾਰੇ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਉਸ ਵਕਤ ਦੇ ਪੱਤਰਕਾਰਾਂ ਨੇ ਉੱਡਣ ਤਸ਼ਤਰੀਆਂ ਨੂੰ 'ਫ਼ਲਾਇੰਗ ਡਿਸਕਾਂ' ਜਾਂ 'ਫ਼ਲਾਇੰਗ ਸਾਅਸਰ' ਦਾ ਨਾਂਅ ਦੇ ਕੇ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕਰ ਦਿੱਤਾ ਸੀ ਤੇ ਪੇਂਟਰਾਂ ਨੇ ਉੱਡਣ ਤਸ਼ਤਰੀਆਂ ਦੀਆਂ ਕਾਲਪਨਿਕ ਤਸਵੀਰਾਂ ਵੀ ਤਿਆਰ ਕਰਕੇ ਛਾਪ ਦਿੱਤੀਆਂ ਸਨ।

2 ਜੁਲਾਈ, 1947 ਦੇ ਦਿਨ ਅਮਰੀਕੀ ਹਵਾਈ ਫ਼ੌਜ ਦੇ 'ਰੋਜ਼ਵੈੱਲ ਆਰਮੀ ਏਅਰਫ਼ੀਲਡ' ਦੇ ਅਫ਼ਸਰ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗ਼ੁਬਾਰੇ ਰੂਪੀ ਇਕ ਉੱਡਣ ਤਸ਼ਤਰੀ ਨੂੰ ਨਿਊ ਮੈਕਸੀਕੋ ਨੇੜੇ 'ਕੋਰੋਨਾ' ਨਾਮਕ ਰੇਗਿਸਤਾਨੀ ਇਲਾਕੇ ਵਿਚ ਨਾ ਕੇਵਲ ਹਾਦਸਾਗ੍ਰਸਤ ਹੁੰਦਿਆਂ ਵੇਖਿਆ ਸੀ, ਸਗੋਂ ਉਸ ਹਾਦਸਾਗ੍ਰਸਤ ਉੱਡਣ ਤਸ਼ਤਰੀ ਦਾ ਮਲਬਾ ਵੀ ਬਰਾਮਦ ਕੀਤਾ ਸੀ। ਇਸੇ ਸੰਬੰਧ ਵਿਚ ਮੈਕ ਬ੍ਰੇਜ਼ਲ ਨਾਮਕ ਇਕ ਹੋਰ ਸ਼ਖ਼ਸ ਨੇ ਵੀ 7 ਜੁਲਾਈ, 1947 ਨੂੰ ਰੋਜ਼ਵੈੱਲ ਦੇ ਸ਼ੈਰਿਫ਼ ਨੂੰ ਸੂਚਿਤ ਕੀਤਾ ਸੀ ਕਿ ਉਸ ਨੇ ਵੀ ਕਿਸੇ ਹਾਦਸਾਗ੍ਰਸਤ ਉੱਡਣ ਤਸ਼ਤਰੀ ਦਾ ਮਲਬਾ ਆਪਣੀ ਅੱਖੀਂ ਵੇਖਿਆ ਸੀ, ਪਰ ਉਸ ਨੇ ਕਿਸੇ ਨੂੰ ਇਸ ਬਾਰੇ ਇਸ ਕਰਕੇ ਨਹੀਂ ਦੱਸਿਆ ਸੀ ਕਿ ਲੋਕ ਉਸ ਦੀ ਗੱਲ ਦਾ ਯਕੀਨ ਨਹੀਂ ਕਰਨਗੇ ਤੇ ਉਸ ਦਾ ਮਜ਼ਾਕ ਉਡਾਉਣਗੇ ਪਰ ਇਸ ਘਟਨਾ ਸੰਬੰਧੀ ਜਦੋਂ ਆਰਨਾਲਡ ਤੇ ਕੁਝ ਹੋਰ ਲੋਕਾਂ ਨੇ ਜਾਣਕਾਰੀ ਜਨਤਕ ਕੀਤੀ ਤਾਂ ਉਸ ਦੇ ਅੰਦਰ ਵੀ ਸੱਚ ਦੱਸਣ ਦੀ ਹਿੰਮਤ ਪੈਦਾ ਹੋ ਗਈ ਸੀ ਤੇ ਉਸ ਨੇ ਸ਼ੈਰਿਫ਼ ਨੂੰ ਸਾਰੀ ਸੱਚਾਈ ਦੱਸ ਦਿੱਤੀ ਸੀ। 7 ਜੁਲਾਈ, 1947 ਦੇ ਦਿਨ 'ਰੋਜ਼ਵੈੱਲ ਡੇਲੀ ਰਿਕਾਰਡ' ਨਾਮਕ ਅਖ਼ਬਾਰ ਨੇ ਉੱਡਣ ਤਸ਼ਤਰੀ ਸੰਬੰਧੀ ਖ਼ਬਰ ਆਪਣੇ ਪਹਿਲੇ ਪੰਨੇ ਦੀ ਹੈੱਡਲਾਈਨ ਵਜੋਂ ਪ੍ਰਕਾਸ਼ਿਤ ਕਰਕੇ ਇਲਾਕੇ ਭਰ ਵਿੱਚ ਤਹਿਲਕਾ ਮਚਾ ਦਿੱਤਾ ਸੀ। ਅਮਰੀਕੀ ਫ਼ੌਜ ਨੇ ਇਸ ਖ਼ਬਰ ਦੇ ਬਿਲਕੁਲ ਉਲਟ ਸੰਬੰਧਤ ਉੱਡਣ ਤਸ਼ਤਰੀ ਦਾ ਸਾਰਾ ਮਲਬਾ ਚੁੱਕ ਕੇ ਲੁਕਾ ਲਿਆ ਤੇ ਖ਼ਬਰ ਪ੍ਰਕਾਸ਼ਿਤ ਹੋਣ ਦੇ 24 ਘੰਟੇ ਦੇ ਅੰਦਰ ਇਹ ਖ਼ਬਰ ਫ਼ੈਲਾਅ ਦਿੱਤੀ ਕਿ "ਉੱਡਣ ਤਸ਼ਤਰੀ ਬਾਰੇ ਫ਼ੈਲਾਈਆਂ ਜਾ ਰਹੀਆਂ ਗੱਲਾਂ ਗ਼ਲਤ ਤੇ ਬੇਬੁਨਿਆਦ ਹਨ ਅਤੇ ਪ੍ਰਾਪਤ ਹੋਇਆ ਮਲਬਾ ਮੌਸਮ ਦੀ ਜਾਣਕਾਰੀ ਦੇਣ ਵਾਲੇ ਕਿਸੇ ਗ਼ੁਬਾਰੇ' ਨਾਲ ਸੰਬੰਧਤ ਹੈ।" ਕਿਹਾ ਜਾਂਦਾ ਹੈ ਕਿ ਅਮਰੀਕੀ ਫ਼ੌਜ ਦਾ ਇਹ ਬਿਆਨ ਉੱਡਣ ਤਸ਼ਤਰੀ ਦੇ ਮਲਬੇ ਦੀ ਗੱਲ ਲੁਕਾਉਣ ਲਈ ਦਿੱਤਾ ਗਿਆ ਇਕ ਝੂਠਾ ਬਿਆਨ ਸੀ। ਸੰਨ 1978 ਵਿੱਚ ਐਸ.ਟੀ. ਫ਼ਰਾਇਡਮੈਨ ਨਾਮਕ ਪ੍ਰਮਾਣੂ ਵਿਗਿਆਨੀ-ਕਮ-ਉੱਡਣ ਤਸ਼ਤਰੀ ਵਿਗਿਆਨੀ ਨੇ ਇਹ ਦਾਅਵਾ ਕੀਤਾ ਸੀ ਕਿ ਉਸ ਨੂੰ ਇਕ ਅਮਰੀਕੀ ਇੰਟੈਲੀਜੈਂਸ ਅਫ਼ਸਰ ਜੈਸੇਕ ਮੈਰੀਲ ਨੇ ਦੱਸਿਆ ਸੀ ਕਿ ਉਹ ਖ਼ੁਦ ਉੱਡਣ ਤਸ਼ਤਰੀ ਦੇ ਹਾਦਸਾਗ੍ਰਸਤ ਹੋਣ ਵਾਲੇ ਸਥਾਨ 'ਤੇ ਗਿਆ ਸੀ ਤੇ ਉਸ ਨੇ ਉੱਡਣ ਤਸ਼ਤਰੀ ਦਾ ਮਲਬਾ ਆਪਣੀਆਂ ਅੱਖਾਂ ਨਾਲ ਵੇਖਿਆ ਸੀ, ਪਰ "ਬਾਅਦ ਵਿੱਚ ਕਿਸੇ ਅਧਿਕਾਰੀ ਨੇ ਅਸਲੀ ਮਲਬਾ ਹਟਾ ਕੇ ਉੱਥੇ ਮੌਸਮ ਵਿਭਾਗ ਦੇ ਗੁਬਾਰੇ ਦਾ ਮਲਬਾ ਰੱਖ ਦਿੱਤਾ ਸੀ।"

ਉੱਡਣ ਤਸ਼ਤਰੀਆਂ ਬਾਰੇ ਕੁਝ ਹੋਰ ਰੌਚਿਕ ਤੱਥ ਇਸ ਪ੍ਰਕਾਰ ਹਨ ਕਿ ਸੰਨ 1952 ਵਿਚ ਅਮਰੀਕੀ ਹਵਾਈ ਫ਼ੌਜ ਦੇ ਅਫ਼ਸਰ ਐਡਵਰਡ ਰੁਪੈਲਟ ਨੇ ਉੱਡਣ ਤਸ਼ਤਰੀਆਂ ਬਾਰੇ 'ਯੂ.ਐੱਫ਼.ਓ.' ਸ਼ਬਦ ਈਜਾਦ ਕੀਤਾ ਸੀ, ਜਦੋਂ ਕਿ ਉਸ ਤੋਂ ਪਹਿਲਾਂ ਉੱਡਣ ਤਸ਼ਤਰੀਆਂ ਨੂੰ ਲੋਕ 'ਫਲਾਇੰਗ ਡਿਸਕ' ਦੇ ਨਾਂਅ ਨਾਲ ਹੀ ਬੁਲਾਇਆ ਕਰਦੇ ਸਨ। ਭਾਰਤ ਵਿਚ ਯੂ.ਐੱਫ਼.ਓ. ਵੇਖੇ ਜਾਣ ਦੀ ਪਹਿਲੀ ਰਿਕਾਰਡ ਵਿਚ ਦਰਜ ਘਟਨਾ ਸੰਨ 1951 ਵਿਚ ਵਾਪਰੀ ਸੀ, ਜਦੋਂ ਨਵੀਂ ਦਿੱਲੀ ਵਿਖੇ ਸਥਿਤ ਇਕ ਫਲਾਇੰਗ ਕਲੱਬ ਦੇ ਮੈਂਬਰਾਂ ਨੇ 15 ਮਾਰਚ, 1951 ਨੂੰ ਸਵੇਰੇ 10.21 ਵਜੇ ਆਕਾਸ਼ ਵਿਚ ਸੌ ਫ਼ੁੱਟ ਲੰਮੀ 'ਸਿਗਾਰਨੁਮਾ' ਉੱਡਣ ਤਸ਼ਤਰੀ ਵੇਖੀ ਸੀ, ਜੋ ਕੁਝ ਪਲ ਵਿਖਾਈ ਦੇਣ ਤੋਂ ਬਾਅਦ ਅੱਖੋਂ ਓਹਲੇ ਹੋ ਗਈ ਸੀ। ਇਸੇ ਤਰ੍ਹਾਂ 24 ਸਤੰਬਰ, 2004 ਨੂੰ ਕੁਝ ਵਿਗਿਆਨੀਆਂ ਨੇ 'ਸਮੁਦਰਾ ਟਾਪੂ' ਨਾਮਕ ਸਥਾਨ 'ਤੇ 'ਸਨੋਅਮੈਨ' ਰੂਪੀ ਇਕ ਯੂ.ਐੱਫ.ਓ. ਅਤੇ 29 ਅਕਤੂਬਰ, ਸੰਨ 2007 ਨੂੰ ਪੂਰਬੀ ਕਲਕੱਤਾ ਵਿਖੇ ਦੁਪਹਿਰ 3.30 ਵਜੇ ਤੋਂ 6.30 ਵਜੇ ਤੱਕ ਸੈਂਕੜੇ ਲੋਕਾਂ ਨੇ ਇਕ ਤੇਜ਼ ਗਤੀ ਨਾਲ ਉੱਡਦਾ ਯੂ.ਐੱਫ.ਓ. ਨਾ ਕੇਵਲ ਵੇਖਿਆ ਸੀ ਸਗੋਂ ਕੈਮਰਿਆਂ ਵਿਚ ਰਿਕਾਰਡ ਵੀ ਕੀਤਾ ਸੀ। ਇਕ ਵਰਗ ਤੋਂ ਤਿਕੋਣ ਅਤੇ ਫਿਰ ਇਕ ਸਿੱਧੀ ਰੇਖਾ ਦੇ ਰੂਪ ਵਿਚ ਤਬਦੀਲ ਹੋ ਕੇ ਗ਼ਾਇਬ ਹੋ ਗਏ ਉਸ ਯੂ.ਐੱਫ.ਓ. ਦੀਆਂ ਤਸਵੀਰਾਂ ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਵੀ ਪ੍ਰਸਾਰਿਤ ਹੋਈਆਂ ਸਨ। 20 ਜੂਨ, 2013 ਨੂੰ ਚੇਨੱਈ ਵਿਚ ਅਤੇ 4 ਅਗਸਤ, 2013 ਨੂੰ ਲੱਦਾਖ਼ ਅਤੇ ਅਰੁਣਾਚਲ ਪ੍ਰਦੇਸ਼ ਵਿਚ ਯੂ.ਐੱਫ਼.ਓ. ਵੇਖੇ ਜਾਣ ਤੋਂ ਇਲਾਵਾ ਸੰਨ 2014 ਵਿਚ ਲਖਨਊ, ਪੂਣੇ ਤੇ ਕੋਚੀ ਵਿਖੇ ਅਤੇ ਸੰਨ 2015 ਵਿਚ ਕਾਨਪੁਰ ਵਿਖੇ ਵੀ ਯੂ.ਐੱਫ.ਓ. ਵੇਖੇ ਗਏ ਸਨ ਤੇ ਆਖ਼ਰੀ ਵਾਰ ਸੰਨ 2021 ਵਿਚ ਪੰਜਾਬ ਦੇ ਲੁਧਿਆਣਾ ਵਿਖੇ ਕੁਝ ਲੋਕਾਂ ਨੇ ਆਕਾਸ਼ ਵਿਚ ਇਕ ਯੂ.ਐੱਫ.ਓ. ਵੇਖੇ ਜਾਣ ਦਾ ਦਾਅਵਾ ਕੀਤਾ ਸੀ।

ਸੋ ਮੁੱਕਦੀ ਗੱਲ ਇਹ ਹੈ ਕਿ ਕਿਸੇ ਦੂਜੇ ਗ੍ਰਹਿ ਤੋਂ ਆਈਆਂ ਉੱਡਣ ਤਸ਼ਤਰੀਆਂ ਦੀਆਂ ਗੱਲਾਂ ਕਈ ਵਰ੍ਹਿਆਂ ਤੋਂ ਚੱਲਦੀਆਂ ਆ ਰਹੀਆਂ ਹਨ ਅਤੇ ਇਸ ਦੇ ਨਾਲ ਹੀ ਸਿਨੇਮਾ ਜਗਤ ਵਿੱਚ ਅਜਿਹੀਆਂ ਅਨੇਕਾਂ ਸਫ਼ਲ ਫ਼ਿਲਮਾਂ ਬਣ ਚੁੱਕੀਆਂ ਹਨ, ਜੋ ਦੂਜੇ ਗ੍ਰਹਿਆਂ ਤੋਂ ਆਉਣ ਵਾਲੇ ਯੂ.ਐੱਫ਼.ਓ. ਅਤੇ ਉਨ੍ਹਾ 'ਚ ਸਵਾਰ ਪ੍ਰਾਣੀਆਂ ਨੂੰ ਬੜੀ ਦਿਲਚਸਪ ਢੰਗ ਨਾਲ ਪੇਸ਼ ਕਰ ਚੁੱਕੀਆਂ ਹਨ। ਬਾਲੀਵੁੱਡ ਦੇ ਸੁਪਰਸਟਾਰ ਰਿਤਿਕ ਰੌਸ਼ਨ ਦੀ 'ਕੋਈ ਮਿਲ ਗਿਆ' ਅਤੇ ਆਮਿਰ ਖ਼ਾਨ ਦੀ 'ਪੀ.ਕੇ.' ਆਦਿ ਫ਼ਿਲਮਾਂ ਵਿੱਚ ਵੀ ਯੂ.ਐੱਫ਼.ਓ. ਵਿਖਾਏ ਗਏ ਸਨ ਤੇ ਨਾਲ ਹੀ ਇਹ ਵੀ ਦਰਸਾਇਆ ਗਿਆ ਸੀ ਕਿ ਦੂਜੇ ਗ੍ਰਹਿ ਦੇ ਜੀਵ ਤਕਨਾਲੋਜੀ ਦੇ ਪੱਖੋਂ ਸਾਡੀ ਦੁਨੀਆ ਦੇ ਲੋਕਾਂ ਤੋਂ ਕਿਤੇ ਜ਼ਿਆਦਾ ਵਿਕਸਿਤ ਹਨ। ਇਸੇ ਤਰ੍ਹਾਂ ਹਾਲੀਵੁੱਡ ਦੀਆਂ 'ਦਿ ਅਰਾਈਵਲ, ਇੰਡੀਪੈਂਡੈਂਸ ਡੇਅ, ਨੋਪ, ਮਾਰਸ ਅਟੈਕਰਜ਼, ਅੰਡਰ ਦਿ ਸਕਿੱਨ, ਏ ਸਪੇਸ ਓਡੀਸੀ, ਮੈਨ ਇਨ ਬਲੈਕ, ਵਾਰ ਆਫ਼ ਦਿ ਵਰਲਡਜ਼, ਦਿ ਥਿੰਗ, ਅਰਾਈਵਲ ਅਤੇ 'ਕਲਾਸਿਕ ਐਨਕਾਊਂਟਰਜ਼ ਆਫ਼ ਦਿ ਥਰਡ ਵਰਲਡ' ਆਦਿ ਸਮੇਤ ਸੌ ਦੇ ਕਰੀਬ ਫ਼ਿਲਮਾਂ ਵੀ ਦੂਜੇ ਗ੍ਰਹਿਆਂ ਤੋਂ ਯੂ.ਐੱਫ਼.ਓ. ਦੇ ਆਉਣ ਅਤੇ ਉਨ੍ਹਾ ਗ੍ਰਹਿਆਂ ਦੇ ਲੋਕਾਂ ਦਾ ਹਾਈਟੈਕ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਹ ਸਾਰੀਆਂ ਫ਼ਿਲਮਾਂ ਕੋਰੀ ਕਲਪਨਾ 'ਤੇ ਆਧਾਰਤ ਨਹੀਂ ਸਨ, ਸਗੋਂ ਵੱਖ-ਵੱਖ ਪੁਲਾੜ ਵਿਗਿਆਨੀਆਂ ਜਾਂ ਵਿਸ਼ਾ ਮਾਹਿਰਾਂ ਵੱਲੋਂ ਹੁਣ ਤੱਕ ਜੋ ਵੀ ਉੱਡਣ ਤਸ਼ਤਰੀਆਂ ਜਾਂ ਦੂਜੇ ਗ੍ਰਹਿ ਦੇ ਵਾਸੀਆਂ ਬਾਰੇ ਦੱਸਿਆ ਗਿਆ ਹੈ, ਉਸ ਜਾਣਕਾਰੀ 'ਤੇ ਆਧਾਰਤ ਸਨ। ਚੇਤੇ ਰਹੇ ਕਿ ਪੁਲਾੜ ਵਿਚ ਭੇਜੇ ਗਏ 'ਜੈਮਿਨੀ-4' ਅਤੇ 'ਜੈਮਿਨੀ-7' ਆਦਿ ਮਿਸ਼ਨਾਂ ਦੇ ਪੁਲਾੜ ਯਾਤਰੀਆਂ ਤੋਂ ਇਲਾਵਾ 'ਸੰਨ 2005 ਵਿਚ ਲਿਰਾਏ ਸ਼ਿਆਓ, ਸਾਲ 2013 ਵਿਚ ਕ੍ਰਿਸਟੋਫ਼ਰ ਕੱਸੈਡੀ ਅਤੇ ਸੰਨ 2020 ਵਿਚ ਇਵਾਨ ਵੈਗਨਰ' ਨਾਮਕ ਪੁਲਾੜ ਯਾਤਰੀਆਂ ਨੇ ਪੁਲਾੜ ਵਿਚ ਕੁਝ ਰਹੱਸਮਈ 'ਉੱਡਣ ਵਸਤੂਆਂ' ਵੇਖੇ ਜਾਣ ਦੇ ਦਾਅਵੇ ਕੀਤੇ ਹਨ। ਯੂ.ਐੱਫ਼.ਓ. ਬਾਰੇ ਚਰਚਾ ਵਰਤਮਾਨ ਸਮੇਂ ਵਿਚ ਵੀ ਪੂਰੇ ਜ਼ੋਰਾਂ 'ਤੇ ਹੈ ਤੇ ਹਰ ਸਾਲ ਯੂ.ਐੱਫ਼.ਓ. ਅਤੇ ਦੂਜੇ ਗ੍ਰਹਿਆਂ ਦੇ ਜੀਵਾਂ ਦੀ ਹੋਂਦ 'ਤੇ ਵਿਸ਼ਵਾਸ ਕਰਨ ਵਾਲਿਆਂ ਦੀ ਸੰਖਿਆ ਵਧਦੀ ਜਾ ਰਹੀ ਹੈ।

ਮੋਬਾ : 97816-46008

# ਬਸੰਤ ਦਾ ਰੁਦਨ : ਕੁਦਰਤ-ਪੱਖੀ ਖੇਤੀ ਨੀਤੀ ਹੀ ਇਸ ਦਾ ਪੁਖਤਾ ਹੱਲ

**ਫਰਤਾਗ**

**ਵਿਜੇ ਬੰਬੇਲੀ**

ਬੀਤੇ ਵਰ੍ਹਿਆਂ 'ਚ ਰੈਸ਼ਲ ਕਰਸਨ ਦੀ ਪ੍ਰਸਿੱਧ ਪੁਸਤਕ 'ਸਾਈਲੈਂਟ ਸਪਰਿੰਗ' (ਮੂਕ ਬਸੰਤ) ਨੇ ਲੋਕਾਂ ਦਾ ਧਿਆਨ ਖਿੱਚਿਆ ਸੀ, ਜਿਸ ਵਿਚ ਖੇਤੀ ਰਸਾਇਣਾਂ ਤੇ ਇਨ੍ਹਾਂ ਦੇ ਬਹੁ-ਪੱਖੀ ਮਾਰੂ ਅਸਰਾਂ ਦਾ ਗਹਿਰ-ਗੰਭੀਰ ਚਿੰਤਨ ਕੀਤਾ ਗਿਆ ਹੈ। ਇਸ ਪੁਸਤਕ 'ਚ ਅਮਰੀਕਾ ਦੇ ਇੱਕ ਕਸਬੇ ਦਾ ਚਿਤਰਨ ਹੈ। ਜਿੱਥੇ ਮਨੁੱਖ ਅਤੇ ਜੀਵ ਕੁਦਰਤ ਨਾਲ ਤਾਲਮੇਲ 'ਚ ਰਹਿ ਰਹੇ ਸਨ, ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਹੇ ਸਨ। ਅਚਾਨਕ ਹਰ ਤਰ੍ਹਾਂ ਦੀ ਜ਼ਿੰਦਗੀ ਨੂੰ ਮੌਤ ਨੇ ਨਿਗਲਣਾ ਸ਼ੁਰੂ ਕਰ ਦਿੱਤਾ। ਬਹਾਰਾਂ ਦੀ ਰੁੱਤੇ ਫੁੱਲ ਪਰਾਗਣ ਕਿਰਿਆ ਲਈ ਕੀਟਾਂ ਦੀ ਉਡੀਕ ਕਰ ਰਹੇ ਸਨ, ਪਰ ਬਾਹਰੀ ਤਬਦੀਲੀਆਂ ਦੀ ਕੋਈ ਖਾਸ ਝਲਕ ਨਹੀਂ ਸੀ ਮਿਲ ਰਹੀ। ਕਾਰਨ ਲੱਭਣ 'ਤੇ ਪਤਾ ਲੱਗਾ ਕਿ ਡੀ ਡੀ ਟੀ ਦਾ ਚਿੱਟਾ ਧੂੜਾ ਇਸ ਦਾ ਕਾਰਨ ਸੀ। ਬਾਅਦ ਡੀ ਡੀ ਟੀ ਉੱਤੇ ਪਾਬੰਦੀ ਲਾ ਦਿੱਤੀ ਗਈ, ਪਰ ਇਸੇ ਸ਼੍ਰੇਣੀ ਦੇ ਕਈ ਹੋਰ ਉਤਪਾਦ ਮੰਡੀ 'ਚ ਆ ਗਏ।

ਜੀਵ ਮੰਡਲ ਨੂੰ ਪਲੀਤ ਕਰਨ ਵਾਲੇ ਹੋਰ ਪਦਾਰਥਾਂ ਤੋਂ ਉੱਲਟ ਕੀਟ-ਨਾਸ਼ਕ ਵਾਤਾਵਰਣ ਵਿੱਚ ਰਚ ਜਾਂਦੇ ਹਨ। 'ਕਰੜੇ ਨਿਯਮਾਂ ਦੀ ਪਾਲਣਾ' ਦੇ ਬਾਵਜੂਦ 98 ਫ਼ੀਸਦੀ ਕੀਟ-ਨਾਸ਼ਕ ਅਤੇ ਉੱਲੀ-ਨਾਸ਼ਕ ਦਵਾਈਆਂ ਅਤੇ 95 ਫ਼ੀਸਦੀ ਬੂਟੀ-ਨਾਸ਼ਕ ਦਵਾਈਆਂ ਆਪਣੇ ਅਸਲ ਨਿਸ਼ਾਨੇ ਉੱਤੇ ਨਹੀਂ ਪੁੱਜਦੀਆਂ ਅਤੇ ਸਾਡੀ ਪੌਣ-ਪਾਣੀ ਅਤੇ ਮਿੱਟੀ ਦਾ ਹਿੱਸਾ ਬਣ ਜਾਂਦੀਆਂ ਹਨ। ਸਿੱਟਾ; ਮਿੱਤਰ ਜੀਵ ਜਿਹੜੇ ਪਰ-ਪਰਾਗਣ ਅਤੇ ਨਰੋਈ ਖੁਰਾਕ ਪੈਦਾ ਕਰਨ ਵਿੱਚ ਸਿਫਤੀ ਰੋਲ ਨਿਭਾਉਂਦੇ ਹਨ ਲੁਪਤ ਹੋ ਰਹੇ ਹਨ ਦਰ-ਹਕੀਕਤ; ਪਰ-ਪਰਾਗਣ ਹੁਣ ਕੀਟ ਨਹੀਂ ਕਰਦੇ, ਜਾਨੇਟੀਕਲੀ ਮੋਡੀਫਾਈ ਕਰਦੀ ਹੈ। ਅਰਥਾਤ; ਹੁਣ ਕੁਦਰਤੀ ਪ੍ਰਕਿਰਿਆ ਨਾਲ ਫੁੱਲ ਨਹੀਂ ਖਿੜਦੇ, ਹਾਈਬਰੇਡਿੰਗ ਨਾਲ ਖਿੜਦੇ ਹਨ। ਸਾਡੇ ਅਚੇਤ-ਸੁਚੇਤ ਚਲਣ ਕਾਰਨ ਮਿੱਤਰ ਜੀਵ, ਖਾਸ ਕਰ ਸੂਖਮ ਜੀਵ ਮਰ-ਮੁੱਕ ਰਹੇ ਹਨ, ਬੜਾ ਹਰਜਾਨਾ ਭੁਗਤਣਾ ਪਵੇਗਾ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ।

ਇਕ ਖ਼ੂਬਸੂਰਤ ਉਦਾਹਰਣ ਪਰਾਗਦਾਨੀਆਂ ਦੀ ਦਿੱਤੀ ਜਾ ਸਕਦੀ ਹੈ। ਪੌਦੇ, ਕੁਦਰਤੀ ਵਾਤਾਵਰਣ ਅਤੇ ਮਨੁੱਖ ਦਾ ਅਹਿਮ ਅੰਗ ਹਨ। ਪੌਦਿਆਂ ਦੇ ਜੀਵਨ-ਚੱਕਰ ਦੇ ਬਣੇ ਰਹਿਣ ਵਿਚ ਕੀਟਾਂ, ਤਿਤਲੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਚਾਮਚੜਿੱਕਾਂ, ਕੁਝ ਬਾਂਦਰ ਨਸਲਾਂ ਅਤੇ ਹੰਮਿਗ ਬਰਡ (ਲੰਮੀ ਤਿੱਖੀ ਚੁੰਜ ਵਾਲੀ ਫੁਦਕਣ ਵਾਲੀ ਨਿੱਕੀਆਂ ਚਿੜੀਆਂ) ਆਦਿ ਵੀ ਪੌਦਿਆਂ/ ਬੀਜ ਦੀ ਪ੍ਰਫੁਲਤਾ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅੱਧੀ ਸਦੀ ਪਹਿਲਾਂ, ਸਾਡੀ ਧਰਤੀ ਉੱਤੇ ਲੱਗਭਗ 2,50,000 ਕਿਸਮਾਂ ਦੇ ਫੁੱਲਾਂ ਵਾਲੇ ਪੌਦੇ ਮੌਜੂਦ ਸਨ। ਇਨ੍ਹਾਂ ਵਿਚੋਂ ਲੱਗਭਗ 60 ਫ਼ੀਸਦੀ ਪੌਦੇ, ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਮਦਦ ਤੋਂ ਬਿਨਾਂ ਪੌਦਿਆਂ ਅੰਦਰ ਨਰ ਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਨ ਸੰਭਵ ਨਹੀਂ ਹੁੰਦਾ। ਭਾਵੇਂ ਕਾਈ ਅਤੇ ਸਾਵਲ ਦੇ ਪੌਦੇ ਖੁਦ-ਬ-ਖੁਦ ਪ੍ਰਫੁਲਤ ਹੋਣ ਦੇ ਸਮਰੱਥ ਹਨ, ਪ੍ਰੰਤੂ ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫਲਾਂ ਦੀਆਂ ਤਕਰੀਬਨ ਸਾਰੀਆਂ, ਵੰਨਗੀਆਂ ਨੂੰ ਪਰਾਗਦਾਨੀਆਂ ਦੀ ਮਦਦ ਦੀ ਲੋੜ ਪੈਂਦੀ ਹੈ, ਪਰ-ਪਰਾਗਣ ਲਈ ਨਰ-ਫੁੱਲ ਤੋਂ ਪਰਾਗ-ਕਣ, ਉਸੇ ਵੰਨਗੀ ਦੇ ਮਾਦਾ ਫੁੱਲ ਦੇ ਸਟਿਗਮਾ ਉਤੇ ਪੁੰਹਚਾਉਣ ਦੀ ਇਸ ਦੀ ਇਸ ਕਿਰਿਆ ਨੂੰ ਪਰਾਗਦਾਨ ਕਿਹਾ ਜਾਂਦਾ ਹੈ। ਜਿਸ ਬਿਨਾਂ ਜਨਣ-ਕ੍ਰਿਆ ਸੰਭਵ ਨਹੀਂ ਅਤੇ ਪੌਦੇ ਵੀ ਮਨੁੱਖ ਪ੍ਰਤੀ ਆਪਣੀ ਵਿਸ਼ੇਸ਼ ਭੂਮਿਕਾ ਨਹੀਂ ਨਿਭਾਅ ਸਕਦੇ।

ਅੰਕੜਿਆਂ ਅਨੁਸਾਰ ਵਿਸ਼ਵ-ਭਰ ਵਿਚ ਲਗਭਗ ਦੋ ਲੱਖ ਕਿਸਮਾਂ ਦੇ ਜੀਵ ਪਰਾਗਦਾਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ। ਇਹ ਸਾਰੇ ਜੀਵ, ਬਨਸਪਤੀ ਅਤੇ ਪ੍ਰਾਣੀ ਜਗਤ ਦੀ ਵਿਭਿੰਨਤਾ ਬਣਾਈ ਰੱਖਣ ਲਈ ਅਤੀ ਲੋੜੀਂਦੇ ਹਨ, ਜਿਹੜੇ ਆਪਣੀਆਂ ਰੋਜ਼ਾਨਾ ਕ੍ਰਿਆਵਾਂ ਰਾਹੀਂ ਫ਼ਸਲੀ ਪੈਦਾਵਾਰ ਦੇ ਵਾਧੇ ਵਿਚ ਵੱਡਾ ਯੋਗਦਾਨ ਪਾਉਂਦੇ ਸਨ/ ਹਨ। ਤਾਅ-ਦੁਨੀਆ ਵਿਚ ਕਰੀਬ 1330 ਕਿਸਮਾਂ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਫਲ ਹੋਣ ਜਾਂ ਸ਼ਬਜੀਆਂ, ਫਲੀਦਾਰ ਜਾਂ ਚਾਹ ਤੇ ਕੌਫੀ ਦੇ ਬਗਾਨ, ਤਕਰੀਬਨ ਸਭ ਨੂੰ ਪਰਾਗਦਾਨੀ ਜੀਵਾਂ/ ਕੀਟਾਂ ਦੀ ਲੋੜ ਹੈ। ਅਫਸੋਸ! ਜ਼ਹਿਰਾਂ ਕਾਰਨ, ਪਿਛਲੇ ਕੁਝ ਸਾਲਾਂ ਦੌਰਾਨ ਹੀ, ਬਹੁਤ ਸਾਰੀਆਂ ਵੰਨਗੀਆਂ ਤੇ ਪਰਾਗਦਾਨੀਆਂ ਦੀਆਂ ਨਸਲਾਂ ਖਾਤਮਾ ਹੋ ਗਿਆ ਹੈ, ਜਿਸ ਕਾਰਨ ਫਸਲਾਂ ਦੀ ਪੌਸ਼ਟਿਕਤਾ ਅਤੇ ਨਰੋਈ ਗੁਣਵੱਤਾ 'ਚ ਤਿੱਖੀ ਕਮੀ ਆਈ ਹੈ। ਆਈ ਯੂ ਸੀ ਐੱਨ (ਅੰਤਰ ਰਾਸ਼ਟਰੀ ਕੁਦਰਤੀ ਸਰੰਖਿਅਣ ਸੰਸਥਾ) ਮੁਤਾਬਕ ਜੇ ਡਗਰ ਇਹੀ ਰਹੀ ਤਾਂ, ਅਗਲੇ ਕੁਝ ਸਾਲਾਂ ਅੰਦਰ ਪਰਾਗਦਾਨੀਆਂ ਦੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀ 20,000 ਵੰਨਗੀਆਂ ਦੇ ਖ਼ਤਮ ਹੋ ਜਾਣਗੀਆਂ। ਪਛਤਾਵੋਂਗੇ।

ਜਿਵੇਂ-ਜਿਵੇਂ ਅਸੀਂ ਫ਼ਸਲਾਂ ਨੂੰ ਦਵਾਈਆਂ ਅਤੇ ਖਾਦਾਂ ਦੇ ਭਾੜੇ ਉੱਪਰ ਪਾ ਰਹੇ ਹਾਂ, ਤਿਵੇਂ-ਤਿਵੇਂ ਮਨੁੱਖੀ ਸਰੀਰ ਵੀ ਦਵਾਈਆਂ ਅਧੀਨ ਹੁੰਦਾ ਜਾ ਰਿਹਾ ਹੈ। ਜੰਗਲੀ ਅਤੇ ਦੇਸੀ ਕਿਸਮਾਂ ਵਿੱਚ ਕੀੜਿਆਂ ਅਤੇ ਬਿਮਾਰੀਆਂ ਤੋਂ ਬਚ ਸਕਣ ਦੀ ਸਮਰੱਥਾ ਹੁੰਦੀ ਸੀ। ਇਹ ਸੋਕੇ ਅਤੇ ਅਸਾਧਾਰਨ ਗਰਮੀ-ਸਰਦੀ ਨੂੰ ਵੀ ਸਹਿਣ ਕਰ ਸਕਦੀਆਂ ਹਨ। ਖੇਤੀ ਵਿਗਿਆਨੀ ਡਾ. ਸਵਾਮੀਨਾਥਨ ਦੀ ਚਿਤਾਵਨੀ ਅਨੁਸਾਰ, 'ਪੁਰਾਣੀਆਂ ਕਿਸਮਾਂ ਦੀ ਥਾਂ 'ਤੇ ਨਵੀਂਆਂ ਪੈਦਾ ਕਰਨ ਨਾਲ ਬਨਸਪਤੀ ਦੀ ਭਿੰਨਤਾ ਸਮਾਪਤ ਹੁੰਦੀ ਜਾ ਰਹੀ ਹੈ। ਇਸ ਦਾ ਇਕ ਸਿੱਟਾ ਇਹ ਹੈ ਕਿ ਜਿਉਂ-ਜਿਉਂ ਇਲਾਕਿਆਂ ਵਿੱਚ ਇੱਕ ਜਾਂ ਥੋੜ੍ਹੀ ਕਿਸਮ ਦੀਆਂ ਫਸਲਾਂ ਹੀ ਪੈਦਾ ਹੋ ਰਹੀਆਂ ਹਨ, ਉਨ੍ਹਾਂ ਵਿੱਚ ਬਿਮਾਰੀਆਂ ਫੈਲਣ ਦਾ ਅਧਾਰ ਬਣਦਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਰਵਾਇਤੀ ਜਾਂ ਦੇਸੀ ਤਾਂ ਕੀ ਨਵੀਂਆਂ ਉੱਨਤ ਹੋਈਆਂ ਕਿਸਮਾਂ ਵਿੱਚ ਵੀ ਮੌਲਿਕ ਜਰਮ ਪਲਾਜ਼ਿਮ (ਬਿਮਾਰੀਆਂ ਅਤੇ ਕੀੜਿਆਂ ਦਾ ਟਾਕਰਾ ਕਰਨ ਦੀ ਕੁਦਰਤਨ ਅੰਦਰੂਨੀ ਸ਼ਕਤੀ) ਦੀ ਸ਼ਕਤੀ ਘਟ ਰਹੀ ਹੈ।' ਇਸੇ ਹਫੜਾ-ਦਫੜੀ ਵਿਚ ਕਿਸਾਨਾਂ ਨੂੰ ਕਾਰਪੋਰੇਟਸ ਵੱਲੋਂ ਜ਼ਹਿਰਾਂ ਅਤੇ ਹਾਈਬਰੈਡ ਤੇ ਜੈਨਟਿਕ ਬੀਜ ਅਪਨਾਉਣ ਲਈ ਵਰਗਲਾਅ ਲਿਆ ਜਾਂਦਾ ਹੈ।

ਦਰ-ਹਕੀਕਤ, ਪਹਿਲ-ਪਲੱਕੜਿਆਂ 'ਚ ਰਸਾਇਣਾਂ ਦੀ ਖੋਜ ਫ਼ਸਲ ਸੁਰੱਖਿਆ ਲਈ ਨਹੀਂ, ਸਗੋਂ ਰਸਾਇਣਕ ਯੁੱਧ ਲਈ ਕੀਤੀ ਗਈ ਸੀ। ਫ਼ਸਲਾਂ ਲਈ ਇਨ੍ਹਾਂ ਦੀ ਵਰਤੋਂ ਮਗਰੋਂ ਸ਼ੁਰੂ ਹੋਈ। ਵਿਸ਼ਵ ਯੁੱਧ ਦੇ ਖ਼ਤਮ ਹੁੰਦਿਆਂ ਹੀ ਇੱਕ ਨਵੇਂ ਰਸਾਇਣਕ ਯੁੱਗ ਦੀ ਸ਼ੁਰੂਆਤ ਹੋਈ। ਕੀਟਾਂ ਨੂੰ ਮਾਰਨ ਲਈ ਡੀ ਡੀ ਟੀ ਅਤੇ ਟੂ ਫੋਰ ਡੀ ਵਰਗੇ ਰਸਾਇਣਾਂ ਦੀ ਵਰਤੋਂ ਆਮ ਹੋ ਗਈ। ਅਮਰੀਕਾ ਵੱਲੋਂ ਵੀਅਤਨਾਮ ਵਿਚ ਵਰਤੇ ਗਏ ਰਸਾਇਣਕ ਹਥਿਆਰ ਏਜੰਟ ਔਰੇਂਜ (2-4ਡੀ ਔਰਗੈਨੋਫਾਸ) ਇਨ੍ਹਾਂ ਕੰਪਨੀਆਂ ਦੁਆਰਾ ਬਣਾਏ ਹੋਏ ਸਨ। ਇਹੀ ਰਸਾਇਣ ਹੁਣ ਰਾਊਂਡਅੱਪ ਦੇ ਨਾਂਅ ਥੱਲੇ ਧੜੱਲੇ ਨਾਲ ਵਿਕਦਾ ਹੈ। ਬੀਤੀ ਸਦੀ ਦੇ ਪੰਜਵੇਂ ਦਹਾਕੇ 'ਚ ਹੀ ਦਸ ਹਜ਼ਾਰ ਤੋਂ ਕਿਤੇ ਵੱਧ ਬਰਾਂਡ ਰਜਿਸਟਰਡ ਹੋ ਚੁੱਕੇ ਸਨ। ਸੰਬੰਧਤ ਕੰਪਨੀਆਂ ਦਾ ਵਪਾਰ 38 ਬਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਸੀ, ਜਿਹੜਾ ਹੁਣ ਕਰੀਬ ਹਜ਼ਾਰ ਬਿਲੀਅਨ ਡਾਲਰ ਹੈ। 'ਇਤਿਹਾਸਕਾਰ' ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਸਮੇਂ ਨੂੰ ਕੀਟਨਾਸ਼ਕਾਂ ਦਾ 'ਸੁਨਹਿਰੀ ਯੁੱਗ' ਆਖਦੇ ਹਨ।

ਅਸਲ ਵਿਚ ਇਹ ਸਾਰੀ ਖੇਡ ਇੱਕ ਗਿਣੀ-ਮਿਥੀ ਸਾਜ਼ਿਸ਼ ਦਾ ਨਤੀਜਾ ਹੈ ਤੇ ਉਹ ਸਾਜ਼ਿਸ਼ ਹੈ ਖੇਤੀ 'ਤੇ ਕਬਜ਼ਾ ਕਰਨ ਦੀ। ਕਿਸਾਨਾਂ ਦੇ ਰਵਾਇਤੀ ਗਿਆਨ, ਦੇਸੀ ਬੀਜਾਂ, ਦੇਸੀ ਪਸ਼ੂ-ਧਨ ਅਤੇ ਕੁਦਰਤੀ ਸੋਮਿਆਂ 'ਤੇ ਆਪਣਾ ਅਧਿਕਾਰ ਜਮਾ ਕੇ ਉਨ੍ਹਾਂ ਦੀ ਖੇਤੀ ਨੂੰ ਸਾਮਰਾਜੀ ਤਾਕਤਾਂ ਅਤੇ ਬਹੁਕੌਮੀ ਕੰਪਨੀਆਂ ਦੀ ਗੁਲਾਮ ਬਣਾਉਣ ਦੀ। ਇਸ ਵੇਲੇ ਖੇਤੀ ਵਿਚ ਇਸਤੇਮਾਲ ਹੋਣ ਵਾਲੇ ਰਸਾਇਣਾਂ, ਖਾਦਾਂ ਅਤੇ ਬੀਜਾਂ 'ਤੇ ਧੜਵੈਲ ਕੰਪਨੀਆਂ ਦਾ ਏਕਾਧਿਕਾਰ ਸਥਾਪਤ ਹੋ ਰਿਹਾ ਹੈ। ਦੁਨੀਆ ਭਰ ਦਾ ਪੌਣਾ ਹਿੱਸਾ ਕੀਟਨਾਸ਼ਕ ਤੇ ਅੱਧੇ ਹਿੱਸੇ ਤੋਂ ਜ਼ਿਆਦਾ ਬੀਜ ਵਪਾਰ ਮੁੱਠੀ-ਭਰ ਬਹੁਕੌਮੀ ਕੰਪਨੀਆਂ ਦੇ ਹੱਥਾਂ ਵਿਚ ਜਾ ਚੁੱਕਿਆ ਹੈ।

ਆਓ! ਬਸੰਤ ਦਾ ਰੁਦਨ ਸੁਣੀਏ, "ਹਾਕਮ ਜਮਾਤਾਂ ਦੀ 'ਤੀਬਰ ਬੁੱਧੀ' ਵਿਕਾਸ ਦਾ ਭੁਲੇਖਾ ਦੇ ਕੇ ਵਿਨਾਸ਼ ਵੱਲ ਲਿਜਾ ਰਹੀ ਹੈ। ਅਖੌਤੀ ਵਿਕਾਸ-ਸੱਭਿਅਤਾ ਨੇ ਧਰਤੀ ਨੂੰ ਬਰਬਾਦ ਕਰ ਦੇਣਾ ਹੈ। ਬਹੁਤ ਸਾਰੀਆਂ ਪ੍ਰਜਾਤੀਆਂ ਆਪਣੀ ਹੋਂਦ ਗੁਆ ਚੁੱਕੀਆਂ ਹਨ, ਕੁਝ ਖ਼ਤਰੇ ਦੇ ਮੁਹਾਨੇ 'ਤੇ ਖੜ੍ਹੀਆਂ ਹਨ। ਸਿੱਟੇ ਵਜੋਂ, ਜਿਸ ਨਸਲ ਨੇ ਅਜੇ ਜਨਮ ਵੀ ਨਹੀਂ ਲਿਆ, ਉਸ ਦਾ ਜੀਵਨ ਵੀ ਖ਼ਤਰੇ 'ਚ ਹੈ।"

ਤੁਸੀਂ ਮੈਨੂੰ ਨਾਈਜੀਰੀਆ ਦੇ ਪ੍ਰਧਾਨ ਇਬਰਾਹਿਮ ਸਾਬਾਨਗੀਡਾ ਦੇ ਇੱਕ ਕਥਨ ਨਾਲ, ਇਹ ਕਾਲਮ ਬੰਦ ਕਰਨ ਦੀ ਆਗਿਆ ਦਿਓ, 'ਕਿਸੇ ਵੀ ਸਰਕਾਰ ਨੂੰ ਭਾਵੇਂ ਉਸ ਨੂੰ ਦੌਲਤ ਦਾ ਕਿੰਨਾ ਵੀ ਵੱਡਾ ਲਾਲਚ ਦਿਸ ਰਿਹਾ ਹੋਵੇ, ਬੱਚਿਆਂ ਦੀ ਹੋਣੀ ਗਹਿਣੇ ਨਹੀਂ ਪਾਉਣੀ ਚਾਹੀਦੀ।' ਨਵੀਂ ਅਤੇ ਕੁਦਰਤ ਪੱਖੀ ਖੇਤੀ ਨੀਤੀ ਹੀ ਇਸਦਾ ਪੁਖਤਾ ਹੱਲ। ਪਰ, ਇਹ ਸਾਰਾ ਕੁਝ ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ ਵਿਚ ਹੀ ਸੰਭਵ ਹੈ।

*ਸੰਪਰਕ 94634-39075*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

8-Sep-Sunday.qxd 9/7/2024 10:39 PM Page 4



# ਰਾਜਨੀਤਕ ਚੇਤਨਾ ਦੀ ਗ਼ਜ਼ਲਕਾਰੀ

ਫੋਕਸ

## ਚਰਚਾ ਇਕ ਪੁਸਤਕ ਦੀ

**ਸੰਧੂ ਵਰਿਆਣਵੀ**







### ਅਧਖਿੜੇ ਗੁਲਾਬ

(ਗ਼ਜ਼ਲ-ਸੰਗ੍ਰਹਿ)
**ਜਗਦੀਸ਼ ਰਾਣਾ**
**ਪੰਨੇ-140, ਮੁੱਲ-200 ਰੁਪਏ**
**ਐੱਸ ਪੀ ਢੰਡਾ ਪਬਲੀਕੇਸ਼ਨ ਕੋਟ ਕਲਾਂ, ਜਲੰਧਰ**

ਪੰਜਾਬੀ ਗ਼ਜ਼ਲ ਖੇਤਰ ਵਿੱਚ ਦੀਪਕ ਗ਼ਜ਼ਲ ਸਕੂਲ ਦਾ ਨਾਂਅ ਉੱਘਾ ਹੈ।ਇਸ ਘਰਾਣੇ ਦਾ ਸੰਬੰਧ ਮੁਜਰਿਮ ਦਸੂਹੀ (ਹਰਬੰਸ ਲਾਲ) ਨਾਲ ਹੈ, ਜੋ ਕਿ ਪੰਡਿਤ ਧਿਰਤ ਰਾਮ 'ਖ਼ੁਦਮੁਖਤਾਰ' ਦੇ ਸ਼ਾਗਿਰਦ ਸਨ।ਸ਼ਾਗਿਰਦੀ-ਉਸਤਾਦੀ ਇਸ ਗ਼ਜ਼ਲ ਸਕੂਲ ਦਾ ਵਿਸ਼ੇਸ਼ ਗੁਣ ਹੈ। ਬਾ-ਕਾਇਦਾ ਗ਼ਜ਼ਲ ਕਾਵਿ-ਵਿਧਾ ਤੇ ਵਿਧੀ-ਵਤ ਤਾਲੀਮ ਦਾ ਪ੍ਰਬੰਧ ਇਸ ਸਕੂਲ ਵੱਲੋਂ ਕੀਤਾ ਜਾਂਦਾ ਹੈ।ਮੁਜਰਿਮ ਦਸੂਹੀ ਆਪਣੇ ਉਸਤਾਦ 'ਖ਼ੁਦ ਮੁਖਤਾਰ' 'ਤੇ ਮਾਣ ਮਹਿਸੂਸ ਕਰਦਾ ਹੈ, ਜਿਸ ਨੇ ਉਸ ਨੂੰ ਸ਼ਿਅਰ ਕਹਿਣ ਦੀ ਤੌਫ਼ੀਕ ਬਖ਼ਸ਼ੀ ਹੈ।ਹੇਠਲਾ ਸ਼ਿਅਰ ਦੇਖੋ :-

ਨਾਜ਼ ਹੈ ਮੈਨੂੰ ਕਿ ਹਾਂ ਸ਼ਾਗਿਰਦ 'ਖ਼ੁਦਮੁਖਤਾਰ' ਦਾ,
'ਮੁਜਰਿਮ' ਇਸ ਨਿਸਬਤ ਤੋਂ ਮੈਂ ਉਸਤਾਦ ਹੁੰਦਾ ਜਾ ਰਿਹਾਂ।

ਦੀਪਕ ਜੈਤੋਈ ਦੇ ਸ਼ਾਗਿਰਦਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ।ਉਸ ਨੇ ਗ਼ਜ਼ਲ ਸਕੂਲ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਮੁਜਰਿਮ ਗ਼ਜ਼ਲ ਸਕੂਲ ਦਾ ਮੁਖੀ ਜਨਾਬ ਡੀ ਆਰ ਧਵਨ ਨੂੰ ਬਣਾਇਆ ਅਤੇ ਇਸੇ ਪ੍ਰਕਾਰ ਜਨਾਬ ਗੁਰਦਿਆਲ ਰੌਸ਼ਨ ਨੂੰ ਦੀਪਕ ਗ਼ਜ਼ਲ ਸਕੂਲ ਦੀ ਜਾ-ਨਸ਼ੀਨੀ ਬਖ਼ਸ਼ੀ।ਜਨਾਬ ਅਮਰਜੀਤ ਸਿੰਘ ਸੰਧੂ ਦਾ ਸੰਬੰਧ ਵੀ ਦੀਪਕ ਗ਼ਜ਼ਲ ਸਕੂਲ ਨਾਲ ਹੈ ਕਿਉਂਕਿ ਉਹ ਵੀ ਜਨਾਬ ਦੀਪਕ ਜੈਤੋਈ ਦੇ ਸ਼ਾਗਿਰਦ ਹਨ।ਅਮਰਜੀਤ ਸਿੰਘ ਸੰਧੂ ਹੁਰਾਂ ਵੀ ਆਪਣਾ ਸੁਤੰਤਰ 'ਸੰਧੂ ਗ਼ਜ਼ਲ ਸਕੂਲ' ਸਥਾਪਤ ਕੀਤਾ ਹੈ।ਉਸ ਦੇ ਵੀ ਅਨੇਕਾਂ ਸ਼ਾਗਿਰਦ ਹਨ।ਉਹਨਾਂ ਦੇ ਹੋਣਹਾਰ ਸ਼ਾਗਿਰਦਾਂ ਵਿੱਚ ਇੱਕ ਨਾਂਅ ਜਗਦੀਸ਼ ਰਾਣਾ ਦਾ ਹੈ।ਮੇਰੀ ਉਪਰੋਕਤ ਵਾਰਤਾ ਲਿਖਣ ਦਾ ਸਾਰ-ਤੱਤ ਇਹ ਹੈ, ਇਸ ਸਕੂਲ ਨਾਲ਼ ਜੁੜੇ ਸ਼ਾਇਰ, ਆਪਣੀ ਸ਼ਾਇਰੀ ਨਾਲ ਸ਼ਿੱਦਤ ਨਾਲ ਜੁੜੇ ਰਹੇ ਸਨ ਅਤੇ ਅਗਾਂਹ ਵੀ ਜੁੜੇ ਹੋਏ ਹਨ।ਸ਼ਬਦ-ਸਾਧਨਾ ਨੂੰ 'ਤਪੱਸਿਆ' ਵਾਂਗ ਹੀ ਲੈਂਦੇ ਹਨ।

ਜਗਦੀਸ਼ ਰਾਣਾ ਜੋ ਕਿ ਲੰਬੇ ਸਮੇਂ ਤੋਂ ਗ਼ਜ਼ਲ ਕਹਿੰਦਾ ਆ ਰਿਹਾ ਹੈ, ਉਸ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਅੱਧਖਿੜੇ ਗੁਲਾਬ' ਲੋਕ ਅਰਪਣ ਕਰਨ ਦਾ ਅਵਸਰ ਮੈਨੂੰ ਪ੍ਰਾਪਤ ਹੋਇਆ।ਉਸ ਦੇ ਸੰਬੰਧ ਵਿੱਚ ਕੁਝ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਵੀ ਮੇਰੇ ਲਈ ਮਾਣ ਵਾਲੀ ਗੱਲ ਹੈ।ਇਸ ਗ਼ਜ਼ਲ ਸੰਗ੍ਰਹਿ ਵਿਚ ਉਸ ਨੇ 95 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ।ਇਸ ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਉਸ ਦਾ ਗੀਤ ਸੰਗ੍ਰਹਿ 'ਯਾਦਾਂ ਦੇ ਗਲੋਟੇ' 2011 ਈ. ਵਿੱਚ ਪ੍ਰਕਾਸ਼ਿਤ ਹੋਇਆ ਸੀ।ਇਸ ਗੀਤ ਸੰਗ੍ਰਹਿ ਵਿਚਲੇ ਗੀਤਾਂ ਨੂੰ ਉਸ ਸਮੇਂ ਦੇ ਨਾਮਵਰ ਗਾਇਕਾਂ ਵੱਲੋਂ ਗਾਇਆ ਗਿਆ ਸੀ।

'ਅੱਧਖਿੜੇ ਗੁਲਾਬ' ਗ਼ਜ਼ਲ ਸੰਗ੍ਰਹਿ ਦਾ ਸਮਰਪਣ ਦੇ ਸ਼ਬਦ : 'ਫ਼ਿਰਕਾਪ੍ਰਸਤੀ ਧਾਰਮਿਕ ਕੱਟੜਤਾ, ਸਰਮਾਏਦਾਰੀ ਨਿਜ਼ਾਮ ਖ਼ਿਲਾਫ਼ ਜੂਝਦੇ ਲੋਕਾਂ ਦੇ ਨਾਂਅ' ਪਾਠਕ ਦਾ ਧਿਆਨ ਇਸ ਗ਼ਜ਼ਲ-ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਨੂੰ ਪੜ੍ਹਨ, ਸਮਝਣ, ਮਾਨਣ, ਜਾਨਣ ਲਈ ਉਤੇਜਿਤ ਕਰਦੇ ਹਨ। ਇਸੇ ਗ਼ਜ਼ਲ-ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਦੇ ਸ਼ਿਅਰਾਂ ਦੇ ਅਨੇਕਾਂ ਵਿਸ਼ੇ : ਮੁਹੱਬਤ ਸੰਯੋਗ-ਵਿਯੋਗ, ਦੁੱਖ-ਸੁੱਖ, ਗ਼ਰੀਬੀ-ਅਮੀਰੀ, ਉਚ-ਨੀਚ, ਧਾਰਮਿਕ ਕੱਟੜਤਾ, ਸਮਾਜਿਕ ਅਸਮਾਨਤਾ ਨਾਲ ਸੰਬੰਧਤ ਹੋ ਸਕਦੇ ਹਨ, ਕਿਉਂਕਿ ਗ਼ਜ਼ਲ ਦਾ ਹਰ ਇਕ ਸ਼ਿਅਰ ਵੱਖ-ਵੱਖ ਵਿਸ਼ਿਆਂ ਰੂਪਕ ਬੰਦਿਸ਼ ਅਧੀਨ ਹੀ ਕਿਹਾ ਜਾਂਦਾ ਹੈ। ਸਮਰਪਣ ਦੇ ਸ਼ਬਦ 'ਵਿਵਸਥਾ' ਨੂੰ ਸੰਬੋਧਤ ਹਨ ਅਤੇ 'ਵਿਵਸਥਾ' ਦੀਆਂ ਅਨੈਤਿਕ ਕਾਰਵਾਈਆਂ ਦੇ ਖ਼ਿਲਾਫ ਜੂਝਦੇ ਸੰਘਰਸ਼ੀ ਯੋਧਿਆਂ ਦੀ ਗਾਥਾ ਕਹਿਣ ਵੱਲ ਵਧਦੇ ਜਾਪਦੇ ਹਨ। ਸਰਵਰਕ 'ਤੇ ਝਾਤੀ ਮਾਰਦਿਆਂ ਪਾਠਕ ਇਹ ਸਹਿਜੇ ਹੀ ਸਮਝ ਜਾਵੇਗਾ ਕਿ ਚੁੱਕਿਆ ਹੋਇਆ ਹੱਥ ਵਿਵਸਥਾ ਦੇ ਅਨਾਚਾਰੀ ਅਤੇ ਅੱਤਿਆਚਾਰੀ ਵਿਵਹਾਰ ਦੇ ਵਿਰੁੱਧ ਰੋਹ ਦਾ ਪ੍ਰਤੀਕ ਹੈ।ਹੱਥ ਵਿੱਚ ਫੜੀ ਤਖ਼ਤੀ 'ਤੇ ਲਿਖਿਆ ਹੇਠਲਾ ਸ਼ਿਅਰ ਇਨ੍ਹਾਂ ਵਿਚਾਰਾਂ ਦੀ ਸ਼ਾਅਦੀ ਭਰਦਾ ਹੈ :-

ਹਾਲੀ, ਲੇਖਕ ਤੇ ਮਜ਼ਦੂਰ
ਲੋਕ-ਸੰਘਰਸ਼ਾਂ ਦਾ ਨੇ ਨੂਰ

ਇਸ ਦੇ ਉਲਟ ਸਥਿਤੀ ਇਹ ਵੀ ਹੈ ਕਿ ਜਿਨ੍ਹਾਂ ਰਾਜਨੀਤਕ ਵਿਚਾਰਧਾਰਕਾਂ ਨੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਸੀ ਕਿ ਉਹ ਆਮ ਲੋਕਾਈ ਦੀਆਂ ਰੋਜ਼ਮੱਰ੍ਹਾ ਦੀਆਂ ਸਮੱਸਿਆਵਾਂ ਨੂੰ ਠੀਕ ਤਰ੍ਹਾਂ ਸਮਝਦੇ ਤੇ ਫਿਰ ਆਵਾਮ ਨੂੰ ਜਾਗਰੂਪਤਾ ਪ੍ਰਦਾਨ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਲਈ ਜ਼ਿੰਮੇਦਾਰ ਧਿਰਾਂ ਦੀ ਨਿਸ਼ਾਨਦੇਹੀ ਕਰਦਿਆਂ ਅਜਿਹੀਆਂ ਤਾਕਤਾਂ ਵਿਰੁੱਧ ਲਾਮ-ਬੰਦੀ ਕਰਦੇ ਤੇ ਉਨ੍ਹਾਂ ਨੂੰ ਵੰਗਾਰਦੇ, ਪ੍ਰੰਤੂ ਉਹ ਧਿਰਾਂ ਮਸ-ਖ਼ਰੀਆਂ ਬਣ ਕੇ ਅਧੂਰੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਖਿੜਿਆ ਹੋਇਆ ਗੁਲਾਬ ਦਾ ਫੁੱਲ ਚੌਗਿਰਦੇ ਨੂੰ ਮਹਿਕਾਉਂਦਾ ਹੈ, ਪ੍ਰੰਤੂ ਅੱਧਖਿੜਿਆ ਗੁਲਾਬ ਚੌਗਿਰਦੇ ਨੂੰ ਮਹਿਕਾਉਣ ਦੀ ਥਾਂਵੇਂ ਭਰਮ ਦੀ ਸਥਿਤੀ ਉਤਪੰਨ ਕਰਦਾ ਹੈ।ਇਸ ਵਰਤਾਰੇ ਨੂੰ ਵਕ੍ਰੋਕਤੀ (ਅਲੰਕਾਰ) ਨਾਲ ਹੀ ਵਧੇਰੇ ਠੀਕ ਪ੍ਰਸੰਗ 'ਚ ਸਮਝਿਆ ਜਾ ਸਕਦਾ ਹੈ। ਵਕ੍ਰੋਕਤੀ ਅਰਥ ਅਲੰਕਾਰ ਹੈ। ਇਹ ਵਾਕ+ਉਕਤੀ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਦਾ ਹੈ।ਇਸ ਦਾ ਸ਼ਾਬਦਿਕ ਅਰਥ ਟੇਡਾ ਕਥਨ ਹੁੰਦਾ ਹੈ। ਸਿੱਧੇ ਕਥਨ ਤੋਂ ਇਹ ਭਾਵ ਹੈ ਕਿ ਜਿਸ ਨੂੰ ਸਿੱਧੇ ਅਰਥਾਂ ਦੀ ਥਾਂਵੇਂ ਟੇਢਿਆਂ ਕਰਕੇ ਵੇਖਿਆ, ਸਮਝਿਆ ਅਤੇ ਪਰਖਿਆ ਜਾਵੇ। ਪੰਜਾਬੀ ਦੀ ਕਹਾਵਤ ਹੈ ਕਿ ਜੇ ਘਿਓ ਸਿੱਧੀ ਉਂਗਲੀ ਨਾਲ ਨਾ ਨਿਕਲੇ ਤਾਂ ਫਿਰ ਉਂਗਲੀ ਟੇਢੀ ਕਰ ਲੈਣੀ ਉਚਿੱਤ ਹੈ। ਸਰਵਰਕ 'ਤੇ ਦਿੱਤੇ ਸ਼ਿਅਰ ਦੀ ਵੀ ਅੰਦਰੂਨੀ ਮਾਨਸਿਕਤਾ ਇਹੀ ਹੈ। ਕਵਿਤਾ ਜਾਂ ਸਾਹਿਤ ਵਿੱਚ ਇਸ ਨੂੰ ਵਿਅੰਗ ਕਰਨ ਜਾਂ ਤਨਜ਼ੀਆ ਬੋਲਾਂ ਦੇ ਸਮਰੂਪ ਵੀ ਲਿਆ ਜਾ ਸਕਦਾ ਹੈ। ਜ਼ਰਾ ਸ਼ਿਅਰ ਦੇਖੋ:-

ਹੈ ਸੋਚਿਆ ਜਿਨ੍ਹਾਂ ਨੇ ਲਿਆਉਣਾ ਹੈ ਇਨਕਲਾਬ।
ਵੰਡਦੇ ਨੇ ਬਸਤੀਆਂ 'ਚ ਉਹੀ ਅੱਧਖਿੜੇ ਗੁਲਾਬ।

ਉਪਰੋਕਤ ਸ਼ਿਅਰ ਭਾਰਤੀ ਰਾਜਨੀਤਕ ਵਿਵਸਥਾ ਵੱਲ ਸਿੱਧਾ ਸੇਧਿਤ ਹੈ, ਪਰ ਇਸ ਨੂੰ ਸਮਝਿਆ ਉਕਤ ਵਿਧੀ ਅਨੁਸਾਰ ਹੀ ਜਾ ਸਕਦਾ ਹੈ। ਮੈਂ ਗ਼ਜ਼ਲ-ਸੰਗ੍ਰਹਿ ਨੂੰ ਜਗਦੀਸ਼ ਰਾਣਾ ਦੀ ਰਾਜਨੀਤਕ ਚੇਤਨਾ ਦੇ ਅਨੁਸਾਰ ਹੀ ਸਮਝਣ ਅਤੇ ਪਾਠਕ ਨੂੰ ਸਮਝਾਉਣ ਲਈ ਯਤਨਸ਼ੀਲ ਹਾਂ।

ਭਾਰਤ ਵਿੱਚ ਇਸ ਸਮੇਂ ਕਹਿਣ ਨੂੰ ਤਾਂ ਲੋਕ-ਤੰਤਰ ਹੈ, ਪਰ ਆਮ ਸ਼ਹਿਰੀਆਂ ਨੂੰ ਬਰਾਬਰਤਾ ਦੇ ਆਧਾਰ 'ਤੇ ਸਰਕਾਰ ਵੱਲੋਂ ਇਕ ਸਮਾਨ ਸਿਹਤ, ਸਿੱਖਿਆ, ਸੁਰੱਖਿਆ ਅਤੇ ਰੋਜ਼ਗਾਰ ਦੇ ਮੌਕੇ ਪ੍ਰਾਪਤ ਹੋਣੇ ਚਾਹੀਦੇ ਹਨ, ਜਿਸ ਨਾਲ ਲੋਕਾਂ ਦਾ ਜੀਵਨ-ਪੱਧਰ ਉੱਚਾ ਹੋ ਸਕੇ। ਦੇਖਣ ਵਿੱਚ ਇਹ ਆ ਰਿਹਾ ਹੈ ਕਿ ਸਿਰਫ਼ ਪੰਜਾਂ ਸਾਲਾਂ ਬਾਅਦ ਇੱਥੋਂ ਦੀ ਰਾਜਨੀਤਕ ਵਿਵਸਥਾ ਆਪਣੇ ਨੇਤਾਵਾਂ ਰਾਹੀਂ ਆਮ ਨਾਗਰਿਕਾਂ ਦੀਆਂ ਵੋਟਾਂ ਹਥਿਆਉਣ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਲੋਕ- ਭਲਾਈ ਦੇ ਲੋਕ-ਲੁਭਾਣੇ ਨਾਅਰਿਆਂ, ਵਾਅਦਿਆਂ, ਗਰੰਟੀਆਂ ਦੇ ਨਾਂਅ 'ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਕੇ ਜਾਂ ਫਿਰ ਭਰਮ ਦੀ ਸਥਿਤੀ ਪੈਦਾ ਕਰਕੇ ਬਹੁ-ਮੁੱਲੀਆਂ ਵੋਟਾਂ ਹਥਿਆ ਲਈਆਂ ਜਾਂਦੀਆਂ ਹਨ। ਨਾਗਰੀ ਦੀ ਸਮਝ-ਸੂਝ ਨੂੰ ਤਿੱਖਿਆਂ ਕਰਨ ਦੀ ਥਾਂਵੇਂ ਉਨ੍ਹਾਂ ਦੀ ਸੋਚ ਨੂੰ ਖੁੰਢਿਆਂ ਕਰਨ ਲਈ ਕਈ ਪ੍ਰਕਾਰ ਦੀਆਂ ਕੁ-ਚਾਲਾਂ ਚੱਲੀਆਂ ਜਾਂਦੀਆਂ ਹਨ।

ਜਗਦੀਸ਼ ਰਾਣਾ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ 'ਚ ਥਾਂ-ਪੁਰ-ਥਾਂ ਅਜਿਹੀਆਂ ਸਥਿਤੀਆਂ ਦਾ ਨਿਰੂਪਣ ਕਰਦਿਆਂ ਨਾਗਰਿਕਾਂ ਨੂੰ ਸੁਚੇਤ ਕਰਨ ਦੀ ਭਰਪੂਰ ਕੋਸ਼ਿਸ਼ ਕਰਦਾ ਹੈ।ਕੁਝ ਸ਼ਿਅਰਾਂ ਦੀਆਂ ਮਿਸਾਲਾਂ ਦੇ ਕੇ ਆਪਣੀ ਧਾਰਨਾ ਨੂੰ ਸਪੱਸ਼ਟ ਕਰ ਰਿਹਾ ਹਾਂ :-

* ਭੁੱਖ ਨਾਲ਼ ਮਰਦੇ ਬਾਲ ਨੇ ਕਿਰਸਾਨ ਫ਼ਾਹੇ ਲੈਣ,
ਸਰਕਾਰ ਆਖਦੀ ਹੈ ਕਿ ਬੀਜੋ ਤੁਸੀਂ ਗੁਲਾਬ।
* ਗਧਿਆਂ ਨੇ ਸਰਕਾਰ ਬਣਾਈ, ਲੂੰਬੜ ਬੈਠੇ ਹੁੱਬਦੇ ਨੇ,
ਦੇਸ਼ ਚਲਾਉਂਦੇ ਬਾਂਦਰ ਤੋਤੇ, ਬੈਠੇ ਨੇ ਸਰਕਾਰਾਂ ਵਿਚ।

'ਮੈਂ ਕੀ ਸੋਚਦਾ ਹਾਂ' ਉਨਵਾਨ ਹੇਠ ਸਮਕਾਲੀ ਰਾਜਨੀਤਕ ਵਿਵਸਥਾ ਅਤੇ ਆਮ ਲੋਕਾਂ ਦੀ ਮਾਨਸਿਕਤਾ ਦਾ, ਜਿੱਦਾਂ ਪਿੰਜਰੇ 'ਚ ਕੈਦ ਪੰਛੀ ਸੋਚਦਾ ਹੈ ਕਿ ਉਹ ਉੱਡ ਜਾਵੇ, ਉਸ ਦੇ ਖੰਭ ਖੁੱਲ੍ਹ ਜਾਵਣ ਉਸ ਨੂੰ ਸਾਰਾ ਅੰਬਰ ਮਿਲੇ, ਗ਼ੁਲਾਮੀ ਤੋਂ ਛੁਟਕਾਰਾ ਮਿਲ਼ੇ, ਆਜ਼ਾਦੀ ਮਿਲ਼ੇ, ਉਹਦੀ ਉਡਾਣ ਨੂੰ ਨਵੇਂ ਅਰਥ ਮਿਲਣ, ਠੀਕ ਉਸੇ ਤਰ੍ਹਾਂ ਹੀ ਸ਼ਬਦ ਵੀ ਸਾਡੇ ਅੰਦਰ ਹੀ ਕਿਤੇ ਹੁੰਦੇ ਹਨ।ਪਤਾ ਨਹੀਂ ਕਦੋਂ ਤੇ ਕਿਵੇਂ ਕਵਿਤਾ ਦੇ ਰੂਪ 'ਚ ਬਾਹਰ ਆ ਜਾਂਦੇ ਹਨ, ਨਵੇਂ ਅਰਥ ਲੈ ਕੇ। ਇਹ ਸੰਵੇਦੀ ਮਨ ਦੀ ਵੇਦਨਾ ਦਾ ਪ੍ਰਗਟਾਵਾ ਕਰਦੇ ਹਨ। ਇਹ ਵਾਕ ਭਾਵੇਂ ਸਹਿਜ-ਸੁਭਾ ਵਕਤਾ ਵੱਲ ਕਵੀ ਦੇ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਨ ਦਾ ਪ੍ਰਗਟਾਵਾ ਕਰਦੇ ਹਨ। ਇਹ ਮਨੁੱਖ ਦੇ ਅਨੁਭਵ ਨੂੰ ਉਸ ਨਾਲ ਵਾਪਰਦੇ ਰੋਜ਼-ਮੱਰ੍ਹਾ ਦੇ ਵਰਤਾਰਿਆਂ ਨੂੰ, ਉਸ ਦੇ ਅੰਦਰ ਧੁਖਦੀ ਪੀੜ ਦੇ ਸੰਦੇਸ਼-ਵਾਹਕ ਹੀ ਹੁੰਦੇ ਹਨ, ਜੋ ਸੁੱਤੇ-ਸਿੱਧ ਸ਼ਬਦਾਂ ਦਾ ਰੂਪ ਧਾਰਨ ਕਰ ਬਾਹਰ ਆ ਡਿੱਗਦੇ ਹਨ, ਜਿਨ੍ਹਾਂ ਨੂੰ ਇਕ ਜਾਗਰੂਪ ਮਨੁੱਖ ਬੋਚ ਕੇ ਇਕ ਮਾਲ਼ਾ 'ਚ ਪਰੋ ਪਾਠਕ ਸਾਹਵੇਂ ਉਸ ਦੇ ਸਾਹਮਣੇ ਧਰ ਦਿੰਦਾ ਹੈ। ਇਹ ਕਲਾ ਹੀ ਕਵੀ ਨੂੰ ਦੂਸਰਿਆਂ ਨਾਲੋਂ ਵਿਸ਼ੇਸ਼ ਮਨੁੱਖ ਹੋਣ ਦੀ ਪਦਵੀ ਪ੍ਰਦਾਨ ਕਰ ਦਿੰਦੀ ਹੈ। ਜਗਦੀਸ਼ ਰਾਣਾ ਇਕ ਉਸ ਰਾਜਨੀਤਕ ਪਾਰਟੀ ਦਾ ਸਰਗਰਮ ਕਾਰਕੁੰਨ ਰਿਹਾ ਹੈ, ਜੋ ਦੱਬੇ-ਕੁਚਲੇ ਅਤੇ ਸਮਾਜ 'ਚ ਦੁਤਕਾਰੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਸਿਰਫ਼ ਸੱਤਾ-ਪ੍ਰਾਪਤੀ ਵਿੱਚੋਂ ਭਾਲ਼ਦੀ ਸੀ ਅਤੇ ਭਾਲ਼ ਰਹੀ ਹੈ ਅਤੇ ਸ਼ਾਇਦ ਅਗਲੀਆਂ ਪੀੜ੍ਹੀਆਂ ਤੱਕ ਭਾਲ਼ਦੀ ਰਹੇਗੀ। ਰਾਜਨੀਤੀ ਸ਼ਬਦ ਦੇ ਅਨੇਕਾਂ ਅਰਥ ਹਨ।ਇਸ ਦੀ ਦੰਭੀ ਨੀਤੀ 'ਕੁਟਲ-ਨੀਤੀ' ਹੈ ਪ੍ਰੰਤੂ ਇਸ ਦੇ ਸਮਾਂਤਰ 'ਬਿਦਰ ਨੀਤੀ' ਹੈ, ਜਿਸ ਨੂੰ ਮਹਾਂ-ਭਾਰਤ ਦੇ ਸਮੇਂ ਤੋਂ ਹੀ ਦਰ-ਕਿਨਾਰ ਕੀਤਾ ਗਿਆ ਹੈ ਕਿਉਂਕਿ ਇਹ ਲੋਕ-ਪੱਖੀ ਨੀਤੀ ਹੈ।ਇਸ ਵਿੱਚ ਨਾਗਰਿਕਾਂ ਦੀ ਸੁਰੱਖਿਅਤਾ ਅਤੇ ਬਿਹਤਰ ਜ਼ਿੰਦਗੀ ਲਈ ਰਾਜੇ ਨੂੰ ਉਪਰਾਲੇ ਕਰਨ ਲਈ ਮਨੋਨੀਤ ਕੀਤਾ ਜਾਂਦਾ ਸੀ। ਪੂੰਜੀਵਾਦੀ ਅਤੇ ਕਾਰਪੋਰੇਟੀ ਨਿਜ਼ਾਮ 'ਚ ਜਿੱਥੇ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਦੇ ਗੁਣਾਂ ਨੂੰ ਪ੍ਰਚਾਰਿਤ ਅਤੇ ਪ੍ਰਸਾਰਿਤ ਕਰਦਿਆਂ ਆਮ ਲੋਕਾਂ ਦੇ ਲਈ ਸੁਹਾਵਣੇ ਭਵਿੱਖ ਦੇ ਸੁਫ਼ਨੇ ਦਿਖਾਏ ਜਾਂਦੇ ਹਨ, ਪਰ ਅਸਲੀਅਤ ਹੈ ਕਿ ਇਹ ਰਾਹ ਆਮ ਲੋਕਾਂ ਦੀ ਲੁੱਟ ਕਰਨ ਦਾ ਪੂੰਜੀ-ਪਤੀਆਂ ਵੱਲੋਂ ਆਸਾਨ ਰਾਹ ਵੀ ਹੈ। ਜਗਦੀਸ਼ ਰਾਣਾ ਦੇ ਹੇਠਲੇ ਸ਼ਿਅਰਾਂ ਵਿੱਚ ਪੂੰਜੀਪਤੀਆਂ ਦੀ ਮਾਨਸਿਕਤਾ ਅਤੇ ਮਨਸ਼ਾ ਦੇ ਦੀਦਾਰ ਕੀਤੇ ਜਾ ਸਕਦੇ ਹਨ:-

* ਜ਼ਮੀਂ ਵੇਚੀ ਇਨ੍ਹਾਂ 'ਰਾਣੇ' ਤੇ ਪਾਣੀ ਵੇਚਿਆ ਸਾਡਾ,
ਇਨ੍ਹਾਂ ਦਾ ਵੱਸ ਜਦੋਂ ਚੱਲਿਆ, ਗਗਨ ਹੀ ਵੇਚ ਦੇਣਾ ਹੈ
* ਸੱਪਾਂ ਨਾਲੋਂ ਵੱਧ ਜ਼ਹਿਰੀਲਾ ਅੱਜ ਦਾ ਆਦਮ ਹੋਇਆ ਹੈ,
ਚੁੱਪ-ਚੁਪੀਤੇ ਡੰਗ ਜਾਂਦਾ ਹੈ ਅਪਣੇ ਭੈਣ-ਭਰਾਵਾਂ ਨੂੰ।

ਪੂੰਜੀਪਤੀਆਂ ਅਤੇ ਕਾਰਪੋਰੇਟਾਂ ਲਈ 'ਰਾਜ-ਸੱਤਾ' ਹਮੇਸ਼ਾ ਆਮ ਲੋਕਾਂ ਦੀ ਲੁੱਟ ਲਈ ਨਵੀਆਂ-ਨਵੀਆਂ ਤਰਕੀਬਾਂ ਘੜਦੀ ਹੈ:-

* ਲਤੀਫ਼ੇਬਾਜ਼ ਹਾਕਮ ਹੈ ਲਤੀਫ਼ੇ ਹੀ ਸੁਣਾਉਂਦਾ ਹੈ।
ਬਿਨਾਂ ਹੀ ਤੇਲ ਤੋਂ ਅਕਸਰ ਬੁਝੇ ਦੀਵੇ ਜਗਾਉਂਦਾ ਹੈ।
ਲਤੀਫ਼ੇਬਾਜ਼ ਬੰਦੇ 'ਤੇ ਭਰੋਸਾ ਕਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ ਬੜਾ ਕੁਝ ਸੋਚਣਾ ਪੈਂਦਾ।

ਹਾਕਮ ਧਾਰਮਿਕ ਲਿਬਾਸ ਪਹਿਨ ਕੇ ਆਮ-ਲੋਕਾਈ ਨੂੰ ਭਰਮਾਉਂਦਾ ਹੈ:-

* ਗੁਰੂ-ਘਰ ਸੀਸ ਵੀ ਟੇਕਣ, ਪਰਾਏ ਹੱਕ ਵੀ ਖਾਵਣ,
ਉਨ੍ਹਾਂ ਬਾਰੇ ਇਹ ਦੁਨੀਆ ਸੱਚੋ-ਸੱਚ ਹੁਣ ਕਹਿਣ ਲੱਗੀ ਹੈ।
* ਧਰਮਾਂ ਦਾ ਸਤਿਕਾਰ ਕਰਨ ਲਈ ਕਹਿੰਦਾ ਹੈ ਸਭ ਨੂੰ,
ਧਰਮ ਦੇ ਨਾਂਅ 'ਤੇ ਦੰਗੇ ਐਪਰ ਖ਼ੁਦ ਕਰਵਾਉਂਦਾ ਹੈ।

ਆਮ ਲੋਕਾਂ ਦਾ ਦੂਸਰਿਆਂ ਨੂੰ ਮਿਲਣਾ ਵੀ ਉਸ ਨੂੰ ਚੰਗਾ ਨਹੀਂ ਲੱਗਦਾ।ਰਾਜਨੀਤਕ ਖੇਡਾਂ ਹੀ ਸਨ, ਜਿਨ੍ਹਾਂ ਨੇ ਪੰਜਾਬੀਆਂ ਅਤੇ ਬੰਗਾਲੀਆਂ ਨੂੰ ਦੋ ਮੁਲਕਾਂ ਵਿੱਚ ਵੰਡ ਦਿੱਤਾ। ਉਹ ਲੋਕ ਵੀ ਸਨ, ਜੋ ਆਪਣੀ ਮਿੱਟੀ ਨੂੰ ਸਜਦਾ ਕਰਨ ਲਈ ਤਰਸਦੇ ਮਰ ਗਏ।ਮੁਲਕਾਂ ਦੇ ਨਾਂਅ 'ਤੇ, ਸਰਹੱਦਾਂ ਦੇ ਨਾਂਅ 'ਤੇ, ਫ਼ਿਰਕਿਆਂ ਦੇ ਨਾਂਅ 'ਤੇ ਲੋਕਾਂ ਨੂੰ ਲੜਾਉਣਾ ਹਰ ਹਾਕਮ ਦਾ ਹਮੇਸ਼ਾ ਪਰਮ ਧਰਮ ਰਿਹਾ ਹੈ।ਮੁਸੀਬਤ ਵਿੱਚ ਫ਼ਸੇ ਲੋਕਾਂ ਦੀ ਸਾਰ ਲੈਣੀ ਤਾਂ ਦੂਰ ਦੀ ਗੱਲ ਹੈ, ਕੋਰੋਨਾ ਕਾਲ 'ਚ ਬਿਨਾਂ ਐਮਰਜੈਂਸੀ ਲਾਇਆਂ ਹੀ ਲੋਕਾਂ ਨੂੰ ਅੰਦਰੀਂ ਤਾੜ ਦਿੱਤਾ ਗਿਆ।ਉੱਤੋਂ ਸਿੱਤਮ ਇਹ ਕਿ ਭੁੱਖੇ ਢਿੱਡਾਂ ਪਾਸੋਂ ਜਿਨ੍ਹਾਂ ਦਾ ਰੋਜ਼ਗਾਰ ਵੀ ਖੋਹਿਆ ਗਿਆ ਸੀ, ਨੂੰ ਥਾਲੀਆਂ ਵਜਾਉਣ ਅਤੇ ਦੀਵੇ ਜਗਾਉਣ ਦੇ ਫ਼ੁਰਮਾਨ ਜਾਰੀ ਕਰ ਆਪਣੇ 'ਸ਼ੁਗਲ' ਦਾ ਖ਼ੂਬ ਇਜ਼ਹਾਰ ਕਰਦਾ ਹੈ।ਇਕ ਸੋਚ ਦੇ ਧਾਰਨੀ ਲੋਕਾਂ ਨੂੰ 'ਸਿਰਫਿਰੇ' ਦੱਸਦਾ ਹੈ ।ਜੋ ਹਾਕਮ ਦੇ ਇਸ਼ਾਰੇ 'ਤੇ ਨੱਚਣ ਲਈ ਤਿਆਰ ਹਨ। ਹਾਕਮ ਦੇ ਦੋਗਲੇਪਨ ਦੀ ਹੇਠਲੇ ਸ਼ਿਅਰਾਂ 'ਚ ਝਲਕ ਹੈ:-

* ਢੋਲ ਮੰਜ਼ੀਰੇ ਡਮਰੂ ਥਾਲ਼ੀਆਂ ਉਹ ਵਜਵਾਉਂਦਾ ਹੈ।
ਸਿਰਫਿਰਿਆਂ ਦਾ ਹਾਕਮ ਇਉਂ ਦਰਬਾਰ ਸਜਾਉਂਦਾ ਹੈ।

* ਅੰਦਰਖਾਤੇ ਰਲ਼ਿਆ ਹੈ ਸਰਮਾਏਦਾਰਾਂ ਨਾਲ,
ਮਜ਼ਦੂਰਾਂ ਦੇ ਹੱਕ 'ਚ ਉਹ ਨਾਅਰੇ ਵੀ ਲਾਉਂਦਾ ਹੈ।

ਜਗਦੀਸ਼ ਰਾਣਾ ਉਨ੍ਹਾਂ ਪੱਤਰਕਾਰਾਂ/ਲੇਖਕਾਂ ਦੇ ਕਿਰਦਾਰਾਂ ਨੂੰ ਵੀ ਨੰਗਿਆਂ ਕਰਦਾ ਹੈ, ਜੋ ਇਨਾਮਾਂ-ਸਨਮਾਨਾਂ ਅਤੇ ਹੋਰ ਪਦਾਰਥਕ ਲਾਲਚਾਂ ਕਰਕੇ ਆਪਣੀ ਜ਼ਮੀਰ ਦੀ ਆਵਾਜ਼ ਨੂੰ ਦਬਾਉਂਦੇ ਹਨ। ਹੱਕ-ਦਾਰਾਂ ਦਾ ਹੱਕ ਮਾਰ ਕੇ ਸੱਤਾਧਾਰੀਆਂ ਦੀ ਮਹਿਫ਼ਿਲ 'ਚ ਜਾ ਕੇ ਉਨ੍ਹਾਂ ਦੇ ਕਸੀਦੇ ਹਨ ਪੜ੍ਹਦੇ ਹਨ।ਸੱਚ ਦੀ ਆਵਾਜ਼ ਦਬਾਉਂਦੇ ਨੇ ਅਤੇ ਜ਼ਾਲਮਾਂ ਦੇ ਪੱਖ 'ਚ ਖੜ੍ਹਦਿਆਂ ਸੱਚ ਨੂੰ ਦਬਾਉਣ ਦਾ ਯਤਨ ਕਰਦੇ ਹਨ। ਇਕ ਸ਼ਿਅਰ ਤੁਹਾਡੀ ਨਜ਼ਰ ਹੈ:-

* ਲਿਫ਼ਾਫ਼ਾ ਵੇਖਦੇ ਪਹਿਲਾਂ ਖ਼ਬਰ ਜਦ ਵੀ ਨੇ ਇਹ ਲਿਖਦੇ,
ਇਸੇ ਲਈ ਝੂਠ-ਸੱਚ ਦਾ ਨਾ ਇਨ੍ਹਾਂ ਤੋਂ ਤਰਜ਼ਮਾ ਹੋਵੇ।

ਰਾਜ-ਸੱਤਾ ਦੇ ਅਣਗੌਲੇ ਕੀਤੇ, ਬੇ-ਰੁਜ਼ਗਾਰੀ ਦੇ ਭੰਨੇ ਮਜਬੂਰੀਆਂ ਦੇ ਮਾਰੇ ਲੋਕਾਂ ਦੇ ਹੱਕ ਵਿਚ ਉਸ ਦਾ ਇਕ ਸ਼ਿਅਰ ਦੇਖਣਾ :-

* ਇਹ ਘਰ ਉਡੀਕਦਾ ਹੈ ਪਰ ਤੂੰ ਭੁਲਾਈ ਬੈਠਾਂ,
ਪਰਦੇਸ ਜਾਣ ਵਾਲੇ ਮੁੜਦੇ ਤਾਂ ਵੀ ਰਹੇ ਨੇ।

ਇਕ ਨਿਹੋਰਾ ਵਾਪਸ ਪਰਤਣ ਵਾਲੇ ਉਕਤ ਸ਼ਿਅਰ 'ਚ ਮੌਜੂਦ ਹੈ, ਪਰ ਪ੍ਰਦੇਸੀ ਕਿੰਝ ਸਮਝੇ ਕਿ ਵਤਨ ਵੀ ਤਾਂ ਉਸ ਦਾ ਘਰ ਸੀ। ਉਹ ਘਰ ਜਿਸ ਬਾਰੇ ਇਹ ਧਾਰਨਾ ਹੈ ਕਿ ਘਰ ਮਨੁੱਖ ਦੀ ਰੱਖਿਆ ਕਰਦਾ ਹੈ, ਉਸ ਨੂੰ ਸੁੱਖ ਪ੍ਰਦਾਨ ਕਰਦਾ ਹੈ।ਇਸ ਲਈ ਇਹ ਘਰ ਉਸ ਦਾ ਕਦੇ ਹਵਸੀ, ਮੱਕਾਰਾਂ ਅਤੇ ਧੋਖੇਬਾਜ਼ਾਂ ਕਰਕੇ ਬਣਿਆ ਹੀ ਨਹੀਂ, ਪਰ ਬਿਪਤਾ ਵੇਲ਼ੇ ਪਰਦੇਸ ਵੀ ਆਪਣਾ ਘਰ ਜੇ ਨਾ ਬਣੇ ਤਾਂ ਫਿਰ ਅਦਨਾ ਮਨੁੱਖ ਕੀ ਕਰੇ ? ਹਰ ਥਾਂ ਹੀ, ਹਰ ਵਤਨ 'ਚ ਹੀ ਹਰ ਵਿਵਸਥਾ ਵੀ ਕਈ ਵਾਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨੌਜਵਾਨ ਪੀੜ੍ਹੀ ਨੂੰ ਮਾੜੀ ਸੰਗਤ ਤੋਂ ਬਚਣ ਦਾ ਸੁਨੇਹਾ

**ਡਾ. ਭੁਪਿੰਦਰ ਕੌਰ**

### ਕਬੂਲਨਾਮਾ

(ਨਾਵਲ)
**ਰੁਸ਼ਿਕਾ ਗਿੱਲ**
**ਸਫੇ : 152, ਮੁੱਲ : 250 ਰੁਪਏ**
**ਯੂਨੀਟਾਰ ਬੁੱਕਸ, ਚੰਡੀਗੜ੍ਹ**




ਸਾਡੀਆਂ ਜੇਬਾਂ ਖ਼ਾਲੀ ।ਭਾਂਡੇ ਖ਼ਾਲੀ ਤੇ ਸੁਪਨਿਆਂ ਦੀ ਦੁਨੀਆ ਵੀ ਹੁਣ ਖਾਲੀ ਹੀ ਜਾਪਦੀ ਹੈ ।ਜ਼ਿੰਦਗੀ ਦੇ ਖਾਲੀਪਨ ਨੂੰ ਸਤਰੰਗੀ ਪੀਂਘ ਦੇ ਰੰਗਾਂ ਨਾਲ ਰੰਗਣ ਦੀ ਖਾਹਿਸ਼ ਵਿੱਚ ਚੁੱਕਿਆ ਗਿਆ ਇੱਕ ਗ਼ਲਤ ਕਦਮ। ਇੱਕ ਗ਼ਲਤ ਫੈਸਲਾ ਕਿਵੇਂ ਜ਼ਿੰਦਗੀ ਵਿੱਚ ਕੁਲੱਤਣ ਭਰ ਦਿੰਦਾ ਹੈ ਕਿ ਨਾ ਸਿਰਫ਼ ਜੀਵਨ, ਸਗੋਂ ਉਸ ਨੂੰ ਜਿਊਣ ਵਾਲਾ ਬਸ਼ਰ ਵੀ ਸਿਰ ਤੋਂ ਪੈਰਾਂ ਤੱਕ ਧੁਆਂਖਿਆ ਜਾਂਦਾ ਹੈ। ਇਸੇ ਕਿਸਮ ਦੇ ਧੁਆਂਖੇ ਹੋਏ ਪਾਤਰ ਆਫ਼ਤਾਬ ਦੀ ਕਹਾਣੀ ਹੈ ਨਾਵਲ 'ਕਬੂਲਨਾਮਾ'। ਇਹ ਰੁਸ਼ਿਕਾ ਗਿੱਲ ਦੀ ਪਲੇਠੀ ਨਾਵਲ ਰਚਨਾ ਹੈ। ਇਸ ਤੋਂ ਪਹਿਲਾਂ ਇਸ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਲੋਕ ਗੀਤ ਪ੍ਰਕਾਸ਼ਨਾ ਦੀ ਇਹ ਖ਼ੂਬਸੂਰਤ ਪੁਸਤਕ ਪਿਆਰ ਤੇ ਮਾਸੂਮੀਅਤ ਨਾਲ ਲਬਰੇਜ਼ ਚੀਨੀ ਤੇ ਖ਼ੁਸ਼ੀ ਨੂੰ ਸਮਰਪਿਤ ਕੀਤੀ ਗਈ ਹੈ। ਕਹਾਣੀ ਦੱਸਦੀ ਹੈ ਕਿ ਮਨੁੱਖ ਪੈਸਾ ਕਮਾਉਣ ਲਈ ਸੌਖਾ ਤੇ ਛੋਟਾ ਰਸਤਾ ਲੱਭਣ ਦੀ ਕੋਸ਼ਿਸ਼ ਵਿੱਚ ਮਿਹਨਤ ਕਰਦਾ ਹੈ, ਪਰ ਜੇ ਉਸ ਨੇ ਮੰਜ਼ਲ ਹਾਸਲ ਕਰਨੀ ਹੈ ਤਾਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਣਾ ਹੈ ਤੇ ਜੇ ਤਰੱਕੀ ਕਰਨਾ ਚਾਹੁੰਦਾ ਹੈ ਤਾਂ ਉਸ ਦੇ ਅੰਦਰ ਸਬਰ ਵੀ ਹੋਣਾ ਚਾਹੀਦਾ ਹੈ। ਜ਼ਰੂਰੀ ਨਹੀਂ ਕਿ ਇੱਕਦਮ ਵੱਡੇ ਕੰਮ ਨੂੰ ਹੱਥ ਪਾਇਆ ਜਾਵੇ। ਮਿਹਨਤ ਤੇ ਸਬਰ ਦੇ ਨਾਲ ਛੋਟੇ ਕੰਮ ਤੋਂ ਸ਼ੁਰੂਆਤ ਕਰਕੇ ਵੀ ਮਨੁੱਖ ਬੁਲੰਦੀ ਤੱਕ ਪਹੁੰਚ ਸਕਦਾ ਹੈ ਤੇ ਜੇ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਦੀ ਹਾਲਤ ਇਸ ਨਾਵਲ ਦੇ ਪਾਤਰ ਆਫ਼ਤਾਬ ਸਹਿਦੇਵ ਸਿੰਘ ਵਰਗੀ ਹੋ ਜਾਂਦੀ ਹੈ।

ਨਾਵਲ ਦੀ ਕਹਾਣੀ ਆਫਤਾਬ ਦੇ ਜੀਵਨ ਦੇ ਨਾਲ ਜੁੜੀ ਹੋਈ ਕਹਾਣੀ ਹੈ। ਕਹਾਣੀ ਦਾ ਆਰੰਭ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੇ ਆਰੰਭ ਵਰਗਾ ਲੱਗਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ 'ਚਿੱਟਾ ਲਹੂ' ਦੇ ਵਿੱਚ ਕਹਾਣੀ ਸੁਣਾਉਣ ਵਾਲਾ ਤੇ ਸੁਣਨ ਵਾਲਾ ਦੋਵੇਂ ਹੀ ਕਹਾਣੀ ਦੀਆਂ ਮਜ਼ਬੂਤ ਕੜੀਆਂ ਸਨ, ਪਰ 'ਕਬੂਲਨਾਮਾ' ਦੇ ਵਿੱਚ ਸਿਰਫ਼ ਸੁਣਾਉਣ ਵਾਲਾ ਕਹਾਣੀ ਦਾ ਪਾਤਰ ਹੈ, ਪਰ ਸੁਣਨ ਵਾਲਾ ਬੱਚਾ ਇਸ ਦਾ ਪਾਤਰ ਨਹੀਂ ਹੈ, ਪਰ ਭਿਖਾਰੀ ਦੁਆਰਾ ਸੁਣਾਈ ਗਈ ਕਹਾਣੀ ਉਸ ਦੇ ਜੀਵਨ ਨੂੰ ਇਕ ਸੇਧ ਦਿੰਦੀ ਹੈ ਤੇ ਉਹ ਇਸ ਕਹਾਣੀ ਨੂੰ ਨਾਵਲ ਦੇ ਰੂਪ ਵਿੱਚ ਪਾਠਕਾਂ ਸਾਹਮਣੇ ਰੱਖਦਾ ਹੈ।ਸਾਰੀ ਕਹਾਣੀ ਵਿੱਚ ਭਿਖਾਰੀ ਤੇ ਬੱਚੇ ਦੇ ਸੰਵਾਦ ਰਾਹੀਂ ਕਹਾਣੀ ਨੂੰ ਵਿਸਥਾਰ ਦਿੱਤਾ ਗਿਆ ਹੈ। ਬੱਚੇ ਨੂੰ ਤੇ ਪਾਠਕਾਂ ਨੂੰ ਇਹ ਨਹੀਂ ਪਤਾ ਕਿ ਕਹਾਣੀ ਸੁਣਾਉਣ ਵਾਲਾ ਖ਼ੁਦ ਆਪਣੀ ਕਹਾਣੀ ਸੁਣਾ ਰਿਹਾ ਹੈ। ਜੀਵਨ ਦੀਆਂ ਕਠੋਰ ਪ੍ਰਸਥਿਤੀਆਂ ਤੇ ਦੁੱਖਾਂ ਨੇ ਆਫ਼ਤਾਬ ਦੇ ਵਿਚਾਰਾਂ ਵਿੱਚ ਤਬਦੀਲੀ ਲੈ ਆਉਂਦੀ ਹੈ। ਉਹ ਜ਼ਿੰਦਗੀ ਵਿੱਚ ਬਹੁਤ ਕੁਝ ਕਰਨ ਦਾ ਚਾਹਵਾਨ ਸੀ, ਪਰ ਸ਼ੁਰੂ ਦਾ ਇਕ ਗ਼ਲਤ ਕਦਮ ਉਸ ਨੂੰ ਅਖੀਰ ਤੱਕ ਭਟਕਣਾ ਦਾ ਸ਼ਿਕਾਰ ਬਣਾਈ ਰੱਖਦਾ ਹੈ ਤੇ ਉਸ ਦੀ ਸਥਿਤੀ ਬਦ ਤੋਂ ਵੀ ਬਦਤਰ ਹੁੰਦੀ ਜਾਂਦੀ ਹੈ।ਕਹਾਣੀ ਦਾ ਕਥਾਨਕ ਬੱਚੇ ਦਾ ਚੋਰੀ ਕਰਕੇ ਭੱਜਣਾ ਤੇ ਭਿਖਾਰੀ ਦਾ ਉਸ ਨੂੰ ਪੁਲਸ ਤੋਂ ਬਚਾਉਣਾ ਤੋਂ ਸ਼ੁਰੂ ਕਰਕੇ ਕਹਾਣੀ ਦੇ ਅਖੀਰ ਵਿੱਚ ਭਿਖਾਰੀ ਦਾ ਬੱਚੇ ਨੂੰ ਚੋਰੀ ਕਰਨ ਤੋਂ ਵਰਜਣਾ ਤੇ ਦਿਲ ਲਾ ਕੇ ਪੜ੍ਹਾਈ ਕਰਨ ਦੀ ਸਿੱਖਿਆ ਦੇਣਾ ਤੇ ਬੱਚੇ ਦੇ ਜੀਵਨ ਨੂੰ ਤਬਦੀਲ ਕਰ ਦੇਣਾ ਹੈ, ਤੱਕ ਫੈਲਿਆ ਹੋਇਆ ਹੈ। ਭਿਖਾਰੀ ਬੱਚੇ ਨੂੰ ਕਹਾਣੀ ਸੁਣਾਉਣ ਲਈ ਇੱਕ ਰਾਤ ਰਹਿਣ ਦਾ ਤਰਲਾ ਕਰਦਾ ਹੈ ਤੇ ਬੱਚਾ ਵੀ ਰਹਿਣ ਲਈ ਤਿਆਰ ਹੋ ਜਾਂਦਾ ਹੈ ਕਿਉਂਕਿ ਬੱਚੇ ਦੇ ਘਰ ਗਰੀਬੀ ਹੈ ਤੇ ਇੰਨੇ ਬੱਚੇ ਹਨ ਕਿ ਜੇਕਰ ਇਕ ਘਰ ਨਾ ਵੀ ਪਹੁੰਚੇ ਤਾਂ ਕੋਈ ਫਰਕ ਨਹੀਂ ਪੈਂਦਾ। ਚਿੱਟਾ ਲਹੂ ਦਾ ਗੁਪਤੇਸ਼ਵਰ ਸਟੇਸ਼ਨ ਮਾਸਟਰ ਨਾਲ ਘਰ ਆਇਆ ਪਾਤਰ ਹੈ। ਉਹ ਗੁਪਤੇਸ਼ਵਰ ਨੂੰ ਮਾੜੀ ਹਾਲਤ ਵਿੱਚ ਦੇਖਦਾ ਹੈ ਤੇ ਤਰਸ ਕਰਕੇ ਘਰ ਲੈ ਆਉਂਦਾ ਹੈ।ਉਸ ਦੇ ਹੱਥ ਇਕ ਨਾਵਲ ਦਾ ਖਰੜਾ ਸਟੇਸ਼ਨ ਮਾਸਟਰ ਅੰਦਰ ਖਿੱਚ ਪੈਦਾ ਕਰਦਾ ਹੈ, ਕਿਉਂਕਿ ਉਹ ਵੀ ਲਿਖਣ-ਪੜ੍ਹਨ ਦਾ ਸ਼ੌਕ ਰੱਖਦਾ ਹੈ। ਪੂਰੀ ਰਾਤ ਖਰੜੇ ਵਾਲੀ ਕਹਾਣੀ ਸੁਣਨ ਲਈ ਜਾਗਦਾ ਹੈ । ਇਸੇ ਤਰ੍ਹਾਂ 'ਕਬੂਲਨਾਮਾ' ਨਾਵਲ ਵੀ ਭਿਖਾਰੀ ਵੱਲੋਂ ਸੁਣਾਈ ਗਈ ਕਹਾਣੀ ਦਾ ਹੀ ਵਿਸਤਾਰ ਹੈ। ਮਾਪਿਆਂ ਦੇ ਘਰ ਲਾਡਾਂ ਨਾਲ ਪਲਿਆ ਹੋਇਆ ਆਫਤਾਬ ਗਲਤ ਸੰਗਤ ਵਿੱਚ ਪੈ ਜਾਂਦਾ ਹੈ। ਕੋਈ ਐਸਾ ਗਲਤ ਕੰਮ ਨਹੀਂ ਜੋ ਉਸ ਨੇ ਇਸ ਉਮਰ ਵਿੱਚ ਨਹੀਂ ਕੀਤਾ। ਦੋਸਤਾਂ ਦੀ ਸੰਗਤ ਵਿੱਚ ਹੀ ਜਦੋਂ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਸ ਨੇ ਜੋ ਵੀ ਕੀਤਾ, ਉਹ ਗ਼ਲਤ ਕੀਤਾ। ਜਦੋਂ ਸਮਝ ਆਉਂਦੀ ਹੈ ਤਾਂ ਉਹ ਆਪਣੇ ਮਾਪਿਆਂ ਦੇ ਕੋਲ ਆ ਜਾਂਦਾ ਹੈ ਪਰ ਸੱਚਾਈ ਦੱਸਦਿਆਂ ਡਰਦਾ ਹੈ ਕਿ ਉਹ ਕਿਹੜੇ-ਕਿਹੜੇ ਗਲਤ ਰਸਤੇ 'ਤੇ ਤੁਰਦਾ ਰਿਹਾ ਹੈ। ਜਦੋਂ ਪਿਤਾ ਸਹਿਦੇਵ ਸਿੰਘ ਦੀ ਮੌਤ ਹੋ ਜਾਂਦੀ ਹੈ ਤਾਂ ਆਫਤਾਬ ਕਿਸੇ ਵੱਡੇ ਸ਼ਹਿਰ ਜਾ ਕੇ ਨੌਕਰੀ ਕਰਨ ਦੀ ਇੱਛਾ ਮਾਂ ਅੱਗੇ ਰੱਖਦਾ ਹੈ। ਮਾਂ ਉਸ ਨੂੰ ਦੂਰ ਨਹੀਂ ਜਾਣ ਦੇਣਾ ਚਾਹੁੰਦੀ, ਪਰ ਇਹ ਸੋਚ ਕੇ ਕਿ ਬੱਚਾ ਜ਼ਿੰਦਗੀ ਵਿੱਚ ਕੁਝ ਕਰਨਾ ਚਾਹੁੰਦਾ ਹੈ, ਉਸ ਨੂੰ ਵੱਡੇ ਸ਼ਹਿਰ ਭੇਜ ਦਿੰਦੀ ਹੈ ਕਿਉਂਕਿ ਆਫਤਾਬ ਕਮਾਈ ਕਰਕੇ ਵਧੀਆ ਪੈਸਾ ਕਮਾਉਣਾ ਚਾਹੁੰਦਾ ਸੀ। ਪੈਸੇ ਕਮਾਉਣ ਦੇ ਪਿੱਛੇ ਇੱਕ ਕਾਰਨ ਮਾੜੀ ਸੰਗਤ ਦੇ ਆਪਣੇ ਦੋਸਤਾਂ ਵੱਲੋਂ ਧਮਕੀ ਰਾਹੀਂ ਮੰਗੇ ਤਿੰਨ ਲੱਖ ਰੁਪਏ ਤੇ ਦੂਜਾ ਉਹ ਆਪਣੀ ਮਾਂ ਤੇ ਆਪਣੀ ਪ੍ਰੇਮਿਕਾ ਆਇਸ਼ਾ ਨੂੰ ਖੁਸ਼ ਰੱਖਣਾ ਚਾਹੁੰਦਾ ਸੀ, ਪਰ ਇੱਥੇ ਵੀ ਉਸ ਦੀ ਕਿਸਮਤ ਸਾਥ ਨਹੀਂ ਦਿੰਦੀ। ਸ਼ਹਿਰ ਵਿੱਚ ਆ ਕੇ ਉਹ ਫਿਰ ਪੈਸੇ ਕਮਾਉਣ ਲਈ ਇਕ ਗਲਤ ਗਰੋਹ ਦੇ ਚੁੰਗਲ ਵਿੱਚ ਫਸ ਜਾਂਦਾ ਹੈ, ਜੋ ਖ਼ੂਨ-ਖਰਾਬੇ ਦੇ ਨਾਲ ਜੁੜਿਆ ਹੋਇਆ ਹੈ। ਕਹਾਣੀ ਦੇ ਅਖੀਰ ਵਿੱਚ ਜਦੋਂ ਉਹ ਸ਼ਮਸ਼ੇਰ ਦਿਓਲ ਨੂੰ ਕਤਲ ਕਰਨ ਵਾਸਤੇ ਉਸ ਦੇ ਘਰ ਜਾਂਦਾ ਹੈ ਤਾਂ ਫੜਿਆ ਜਾਂਦਾ ਹੈ ਤੇ ਜਿਸ ਕਰਕੇ ਉਸ ਨੂੰ ਜੇਲ੍ਹ ਹੋ ਜਾਂਦੀ ਹੈ। ਸੱਤ ਸਾਲ ਦੀ ਉਮਰ ਕੈਦ ਨੂੰ ਭੋਗਦਿਆਂ ਹੋਇਆਂ ਅਖੀਰ ਵਿੱਚ ਦੁਬਾਰਾ ਜ਼ੀਰੋ 'ਤੇ ਆ ਕੇ ਹੀ ਖੜਦਾ ਹੈ। ਸੋ ਪੂਰੀ ਕਹਾਣੀ ਇਹ ਦੱਸਦੀ ਹੈ ਕਿ ਜ਼ਿੰਦਗੀ ਵਿੱਚ ਜੇ ਕੁਝ ਕਰਨਾ ਹੈ ਤਾਂ ਛੋਟੇ ਕੰਮ ਤੋਂ ਹੀ ਸ਼ੁਰੂਆਤ ਕਰ ਲੈਣੀ ਚਾਹੀਦੀ ਹੈ ਤੇ ਕਦੇ ਵੀ ਗਲਤ ਰਸਤਾ ਨਹੀਂ ਅਪਣਾਉਣਾ ਚਾਹੀਦਾ।


ਨਾਵਲ ਇਹ ਵੀ ਦੱਸਦਾ ਹੈ ਕਿ ਜ਼ਿੰਦਗੀ ਵਿੱਚ ਆਈਆਂ ਮੁਸ਼ਕਲਾਂ ਨੇ ਆਫਤਾਬ ਦੇ ਵਿਚਾਰਾਂ ਵਿੱਚ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

### ਰਿਸ਼ਤੇ

(ਕਹਾਣੀਆਂ ਤੇ ਗੀਤ)
ਰੂਬੀ ਕਰਤਾਰਪੁਰੀ
ਸਫੇ : 176, ਮੁੱਲ : 230 ਰੁਪਏ
ਅਮਿਤ ਪਾਕੇਟ ਬੁੱਕਸ, ਜਲੰਧਰ




ਇਸ ਕਿਤਾਬ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਾਫ-ਸਾਫ਼ ਲਫ਼ਜ਼ਾਂ ਵਿੱਚ ਬਹੁਤ ਸੁਚੱਜੇ ਢੰਗ ਨਾਲ ਦਰਸਾਇਆ ਗਿਆ ਹੈ। 'ਰਿਸ਼ਤੇ' ਮਨੁੱਖ ਦੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਇਸ ਵਿੱਚ ਰਿਸ਼ਤਿਆਂ ਦੀ ਸਹੀ ਪਹਿਚਾਣ ਦੱਸੀ ਗਈ ਹੈ। ਬਹੁਤ ਸਾਰੀਆਂ ਕੰਮ ਦੀਆਂ ਗੱਲਾਂ ਨੂੰ ਇੱਕ ਲੜੀ ਵਿੱਚ ਪਰੋਇਆ ਗਿਆ ਹੈ। ਕੁਝ ਗੀਤਾਂ ਦੇ ਰੂਪ ਵਿੱਚ ਤੇ ਕੁਝ ਕਹਾਣੀਆਂ ਦੇ ਰੂਪ ਵਿੱਚ ਸੱਚਾਈ ਨੂੰ ਪੇਸ਼ ਕੀਤਾ ਗਿਆ ਹੈ। ਕਈ ਵਾਰ ਲੇਖਕ ਦੀ ਕਲਮ ਕੁਝ ਇਹੋ ਜਿਹੇ ਲਫ਼ਜ਼ ਬਿਆਨ ਕਰ ਜਾਂਦੀ ਹੈ, ਜੋ ਕਿ ਬੰਦੇ ਦੀ ਰੂਹ ਤੱਕ ਪਹੁੰਚ ਜਾਂਦੇ ਹਨ। ਲੇਖਕ ਦੇ ਲਿਖੇ ਹੋਏ ਲਫਜ਼ ਕਠੋਰ ਦਿਲ ਵਾਲੇ ਇਨਸਾਨਾਂ ਨੂੰ ਵੀ ਪਿਘਲਾ ਕੇ ਰੱਖ ਦਿੰਦੇ ਹਨ ਤੇ ਭਾਵੁਕ ਹੋਣ ਲਈ ਮਜਬੂਰ ਕਰ ਦਿੰਦੇ ਹਨ। ਇਸ ਕਿਤਾਬ ਵਿੱਚ ਲੇਖਕਾ ਦੀ ਕੋਸ਼ਿਸ਼ ਹੈ ਕਿ ਉਸ ਦੀ ਲਿਖਤ ਨੂੰ ਪੜ੍ਹ ਕੇ ਸਮਾਜ ਨੂੰ ਇੱਕ ਚੰਗੀ ਸੇਧ ਮਿਲ ਸਕੇ ਤਾਂ ਜੋ ਦੁਨੀਆ ਤੇ ਹਰ ਬੰਦਾ ਆਪਣੇ ਹਿੱਸੇ ਦੀਆਂ ਖੁਸ਼ੀਆਂ ਲੈ ਸਕੇ। ਉਸ ਦਾ ਦੁਨੀਆਂ 'ਤੇ ਆਉਣਾ ਬੇ-ਅਰਥ ਨਾ ਜਾ ਸਕੇ।

**-ਬੈਕ ਕਵਰ ਤੋਂ**

### ਅੱਕੜ-ਬੱਕੜ

**(ਵਿਸਰੀਆਂ ਬਾਲ ਖੇਡਾਂ)**
**ਬਿੰਦਰ ਸਿੰਘ ਖੁੱਡੀ ਕਲਾਂ**
**ਸਫੇ : 88, ਮੁੱਲ : 150 ਰੁਪਏ**
**ਪ੍ਰੀਤ ਪਬਲੀਕੇਸ਼ਨ, ਨਾਭਾ**





ਬਿੰਦਰ ਸਿੰਘ ਖੁੱਡੀ ਕਲਾਂ ਨੇ ਅੱਜ ਤੋਂ ਦੋ ਤਿੰਨ ਦਹਾਕੇ ਪਹਿਲਾਂ ਪਿੰਡਾਂ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਦਾ ਜ਼ਿਕਰ ਬਾਖੂਬੀ ਇਸ ਪੁਸਤਕ ਵਿੱਚ ਕੀਤਾ ਹੈ। ਮੋਬਾਇਲ ਅਤੇ ਇੰਟਰਨੈੱਟ ਦੀ ਆਮਦ ਨੇ ਬੱਚਿਆਂ ਨੂੰ ਇਨ੍ਹਾਂ ਬਾਲ ਖੇਡਾਂ ਤੋਂ ਦੂਰ ਕਰ ਦਿੱਤਾ ਹੈ। ਇਹ ਬਾਲ ਖੇਡਾਂ ਜਿੱਥੇ ਮਨੋਰੰਜਨ ਦਾ ਸਾਧਨ ਸਨ, ਉਥੇ ਹੀ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਵੀ ਤੰਦਰੁਸਤ ਰੱਖਦੀਆਂ ਸਨ। ਬਿੰਦਰ ਸਿੰਘ ਖੁੱਡੀ ਕਲਾਂ ਨੇ ਇੱਕੋ ਜਿਲਦ ਵਿੱਚ 25 ਦੇ ਕਰੀਬ ਭੁੱਲੀਆਂ ਵਿਸਰੀਆਂ ਹੋਈਆਂ ਬਾਲ ਖੇਡਾਂ ਨੂੰ ਇਕੱਠਾ ਕਰਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਹਰ ਖੇਡ ਬਾਬਤ ਬਹੁਤ ਹੀ ਸਰਲ ਸ਼ੈਲੀ 'ਚ ਵਿਸਥਾਰ ਵਿੱਚ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

**-ਬੈਕ ਕਵਰ ਤੋਂ**

### ਸਾਡੀ ਵੀ ਸੁਣ ਲਵੋ

**ਗੁਰਦੀਪ ਸਿੰਘ ਵੜੈਚ**
**ਸਫੇ : 58, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਇਹ ਪੁਸਤਕ ਸਮਾਜ ਵਿੱਚ ਬਰਾਬਰਤਾ ਦਾ ਸੁਨੇਹਾ ਦਿੰਦੀ ਹੋਈ ਬਹੁਤ ਪਿੱਛੇ ਰਹਿ ਗਏ ਲੋਕਾਂ ਦੀ ਮਦਦ ਕਰਨ ਵੱਲ ਪ੍ਰੇਰਿਤ ਕਰਦੀ ਹੈ। ਅਜਿਹੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਕੇ ਉਨ੍ਹਾ ਦੇ ਜੀਵਨ ਨੂੰ ਇੱਕ ਸੁਚੱਜੀ ਰੌਅ ਵਿੱਚ ਲਿਆਉਣਾ ਸਾਡਾ ਸਭ ਦਾ ਫਰਜ ਬਣਦਾ ਹੈ। ਲੇਖਕ ਨੇ ਅਜਿਹੀਆਂ ਸਮੱਸਿਆਵਾਂ ਵੱਲ ਕੇਵਲ ਇੱਕ ਇਸ਼ਾਰਾ ਹੀ ਕੀਤਾ ਹੈ, ਪਰ ਇਸ ਦਾ ਹੱਲ ਅਸੀਂ ਸਭ ਨੇ ਹੀ ਰਲ ਮਿਲ ਕੇ ਕਰਨਾ ਹੈ।

**-ਭੂਮਿਕਾ 'ਚੋਂ**

# ਪੁਸਤਕ ਰੀਵਿਊ

### ਸੰਸਾਰ ਪ੍ਰਸਿੱਧ ਸ਼ਾਹਕਾਰ ਨਾਵਲਾਂ ਦੇ ਸਦਾਬਹਾਰ ਪਾਤਰ

**ਕਮਲ ਗਿੱਲ**
**ਪੰਨੇ : 119, ਕੀਮਤ : 295 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

'ਸੰਸਾਰ ਪ੍ਰਸਿੱਧ ਸ਼ਾਹਕਾਰ ਨਾਵਲਾਂ ਦੇ ਸਦਾਬਹਾਰ ਪਾਤਰ' ਕਮਲ ਗਿੱਲ ਦੀ ਬਾਰ੍ਹਵੀਂ ਪੁਸਤਕ ਹੈ । ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਹਰ ਉਸ ਨੀਲ ਅੱਖੇ ਸ਼ੈਤਾਨ ਕਮਲੇ ਝੱਲੇ ਦੇ ਨਾਂਅ ਸਮਰਪਿਤ ਹੈ, ਜਿਸ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣਾ ਇਨਸਾਨੀ ਦਿਲ ਕੁਰਬਲ-ਕੁਰਬਲ ਕਰਦੇ ਗੰਦ-ਮੰਦ ਦੇ ਢੇਰ ਹੇਠ ਦਫ਼ਨ ਕਰ ਦੇਣਾ ਪਿਆ। ਪੁਸਤਕ ਵਿੱਚ ਲੇਖਿਕਾ ਸੰਸਾਰ ਪ੍ਰਸਿੱਧ ਦੋ ਨਾਵਲਾਂ ਤੇ ਤਿੰਨ ਨਾਵਲਿਟਾਂ ਦੇ ਸਦਾਬਹਾਰ ਪਾਤਰਾਂ ਬਾਰੇ ਕਈ ਰੌਚਕ ਗੱਲਾਂ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਦੱਸਦੀ ਹੈ। ਪਹਿਲਾਂ ਨਾਵਲ ਵਿਕਟਰ ਮੈਰੀ ਹਿਊਗੋ (ਫ਼ਰਾਂਸੀਸੀ) ਦੁਆਰਾ ਰਚਿਤ 'ਪੈਰਿਸ ਦਾ ਕੁਬੜਾ' ਹੈ । ਨਾਵਲ ਦੀ ਖਾਸੀਅਤ ਉਸ ਦਾ ਕੁਬੜਾ, ਬਦਸੂਰਤ ਤੇ ਤ੍ਰਿਸਕਾਰਤ ਪਾਤਰ ਕਾਸੀਮੋਦੋ ਹੈ, ਜਿਸ ਰਾਹੀਂ ਨਾਵਲਕਾਰ ਨੇ ਪੁਰਾਣੀ ਪਰੰਪਰਾ ਨੂੰ ਤੋੜਿਆ ਹੈ ਕਿ ਸੁੰਦਰ ਪਾਤਰ ਹੀ ਮੁੱਖ ਪਾਤਰ ਹੋ ਸਕਦੇ ਹਨ। ਲੇਖਿਕਾ ਨੇ ਕਾਸੀਮੋਦੋ ਤੇ ਲਾਇਜ਼ਮੇਰਾਲਦਾ ਪਾਤਰਾਂ ਨੂੰ ਫੋਕਸ ਕੀਤਾ ਹੈ । ਅਗਲਾ ਪਾਤਰ ਵਿਦਵਾਨ ਅਤੇ ਰਸਾਇਣ ਵਿਗਿਆਨੀ ਪਾਦਰੀ ਕਲਾਲ ਫ਼ਰੋਲੋ ਹੈ, ਜਿਸ ਨੇ ਕਾਸੀਮੋਦੋ 'ਤੇ ਤਰਸ ਕਰਕੇ ਗੋਦ ਲਿਆ। ਇਸ ਦਾ ਨਾਂਅ ਵੀ ਫ਼ਰੋਲੋ ਨੇ ਹੀ ਰੱਖਿਆ ਸੀ। ਕਾਸੀਮੋਦੋ ਤੇ ਕੈਪਟਨ ਫੀਬਸ, ਪਾਦਰੀ ਕਲਾਲ ਫ਼ਰੋਲੋ ਤੇ ਪੀਅਰ ਗ੍ਰਿੰਗੋਯਰ ਵਿਚਲੇ ਅੰਤਰ ਨੂੰ ਦਰਸਾਇਆ ਗਿਆ ਹੈ। ਦੂਜਾ ਨਾਵਲਿਟ ਰੂਸੀ ਲੇਖਕ ਬੋਰਿਸ ਦਾ ਲਿਖਿਆ ਹੋਇਆ 'ਨਾਵਲ ਇਕਤਾਲੀਵਾਂ' ਹੈ, ਜੋ ਕਿ ਰੂਸੀ ਇਨਕਲਾਬ ਤੋਂ ਬਾਅਦ ਛਿੜੀ ਜੰਗ ਦੀ ਪਿੱਠ ਭੂਮੀ ਵਿੱਚ ਲਿਖਿਆ ਗਿਆ ਹੈ। ਇਸ ਨਾਵਲਿਟ ਦੀ ਪਾਤਰ ਕੁੜੀ ਮਰਿਊਤਕਾ ਦਾ ਪਾਤਰ ਚਿੱਤਰਣ ਕੀਤਾ ਗਿਆ ਹੈ ਜੋ ਕਿ ਪਤਲੀ ਜਿਹੀ, ਕੱਕੇ ਵਾਲਾਂ ਵਾਲੀ, ਪੀਲੀ ਭਾਅ ਮਾਰਦੀਆਂ ਬਦਾਮੀ ਅੱਖਾਂ ਵਾਲੀ ਇੱਕ ਬਿਹਤਰੀਨ ਨਿਸ਼ਾਨੇਬਾਜ਼ ਕੁੜੀ ਹੈ। ਨਾਵਲਿਟ ਦਾ ਦੂਜਾ ਪਾਤਰ ਨੀਲ ਅੱਖਾ ਸ਼ੈਤਾਨ ਕਮਲਾ ਝੱਲਾ ਲੈਫਟੀਨੈਂਟ ਗੋਵੋਰੁੱਖਾ ਓਤਰੋਕ ਹੈ, ਜੋ ਕਿ 27 ਸਾਲਾਂ ਦਾ ਸੋਹਣਾ-ਸੁਨੱਖਾ, ਪੜ੍ਹਿਆ-ਲਿਖਿਆ ਅਤੇ ਨੀਲੀਆਂ ਅੱਖਾਂ ਵਾਲਾ ਪੀਟਰਜ਼ਬਰਗ ਦੇ ਕੁਲੀਨ ਵਰਗ ਦਾ ਇੱਕ ਖ਼ੂਬਸੂਰਤ ਨੌਜਵਾਨ ਹੈ। ਲੇਖਿਕਾ ਨੇ ਇਨ੍ਹਾਂ ਦੋਹਾਂ ਪਾਤਰਾਂ ਦੇ ਆਪਸੀ ਟਕਰਾਓ ਤੇ ਨੇੜਤਾ ਨੂੰ ਦਰਸਾਉਂਦਿਆਂ ਅਖੀਰ ਲੈਫਟੀਨੈਂਟ ਗੋਵੋਰੁੱਖਾ ਨੂੰ ਮਰਿਊਤਕਾ ਦੇ ਇਕਤਾਲੀਵੇਂ ਨਿਸ਼ਾਨੇ ਦਾ ਸ਼ਿਕਾਰ ਹੋਇਆ ਦਰਸਾਇਆ ਹੈ। ਜਿਸ ਵਿੱਚ ਫ਼ਰਜ਼ ਜਿੱਤ ਜਾਂਦਾ ਹੈ ਤੇ ਮਰਿਊਤਕਾ ਦਾ ਪਿਆਰ ਹਾਰ ਜਾਂਦਾ ਹੈ। ਤੀਜਾ ਨਾਵਲਿਟ 'ਸੱਤਵਾਂ ਉਪਗ੍ਰਹਿ' ਹੈ ਜਿਸ ਵਿੱਚ ਲੇਖਿਕਾ ਨੇ ਏਵਗੇਨੀ ਦਾ ਪਾਤਰ-ਚਿਤਰਨ ਕਰਦਿਆਂ ਉਸ ਦੇ ਦਰਦ ਨੂੰ ਬਿਆਨ ਕੀਤਾ ਹੈ। ਅਗਲਾ ਨਾਵਲਿਟ 'ਪੁਸ਼ਕਿਨ ਦੀ ਰੂਹ' ਹੈ ਜਿਸ ਵਿੱਚ ਕਵੀ ਪੁਸ਼ਕਿਨ ਤੇ ਕਮਾਂਡਰ ਪੁਸ਼ਕਿਨ ਪਾਤਰਾਂ ਬਾਰੇ ਦੱਸਦਿਆਂ ਇਹਨਾਂ ਦੇ ਅੰਤ ਬਾਰੇ ਦੱਸਿਆ ਹੈ। ਪੰਜਵਾਂ ਨਾਵਲ ਬੰਗਾਲੀ ਨਾਵਲਕਾਰ ਸ਼ਰਤ ਚੰਦਰ ਚਟੋਪਾਧਿਆਏ ਦਾ ਲਿਖਿਆ ਹੋਇਆ ਨਾਵਲ ਹੈ, ਜਿਸ ਦਾ ਸਿਰਲੇਖ ਦੇਵਦਾਸ 1917 ਦੇ ਵਿੱਚ ਛਪਿਆ ਹੋਇਆ ਇਹ ਨਾਵਲ ਭਾਰਤ ਦੇ ਕਰੋੜਾਂ ਲੋਕਾਂ ਦਾ ਮਨ ਪਸੰਦ ਨਾਵਲ ਰਿਹਾ ਹੈ। ਇਸ ਵਿੱਚ ਦੇਵਦਾਸ, ਪਾਰਵਤੀ ਤੇ ਚੰਦਰਮੁਖੀ ਦਾ ਪਾਤਰ ਚਿਤਰਨ ਕੀਤਾ ਹੈ ਤੇ ਅਖੀਰ ਵਿੱਚ ਦੇਵਦਾਸ ਦੇ ਦਰਦ ਭਰੇ ਅੰਤ ਨੂੰ ਬਿਆਨ ਕੀਤਾ ਹੈ ।ਲੇਖਿਕਾ ਕਮਲ ਗਿੱਲ ਨੇ ਇਹਨਾਂ ਪਾਤਰਾਂ ਦਾ ਬੜੀ ਸੂਝ ਤੇ ਸਿਆਣਪ ਨਾਲ ਪਾਤਰ ਚਿੱਤਰਣ ਕੀਤਾ ਹੈ ਕਿ ਪਾਠਕਾਂ ਅੰਦਰ ਨਾਵਲਾਂ ਨੂੰ ਪੜ੍ਹਨ ਦੀ ਉਤਸੁਕਤਾ ਜਾਗਦੀ ਹੈ। ਨਿਸ਼ਚੇ ਹੀ ਇਹ ਪੁਸਤਕ ਕਮਲ ਗਿੱਲ ਦਾ ਇੱਕ ਖੋਜ ਕਾਰਜ ਜਾਪਦਾ ਹੈ, ਜਿਸ ਵਿੱਚ ਉਸ ਦੀ ਮਿਹਨਤ ਬੋਲਦੀ ਹੈ।ਪੜ੍ਹਨ ਵਾਲੀ ਪੁਸਤਕ ਹੈ। ਸੋ ਸਾਹਿਤ ਜਗਤ ਵਿੱਚ ਕਮਲ ਗਿੱਲ ਦੀ ਇਸ ਪੁਸਤਕ ਨੂੰ ਜੀ ਆਇਆਂ।

**— ਡਾ. ਭੁਪਿੰਦਰ ਕੌਰ**

### ਦੋਸਤੀ ਦੀ ਸੂਹੀ ਲਾਟ

**ਪ੍ਰੋ: ਸੁਰਿੰਦਰ ਗਿੱਲ**
**ਪੰਨੇ : 126, ਕੀਮਤ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ: ਸੁਰਿੰਦਰ ਗਿੱਲ, ਪੰਜਾਬੀ ਸਾਹਿਤ ਜਗਤ ਦੇ ਮੰਨੇ-ਪ੍ਰਮੰਨੇ ਸ਼ਾਇਰ ਹਨ, ਜਿਹੜੇ ਆਪਣੀ ਮਸਤ ਹਾਥੀ ਚਾਲ ਚੱਲਦੇ ਆ ਰਹੇ ਹਨ। ਉਹ ਅੱਧੀ ਸਦੀ ਤੋਂ ਵੱਧ ਸਮਾਂ ਪੜ੍ਹਨ, ਪੜ੍ਹਾਉਣ ਤੇ ਲਿਖਣ ਦੇ ਰਾਹੇ ਪਾਏ ਹੈ 1963 'ਚ ਛਪੇ ਪਹਿਲੇ ਕਾਵਿ ਸੰਗ੍ਰਹਿ 'ਸ਼ਗਨ' ਨਾਲ ਉਨ੍ਹਾਂ ਪਿੜ ਬੰਨ੍ਹਿਆ ਤੇ ਦਸਵੇਂ ਕਾਵਿ ਸੰਗ੍ਰਹਿ 'ਪੁਲ ਤੇ ਪਾਣੀ' ਤੱਕ ਅੰਬਾਰ ਲਾ ਦਿੱਤੇ।

ਏਨਾ ਸਮਾਂ ਲਗਾਤਾਰ ਲਿਖਣ ਵਾਲੇ ਲੇਖਕ ਦੇ ਜੀਵਨ 'ਚ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇ ਮੀਲ ਪੱਥਰ ਆਏ ਹੁੰਦੇ ਹਨ। ਦੋਸਤਾਂ-ਮਿੱਤਰਾਂ ਸੰਗ ਰਹਿੰਦਿਆਂ-ਵਿਚਰਦਿਆਂ ਗਿਆਨ ਗੋਸ਼ਟੀਆਂ 'ਚ ਅਨੇਕਾਂ ਕੌੜੇ-ਫਿੱਕੇ ਤਜਰਬੇ ਹੁੰਦੇ ਰਹਿੰਦੇ ਹਨ। ਵਿਦਿਆਰਥੀ ਤੇ ਪਰਵਾਰ ਦੀਆਂ ਦੁਸ਼ਵਾਰੀਆਂ, ਸਰੀਰਕ ਸਮੱਸਿਆਵਾਂ, ਜ਼ਿੰਦਗੀ ਦੀ ਦੌੜ-ਭੱਜ, ਚਿੰਤਾਵਾਂ, ਖੁਸ਼ੀਆਂ-ਖੇੜੇ/ਭਾਵ ਬੜਾ ਕੁਝ ਸਹਿਣ ਕਰਨਾ ਪਿਆ ਹੋਵੇਗਾ। ਉਹ ਸਾਰੇ ਤਜਰਬੇ ਯਾਦਾਂ ਦੇ ਰੂਪ ਵਿੱਚ ਲੇਖਕ ਨੇ ਸਮੇਂ-ਸਮੇਂ ਇਕੱਠੇ ਕਰ ਲਏ ਤੇ 'ਦੋਸਤੀ ਦੀ ਸੂਹੀ ਲਾਟ' ਦੇ ਸਰਵਰਕ ਹੇਠ ਪਾਠਕਾਂ ਦੇ ਸਨਮੁੱਖ ਲਿਆ ਰੱਖੇ ਹਨ। ਇਹ ਇੱਕ ਹਿਸਾਬ ਨਾਲ ਸੁਰਿੰਦਰ ਗਿੱਲ ਹੁਰਾਂ ਦੀ ਛੋਟੀ ਜਿਹੀ ਜੀਵਨੀ ਹੀ ਹੈ, ਜੋ ਪੜ੍ਹਦਿਆਂ ਜੁਗਨੂੰਆਂ ਵਾਂਗ ਹਨੇਰੇ ਨੂੰ ਰੁਸ਼ਨਾਉਂਦੇ ਹੋਏ ਦਿਲਚਸਪੀ ਵੀ ਪੈਦਾ ਕਰਦੇ ਹਨ। ਪਾਠਕ ਸ਼ੁਰੂ ਕਰਦਾ ਤੇ ਝੱਟਪੱਟ ਖਤਮ ਕਰਕੇ, ਅਗਲੀ ਯਾਦ ਨਾਲ ਸਾਂਝ ਪਾ ਬਹਿੰਦਾ।

'ਉਹ ਚੰਦਰਾ ਦਿਨ ਉਸ ਦੇ ਬਚਪਨ ਦੀ ਪਹਿਲੀ ਉਹ ਬਾਤ ਹੈ, ਉਸ ਨੂੰ ਮਾਂ ਦਾ ਪਿਆਰ ਕਦੇ ਨਸੀਬ ਹੀ ਨਹੀਂ ਹੋਇਆ। ਮਾਂ ਕਿਸੇ ਗੰਭੀਰ ਬਿਮਾਰੀ ਕਰਕੇ ਮੰਜੇ 'ਤੇ ਪਈ ਮੌਤ ਨੂੰ ਉਡੀਕ ਰਹੀ। ਪੁੱਤ ਨੂੰ ਲਾਗੇ ਨਹੀਂ ਲੱਗਣ ਦਿੰਦੀ। ਕਿਤੇ ਪੁੱਤ ਵੀ ਢਿੱਲਾ-ਮੱਠਾ ਨਾ ਹੋ ਜਾਵੇ। ਸੁਰਿੰਦਰ ਦਾ ਬਚਪਨ ਵੀ ਖੁਸ਼ਕ ਮਾਰੂਥਲ ਵਰਗਾ ਹੀ ਬੀਤਿਆ, ਮਾਂ ਦੇ ਲਾਡਾਂ ਤੋਂ ਬਗੈਰ।

'ਦੂਜਾ ਜਨਮ' 'ਚ ਉਸ ਨੇ ਆਪਣੀ ਗਭਰੀਟ ਉਮਰ 'ਚ ਅਚਾਨਕ ਹੋ ਗਈ ਦਿਮਾਗੀ ਬੁਖ਼ਾਰ ਦੀ ਦਾਸਤਾਨ ਹੈ। ਜੋ ਬੜੇ ਹੀ ਦਿਲਚਸਪ ਢੰਗ ਨਾਲ ਬਿਆਨ ਕੀਤੀ ਹੈ। ਇਹ ਬਿਮਾਰੀ ਉਸ ਨੂੰ ਚੁੜੇਲ ਵਾਂਗ ਪਿੱਛੇ ਹੀ ਪੈ ਗਈ। ਉਹ ਇਲਾਜ ਕਰਵਾਉਂਦਾ-ਕਰਵਾਉਂਦਾ ਹਸਪਤਾਲ ਦੇ ਬੈੱਡਾਂ ਜੋਗਾ ਹੀ ਹੋ ਕੇ ਰਹਿ ਗਿਆ। ਉਸ ਨੂੰ ਸਭ ਪਾਗਲ ਤੇ ਕਮਲਾ ਹੋ ਗਿਆ ਦਾ ਖਿਤਾਬ ਦੇਣ ਲੱਗ ਪਏ। ਉਸ ਦੀ ਜਵਾਨੀ ਵਿੱਚ ਹੀ ਯਾਦਦਾਸ਼ਤ ਕਮਜ਼ੋਰ ਹੋਣ ਦੇ ਬਾਵਜੂਦ ਉਸ ਨੇ ਸਕੂਲਾਂ, ਕਾਲਜਾਂ 'ਚ ਪੜ੍ਹਾਇਆ ਤੇ ਦੱਬ ਕੇ ਲਿਖਿਆ ਵੀ। ਮੈਨੂੰ ਯਾਦ ਆਉਂਦੇ ਗਿੱਲ ਸਾਹਿਬ ਦੀ ਹਰਭਜਨ ਸਿੰਘ ਹੁੰਦਲ ਹੁਰਾਂ ਨਾਲ ਦੋਸਤੀ ਰਹੀ। ਮੇਰੇ ਪਿਤਾ ਪ੍ਰੋ: ਬਲਦੇਵ ਸਿੰਘ ਵਾਲੀਆ ਹੁੰਦਲ ਹੁਰਾਂ ਦੇ ਕੁਲੀਗ ਰਹੇ। ਜਦੋਂ ਮੈਂ 1986 'ਚ ਪ੍ਰੀ-ਮੈਡੀਕਲ 'ਚ ਰਣਧੀਰ ਕਾਲਜ ਕਪੂਰਥਲੇ ਪੜ੍ਹਦਾ ਸਾਂ ਤਾਂ ਉਹ ਇੱਤੇ ਹੀ ਉਸ ਵੇਲੇ ਪੜ੍ਹਾਉਂਦੇ ਸਨ। ਗਿੱਲ ਸਾਹਿਬ ਮੈਨੂੰ ਮੇਰੇ ਪਿਤਾ ਦੇ ਨਾਲ ਖਲੋਤਿਆਂ ਕਹਿੰਦੇ, ਕਾਕਾ ਜਦੋਂ ਵੀ ਕੋਈ ਕੰਮ ਜਾਂ ਲੋੜ ਹੋਵੇ ਤਾਂ ਆਪਣੇ ਭਾਪੇ ਦਾ ਨਾਂਅ ਯਾਦ ਕਰਵਾ ਦਿਆ ਕਰੀਂ, ਨਹੀਂ ਤਾਂ ਮੈਨੂੰ ਭੁੱਲ ਜਿਹਾ ਜਾਂਦਾ।

ਇੱਕ ਲੇਖ 'ਚ ਮੋਹਨ ਸਿੰਘ ਨੂੰ ਯਾਦ ਕਰਦਿਆਂ ਦੱਸਦੇ ਹਨ ਕਿਵੇਂ ਪ੍ਰਸਿੱਧ ਕਵੀ ਮੋਹਨ ਸਿੰਘ ਇੱਕ ਵਾਰ ਵਜ਼ਦ 'ਚ ਆਇਆ ਗਾਉਣ ਲੱਗਾ, ਉਹਦੇ ਮੂੰਹ 'ਤੇ ਆਈ ਚੜ੍ਹਦੇ ਸੂਰਜ ਵਰਗੀ ਲਾਲੀ ਦੇਖਣਯੋਗ ਸੀ। ਨਾਲੋ-ਨਾਲ ਸ਼ਿਵ ਕੁਮਾਰ, ਸੰਤ ਸਿੰਘ ਸੇਖੋਂ, ਮਹਿੰਦਰ ਸਿੰਘ ਢਿੱਲੋਂ ਦਾ ਉਨ੍ਹਾਂ ਦੇ ਘਰ ਸਾਥ ਮਾਣਦਿਆਂ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਯਾਦ ਕਰਦੇ ਹਨ।

ਉਨ੍ਹਾ ਦੀਆਂ ਇਨ੍ਹਾਂ ਯਾਦਾਂ 'ਚ ਰੂਮੀ ਤੇ ਤਲਵੰਡੀ ਚੌਧਰੀਆਂ ਸਭ ਤੋਂ ਵੱਧ ਤੇ ਵਾਰ-ਵਾਰ ਗੇੜਾ ਦੇ ਕੇ ਆਉਂਦੇ ਹਨ, ਕਿਉਂਕਿ ਮੁੱਢਲੇ ਦੌਰ 'ਚ ਉਨ੍ਹਾ ਦਾ ਅਧਿਆਪਨ ਕਾਰਜ ਇੱਥੇ ਹੀ ਲਾਗੇ-ਚਾਗੇ ਬਤੀਤ ਹੋਇਆ। ਉਨ੍ਹਾ ਵੇਲਿਆਂ 'ਚ ਹੀ ਉਨ੍ਹਾ ਦਾ ਸਾਹਿਤਕ ਕਾਰਜ ਵੀ ਰਿੜ੍ਹਿਆ ਤੇ ਫਿਰ ਖੂਬ ਬੁਲੰਦੀਆਂ ਤੱਕ ਅੱਪੜਿਆ।

ਲਾਇਬਰੇਰੀ 'ਚ ਸ਼ਰਾਬ ਦੀ ਬੋਤਲ ਵਾਲਾ ਕਿੱਸਾ ਵੀ ਦਿਲਚਸਪ ਹੈ। ਇਵੇਂ ਹੀ ਮਾਨਵ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਤੇ ਵਿਚਾਰਾਂ, ਕਵਿਤਾ ਛਪਣ ਤੋਂ ਬਾਅਦ ਡਾਕ ਰਾਹੀਂ ਮਿਲੇ ਪੱਚੀ ਰੁਪਈਆਂ ਦੇ ਮਨੀਆਰਡਰ ਨੇ ਕੀ ਖੇਲ ਤਮਾਸ਼ੇ ਕੀਤੇ। ਮੰਡ 'ਚ ਦਰਿਆਵਾਂ ਲਾਗੇ ਸ਼ਰਾਬ ਕੱਢਣ ਵਾਲਿਆਂ ਦੀਆਂ ਮਜ਼ਾਹੀਆ ਕਥਾਵਾਂ ਤੇ ਸ਼ਰਾਬ ਕੱਢਣ ਦੇ ਢੰਗ-ਤਰੀਕੇ ਵੀ ਖੂਬ ਲੱਗੇ।

ਡਾ. ਰਘਬੀਰ ਸਿੰਘ ਸਿਰਜਣਾ ਦਾ ਕਲਾਸ ਫੈਲੋ ਹੋਣਾ ਵੀ ਉਹ ਮਾਣ ਨਾਲ ਦੱਸਦੇ ਹਨ। 'ਸਿਰਜਣਾ' ਰਸਾਲੇ ਦਾ ਮੁੱਢ ਬੰਨ੍ਹਣਾ, ਹਰਭਜਨ ਸਿੰਘ ਹੁੰਦਲ ਦੀ ਦੋਸਤੀ ਤੇ ਕਿਵੇਂ ਚੜ੍ਹਿਆ ਕਵਿਤਾ ਲਿਖਣ ਦਾ ਜਾਹੋ-ਜਲਾਲ ਵੀ ਪੇਸ਼ ਹੈ। ਸਕੂਲ ਵਰਗੇ ਅਦਾਰੇ 'ਚ ਟੂਣੇ ਕਰਨ ਵਾਲੇ ਸੰਤ ਅਧਿਆਪਕ ਦੀਆਂ ਹਰਕਤਾਂ/ਪ੍ਰੋ. ਭੂਰਾ ਸਿੰਘ ਦੀ ਮੌਤ ਤੇ ਪ੍ਰੋ: ਚਮਨ ਦੀਆਂ ਬੇਥੱਵੀਆਂ ਗੱਲਾਂ/ਵੀਰ ਦੇ ਘਰ ਪੁੱਤ ਜੰਮਣ ਦਾ ਬਿਰਤਾਂਤ, ਘਰੇਲੂ ਕੰਮ ਕਰਦੀਆਂ ਨੌਕਰਾਣੀਆਂ ਦੀਆਂ ਮਾਲਕਾਂ ਨਾਲ ਹੁੰਦੀਆਂ ਝੜਪਾਂ/ ਬਹੁਤ ਪੜ੍ਹ ਕੇ ਵੀ ਨਲਾਇਕਾਂ ਵਾਲੀਆਂ ਹਰਕਤਾਂ ਕਰਨ ਤੇ ਪੜ੍ਹਾਈ ਨੂੰ ਵੀ ਰੋਲਣਾ/ਵਿਆਹਾਂ 'ਚ ਮੁੰਡੇ ਲਈ ਘੋੜੀਆਂ ਤੇ ਕੁੜੀਆਂ ਦੇ ਵਿਆਹਾਂ 'ਚ ਸੁਹਾਗ ਗਾਉਣ ਦੇ ਵੇਰਵੇ ਵੀ ਬਥੇਰੇ ਦਰਜ ਕੀਤੇ ਗਏ ਹਨ। ਤਾਏ ਨਰਾਇਣੇ ਵਰਗੇ ਛੜੇ ਦੀ ਇਕੱਲਤਾ ਤੇ ਮੇਮਾਂ ਦੇ ਸੁਪਨੇ।

ਇਵੇਂ ਕਿੰਨੇ ਸਾਰੇ ਟੋਟਕੇ ਇਸ ਪੁਸਤਕ 'ਚ ਸ਼ਾਮਲ ਹਨ, ਜੋ ਹਲਕਾ-ਹਲਕਾ ਹਸਾਉਂਦੇ, ਗੰਭੀਰ ਕਰਦੇ, ਝੰਜੋੜਦੇ ਤੇ ਕੁਤਕੁਤਾਰੀਆਂ ਜਿਹੀਆਂ ਵੀ ਕੱਢਦੇ ਜਾਂਦੇ ਹਨ। ਇਹ ਪੁਸਤਕ 'ਦੋਸਤੀ ਦੀ ਸੂਹੀ ਲਾਟ' ਪ੍ਰੋ: ਸੁਰਿੰਦਰ ਗਿੱਲ ਹੁਰਾਂ ਦੀ ਵਾਰਤਕ ਦੇ ਖੇਤਰ 'ਚ ਮਾਰੀ ਕੀਮਤੀ ਛਲ ਹੈ, ਜੋ ਪਾਠਕਾਂ 'ਚ ਪਹੁੰਚ ਕੇ ਉਨ੍ਹਾਂ ਨੂੰ ਵੀ ਸੁਹਜ-ਸੁਆਦ ਦੇਵੇਗੀ।

**- ਡਾ: ਕਰਮਜੀਤ ਸਿੰਘ ਨਡਾਲਾ**

8-Sep-Sunday.qxd 9/7/2024 10:40 PM Page 6



# ਮੋਹਨਜੀਤ ਦੀ ਸਿਰਜਣਾ ਵਿਸ਼ਵ ਸਾਹਿਤ ਦੇ ਹਾਣ ਦੀ ਹੈ : ਸਵਰਾਜਬੀਰ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਦੀ ਪਟਿਆਲਾ ਇਕਾਈ ਦੇ ਸਹਿਯੋਗ ਨਾਲ ਭਾਸ਼ਾ ਵਿਭਾਗ ਪੰਜਾਬ ਦੇ ਸੈਮੀਨਾਰ ਹਾਲ ਵਿੱਚ ਮਰਹੂਮ ਸ਼ਾਇਰ ਮੋਹਨਜੀਤ ਹੁਰਾਂ ਦੀ ਯਾਦ ਨੂੰ ਸਮਰਪਿਤ ਪ੍ਰੋਗਰਾਮ 'ਮੋਹਨਜੀਤ : ਸ਼ਖਸੀਅਤ ਤੇ ਸਿਰਜਣਾ' ਕਰਵਾਇਆ ਗਿਆ। ਦੋ ਸੈਸ਼ਨਾਂ ਵਿੱਚ ਵੰਡੇ ਹੋਏ ਇਸ ਸਮਾਗਮ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ ਅਤੇ ਇਸ ਵਿੱਚ ਮੁੱਖ ਸੁਰ ਭਾਸ਼ਣ ਪੰਜਾਬੀ ਸ਼ਾਇਰ, ਨਾਟਕਕਾਰ ਤੇ ਸੰਪਾਦਕ ਸਵਰਾਜਬੀਰ ਹੋਰਾਂ ਨੇ ਦਿੱਤਾ। ਸਵਰਾਜਬੀਰ ਨੇ ਆਪਣੇ ਮੁੱਖ ਸੁਰ ਭਾਸ਼ਣ ਵਿੱਚ ਮੋਹਨਜੀਤ ਹੁਰਾਂ ਨਾਲ ਦਹਾਕਿਆਂ ਦੀ ਸਾਂਝ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਮੇਰੇ ਲਈ ਮੋਹਨਜੀਤ ਬਾਰੇ ਬੋਲਣਾ ਬਹੁਤ ਹੀ ਭਾਵੁਕ ਮਸਲਾ ਹੈ, ਪਰ ਮੋਹਨਜੀਤ ਹੁਰਾਂ ਬਾਰੇ ਗੱਲ ਕਰਨੀ ਸਦੀ ਦੀ ਕਵਿਤਾ ਨਾਲ ਸੰਵਾਦ ਰਚਾਉਣ ਵਰਗਾ ਹੈ। ਮੋਹਨਜੀਤ ਜਿਵੇਂ-ਜਿਵੇਂ ਅੱਗੇ ਵਧਿਆ, ਤਿਵੇਂ-ਤਿਵੇਂ ਉਸ ਦੀ ਸ਼ਖਸੀਅਤ ਅਤੇ ਉਸ ਦੀ ਕਵਿਤਾ ਦੇ ਵੱਖ-ਵੱਖ ਪਾਸਾਰ ਵੀ ਅੱਗੇ ਵਧੇ। ਇਸੇ ਲਈ ਪਾਠਕ ਨੂੰ ਹਰ ਕਿਤਾਬ ਵਿੱਚ ਵੱਖਰਾ ਮੋਹਨਜੀਤ ਨਜ਼ਰ ਆਉਂਦਾ ਹੈ। ਉਸ ਦੇ ਰੇਖਾ ਚਿੱਤਰਾਂ ਦਾ ਰੰਗ ਕਵਿਤਾ ਦੇ ਹਵਾਲੇ ਨਾਲ ਇੰਨਾ ਵਿਲੱਖਣ ਹੈ ਕਿ ਉਹਨਾਂ ਨੂੰ ਦੁਨੀਆ ਦੀ ਕਿਸੇ ਵੀ ਭਾਸ਼ਾ ਦੇ ਵੱਡੇ ਸਾਹਿਤ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ।




ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਜਿਸ ਵੇਲੇ ਪੰਜਾਬੀ ਕਵਿਤਾ ਦੇਹੀ ਨਾਦ ਵਿੱਚ ਉਲਝੀ ਹੋਈ ਸੀ, ਜਿਸ ਵੇਲੇ ਨਵਾਂ-ਨਵਾਂ ਬਾਜ਼ਾਰ ਪੰਜਾਬੀ ਸ਼ਾਇਰਾਂ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਸੀ, ਉਸ ਦੌਰ ਵਿੱਚ ਲੋਕ ਸਰੋਕਾਰਾਂ ਦੀ ਗੱਲ ਕਰਨਾ ਤੇ ਕਵਿਤਾ ਦੇ ਸੁਹਜ ਨੂੰ ਕਾਇਮ ਰੱਖਣਾ ਇੱਕ ਵੱਡੀ ਚੁਣੌਤੀ ਸੀ, ਜਿਸ ਨੂੰ ਮੋਹਨਜੀਤ ਹੁਰਾਂ ਨੇ ਬਾਖੂਬੀ ਨਿਭਾਇਆ। ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਦੇ ਨੌਜਵਾਨ ਅਧਿਆਪਕ ਯਾਦਵਿੰਦਰ ਸਿੰਘ ਨੇ ਮੋਹਨਜੀਤ ਦੇ ਰੇਖਾ ਚਿੱਤਰਾਂ 'ਤੇ ਆਪਣਾ ਰਿਸਰਚ ਪੇਪਰ ਪੇਸ਼ ਕਰਦੇ ਹੋਏ ਕਿਹਾ ਕਿ ਕਵਿਤਾ ਦੀ ਭਾਸ਼ਾ ਵਾਰਤਕ ਦੀ ਭਾਸ਼ਾ ਦੇ ਮੁਕਾਬਲੇ ਵਧੇਰੇ ਸੁਹਜਾਤਮਕ ਹੁੰਦੀ ਹੈ।

ਇੱਕ ਹੋਰ ਨੌਜਵਾਨ ਆਲੋਚਕ ਡਾਕਟਰ ਜਤਿੰਦਰ ਸਿੰਘ ਹੁਰਾਂ ਨੇ ਪੰਜਾਬੀ ਸ਼ਾਇਰੀ ਦੇ ਹਵਾਲਿਆਂ ਨਾਲ ਮੋਹਨਜੀਤ ਦੇ ਅੰਮ੍ਰਿਤਸਰ ਸ਼ਹਿਰ ਦੇ ਨਾਲ ਰਿਸ਼ਤੇ ਨੂੰ ਕੇਂਦਰ ਵਿੱਚ ਰੱਖ ਕੇ ਅੰਮ੍ਰਿਤਸਰ ਦੀ ਵਿਲੱਖਣਤਾ ਤੇ ਅੰਮ੍ਰਿਤਸਰ ਦੇ ਨਾਲ ਜੁੜੀ ਹੋਈ ਮੋਹਨਜੀਤ ਦੀ ਕਵਿਤਾ ਦੀ ਵਿਲੱਖਣਤਾ ਨੂੰ ਪੇਸ਼ ਕੀਤਾ।

ਸੈਸ਼ਨ ਦੇ ਆਰੰਭ ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਨੇ ਪੰਜਾਬੀ ਸਾਹਿਤ ਅਕਾਦਮੀ ਦੇ ਪਿਛਲੇ ਦਿਨਾਂ ਵਿੱਚ ਕਰਵਾਏ ਕੰਮਾਂ ਦੀ ਤਫਸੀਲ ਦਿੰਦਿਆਂ ਕਿਹਾ ਕਿ 'ਸ਼ਖ਼ਸੀਅਤ ਤੇ ਸਿਰਜਣਾ' ਇੱਕ ਅਜਿਹੀ ਅਦਬੀ ਲੜੀ ਹੈ, ਜਿਸ ਵਿੱਚ ਇਸ ਤੋਂ ਪਹਿਲਾਂ ਸੁਰਜੀਤ ਪਾਤਰ ਦੀ ਸ਼ਖਸੀਅਤ ਤੇ ਸਿਰਜਣਾ ਬਾਰੇ ਸਮਾਗਮ ਕਰਵਾਇਆ ਗਿਆ ਹੈ, ਹੁਣ ਇਹ ਸਮਾਗਮ ਮੋਹਨਜੀਤ ਬਾਰੇ ਹੋ ਰਿਹਾ ਹੈ। ਇਸ ਤੋਂ ਬਾਅਦ ਇਸੇ ਲੜੀ ਵਿੱਚ ਸੁਖਜੀਤ ਹੁਰਾਂ ਦੇ ਗਲਪ ਸੰਸਾਰ ਦੇ ਉੱਤੇ ਇਸੇ ਸਿਰਲੇਖ ਹੇਠ ਪ੍ਰੋਗਰਾਮ ਕਰਵਾਇਆ ਜਾਣਾ ਹੈ ਤੇ ਇਹ ਸਿਲਸਿਲਾ ਚੱਲਦਾ ਰਹੇਗਾ। ਅਕਾਦਮੀ ਮੈਂਬਰ ਸ਼ਾਇਰਾ ਨਰਿੰਦਰਪਾਲ ਕੌਰ ਨੇ ਮੋਹਨਜੀਤ ਦੀ ਸ਼ਾਇਰੀ ਦਾ ਪਾਠ ਕੀਤਾ।ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਪ੍ਰੋਗਰਾਮ ਕਨਵੀਨਰ ਸਤਪਾਲ ਭੀਖੀ ਨੇ ਪ੍ਰਗਤੀਸ਼ੀਲ ਲੇਖਕ ਸੰਘ ਤੇ ਪੰਜਾਬੀ ਸਾਹਿਤ ਅਕਾਦਮੀ ਦੇ ਸੁਮੇਲ ਵਿੱਚੋਂ ਹੋ ਰਹੇ ਇਸ ਪ੍ਰੋਗਰਾਮ ਦੇ ਸੰਦਰਭਾਂ ਦੀ ਭੂਮਿਕਾ ਬੰਨ੍ਹਣ ਦੇ ਰੂਪ ਵਿਚ ਹੋਇਆ ਤੇ ਪਹਿਲੇ ਸੈਸ਼ਨ ਦਾ ਸੰਚਾਲਨ ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾਕਟਰ ਅਰਵਿੰਦਰ ਕੌਰ ਕਾਕੜਾ ਹੁਰਾਂ ਨੇ ਬਹੁਤ ਖੂਬਸੂਰਤੀ ਨਾਲ ਕੀਤਾ।

ਦੂਜੇ ਸੈਸ਼ਨ ਦੀ ਪ੍ਰਧਾਨਗੀ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜ਼ਫਰ ਅਤੇ ਪੰਜਾਬੀ ਦੇ ਦੋ ਵੱਡੇ ਸ਼ਾਇਰਾਂ ਸੁਰਜੀਤ ਜੱਜ ਅਤੇ ਤਰਸੇਮ ਨੇ ਕੀਤੀ।

ਇਸ ਸੈਸ਼ਨ ਵਿੱਚ ਦਿੱਲੀ ਦੇ ਮਾਤਾ ਸੁੰਦਰੀ ਕਾਲਜ ਦੇ ਪ੍ਰੋਫੈਸਰ ਡਾ. ਹਰਵਿੰਦਰ ਸਿੰਘ ਹੁਰਾਂ ਨੇ ਮੋਹਨਜੀਤ ਦੀ ਲੰਮੀ ਕਵਿਤਾ 'ਲੀਲਾਵਤੀ' ਦੇ ਮਿੱਥਕ ਸਰੋਕਾਰਾਂ ਉੱਪਰ ਚਰਚਾ ਕਰਦਿਆਂ ਕਿਹਾ ਕਿ ਮੋਹਨਜੀਤ ਬਹੁਤ ਗਹਿਰਾਈ ਵਿੱਚ ਭਾਰਤੀ ਅਵਚੇਤਨ ਦੇ ਮਿੱਥ ਸਰੋਕਾਰਾਂ ਨੂੰ ਆਪਣੀ ਸ਼ਾਇਰੀ ਵਿੱਚ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਅੰਮ੍ਰਿਤਸਰ ਤੋਂ ਵਿਦਵਾਨ ਡਾ. ਮਨੀਸ਼ ਕੁਮਾਰ ਦੀ ਗੈਰ-ਹਾਜ਼ਰੀ ਵਿੱਚ ਉਹਨਾਂ ਦਾ ਪਰਚਾ ਡਾ. ਕੁਲਦੀਪ ਸਿੰਘ ਦੀਪ ਵੱਲੋਂ ਪੇਸ਼ ਕੀਤਾ ਗਿਆ। ਡਾ. ਕੁਲਦੀਪ ਸਿੰਘ ਦੀਪ ਨੇ ਮੋਹਨਜੀਤ ਦੀ ਇੱਕ ਹੋਰ ਲੰਮੀ ਕਵਿਤਾ 'ਕੋਣੇ ਦਾ ਸੂਰਜ' ਜਿਸ ਉੱਪਰ ਉਹਨਾਂ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ, ਉਸ ਬਾਰੇ ਗੱਲਬਾਤ ਕੀਤੀ।

ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਤੇ ਵੱਡੇ ਸ਼ਾਇਰ ਸੁਰਜੀਤ ਜੱਜ ਹੁਰਾਂ ਨੇ ਮੋਹਨਜੀਤ ਦੀ ਕਵਿਤਾ ਬਰਬਰੀਕ ਦੇ ਹਵਾਲੇ ਨਾਲ ਉਹਨਾਂ ਦੀ ਤੁਲਨਾ ਮਹਾਂਭਾਰਤ ਦੇ ਕਿਰਦਾਰ ਬਰਬਰੀਕ ਨਾਲ ਕੀਤੀ ਤੇ ਕਿਹਾ ਕਿ ਜੇਕਰ ਸੱਤਾ ਤੇਗ ਤੇ ਤ੍ਰਿਸ਼ੂਲ ਨਾਲ ਆਪਣੀ ਭੂਮਿਕਾ ਨਿਭਾਵੇਗੀ ਤਾਂ ਸ਼ਾਇਰ ਫੁੱਲ ਤੇ ਪੱਤੇ ਨਾਲ ਉਹਦਾ ਬਦਲ ਬਣੇਗਾ।

ਸ਼ਾਇਰ ਅਮਰਜੀਤ ਕਸਕ ਤੇ ਬਲਵਿੰਦਰ ਸੰਧੂ ਨੇ ਮੋਹਨਜੀਤ ਬਾਰੇ ਆਪਣੇ ਰੇਖਾ ਚਿੱਤਰ ਪੇਸ਼ ਕੀਤੇ। ਉੱਘੇ ਵਿਦਵਾਨ ਡਾਕਟਰ ਸੁਰਜੀਤ ਭੱਟੀ ਨੇ ਪੰਜਾਬੀ ਅਵਚੇਤਨ ਵਿੱਚ ਮਿੱਥ ਦੇ ਸਰੋਕਾਰਾਂ ਤੇ ਮਿੱਥ ਦੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ ਤੇ ਲਕਸ਼ਮੀ ਨਰਾਇਣ ਭੀਖੀ ਹੁਰਾਂ ਨੇ ਮੋਹਨਜੀਤ ਦੇ ਰੇਖਾ ਚਿੱਤਰਾਂ ਦੇ ਕੁਝ ਪਸਾਰਾਂ ਦੀ ਬੇਬਾਕੀ ਨੂੰ ਸਲਾਹਿਆ। ਪ੍ਰਧਾਨਗੀ ਭਾਸ਼ਣ ਵਿੱਚ ਜਸਵੰਤ ਜ਼ਫਰ ਹੁਰਾਂ ਨੇ ਮੋਹਨਜੀਤ ਨਾਲ ਆਪਣੇ ਨਿੱਜੀ ਰਿਸ਼ਤਿਆਂ ਤੇ ਇਹਨਾਂ ਰਿਸ਼ਤਿਆਂ ਵਿੱਚੋਂ ਪੈਦਾ ਹੋਏ ਰਹੱਸਾਂ 'ਤੇ ਫੋਕਸ ਕਰਦੇ ਹੋਏ ਕਿ ਮੋਹਨਜੀਤ ਦੀ ਸ਼ਖਸੀਅਤ ਤੋਂ ਇਹ ਸਿੱਖਿਆ ਜਾ ਸਕਦਾ ਹੈ

ਇਸ ਸੈਸ਼ਨ ਦਾ ਸੰਚਾਲਨ ਸੱਤਪਾਲ ਭੀਖੀ ਹੁਰਾਂ ਨੇ ਮੋਹਨਜੀਤ ਦੀ ਕਵਿਤਾ ਦੇ ਵਿਭਿੰਨ ਹਵਾਲਿਆਂ ਨਾਲ਼ ਬਾਖ਼ੂਬੀ ਕੀਤਾ।

## 'ਨਾ ਕਾਹੂ ਸੇ ਦੋਸਤੀ' ਲੋਕ ਅਰਪਿਤ



**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਸਾਹਿਤਕਾਰ ਡਾ. ਹਜ਼ਾਰਾ ਸਿੰਘ ਚੀਮਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਨਾ ਕਾਹੂ ਸੇ ਦੋਸਤੀ' ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਲੋਕ ਅਰਪਿਤ ਕੀਤੀ ਗਈ। ਸਮਾਗਮ ਦਾ ਆਗਾਜ਼ ਸਕੂਲ ਦੇ ਪ੍ਰਬੰਧਕ ਪ੍ਰਤੀਕ ਸਹਿਦੇਵ ਅਤੇ ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ, ਜਦਕਿ ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਪੁਸਤਕ ਬਾਰੇ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ. ਚੀਮਾ ਕੋਲ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਕੰਮ ਕਰਨ ਦਾ ਵਰ੍ਹਿਆਂ ਪੁਰਾਣਾ ਅਨੁਭਵ ਹੈ ਤੇ ਏਸੇ ਅਨੁਭਵ 'ਚੋਂ ਹੀ ਇਸ ਪੁਸਤਕ ਵਿਚਲੀਆਂ ਰਚਨਾਵਾਂ ਜਨਮ ਲੈਂਦੀਆਂ ਹਨ।

ਡਾ. ਹੀਰਾ ਸਿੰਘ ਨੇ ਵਧਾਈ ਦਿੰਦਿਆਂ ਕਿਹਾ ਕਿ ਡਾ. ਚੀਮਾ ਆਪਣੀ ਲੇਖਣੀ ਵਿੱਚ ਸਮਾਜਿਕਤਾ ਨੂੰ ਬਹੁਤ ਨੇੜਿਉਂ ਫੜਦਾ ਹੈ। ਹਰਜੀਤ ਸਿੰਘ ਸੰਧੂ ਅਤੇ ਮਨਮੋਹਨ ਸਿੰਘ ਢਿੱਲੋਂ ਨੇ ਕਿਹਾ ਕਿ ਚਰਚਾ ਅਧੀਨ ਪੁਸਤਕ ਦੀਆਂ ਸਮੁੱਚੀਆਂ ਰਚਨਾਵਾਂ ਪੜ੍ਹਨਯੋਗ ਅਤੇ ਸੰਭਾਲਣਯੋਗ ਹਨ।ਵਜ਼ੀਰ ਸਿੰਘ ਰੰਧਾਵਾ, ਡਾ. ਮੋਹਨ ਅਤੇ ਸਰਬਜੀਤ ਸਿੰਘ ਸੰਧੂ ਨੇ ਕਿਹਾ ਕਿ ਡਾ. ਚੀਮਾ ਵਿਅੰਗਮਈ ਭਾਸ਼ਾ ਸ਼ੈਲੀ ਵਿਚ ਪੁਖਤਾ ਸੰਵਾਦ ਰਚਾਉਂਦਾ ਹੈ।ਜਗਤਾਰ ਗਿੱਲ, ਜਸਵੰਤ ਧਾਪ ਨੇ ਵੀ ਆਪਣੇ ਵਿਚਾਰ ਰੱਖੇ, ਜਦਕਿ ਮੋਹਿਤ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਧੰਨਵਾਦ ਕੀਤਾ। ਇਸ ਸਮੇਂ ਪਰਮਜੀਤ ਕੌਰ, ਤ੍ਰਿਪਤਾ, ਪੂਨਮ ਸ਼ਰਮਾ, ਸ਼ਮੀ ਮਹਾਜਨ, ਸੁਭਾਸ਼ ਪਰਿੰਦਾ, ਨਵਦੀਪ, ਮੀਨਾਕਸ਼ੀ ਮਿਸ਼ਰਾ, ਅੰਜੂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## 'ਕਾਫ਼ਲੇ' ਵੱਲੋਂ ਬਲਬੀਰ ਸਿੰਘ ਮੋਮੀ ਨੂੰ ਸ਼ਰਧਾਂਜਲੀ

**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਬਰੈਂਪਟਨ ਦੀ ਸਪਰਿੰਗਡੇਲ ਲਾਇਬਰੇਰੀ ਵਿੱਚ ਹੋਈ ਅਗਸਤ ਮਹੀਨੇ ਦੀ ਮੀਟਿੰਗ ਵਿੱਚ ਬਲਬੀਰ ਸਿੰਘ ਮੋਮੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਪੰਜਾਬੀ ਦੇ ਚਰਚਿੱਤ ਲੇਖਕ ਬਲਬੀਰ ਸਿੰਘ ਮੋਮੀ ਕੁਝ ਦਿਨ ਬਿਮਾਰ ਰਹਿਣ ਉਪਰੰਤ ਪਿਛਲੇ ਦਿਨੀਂ ਬਰੈਂਪਟਨ ਵਿੱਚ ਵਿਛੋੜਾ ਦੇ ਗਏ ਸਨ। ਉਹ 1982 ਤੋਂ ਕੈਨੇਡਾ ਵਿੱਚ ਰਹਿ ਰਹੇ ਸਨ ਤੇ ਉਸ ਤੋਂ ਪਹਿਲਾਂ ਪੰਜਾਬ ਵਿੱਚ ਅਧਿਆਪਨ ਅਤੇ ਭਾਸ਼ਾ ਵਿਭਾਗ ਦੇ ਖੇਤਰ ਵਿੱਚ ਕੰਮ ਕਰ ਚੁੱਕੇ ਸਨ। ਉਨ੍ਹਾਂ ਬਾਰੇ ਬੋਲਦਿਆਂ ਪੂਰਨ ਸਿੰਘ ਪਾਂਧੀ ਨੇ ਜਿੱਥੇ ਫਾਜ਼ਿਲਕਾ ਖੇਤਰ ਵਿੱਚ ਮੋਮੀ ਨਾਲ਼ ਗੁਜ਼ਾਰੇ ਦਿਨਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਉਥੇ ਉਨ੍ਹਾਂ ਦੇ ਬਚਪਨ ਦੇ ਦੁਖਾਂਤ ਵੀ ਸਾਂਝੇ ਕੀਤੇ। ਪ੍ਰਿੰ. ਸਰਵਣ ਸਿੰਘ ਨੇ ਕਿਹਾ ਕਿ ਮੋਮੀ ਦੀਆਂ ਲਿਖਤਾਂ ਵਿੱਚ ਸਤਲੁਜ ਦਰਿਆ ਕਿਨਾਰੇ ਵੱਸਦੀ ਰਾਅ ਬਰਾਦਰੀ ਦੀ ਰਹਿਣੀ-ਬਹਿਣੀ, ਸੱਭਿਆਚਾਰ ਅਤੇ ਖਾਣ-ਪੀਣ ਦੇ ਨਾਲ਼-ਨਾਲ਼ ਉਥੋਂ ਦੇ ਜਾਨਵਰਾਂ ਦਾ ਭਰਪੂਰ ਜ਼ਿਕਰ ਮਿਲਦਾ ਹੈ। ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਹਰੀ ਸਿੰਘ ਦਿਲਬਰ ਦੀਆਂ ਲਿਖਤਾਂ ਤੋਂ ਇਲਾਵਾ ਕਿਸੇ ਵੀ ਹੋਰ ਲੇਖਕ ਦੀਆਂ ਲਿਖਤਾਂ ਵਿੱਚ ਪ੍ਰਕਿਰਤੀ ਦਾ ਅਜਿਹਾ ਬਾਰੀਕ ਚਿਤਰਨ ਨਹੀਂ ਮਿਲਦਾ ਜੋ ਮੋਮੀ ਦੀਆਂ ਲਿਖਤਾਂ ਵਿੱਚ ਮਿਲਦਾ ਹੈ।ਮੀਟਿੰਗ ਵਿੱਚ ਇਸ ਵਿਸ਼ੇ 'ਤੇ ਵੀ ਚਰਚਾ ਕੀਤੀ ਗਈ ਕਿ ਸੋਸ਼ਲ ਮੀਡੀਆ ਪੰਜਾਬੀ ਸਾਹਿਤ ਦੀ ਕਿਹੋ ਜਿਹੀ ਤਸਵੀਰ ਪੇਸ਼ ਕਰ ਰਿਹਾ ਹੈ।




ਡਾ. ਨਾਹਰ ਸਿੰਘ ਨੇ ਕਿਹਾ ਕਿ ਜਿੱਥੇ ਸੋਸ਼ਲ ਮੀਡੀਆ ਨੇ ਗਿਆਨ ਦੇ ਸਰੋਤ ਵਧਾਏ ਹਨ, ਉਥੇ ਮਨੁੱਖ ਦੀ ਸੋਚਣ-ਸ਼ਕਤੀ ਨੂੰ ਵੀ ਖੋਰਾ ਲਾਇਆ ਹੈ।ਏਥੋਂ ਤੱਕ ਕਿ ਮਿਲਦੀ ਜਾਣਕਾਰੀ ਵੀ ਬਹੁਤ ਪੇਤਲੇ ਪੱਧਰ ਦੀ ਹੁੰਦੀ ਹੈ। ਕਹਾਣੀਕਾਰ ਜਰਨੈਲ ਸਿੰਘ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੋਸ਼ਲ ਮੀਡੀਆ ਨੇ ਗਿਆਨ ਦੇ ਸਰੋਤਾਂ ਨੂੰ ਅਖ਼ਬਾਰਾਂ ਅਤੇ ਰਸਾਲਿਆਂ ਦੇ ਦਾਇਰੇ ਤੋਂ ਵਧਾ ਕੇ ਆਮ ਲੋਕਾਂ ਦੀ ਪਹੁੰਚ ਤੱਕ ਫੈਲਾਇਆ ਹੈ। ਪਿਆਰਾ ਸਿੰਘ ਕੁੱਦੋਵਾਲ਼ ਨੇ ਕਿਹਾ ਕਿ ਏਥੇ ਅੱਧੀ ਰਾਤ ਨੂੰ ਤੁਕਬੰਦੀ ਲਿਖੀ ਜਾਂਦੀ ਹੈ ਅਤੇ ਸੋਸ਼ਲ ਮੀਡੀਆ ਦੀ ਮਿਹਰਬਾਨੀ ਸਦਕਾ ਦਿਨ ਚੜ੍ਹਨ ਤੱਕ ਉਹ ਪੰਜਾਬੀ ਦੀਆਂ ਦੋ ਨਾਮਵਰ ਅਖ਼ਬਾਰਾਂ 'ਚ ਲੱਗੀ ਹੁੰਦੀ ਹੈ। ਇਸ ਤੋਂ ਇਲਾਵਾ ਪਰਮਜੀਤ ਦਿਓਲ, ਸੁਰਜੀਤ ਕੌਰ, ਜਤਿੰਦਰ ਰੰਧਾਵਾ, ਉਸਮਾ ਮਹਿਮੂਦ, ਹਰਦਿਆਲ ਸਿੰਘ ਝੀਤਾ, ਹਜ਼ਰਤ ਸ਼ਾਮ ਅਤੇ ਕੁਲਦੀਪ ਦੀਪ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

## ਸੁਰਿੰਦਰ ਰਾਮਪੁਰੀ ਦੀ ਪੁਸਤਕ 'ਕਿਸੇ ਬਹਾਨੇ' ਰਿਲੀਜ਼



**ਸਮਰਾਲਾ**-ਸਾਹਿਤਕਾਰਾਂ ਦੀ ਧਰਤੀ ਰਾਮਪੁਰ ਦੀ ਉਪਜ ਬਹੁਤ ਵਿਧਾਵੀ ਕਲਮ ਦੇ ਧਨੀ ਸੁਰਿੰਦਰ ਰਾਮਪੁਰੀ ਦੀ 20ਵੀਂ ਪੁਸਤਕ 'ਕਿਸੇ ਬਹਾਨੇ' ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵਿਖੇ ਨਾਮਵਰ ਅਦੀਬਾਂ ਦੀ ਹਾਜ਼ਰੀ ਵਿਚ ਰਿਲੀਜ਼ ਕੀਤੀ ਗਈ। ਸਭਾ ਦੇ ਦਫਤਰ ਨਿਊ ਹਾਲ ਲਾਟੋਂ ਰੋਡ ਵਿਖੇ ਵੱਡੀ ਗਿਣਤੀ ਵਿਚ ਹਾਜ਼ਰ ਲੇਖਕਾਂ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਕਰ ਰਹੇ ਸਨ। ਇਸ ਮੌਕੇ ਪੰਜਾਬੀ ਅਤੇ ਹਿੰਦੀ ਦੇ ਨਾਮਵਰ ਕਹਾਣੀਕਾਰ ਅਤੇ ਗ਼ਜ਼ਲਗੋ ਗੁਰਦਿਆਲ ਦਲਾਲ ਨੇ ਸੁਰਿੰਦਰ ਰਾਮਪੁਰੀ ਦੇ ਰਚਨਾ ਸੰਸਾਰ ਵਿਚ ਵਿਚਰਦਿਆਂ ਹਾਜ਼ਰ ਲੇਖਕਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੁਰਿੰਦਰ ਰਾਮਪੁਰੀ ਹੁਣ ਤੱਕ ਵੱਖ-ਵੱਖ ਵਿਧਾਵਾਂ 'ਤੇ 19 ਕਿਤਾਬਾਂ ਲਿਖ ਚੁੱਕਿਆ ਹੈ, ਜਿਹਨਾਂ ਵਿਚ ਮੁੱਖ ਤੌਰ 'ਤੇ ਕਹਾਣੀ, ਕਵਿਤਾ ਅਤੇ ਵਾਰਤਕ ਹਨ। ਮੌਜੂਦਾ ਪੁਸਤਕ 'ਕਿਸੇ ਬਹਾਨੇ' ਵਾਰਤਕ ਦੀ ਇੱਕ ਦਿਲਚਸਪ ਲੜੀ ਹੈ, ਜਿਸ ਵਿਚ ਵਾਰਤਕ ਦੇ ਵੱਖ-ਵੱਖ ਰੰਗ ਦੇਖਣ ਨੂੰ ਮਿਲਦੇ ਹਨ। ਜਿਹਨਾਂ ਵਿਚ ਨਿਬੰਧ, ਲਲਿਤ ਨਿਬੰਧ, ਸਫ਼ਰਨਾਮੇ, ਰਿਪੋਰਤਾਜ ਅਤੇ ਸਮਾਜਿਕ ਵਿਸ਼ਿਆਂ ਨੂੰ ਛੋਂਹਦੇ ਲੇਖ ਹਨ। ਕਹਾਣੀਕਾਰ ਦਲਾਲ ਨੇ ਦੱਸਿਆ ਕਿ 'ਸੁਰਿੰਦਰ ਰਾਮਪੁਰੀ ਦੀ ਚੁਨਿੰਦਾ ਕਹਾਣੀਆਂ' ਦਾ ਸੰਗ੍ਰਹਿ ਹਿੰਦੀ ਲੇਖਕ ਸੁਭਾਸ਼ ਨੀਰਵ ਵੱਲੋਂ ਅਨੁਵਾਦ ਕੀਤਾ ਗਿਆ ਹੈ। ਵਿਚਾਰ ਚਰਚਾ ਨੂੰ ਅੱਗੇ ਵਧਾਉਂਦੇ ਹੋਏ ਸਾਹਿਤ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਆਖਿਆ ਕਿ ਇਸ ਕਿਤਾਬ ਨੂੰ ਪੜ੍ਹ ਕੇ ਪਾਠਕਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ ਤੇ ਅਜਿਹੀਆਂ ਕਿਤਾਬਾਂ ਸਾਂਭਣਯੋਗ ਹੁੰਦੀਆਂ ਹਨ। ਉਹਨਾਂ ਕਿਹਾ ਕਿ ਨਵੀਂ ਪੀੜ੍ਹੀ ਦੇ ਲੇਖਕਾਂ ਨੂੰ ਸੁਰਿੰਦਰ ਰਾਮਪੁਰੀ ਦੀ ਲਿਖਣ ਪ੍ਰਕਿਰਿਆ ਤੋਂ ਸੇਧ ਅਵੱਸ਼ ਲੈਣੀ ਚਾਹੀਦੀ ਹੈ। ਪੁਸਤਕ 'ਤੇ ਹੋਰਨਾਂ ਤੋਂ ਇਲਾਵਾ ਤਰਨ ਬੱਲ ਤੇ ਕਰਨੈਲ ਸਿਵੀਆ ਨੇ ਵੀ ਆਪਣੇ ਵਿਚਾਰ ਰੱਖੇ। ਆਪਣੀ ਵਾਰੀ ਆਉਣ 'ਤੇ ਸੁਰਿੰਦਰ ਰਾਮਪੁਰੀ ਨੇ ਆਪਣੀ ਰਚਨਾ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਹਾਜ਼ਰ ਅਦੀਬਾਂ ਨਾਲ ਆਪਣੇ ਸਾਹਿਤ ਸਫ਼ਰ ਬਾਰੇ ਗੰਭੀਰ ਗੱਲਾਂ ਕੀਤੀਆਂ।

ਹਾਜ਼ਰ ਸਾਹਿਤਕਾਰਾਂ ਵੱਲੋਂ ਸਮਾਜਿਕ ਮਸਲਿਆਂ 'ਤੇ ਨਿੱਠ ਕੇ ਗੱਲਬਾਤ ਕੀਤੀ ਗਈ । ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿੱਤ ਕਰਨ ਵਾਸਤੇ ਕੀਮਤੀ ਵਿਚਾਰਾਂ ਹੋਈਆਂ । ਇਸ ਮੀਟਿੰਗ ਵਿੱਚ ਤਕਰੀਬਨ 40 ਦੇ ਕਰੀਬ ਲੇਖਕਾਂ ਨੇ ਹਾਜ਼ਰੀ ਭਰੀ ।ਸਟੇਜ ਦੀ ਕਾਰਵਾਈ ਕਹਾਣੀਕਾਰ ਤਰਨ ਸਿੰਘ ਬੱਲ ਨੇ ਖੂਬਸੂਰਤ ਅੰਦਾਜ਼ ਵਿੱਚ ਨਿਭਾਈ। ਗੁਰਸੇਵਕ ਸਿੰਘ ਢਿੱਲੋਂ ਨੇ ਦੂਰੋਂ-ਨੇੜਿਓਂ ਆਏ ਹੋਏ ਸ਼ਾਇਰਾਂ ਦਾ ਧੰਨਵਾਦ ਕੀਤਾ ।

—ਸੁਰਜੀਤ ਸਿੰਘ

## ਅਕਾਦਮੀ ਵੱਲੋਂ ਮੌਲਿਕ ਸ਼ਾਇਰਾਂ ਤੇ ਗਾਇਕਾਂ ਨੂੰ ਦਿੱਤਾ ਜਾਵੇਗਾ ਮੌਕਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਿਖੇ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਦੀ ਅਗਵਾਈ ਹੇਠ ਪੰਜਾਬੀ ਕਾਵਿ ਗਾਇਨ ਪ੍ਰੋਗਰਾਮ ਕਮੇਟੀ ਦੀ ਮੀਟਿੰਗ ਹੋਈ।

ਮੀਟਿੰਗ ਵਿਚ ਕਮੇਟੀ ਦੇ ਕਨਵੀਨਰ ਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਕਰਮਜੀਤ ਸਿੰਘ ਗਰੇਵਾਲ, ਮੈਂਬਰ ਪ੍ਰਬੰਧਕੀ ਬੋਰਡ ਦੀਪ ਜਗਦੀਪ ਸਿੰਘ, ਮਨਦੀਪ ਕੌਰ ਭੰਵਰਾ, ਪ੍ਰਭਜੋਤ ਸੋਹੀ, ਰਵਿੰਦਰ ਰਵੀ, ਮੀਤ ਅਨਮੋਲ ਨੇ ਸ਼ਮੂਲੀਅਤ ਕੀਤੀ।ਕਮੇਟੀ ਮੈਂਬਰਾਂ ਵੱਲੋਂ ਫ਼ੈਸਲਾ ਕੀਤਾ ਕਿ ਅਕਾਡਮੀ ਦੀ ਅਗਵਾਈ ਹੇਠ ਕਾਵਿ ਗਾਇਨ ਪ੍ਰੋਗਰਾਮ ਕਰਵਾਇਆ ਜਾਵੇਗਾ । ਵਿਦਿਅਕ ਸੰਸਥਾਵਾਂ ਵਿੱਚੋਂ ਭਾਗੀਦਾਰ ਬੁਲਾਏ ਜਾਣਗੇ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਆਪਣਾ ਯੂਟਿਊਬ ਚੈਨਲ ਬਣਾਇਆ ਜਾਵੇਗਾ। ਅਕਾਦਮੀ ਵੱਲੋਂ ਸਮਾਗਮ ਰਿਕਾਰਡ ਕਰਨ ਲਈ ਰਿਕਾਰਡਿੰਗ ਸਟੂਡਿਓ ਸਥਾਪਤ ਕਰਨ ਦੀ ਤਜਵੀਜ਼ ਵੀ ਰੱਖੀ ਗਈ ਹੈ।

## ਮਾਸਟਰ ਆਤਮਾ ਸਿੰਘ ਚਿੱਟੀ ਦੀਆਂ ਦੋ ਬਾਲ ਪੁਸਤਕਾਂ ਪ੍ਰਕਾਸ਼ਤ

**ਕਾਲਾ ਸੰਘਿਆਂ (ਮਨਜੀਤ ਮਾਨ)** ਦੁਆਬੇ ਦੇ ਉੱਘੇ ਪਿੰਡ ਚਿੱਟੀ ਜ਼ਿਲ੍ਹਾ ਜਲੰਧਰ ਦੇ ਪ੍ਰਸਿੱਧ ਸ਼੍ਰੋਮਣੀ ਬਾਲ ਸਾਹਿਤ ਲੇਖਕ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਤ ਮਾਸਟਰ ਆਤਮਾ ਸਿੰਘ ਚਿੱਟੀ ਦੀਆਂ ਕਾਵਿ ਬੁਝਾਰਤਾਂ ਦੀਆਂ ਦੋ ਬਾਲ ਪੁਸਤਕਾਂ, ਸੋਚ ਕੇ ਦੱਸੋਂ, ਉਹ ਹਨ ਕੋਣ ਅਤੇ ਬੁੱਝ ਕੇ ਬੱਚਿਓ ਤੁਸੀਂ ਦਿਖਾਓ ਹਜ਼ੂਰੀਆਂ ਐਂਡ ਸਨਜ਼ ਜਲੰਧਰ ਵੱਲੋਂ ਹੁਣੇ ਹੁਣੇ ਛਾਪੀਆਂ ਗਈਆਂ ਹਨ। ਉਨ੍ਹਾਂ ਦੋਹਾਂ ਬਾਲ ਪੁਸਤਕਾਂ ਦੇ ਮੁੱਖ ਬੰਧ ਪੰਜਾਬੀ ਦੇ ਪ੍ਰਸਿੱਧ ਲੇਖਕ ਡਾਕਟਰ ਕੁਲਬੀਰ ਸਿੰਘ ਸੂਰੀ ਤੇ ਮਨਦੀਪ ਸਿੰਘ ਚਿੱਟੀ ਵੱਲੋਂ ਭਾਵਪੂਰਤ ਸ਼ੈਲੀ ਵਿੱਚ ਲਿਖੇ ਗਏ। ਇਹ ਦੋ ਪੁਸਤਕਾਂ ਪ੍ਰਕਾਸ਼ਿਤ ਹੋਣ ਨਾਲ ਆਤਮਾ ਸਿੰਘ ਚਿੱਟੀ ਦੀਆਂ ਬਾਲ ਪੁਸਤਕਾਂ ਦੀ ਗਿਣਤੀ 26 ਹੋ ਗਈ ਹੈ। ਦੋਹਾਂ ਕਿਤਾਬਾਂ ਦੇ ਅੰਤ ਵਿੱਚ ਤਸਵੀਰਾਂ ਸਮੇਤ ਕਾਵਿ ਬੁਝਾਰਤਾਂ ਦੇ ਉੱਤਰ ਵੀ ਦਿੱਤੇ ਗਏ ਹਨ।




## ਪਾਠਕਾਂ ਦੇ ਝਰੋਖੇ 'ਚੋਂ

### ਹੋਇਆ ਦੇਸ ਪਰਾਇਆ

5 ਅਗਸਤ ਦੇ ਨਵਾਂ ਜ਼ਮਾਨਾ ਵਿਚ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦੇ ਨਾਵਲ 'ਹੋਇਆ ਦੇਸ ਪਰਾਇਆ' ਬਾਰੇ ਪ੍ਰਸਿੱਧ ਆਲੋਚਕ ਡਾ. ਪਰਮਜੀਤ ਢੀਂਗਰਾ ਨੇ ਚੰਗੀ ਜਾਣਕਾਰੀ ਦਿੱਤੀ ਹੈ।ਨਾਵਲ ਦਾ ਵਿਸ਼ਾ ਭਖਦਾ ਮਸਲਾ ਹੈ। ਪੰਜਾਬ ਦਾ ਨੌਜਵਾਨ ਵੱਡੀ ਗਿਣਤੀ ਵਿਚ ਪਰਵਾਸ ਕਰ ਰਿਹਾ ਹੈ ਕਿਉਂਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਨੌਕਰੀਆਂ ਦੇਣ ਵਿਚ ਅਸਮਰਥ ਹੈ। ਜੇ ਕਿਹਾ ਜਾਵੇ ਕਿ ਪੂਰੀ ਤਰ੍ਹਾਂ ਫੇਲ੍ਹ ਹੈ ਤਾਂ ਕੋਈ ਅਤਿਕਥਨੀ ਨਹੀਂ ।ਪੰਜਾਬ ਨਸ਼ਿਆਂ ਦਾ ਕੇਂਦਰ ਬਣ ਚੁੱਕਾ ਹੈ। ਪੰਜਾਬ ਦਾ ਪੜ੍ਹਿਆ-ਲਿਖਿਆ ਵਰਗ ਸਰਕਾਰ ਨਾਲ ਨਰਾਜ਼ ਚੱਲ ਰਿਹਾ ਹੈ ।ਸਮਝਿਆ ਜਾ ਰਿਹਾ ਸੀ ਕਿ ਪੰਜਾਬ ਬਦਲ ਜਾਵੇਗਾ, ਪਰ ਹੋਇਆ ਕੁਝ ਨਹੀਂ, ਕੇਵਲ ਕਰਜ਼ੇ ਕੇਂਦਰ ਤੋਂ ਲੈ ਕੇ ਪੰਜਾਬ ਤੋਰਿਆ ਜਾ ਰਿਹਾ ਹੈ। ਮੁਫਤ ਦੀਆਂ ਸਕੀਮਾਂ ਨੇ ਪੰਜਾਬ ਨੂੰ ਹਾਲੋਂ ਬੇਹਾਲ ਕਰ ਦਿੱਤਾ ਹੈ ।ਫਰਕ ਬਸ ਐਨਾ ਹੈ ਕਿ ਪਹਿਲਾਂ ਸਰਕਾਰਾਂ ਕਹਿੰਦੀਆਂ ਸਨ ਕਿ ਖਜ਼ਾਨਾ ਖਾਲੀ ਹੈ, ਹੁਣ ਵਾਲੇ ਇਹ ਕਹਿੰਦੇ ਤਾਂ ਨਹੀਂ, ਪਰ ਅੰਦਰੋਂ-ਅੰਦਰ ਖੋਖ਼ਲੇ ਹੋ ਗਏ ਹਨ ।ਹੁਣ ਵਾਲੀ ਸਰਕਾਰ ਤਾਂ ਸਿਰਫ ਦੂਸਰੀਆਂ ਪਾਰਟੀਆਂ ਵਿੱਚੋਂ ਬੰਦੇ ਤੋੜਨ ਵੱਲ ਰੁਚਿਤ ਹੈ। ਇਸ ਨਾਲ ਕਿਹੜਾ ਪੰਜਾਬ ਰੰਗਲਾ ਬਣ ਜਾਵੇਗਾ ? ਸਮਝ ਤੋਂ ਪਰ੍ਹੇ ਹੈ ।ਨਾਵਲਕਾਰ ਬਿਲਿੰਗ ਨੇ ਨਾਵਲ ਵਿਚ ਪੰਜਾਬ ਦੀ ਦੁਖਦੀ ਰਗ ਨੂੰ ਛੇੜਿਆ ਹੈ। ਕਿਤਾਬ 'ਉਮਰ ਤੇ ਬੁਢਾਪਾ' ਬਾਰੇ ਚੰਗੀ ਜਾਣਕਾਰੀ ਮਿਲੀ ।ਬੁਢਾਪਾ ਸਰੀਕ ਸੈੱਲਾਂ ਦੀ ਟੁੱਟ-ਭੱਜ ਵਿਚੋਂ ਪੈਦਾ ਹੁੰਦਾ ਹੈ । ਅੰਗਾਂ ਦੀ ਕਮਜ਼ੋਰੀ ਹੋਣ ਨਾਲ ਬੰਦਾ ਬੁੱਢਾ ਹੁੰਦਾ ਹੈ ।ਕੋਹਾਰਵਾਲਾ ਦੀ ਕਿਤਾਬ 'ਮੈਲੇ ਮੰਜਰ' ਦੀ ਸਮੀਖਿਆ ਵੀ ਠੀਕ ਲੱਗੀ ।ਕੋਹਾਰਵਾਲਾ ਕਾਫੀ ਸਮੇਂ ਤੋਂ ਕਵਿਤਾ ਦਾ ਘੇਰਾ ਵਧਾ ਰਿਹਾ ਹੈ। ਪਿੱਛੇ ਜਿਹੇ ਉਸ ਦੀ ਸਾਹਿਤਕਾਰਾਂ ਦੇ ਰੇਖਾ ਚਿੱਤਰਾਂ ਦੀ ਇਕ ਕਿਤਾਬ ਵੀ ਪਾਠਕਾਂ ਵਿਚ ਪੜ੍ਹੀ ਜਾ ਰਹੀ ਹੈ। ਸਾਹਿਤਕ ਰਿਪੋਰਟਾਂ ਵਿਚ ਅਕਥ ਨਾ ਕਥਨਾ ਜਾਈ, ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਦਾ ਸਮਾਗਮ, ਬੂਟਾ ਸਿੰਘ ਚੌਹਾਨ ਦਾ ਅਨੁਵਾਦਤ ਨਾਵਲ ਰਿਲੀਜ਼, ਪੁਸਤਕ ਪਰ ਪਰਾਰ ਦੀ ਗੱਲ ਦੀ ਚਰਚਾ ਸਾਹਿਤਕ ਮਹਿਕਾਂ ਨਾਲ ਭਰਪੂਰ ਹਨ । ਫਾਸ਼ੀਵਾਦ ਦੇ ਕਈ ਪੱਖ ਹਰਵਿੰਦਰ ਭੰਡਾਲ ਨੇ ਲਿਖੇ ਹਨ ।ਅਸਲ ਫਾਸ਼ੀਵਾਦ ਕਿਰਤੀ ਤੇ ਕਿਸਾਨ ਨੂੰ ਸਹੀ ਮੁੱਲ ਨਾ ਦੇਣ, ਰੁਜ਼ਗਾਰ ਨਾ ਦੇਣਾ, ਤਸ਼ੱਦਦ ਕਰਨਾ, ਹੱਕਾਂ ਨੂੰ ਮਾਰਨਾ, ਵਿਰੋਧੀਆਂ ਨੂੰ ਤਸੀਹੇ ਦੇਣੇ ਆਦਿ ਹੈ ।

ਇਹ ਕਨਸੈਪਟ ਤਾਨਾਸ਼ਾਹੀ ਦੀ ਉਪਜ ਹੈ। ਜਿਸ ਦਾ ਪ੍ਰਛਾਵਾਂ ਹੁਣ ਸਾਡੇ ਦੇਸ਼ ਵਿਚ ਵੀ ਦਿਖਾਈ ਦੇਣ ਲੱਗ ਪਿਆ ਹੈ । ਵਿਜੈ ਬੰਬੇਲੀ ਨੇ ਜੰਗਲਾਂ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਹੈ । ਅਜੋਕਾ ਮਨੁੱਖ ਖਾਸ ਕਰਕੇ ਸਾਡੇ ਦੇਸ਼ ਵਿਚ ਬੰਦਾ ਅਕ੍ਰਿਤਘਣ ਹੋ ਗਿਆ ਹੈ। ਸਰਕਾਰਾਂ ਨੇ ਸੜਕਾਂ ਚੌੜੀਆਂ ਕਰਨ ਦੇ ਬਹਾਨੇ ਜੰਗਲਾਂ ਦਾ ਸਫਾਇਆ ਕੀਤਾ ਹੈ। ਇਹ ਬਹੁਤ ਵੱਡਾ ਗੁਨਾਹ ਹੈ ।ਸੁਖਮਿੰਦਰ ਪੁੰਨੀ ਨੇ ਪੰਜਾਬ ਸਿੰਘ ਦੀ ਕਹਾਣੀ ਦੇ ਪਾਤਰ ਲੈ ਕੇ ਉੱਜੜ ਰਹੇ ਪੰਜਾਬ ਦੀ ਦਾਸਤਾਨ ਪੇਸ਼ ਕੀਤੀ ਹੈ । ਕੋਲਕਾਤਾ ਕਾਂਡ ਤੇ ਬਦਲਾਪੁਰ ਜਿਨਸੀ ਕਾਂਡਾਂ ਦਾ ਚਿੱਠਾਂ ਪੜ੍ਹ ਕੇ ਦੁੱਖ ਹੋਇਆ ।ਸਾਡਾ ਦੇਸ਼ ਕਿਸ ਪਾਸ ਨੂੰ ਜਾ ਰਿਹਾ ਹੈ ?ਦ੍ਰਿਸ਼ਟੀਕੋਣ ਨੇ ਸਿਆਸਤਦਾਨਾਂ ਦੀਆਂ ਕਲਾਬਾਜ਼ੀਆਂ ਦਾ ਜ਼ਿਕਰ ਕੀਤਾ ਹੈ।ਹੁਣ ਲੋਕ ਸਭ ਕੁਝ ਸਮਝਦੇ ਹਨ । ਇਸੇ ਲਈ ਦਲਬਦਲੀ ਕਰਨ ਵਾਲੇ ਲੋਕ ਜਨਤਾ ਦੀ ਨਫਰਤ ਦੇ ਪਾਤਰ ਹਨ ।ਹਰਪ੍ਰੀਤ ਕੌਰ ਸੰਧੂ ਦਾ ਔਰਤ ਬਾਰੇ ਲੇਖ ਤੇ ਸੋਮਾ ਕਲਸੀਆ ਦੀਆਂ ਮਿੰਨੀ ਕਹਾਣੀਆਂ ਵੀ ਪੜ੍ਹ ਕੇ ਚੰਗਾ ਲੱਗਾ ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## 'ਸਤਿਗੁਰ ਰਵਿਦਾਸ ਬਾਣੀ-ਕ੍ਰਾਂਤੀਕਾਰੀ ਸੰਦੇਸ਼' 'ਤੇ ਵਿਚਾਰ-ਚਰਚਾ

**ਹੁਸ਼ਿਆਰਪੁਰ** : ਇਥੇ ਇੱਕ ਮੀਟਿੰਗ ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੇ ਦਰਜ 40 ਸਲੋਕਾਂ 'ਤੇ ਆਧਾਰਿਤ ਸ਼ਾਇਰ ਨਵਤੇਜ ਗੜ੍ਹਦੀਵਾਲਾ ਵੱਲੋਂ ਲਿਖੀ ਪੁਸਤਕ 'ਸਤਿਗੁਰ ਰਵਿਦਾਸ ਬਾਣੀ-ਕ੍ਰਾਂਤੀਕਾਰੀ ਸੰਦੇਸ਼:- ਭਾਗ (1) ਅਤੇ ਭਾਗ (2)' ਬਾਰੇ ਵਿਚਾਰ ਪੇਸ਼ ਕਰਦਿਆਂ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਲੇਖਕ ਦੀਆਂ ਵਿਚਾਰ-ਉਤਜੇਕ ਇਹ ਪੁਸਤਕਾਂ ਟੀਕਾਕਾਰੀ ਦੀ ਪਰੰਪਰਕ ਰਿਵਾਇਤ ਤੋਂ ਹਟਵੀਆਂ ਹਨ।ਨਵਤੇਜ ਗੜ੍ਹਦੀਵਾਲਾ ਦੀ ਬਾਣੀ ਵਿਆਖਿਆ, ਸ਼ਬਦਾਰਥ ਜਾਂ ਸ਼ਬਦਾਂ ਦੇ ਸਰਲ-ਅਰਥੀ ਸਾਰ ਤੱਕ ਸੀਮਤ ਨਹੀਂ।ਉਹ ਵਿਆਖਿਆ ਸਮੇਂ ਉਸ ਸਮਾਜਿਕ ਸੰਦਰਭ ਨੂੰ ਵੀ ਧਿਆਨ ਵਿਚ ਰੱਖਦਾ ਹੈ, ਜਿਸ ਵਿਚ ਗੁਰੂ ਰਵਿਦਾਸ ਜੀ ਨੇ ਇਹ ਬਾਣੀ ਰਚੀ ਹੈ।ਲੇਖਕ ਸ਼ਬਦਾਂ ਦੇ ਕੋਸ਼ਗਤ ਅਰਥਾਂ ਦੀ ਥਾਂ ਬਾਣੀ ਦੇ ਅੰਦਰੂਨੀ ਸਾਰ ਨੂੰ ਸਪੱਸ਼ਟ ਕਰਨ ਦਾ ਯਤਨ ਕਰਦਾ ਹੈ।ਗੰਭੀਰ ਵਿਚਾਰਕ ਮੁਦਰਾ ਵਾਲੀ ਇਹ ਪੋਥੀ ਭਗਤ ਰਵਿਦਾਸ ਬਾਣੀ ਦੀ ਸਮਕਾਲੀ ਭਾਰਤੀ ਸੰਦਰਭ ਵਿਚ ਪ੍ਰੰਸਗਕਿਤਾ 'ਤੇ ਸਾਰਥਕਿਤਾ ਨੂੰ ਹੋਰ ਦ੍ਰਿੜ ਕਰਾਉਂਦੀ ਹੈ।ਇਹ ਪੁਸਤਕ ਹਾਸ਼ੀਏ ਦੇ ਸਮਾਜ ਦੇ ਮੌਜੂਦਾ ਪ੍ਰਵਚਨ ਦੇ ਅਹਿਮ ਪਾਸਾਰਾਂ ਨੂੰ ਸੰਵਾਦ ਦੇ ਕੇਂਦਰ ਵਿਚ ਲੈ ਆਉਂਦੀ ਹੈ।ਇਸ ਮੌਕੇ ਪ੍ਰੋ. ਬਲਦੇਵ ਸਿੰਘ ਬੱਲੀ ਨੇ ਰਵਿਦਾਸ ਬਾਣੀ ਵਿਚਲੇ ਰੱਬ ਦੇ ਸੰਕਲਪ ਜੋ ਪਰੰਪਰਕ ਰੱਬ ਦੇ ਵਿਚਾਰ ਨਾਲੋਂ ਵੱਖਰਾ ਹੈ, ਨੂੰ ਕਲਿਆਣਕਾਰੀ, ਗੁਣਾਤਮਕ, ਤਬਦੀਲੀ ਲਿਆਉਣ ਅਤੇ ਮਨੁੱਖੀ ਬਰਾਬਰਤਾ ਵਾਲਾ ਦੱਸਦਿਆਂ ਕਿਹਾ ਕਿ ਨਵਤੇਜ ਨੇ ਭਗਤੀ ਲਹਿਰ ਦੇ ਵਿਚਾਰ ਨੂੰ ਕ੍ਰਾਂਤੀਕਾਰੀ ਵਿਚਾਰ ਵਜੋਂ ਪੇਸ਼ ਕੀਤਾ ਹੈ ਅਤੇ ਇਸਦੀ ਤਰਕਮਈ ਅਤੇ ਵਿਗਿਆਨਕ ਵਿਆਖਿਆ ਕੀਤੀ ਹੈ।ਇਸ ਮੌਕੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਆਲੋਚਕ ਲੇਖਕ ਡਾ. ਸੁਰਜੀਤ ਸਿੰਘ ਬਰਾੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਕਵੀ ਚਰਨਜੀਤ ਸਮਾਲਸਰ ਅਤੇ ਹੋਰ ਲੇਖਕ ਇਸ ਮੌਕੇ ਹਾਜ਼ਰ ਸਨ।



-ਬਲਵੀਰ ਸਿੰਘ ਸੈਣੀ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਬਸਤਰ 'ਚ ਰਾਜਕੀ ਦਹਿਸ਼ਤਵਾਦ : ਬੂਟਾ ਸਿੰਘ ਮਹਿਮੂਦਪੁਰ

ਪਿੰਗਲਵਾੜਾ ਤੇ ਸਵਰਾਜਬੀਰ ਦੀ ਪੱਤਰਕਾਰੀ : ਸ਼ਬਦੀਸ਼

'ਅਛੂਤ, ਕਮੀਣ ਤੇ ਅਦਨਾ ਇਨਸਾਨ' : ਸੰਪਾ. ਭਗਵੰਤ ਰਸੂਲਪੁਰੀ, (ਫੋਕਸ) : ਡਾ. ਸੁਖਪਾਲ ਕੌਰ ਸਮਰਾਲਾ

ਬਲਦੇਵ ਸਿੰਘ ਬੱਲੀ ਦੇ ਗੀਤ ਤੇ ਹੋਰ ਬਹੁਤ ਕੁਝ

## ਸਮਕਾਲ

### ਸੰਵਾਦ : ਬਿਰਤਾਂਤ ਦੀ ਜੰਗ

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਵੱਲੋਂ ਪੰਜਾਬੀ ਚਿੰਤਨ, ਅਧਿਐਨ ਅਤੇ ਸਮੀਖਿਆ ਬਾਰੇ ਗੰਭੀਰਤਾ ਨਾਲ ਸੰਵਾਦ ਤੋਰਨ ਵਾਲਾ ਛਮਾਹੀ ਰੈਫ਼ਰੀਡ ਖੋਜ ਰਸਾਲਾ 'ਸੰਵਾਦ' ਛਾਪਿਆ ਜਾ ਰਿਹਾ ਹੈ। ਜਿਸ ਦੀ ਗੁਣਵਤਾ ਤੇ ਮਿਆਰ ਦੀ ਮਿਸ਼ਾਲ ਆਪਣੀ ਹੈ। 'ਸੰਵਾਦ' ਦਾ ਜੁਲਾਈ-ਦਸੰਬਰ, 2024, 20 ਵਾਂ ਅੰਕ 'ਬਿਰਤਾਂਤ ਦੀ ਜੰਗ' ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਅੰਕ ਵਿੱਚ ਪ੍ਰਸਿੱਧ ਵਿਦਵਾਨਾਂ ਨੇ ਵੱਖ-ਵੱਖ ਕਿਸਮਾਂ ਦੇ ਬਿਰਤਾਂਤ ਦਾ ਵਿਸ਼ਲੇਸ਼ਣ ਗੰਭੀਰਤਾ ਨਾਲ ਕੀਤਾ ਹੈ।




ਰਸਾਲੇ ਦੀ ਸੰਪਾਦਕੀ 'ਬਿਰਤਾਂਤ ਦੀ ਜੰਗ ਨੂੰ ਸਮਝਦਿਆਂ' ਤਹਿਤ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਹਨ। ਜਿਸ ਵਿੱਚ 'ਜੰਗ' ਨੂੰ ਇਕ ਚਿਹਨ ਦੇ ਰੂਪ ਵਿੱਚ ਉਭਾਰਿਆ ਗਿਆ ਹੈ। ਸੰਪਾਦਕੀ 'ਚ ਸੰਪਾਦਕ ਲਿਖਦੇ ਹਨ, "ਮੈਦਾਨ-ਏ-ਜੰਗ ਵਿੱਚ ਬੰਬ-ਗੋਲ਼ੀਆਂ ਹਥਿਆਰ ਹਨ, ਵਿਚਾਰਾਂ ਦੀ ਜੰਗ 'ਚ ਹਥਿਆਰ ਬਿਰਤਾਂਤ ਹਨ। ਬਿਰਤਾਂਤਾਂ ਦੀ ਜੰਗ ਲੋਕਾਂ ਦੇ ਮਨਾਂ ਵਿਚ ਲੜੀ ਜਾਂਦੀ ਹੈ। ਇਹ ਵੇਖਣਾ ਕਿੰਨਾ ਦਿਲਚਸਪ ਹੈ ਕਿ ਬਿਰਤਾਂਤ ਕਿਵੇਂ ਲੋਕਾਂ ਨੂੰ ਆਪਣੇ ਆਪ ਸੋਚਣ ਦੀ ਥਾਂ ਆਪਣੇ ਰਾਹੀਂ ਸੋਚਣ ਲਾ ਦਿੰਦੇ ਹਨ ਤੇ ਉਨ੍ਹਾਂ ਨੂੰ ਇਹ ਪਤਾ ਵੀ ਨਹੀਂ ਲਗਦਾ। ਬਿਰਤਾਂਤ ਰਾਹੀਂ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾਇਆ ਜਾਂਦਾ ਹੈ। ਅਸਲ ਤੱਥਾਂ ਨੂੰ ਰੋਲ਼ ਕੇ ਗਲਪ ਸਿਰਜਿਆ ਜਾਂਦਾ ਹੈ।" ਸੰਪਾਦਕੀ ਵਿੱਚ ਨਿਹੱਥੇ ਜਿਹੇ ਬਿਰਤਾਂਤ ਨੂੰ ਖ਼ਤਰਨਾਕ ਹਥਿਆਰਾਂ ਜਿੰਨੀ ਸ਼ਕਤੀ ਵਾਲਾ ਵੀ ਕਿਹਾ ਗਿਆ ਏ। ਪੰਜਾਬ ਦੇ ਸੰਦਰਭ ਵਿੱਚ ਬਿਰਤਾਂਤ ਰਾਹੀ ਸਿਰਜੇ ਜਾ ਰਹੇ ਨੈਰੇਟਿਵ ਦੀ ਵੀ ਗੱਲ ਕੀਤੀ ਹੈ।

ਤਕਰੀਬਨ 15 ਵਿਦਵਾਨਾਂ ਨੇ ਵੱਖ-ਵੱਖ ਤਰ੍ਹਾਂ ਦੇ ਸਿਰਜੇ ਜਾ ਰਹੇ ਬਿਰਤਾਂਤਾਂ ਦੀ ਵਿਆਖਿਆ ਕੀਤੀ ਹੈ। ਅਮਰਜੀਤ ਸਿੰਘ ਗਰੇਵਾਲ ਹੁਰਾਂ ਨੇ ਆਪਣੇ ਲੇਖ 'ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ -ਨਵੇਂ ਯੁੱਗ ਦੀ ਆਮਦ' ਤਹਿਤ ਇਸ ਨੁਕਤੇ ਤੇ ਬਿਰਤਾਂਤ ਦਾ ਵਿਸ਼ਲੇਸ਼ਣ ਕੀਤਾ ਏ ਕਿ ਨਵੀਆਂ ਕਾਢਾਂ ਲਈ ਸੰਘਰਸ਼ ਸੱਤਾ, ਦਾਬੇ ਅਤੇ ਸ਼ਾਸਨ ਦੀਆਂ ਚਲਾਕ ਸ਼ਕਤੀਆਂ ਦੀ ਪੁਨਰ ਘਾੜਤ ਕਿਵੇਂ ਕਰ ਰਿਹਾ ਹੈ। ਤਕਨੀਕ ਤੇ ਨਵੀਨਤਾ ਨਾਲ ਗੁੰਝਲਦਾਰ ਤਾਕਤਾਂ ਨਾਲ ਕਈ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਪੂੰਜੀਵਾਦੀ ਪਲੇਟਫਾਰਮ ਕਿਸ ਕਿਸਮ ਦਾ ਬਿਰਤਾਂਤ ਸਿਰਜ ਰਹੇ ਹਨ। ਡਾ. ਮਹਿਲ ਸਿੰਘ ਹੁਰਾਂ 'ਸ਼ਬਦੀ ਬਿਰਤਾਂਤ : ਨੀਤੀਆਂ ਤੇ ਰਮਜ਼ਾਂ' ਆਪਣੇ ਖੋਜ ਲੇਖ ਵਿੱਚ ਨਵੇਂ ਸ਼ਬਦ, ਵਿਚਾਰਾਂ ਅਤੇ ਲਿਖਤਾਂ ਦੇ ਬਿਰਤਾਂਤ ਦਾ ਅਧਿਐਨ ਕੀਤਾ ਹੈ। 'ਬਿਰਤਾਂਤ' ਸ਼ਬਦ ਨੂੰ ਉਨ੍ਹਾਂ ਆਪਣੇ ਵਿਸ਼ਲੇਸ਼ਣ 'ਚ ਖੋਲ੍ਹਿਆ ਵੀ ਹੈ। ਰਮਾਇਣ, ਮਹਾਂਭਾਰਤ, ਅਦੋਲਨ ਜੀਵੀ ਅਤੇ ਅਰਬਨ ਨਕਸਲ ਵਰਗੇ ਸ਼ਬਦਾਂ ਦੇ ਬਿਰਤਾਂਤ ਪੈਟਰਨ ਦਾ ਜ਼ਿਕਰ ਵੀ ਆਪਣੇ ਖੋਜ ਪੇਪਰ ਵਿਚ ਕੀਤਾ ਹੈ। 'ਮੀਡੀਆ ਤੇ ਰਾਜਨੀਤਕ ਬਿਰਤਾਂਤ' ਡਾ. ਜਗਰੂਪ ਸਿੰਘ ਸੇਖੋਂ ਦਾ ਲੇਖ ਹੈ। ਮੀਡੀਏ ਦਾ ਬਿਰਤਾਂਤ ਕਿਵੇ ਦਾ ਹੈ ਅਤੇ ਉਹ ਕਿਸ ਦੇ ਹੱਕ ਵਿੱਚ ਭੁਗਤਣ ਵਾਲਾ ਬਿਰਤਾਂਤ ਸਿਰਜ ਰਿਹਾ ਹੁੰਦਾ ਏ। ਮੀਡੀਏ ਦਾ ਬਿਰਤਾਂਤ ਲੋਕਾਂ ਤੇ ਕਿਵੇਂ ਅਸਰ ਕਰਦਾ ਹੈ ਇਨ੍ਹਾਂ ਸਾਰੇ ਪੱਖਾਂ ਦੀ ਵਿਆਖਿਆ ਲੇਖਕ ਕਰਦਾ ਹੈ।

ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ 'ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ' ਕਹਾਣੀ-ਨਾਵਲ ਦੇ ਬਿਰਤਾਂਤ ਦੀ ਗੱਲ ਨਾ ਕਰਦਿਆਂ, ਪੰਜਾਬ ਦੇ ਭੂਗੋਲਿਕ ਬਿਰਤਾਂਤ ਦੀ ਘਾੜਤ ਦੀ ਗੱਲ ਕੀਤੀ ਹੈ। ਉਨ੍ਹਾਂ ਨਵੀਂ ਦ੍ਰਿਸ਼ਟੀ ਨਾਲ ਪੰਜਾਬ ਦੀ ਇਤਿਹਾਸਕਾਰੀ ਵਾਲੇ ਬਿਰਤਾਂਤ ਨੂੰ ਸਮਝਿਆ ਹੈ। ਲੇਖ ਦੇ ਅੰਤ ਵਿਚ ਵਿਦਵਾਨ ਨੇ ਮੰਨਿਆ ਹੈ ਕਿ ਇਹ ਸਾਰੀਆਂ ਗੱਲਾਂ ਨੋਵਾਲ ਹਰਾਰੀ ਦੇ ਬਿਰਤਾਂਤ ਸੰਕਲਪ ਅਤੇ ਪੰਜਾਬ ਵਿਚ ਪ੍ਰਚੱਲਿਤ ਸਿਆਸੀ ਪ੍ਰਵਚਨਾਂ ਦੇ ਸੰਦਰਭ ਵਿੱਚ ਹੈ। ਅਗਲਾ ਲੇਖ ਡਾ. ਮਨਮੋਹਨ ਹੁਰਾਂ ਦਾ 'ਪਜਾਬ ਦੇ ਸਰੋਕਾਰ ਤੇ ਸਮੱਸਿਆਵਾਂ ਚੁਣੌਤੀਆਂ ਤੇ ਸਮਾਧਾਨ' ਹੈ। ਲੇਖ 'ਚ ਪੰਜਾਬ ਨਾਲ ਸੰਬੰਧਤ ਵੱਖ ਵੱਖ ਤਰ੍ਹਾਂ ਦੇ ਸਮੇਂ ਸਮੇਂ ਉਸਰੇ ਬਿਰਤਾਂਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪੰਜਾਬ ਦੀ ਆਰਥਿਕਤਾ, ਹਰੀ ਕ੍ਰਾਂਤੀ ਦੇ ਸੰਦਰਭ ਵਿੱਚ ਪੰਜਾਬ ਵਿੱਚ ਹੋਈ ਉਥਲਪੁਥਲ ਨੂੰ ਵੀ ਸਮਝਿਆ ਹੈ। ਲੇਖਕ ਨੇ ਹਰੀ ਕ੍ਰਾਂਤੀ ਨੂੰ ਹਰੀ ਭ੍ਰਾਂਤੀ ਵੀ ਕਿਹਾ। ਨਵ ਉਦਾਰਵਾਦੀ ਤੇ ਪੂੰਜੀਵਾਦੀ ਅਰਥਚਾਰਾ ਅਧੀਨ ਕਿਵੇਂ ਪੰਜਾਬ ਜਿੱਲ੍ਹਣ ਵਿੱਚ ਫਸਾ ਰਿਹਾ ਹੈ। ਸਿੱਖਿਆ ਨੀਤੀ ਦੇ ਵਿਕਾਰ, ਨਸ਼ੇ, ਪ੍ਰਦੂਸ਼ਣ, ਗੈਂਗਸਟਰਇਜ਼ਮ ਬਹੁਤ ਸਾਰੇ ਸਵਾਲਾਂ ਵਾਲੇ ਉਸਰਦੇ ਬਿਰਤਾਂਤਾਂ ਦਾ ਵਿਸ਼ਲੇਸ਼ਣ ਮਨਮੋਹਨ ਨੇ ਕੀਤਾ ਹੈ।

ਡਾ. ਪਰਮਜੀਤ ਸਿੰਘ ਢੀਂਗਰਾ ਨੇ 'ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ' ਤਹਿਤ ਫਿਲਸਤੀਨੀ ਇਤਿਹਾਸ ਤੇ ਕਵਿਤਾ ਦੇ ਪ੍ਰਸੰਗ 'ਚ ਬਿਰਤਾਂਤ ਬਾਰੇ ਗੰਭੀਰ ਗੱਲਾਂ ਕੀਤੀਆਂ ਹਨ। ਜੰਗ ਦੇ ਦਰਦ ਵਾਲਾ ਬਿਰਤਾਂਤ ਲੇਖ ਦੇ ਕੇਂਦਰ ਵਿੱਚ ਰਿਹਾ ਹੈ। ਡਾ. ਆਤਮ ਸਿੰਘ ਰੰਧਾਵਾ ਨੇ 'ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ' ਦੀ ਪੰਜਾਬੀ ਦੀ ਇਤਿਹਾਸਕਾਰੀ ਕੀਤੀ ਹੈ। ਆਪਣੇ ਲੇਖ ਵਿੱਚ ਉਨ੍ਹਾਂ ਪੰਜਾਬ ਦੇ ਕਲਚਰ, ਆਰਥਿਕਤਾ, ਸਮਾਜਿਕ ਬਣਤਰ, ਰਾਜਨੀਤਿਕ ਬਣਤਰ ਤਹਿਤ ਕਿਵੇਂ 200 ਸਾਲਾਂ ਤੋਂ ਪਜਾਬ 'ਚ ਉਥਲਪੁੱਥਰ ਹੋ ਰਹੀ ਹੈ ਇਸ ਸਾਰੇ ਵਰਤਾਰੇ ਨੂੰ ਵਿਸ਼ਵ ਦ੍ਰਿਸ਼ੀ ਰਾਹੀ ਸਮਝਿਆ ਹੈ। ਡਾ. ਯਾਦਵਿੰਦਰ ਸਿੰਘ ਹੁਰਾਂ ਨੇ ਵੀ 'ਇਜ਼ਰਾਇਲ ਫਲਸਤੀਨ ਮਸਲਾ ਅਤੇ ਐਡਵਰਡ ਸਈਦ' ਲੇਖ ਵਿੱਚ ਜੰਗ ਦੇ ਵੱਖ ਵੱਖ ਪਹਿਲੀਆਂ ਤੋਂ ਵਿਸ਼ਲੇਸ਼ਣ ਕੀਤਾ ਹੈ। ਜੰਗ ਦੇ ਮਸਲੇ ਨੂੰ ਸਈਦ ਦੀ ਦ੍ਰਿਸ਼ਟੀ ਨਾਲ ਸਮਝਿਆ ਹੈ। ਫ਼ਲਸਤੀਨ ਤੇ ਜੰਗ ਬਾਰੇ ਅਮਰੀਕੀ ਲੋਕਾਂ ਦੇ ਨਜ਼ਰੀਏ ਨੂੰ ਸਮਝ ਕੇ ਨਵੇਂ ਸਿਰਿਓਂ ਸੋਚਣ ਲਈ ਮਜਬੂਰ ਕੀਤਾ ਹੈ। ਭਾਈ ਹਰਿਸਿਮਰਨ ਸਿੰਘ ਨੇ 'ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ' ਪੰਜਾਬ ਦੇ ਸੰਕਟਾਂ ਵੱਲ ਇਸ਼ਾਰਾ ਕੀਤਾ ਹੈ। ਡਾ. ਹਰਿੰਦਰ ਕੌਰ ਸੋਹਲ ਨੇ 'ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ ਬਿਰਤਾਂਤ' ਲੇਖ ਵਿੱਚ ਸਮੇਂ ਸਮੇਂ ਬਣ ਗਈਆਂ ਮਿੱਥਾਂ ਦੇ ਸੰਦਰਭ ਵਿੱਚ ਬਿਰਤਾਂਤ ਲੜੀਆਂ ਨੂੰ ਸਮਝਿਆ ਹੈ। ਉਸ ਨੇ ਸਿਧਾਂਤਕ ਦ੍ਰਿਸ਼ਟੀ ਰਾਹੀਂ ਮੀਡੀਏ ਨਾਲ ਸੰਬੰਧਤ ਮਿੱਥਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਮੀਡੀਆ ਕਿਵੇਂ ਮਿੱਥਾਂ ਘੜਦਾ ਹੈ। ਸਾਹਿਤ ਵਿੱਚ ਮਿੱਥ ਦਾ ਕੀ ਰੋਲ ਹੁੰਦਾ ਹੈ। ਇਹਦਾ ਸਮਾਜਿਕ ਪ੍ਰਭਾਵ ਕਿਸ ਪੈਂਦਾ ਹੈ। ਲੇਖ ਉਤਮ ਹੈ। ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ ਜੋਤੀ, ਸੁਖਵੀਰ ਕੌਰ ਤੇ ਰੁਪਿੰਦਰ ਕੌਰ ਨੇ ਪਰਵਾਸ ਦੇ ਬਿਰਤਾਂਤ ਦੇ ਹਵਾਲੇ ਨਾਲ 'ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ' ਕੀਤਾ ਹੈ। ਇਸ ਅਧਿਐਨ ਵਿੱਚ ਉਨ੍ਹਾਂ ਨੇ ਮਾਝਾ, ਦੁਆਬਾ ਅਤੇ ਮਾਲਵਾ ਨੂੰ ਲਿਆ ਹੈ। ਇਸ ਲੇਖ ਦੇ ਅੰਕੜੇ ਅਤੇ ਵਿਸ਼ਲੇਸ਼ਣ ਵਿਸ਼ੇਸ਼ ਧਿਆਨ ਖਿੱਚਣ ਵਾਲੇ ਹਨ। ਇਸ ਅੰਕ ਦੀ ਇਹ ਲੇਖ ਪ੍ਰਾਪਤੀ ਕਿਹਾ ਜਾ ਸਕਦਾ ਹੈ। ਡਾ. ਗੁਰਦੀਪ ਸਿੰਘ ਤੇਜੀ ਨਾਲ ਉਭਰਿਆ ਸੂਝਵਾਨ ਵਿਦਵਾਨ ਹੈ। ਉਸ ਨੇ 'ਬਿਰਤਤ ਸਿਰਜਣ ਦੀ ਜੰਗ' ਤਹਿਤ ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਆਧੁਨਿਕ ਤੇ ਪਰੰਪਰਾ ਦੇ ਸੰਦਰਭ ਵਿੱਚ ਉਸਰਦੇ ਬਿਰਤਾਂਤ ਦੀ ਗੱਲ ਕਲਚਰ ਦੇ ਸੰਦਰਭ ਵਿੱਚ ਕੀਤੀ ਹੈ। ਗਾਇਕੀ ਦੇ ਪਿੱਛੇ ਪਿਆ ਪੰਜਾਬ ਦਾ ਕਲਚਰ ਅਤੇ ਮਾਨਸਿਕਤਾ ਤੋਂ ਉਪਜ ਰਹੇ ਬਿਰਤਾਂਤ ਦੀ ਗੱਲ ਉਨ੍ਹਾਂ ਤਰਕ ਨਾਲ ਕੀਤੀ ਹੈ। ਬਲਜਿੰਦਰ ਸਿੰਘ ਨੇ 'ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ' ਤਹਿਤ ਭਾਰਤ ਤੇ ਪੰਜਾਬ ਅੰਦਰ ਚਲ ਰਹੇ ਦਲਿਤ ਬਿਰਤਾਂਤ ਦੀ ਜੰਗ ਦੀ ਗੱਲ ਕੀਤੀ ਹੈ। ਹਾਸ਼ੀਏ ਉੱਤੇ ਕਰ ਦਿੱਤੇ ਦਲਿਤ ਲੋਕਾਂ ਦੇ ਨਵੇਂ ਉਸਰੇ ਬਿਰਤਾਂਤ ਦਾ ਵਿਸ਼ਲੇਸ਼ਣ ਇਸ ਲੇਖ ਦਾ ਹਿੱਸਾ ਹੈ। ਡਾ. ਦਯਾ ਸਿੰਘ ਨੇ 'ਅੱਲਾਂ ਰਾਹੀਂ ਪਿੰਡਾਂ ਵਿੱਚ ਬਿਰਤਾਂਤ ਸਿਰਜਣਾ' ਤਹਿਤ 'ਅੱਲਾਂ' ਦੇ ਬਿਰਤਾਂਤ ਦੀ ਗੱਲ ਆਪਣੀ ਦ੍ਰਿਸ਼ਟੀ ਨਾਲ ਕੀਤੀ ਹੈ। ਵਰਿੰਦਰ ਖੁਰਾਣਾ ਨੇ 'ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚੱਲਿਤ ਮਤ ਦਾ ਵਿਸ਼ਲੇਸ਼ਣ' ਭਾਸ਼ਾ ਦੇ ਹਵਾਲੇ ਨਾਲ ਕੀਤਾ ਹੈ। ਅੰਤ 'ਚ ਪੁਸਤਕ ਰੀਵਿਊ ਤਹਿਤ ਹੋਇਆ ਦੇਸ ਪਰਾਇਆ, ਮੁਹਾਜ਼, 1919 ਦਾ ਦੁਖਾਂਤ (ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ, ਮਿੱਟੀ ਬੋਲ ਪਈ ਦਾ ਸਮਾਜਕ ਤੇ ਸਾਹਿਤਕ ਵਿਸ਼ਲੇਸ਼ਣ ਕ੍ਰਮਵਾਰ ਡਾ, ਮਹਿਲ ਸਿੰਘ ਅਤੇ ਡਾ. ਹੀਰਾ ਸਿੰਘ ਨੇ ਕੀਤਾ ਹੈ। 'ਸੰਵਾਦ' ਦਾ ਇਹ ਅੰਕ ਬਿਰਤਾਂਤ ਬਾਰੇ ਗੰਭੀਰ ਕਿਸਮ ਦਾ ਸੰਵਾਦ ਤੋਰਦਾ ਹੈ। ਵਧੇਰੇ ਲੇਖ ਪੰਜਾਬ ਦੇ ਕਲਚਰ, ਇਤਿਹਾਸ ਅਤੇ ਉਸ ਦੀ ਸਮਾਜਿਕ ਗਤੀ ਬਾਰੇ ਹਨ।

ਇਸ ਅੰਕ ਦੇ ਸਫ਼ੇ : 172 ਅਤੇ ਮੁੱਲ: 200 ਰੁਪਏ ਹੈ। ਸੰਪਰਕ ਪਤਾ : ਸੰਪਾਦਕ 'ਸੰਵਾਦ', ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ-143002

ਪਰਚੇ ਦੇ ਮੁੱਖ ਸੰਪਾਦਕ: ਡਾ. ਮਹਿਲ ਸਿੰਘ (85288-28200), ਸੰਪਾਦਕ ਡਾ. ਆਤਮ ਸਿੰਘ ਰੰਧਾਵਾ (98722-17273)

*- ਭਗਵੰਤ ਰਸੂਲਪੁਰੀ*

8-Sep-Sunday.qxd 9/7/2024 10:39 PM Page 3



# ਜਸਵੰਤ ਗਿੱਲ ਸਮਾਲਸਰ ਦੀਆਂ ਨਵੀਂਆਂ ਕਵਿਤਾਵਾਂ

## ਮਾਂ, ਮਹਿਬੂਬ ਤੇ ਫ਼ਿਕਰ

ਮੇਰੀ ਮਹਿਬੂਬ !
ਮੈਨੂੰ ਦੱਸੇਂਗੀ
ਮੇਰੇ ਦਿਲ 'ਚ ਬਲ਼ਦੀ ਚੰਗਿਆੜੀ
ਲਟ-ਲਟ ਉੱਚੀ ਉੱਠਦੀ ਲਾਟ
ਤੇਰੀ ਅੱਖ 'ਚ ਤੈਰਦੇ
ਆਸ ਦੇ ਹੰਝੂ ਨਾਲ਼ ਖਹਿ
ਮੱਧਮ ਜਿਹੀ ਕਿਉਂ ਪੈ ਜਾਂਦੀ ਏ
ਤੇ ਮੈਂ ਕਿਉਂ ਉਲਝ ਜਾਂਦਾ ਹਾਂ
ਮੁਹੱਬਤ ਅਤੇ ਬਗ਼ਾਵਤ
ਦੇ ਅਰਥ ਲੱਭਣ ਵਿਚ...

ਮੈਨੂੰ ਦੱਸੇਂਗੀ
ਮਾਂ ਨੂੰ ਤੇ ਤੈਨੂੰ
ਮੇਰੀ ਐਨੀ ਫ਼ਿਕਰ ਕਿਉਂ
ਭਾਵੇਂ ਮੇਰੇ ਫ਼ਿਕਰ ਤੇ ਥੋੜੇ ਫ਼ਿਕਰ ਦੇ
ਸਾਰੇ ਸ਼ਬਦ ਇੱਕੋ ਜਿਹੇ ਹਨ
ਤੇ ਸਮਾਜ ਬਹੁਤ ਵੱਡਾ...
ਫਿਰ ਵੀ ਮੇਰੇ ਫ਼ਿਕਰ ਦੇ ਅਰਥ
ਮੈਨੂੰ ਵੱਖਰੇ ਕਿਉਂ ਜਾਪਦੇ ਨੇ...

ਮੇਰੀ ਮਹਿਬੂਬ !
ਤੂੰ ਆਪਣੀਆਂ ਅੱਖਾਂ 'ਚ
ਆਸ ਦੇ ਹੰਝੂ ਸੰਭਾਲ ਕੇ ਰੱਖ
ਮੈਂ ਸੀਨੇ ਦੀ ਚੰਗਿਆੜੀ ਨੂੰ
ਭਾਂਬੜ ਬਣਾਉਣ ਦੀ ਕੋਸ਼ਿਸ਼ ਕਰਾਂਗਾ
ਤੇ ਮਾਂ ਨੂੰ ਆਖੀਂ
ਮੇਰਾ ਫ਼ਿਕਰ ਕਰਨਾ ਛੱਡ ਦੇਵੇ
ਮੈਂ ਆਪਣੇ ਫ਼ਿਕਰ ਦੇ ਅਰਥ
ਸਮਾਜ ਵਿੱਚੋਂ ਲੱਭਾਂਗਾ...।

## ਅਸੀਂ ਤਾਂ ਚਾਹੁੰਨੇ ਹਾਂ

ਸਾਨੂੰ ਬੇਸੁਰੇ ਗਾਇਕਾਂ ਦੇ
ਅਖਾੜਿਆਂ 'ਚ
ਬੇਸੁਰੀਆਂ ਚੀਕਾਂ ਮਾਰਨ ਵਾਲੀ
ਜਵਾਨੀ ਦੀ ਲੋੜ ਨਹੀਂ
ਅਸੀਂ ਤਾਂ ਚਾਹੁੰਨੇ ਹਾਂ
ਉਹ ਨੌਜਵਾਨ
ਜਿਨ੍ਹਾਂ ਦੀਆਂ ਚੀਕਾਂ 'ਚ ਵੀ
ਸੁਰ ਹੋਣ, ਲਲਕਾਰ ਹੋਵੇ
ਜਿਨ੍ਹਾਂ ਪਿੱਛੇ ਭੀੜ ਨਹੀਂ
ਕਾਫ਼ਲੇ ਹੋਣ...
ਜਿਨ੍ਹਾਂ ਦੀ ਜ਼ੁਬਾਨ 'ਤੇ ਹੋਵੇ
ਹੱਕਾਂ ਦਾ ਗੀਤ
ਸੰਘਰਸ਼ਾਂ ਦੀ ਗੱਲ
ਜੋ ਬੋਲ਼ੇ ਹਾਕਮਾਂ ਦੇ
ਕੰਨ ਪਾੜ ਸਕਣ
ਤੇ
ਅਸੀਂ ਤਾਂ ਚਾਹੁੰਨੇ ਹਾਂ
ਅਜਿਹੇ ਨੌਜਵਾਨ
ਜਿਨ੍ਹਾਂ ਦੀ ਚੁੱਪ ਵੀ ਬੋਲੇ
ਜ਼ੁਲਮ ਤੇ ਜ਼ਾਲਮ ਖ਼ਿਲਾਫ਼...।

## ਆਪਣੇ ਹਿੱਸੇ ਦੇ ਹੱਕ

ਭਾਵੇਂ ਹਾਲੇ ਮੈਂ ਤੇਰੀ ਅੱਖ 'ਚ ਚੁਭਦੇ
ਪੀੜ ਦੇ ਕੰਡੇ ਨਹੀਂ ਚੁਗ ਪਾਵਾਂਗਾ
ਪਰ ਤੂੰ ਫ਼ਿਕਰ ਨਾ ਕਰੀਂ
ਇੱਕ ਦਿਨ ਅਜਿਹਾ ਵੀ ਆਵੇਗਾ
ਜਦ ਮੈਂ ਤੇਰੀਆਂ ਖ਼ੁਸ਼ੀਆਂ 'ਚ ਰਲ਼ ਕੇ
ਖਿੜ ਜਾਵਾਂਗਾ
ਫੁੱਲ ਦੇ ਵਾਂਗ...

ਤੂੰ ਗ਼ਰੀਬੀ 'ਚ ਉਲਝੇ ਹੋਏ
ਵਾਲ਼ਾਂ ਦੀਆਂ ਮੀਢੀਆਂ ਗੁੰਦੀਂ
ਮੈਂ ਉਹਨਾਂ ਵਿੱਚ ਪਰੋਣ ਲਈ
ਆਪਣੇ ਹਿੱਸੇ ਦੇ ਹੱਕ ਲੈ ਕੇ ਆਵਾਂਗਾ।

## ਬਾ.ਗੀ

ਜੇ ਸਾਨੂੰ ਪਤਾ ਹੁੰਦਾ
ਆਜ਼ਾਦੀ ਬੰਦ ਮੂੰਹਾਂ ਵਿਚ
ਖ਼ੁਦਕੁਸ਼ੀ ਕਰ ਜਾਂਦੀ ਹੈ
ਬੋਲ ਜੀਭ ਦੇ ਵਲ਼ੇਵਿਆਂ 'ਚ ਅੜ ਕੇ
ਦਮ ਤੋੜ ਦਿੰਦੇ ਨੇ
ਸੁਫ਼ਨੇ ਅੱਖਾਂ ਵਿਚਲੇ ਪਾਣੀ 'ਚ
ਡੁੱਬ ਕੇ ਮਰ ਜਾਂਦੇ ਨੇ
ਤਾਂ ਅਸੀਂ ਬਾਗ਼ੀ ਹੁੰਦੇ
ਅਜਿਹੇ ਸਿਸਟਮ ਤੋਂ।

ਜੇ ਸਾਨੂੰ ਪਤਾ ਹੁੰਦਾ
ਚੰਗੇ ਭਲੇ ਹੋ ਕੇ ਵੀ
ਰਿੜ੍ਹ-ਰਿੜ੍ਹ ਕੇ ਚੱਲਣਾ ਹੈ
ਹੱਥ ਫੈਲਾਅ ਕੇ ਮੰਗਣਾ ਹੈ
ਮਰ-ਮਰ ਕੇ ਜਿਉਣਾ ਹੈ
ਤਾਂ ਅਸੀਂ ਬਾਗ਼ੀ ਹੁੰਦੇ
ਅਜਿਹੇ ਜਿਉਣ ਤੋਂ।

ਜੇ ਸਾਨੂੰ ਪਤਾ ਹੁੰਦਾ
ਸਾਡੀ ਵੋਟ ਨਾਲ਼
ਸੰਸਦ ਵਿੱਚ ਅੱਧ ਤੋਂ ਵੱਧ
ਚੋਰਾਂ ਨੇ ਪਹੁੰਚਣਾ ਹੈ
ਸਿਆਸਤ ਦੇ ਮੱਕੜਜਾਲ ਵਿਚ
ਲੁਟੇਰਿਆਂ ਨੇ
ਇਕ ਦੂਜੇ 'ਤੇ ਦੋਸ਼ ਲਾਉਣੇ ਨੇ
ਵੱਧ ਘੱਟ ਲੁੱਟਣ ਦੇ...
ਅੱਛੇ ਦਿਨਾਂ ਦੇ ਭਾਸ਼ਣ ਦੇ ਕੇ
ਹਾਕਮ ਨੇ ਨਵੇਂ ਪੈਂਤਰੇ ਖੇਡਣੇ ਨੇ
ਦੇਸ਼ ਵੇਚਣ ਲਈ
ਤਾਂ ਅਸੀਂ ਬਾਗ਼ੀ ਹੁੰਦੇ
ਅਜਿਹੇ ਵੋਟਤੰਤਰ ਤੋਂ।

ਜੇ ਸਾਨੂੰ ਪਤਾ ਹੁੰਦਾ
ਹਰ ਬਲਾਤਕਾਰੀ, ਸਮੱਗਲਰ,
ਕਾਤਲ ਤੇ ਭਗੌੜੇ ਪਿੱਛੇ
ਸਿਆਸੀ ਹੱਥ ਹੈ
ਤੇ ਉਸ ਹੱਥ ਦੀ ਕਠਪੁਤਲੀ ਨੇ
ਪੁਲਸ, ਵਕੀਲ ਤੇ ਜੱਜ
ਫਿਰ ਅਸੀਂ ਇਨਸਾਫ਼ ਲਈ
ਅਦਾਲਤ ਨਾ ਜਾਂਦੇ
ਤਾਂ ਅਸੀਂ ਬਾਗ਼ੀ ਹੁੰਦੇ
ਅਜਿਹੇ ਕਠਪੁਤਲੀ ਕਾਨੂੰਨ ਤੋਂ।

ਜੇ ਸਾਨੂੰ ਪਤਾ ਹੁੰਦਾ
ਧਰਮ ਨੇ ਖੋਹ ਲੈਣੀ ਸੀ
ਸਾਡੇ ਕੋਲੋਂ ਇਨਸਾਨੀਅਤ,
ਭਾਈਚਾਰਕ ਸਾਂਝ ਤੇ ਹਮਦਰਦੀ
ਨਰਕ ਸਵਰਗ ਦੇ ਚੱਕਰ 'ਚ ਪਾ
ਭੁਲਾ ਦੇਣੀ ਸੀ ਜ਼ਿੰਦਗੀ ਜੀਣੀ
ਤੇ ਸਾਨੂੰ ਅਖੌਤੀ ਸਵਰਗ ਦੇ
ਰਾਹਾਂ 'ਚ ਰੋਲ਼ ਲੁੱਟ ਲੈਣਾ ਸੀ
ਤਾਂ ਅਸੀਂ ਬਾਗ਼ੀ ਹੁੰਦੇ
ਅਜਿਹੇ ਧਰਮ ਤੋਂ।

ਅਸੀਂ ਸਭ ਪਤਾ ਹੁੰਦਿਆਂ ਵੀ
ਖੱਚਰਾਂ ਵਾਂਗ
ਸਿੱਧੇ ਨੀਵੀਂ ਪਾ ਤੁਰਦੇ ਹਾਂ
ਅੱਖਾਂ 'ਤੇ ਖੋਪੇ ਪਾ
ਆਸੇ-ਪਾਸੇ ਤੋਂ ਅਣਜਾਣ
ਸਭ ਜਾਣਦੇ ਹੋਏ ਵੀ
ਅਸੀਂ ਅਜਿਹੀ ਗ਼ੁਲਾਮੀ ਤੋਂ
ਬਾਗ਼ੀ ਕਿਉਂ ਨਈਂ ਹੁੰਦੇ ?

## ਤੂੰ ਹੀ ਦੱਸ...

ਤੂੰ ਹੀ ਦੱਸ !
ਮਿਹਨਤ ਦੇ ਲੁੱਟੇ
ਅਸਮਾਨ ਨੂੰ ਤੋਪੇ ਕਿੰਝ ਲਾਵਾਂ
ਨੀਲੇ ਬੱਦਲਾਂ ਨੂੰ
ਰੱਬ ਕਹਿ ਕਿੰਝ ਬੁਲਾਵਾਂ...

ਤੂੰ ਹੀ ਦੱਸ !
ਮੁਹੱਬਤ ਦਾ ਗਰਭਪਾਤ ਕਰ ਕੇ
ਪੱਥਰ ਹੋ ਕਿੰਝ ਜੀਵਾਂ
ਮਹਿਬੂਬ ਦੇ ਸਾਹਾਂ 'ਚੋਂ
ਨਫ਼ਰਤ ਦਾ ਜ਼ਹਿਰ ਕਿੰਝ ਪੀਵਾਂ...

ਤੂੰ ਹੀ ਦੱਸ !
ਮਰਦ ਹਾਂ ਇਹ ਸੋਚ ਕੇ
ਹੰਝੂਆਂ ਨੂੰ ਅੱਖਾਂ 'ਚ ਰੱਖਾਂ
ਤਾਂ ਕਿੰਝ ਰੱਖਾਂ
ਮੈਂ ਆਪਣੇ ਹੀ ਜ਼ਖ਼ਮਾਂ ਦਾ
ਸਵਾਦ ਚੱਖ਼ਾਂ ਤਾਂ ਕਿੰਝ ਚੱਖ਼ਾਂ...

ਤੂੰ ਹੀ ਦੱਸ !
ਘਰੇ ਕੱਢੀ ਸ਼ਰਾਬ
ਜਾਂ ਪੋਸਤ ਦੇ ਬੂਟੇ ਵਾਂਗ
ਚੋਰੀ ਲਾਈ ਯਾਰੀ ਦੀ
ਮਹਿਕ ਨੂੰ ਕਿੰਝ ਰੋਕਾਂ
ਪੁਲਸ ਦੇ ਸੂਹੇ ਕੁੱਤਿਆਂ ਵਾਂਗ
ਪਿਆਰ ਦੀਆਂ ਦੁਸ਼ਮਣ ਫਿਰਦੀਆਂ
ਜੋਕਾਂ ਨੂੰ ਰੋਕਾਂ ਤਾਂ ਕਿੰਝ ਰੋਕਾਂ...

ਤੂੰ ਹੀ ਦੱਸ !
ਜ਼ੁਲਮ ਨੂੰ ਵੇਖ
ਮੈਂ ਆਪਣੀ ਕਲਮ ਨਾਲ਼
ਕਿਸੇ ਅੱਲੜ੍ਹ ਦੀ ਛਾਤੀ ਕਿੰਝ ਨਾਪਾਂ
ਆਪਣੇ ਸ਼ਬਦਾਂ ਨੂੰ
ਹੀਰ ਦਾ ਬਾਣਾ ਪਹਿਣਾ
ਖ਼ੁਦ ਨੂੰ ਰਾਂਝਾ ਕਿੰਝ ਆਖਾਂ...

ਤੂੰ ਹੀ ਦੱਸ !
ਮੈਂ ਲੁਟੇਰਿਆਂ ਦੇ ਸਿਰ ਦਾ
ਤਾਜ ਕਿੰਝ ਬਣ ਜਾਵਾਂ
ਮਜ਼ਦੂਰਾਂ ਦੀ ਖੱਲ ਲਾਹ ਕੇ
ਸਰਮਾਏਦਾਰੀ ਦੇ ਮੱਥੇ 'ਤੇ
ਕਿੰਝ ਟਿਕਾਵਾਂ...

ਤੂੰ ਹੀ ਦੱਸ !
ਮੈਂ ਮੁਹੱਬਤ ਨੂੰ ਕਿੰਝ ਮਾਰਾਂ
ਤੇ ਜ਼ੁਲਮ ਵੇਖ ਉਬਾਲ਼ੇ ਖਾਂਦਾ
ਲਹੂ ਆਪਣਾ ਕਿੰਝ ਠਾਰਾਂ...

ਇਹ ਨਾ ਹੋਵੇ
ਕਿ ਤੇਰੇ ਕੁਝ ਦੱਸਣ ਤੋਂ ਪਹਿਲਾਂ
ਲਾ ਦਿੱਤੀਆਂ ਜਾਣ
ਮੇਰੀ ਕਵਿਤਾ 'ਤੇ ਪਾਬੰਦੀਆਂ
ਦਫ਼ਨਾ ਦਿੱਤਾ ਜਾਵੇ ਕਵਿਤਾਵਾਂ ਨੂੰ...
ਮੈਨੂੰ ਲਿਖ ਲੈਣ ਦੇ
ਸੱਚੇ ਸੁੱਚੇ ਇਸ਼ਕ ਦਾ ਗੀਤ
ਪਾ ਲੈਣ ਦੇ ਸੰਘਰਸ਼ਾਂ ਸੰਗ ਪ੍ਰੀਤ
ਕਰ ਲੈਣ ਦੇ ਕਿਰਤੀਆਂ ਦੀ ਗੱਲ
ਤੇ ਵੰਗਾਰ ਲੈਣ ਦੇ ਉਹਨਾਂ ਨੂੰ
ਜੋ ਬੈਠੇ ਨੇ ਤਖ਼ਤਾਂ ਨੂੰ ਮੱਲ...
ਤੂੰ ਮੈਨੂੰ ਕੁਝ ਨਾ ਦੱਸ
ਕੁਝ ਨਾ ਕਹਿ
ਬਸ ਚੁੱਪ ਹੀ ਰਹਿ।

## ਜੀਵਨ ਤੇ ਧਰਮ

ਜੇ ਤੁਸੀਂ ਧਰਤੀ ਨੂੰ
ਆਂਡੇ ਵਰਗੀ
ਆਖਦੇ ਹੋ
ਤਾਂ ਲਾਜ਼ਮ ਹੈ
ਸੂਰਜ ਤੁਹਾਨੂੰ
ਰੋਟੀ ਵਾਂਗ ਲੱਗਦਾ ਹੋਵੇਗਾ...।

ਮਹਿਬੂਬ ਦਾ ਮੁੱਖ
ਚੰਨ ਵਰਗਾ
ਤੇ ਨੀਲੇ ਅਸਮਾਨ ਨੂੰ
ਪ੍ਰੇਮਿਕਾ ਦਾ ਦੁਪੱਟਾ ਬਣਾ
ਤਾਰੇ ਉਸ ਉੱਤੇ
ਜੜ ਸਕਦੇ ਹੋ...।
ਤਾਂ ਮੈਂ ਭਲਾਂ ਫਿਰ
ਅਜੋਕੀ ਰਾਜਨੀਤੀ ਨੂੰ
ਨਰਕਾਂ ਦਾ ਦੁਆਰ
ਕਿਉਂ ਨਾ ਆਖਾਂ
ਜੇ ਮੈਂ ਹਾਕਮ ਨੂੰ
ਜਨਤਾ ਲਈ ਕਾਲ ਕਹਿੰਦਾ ਹਾਂ
ਤਾਂ ਤੁਹਾਨੂੰ
ਮਿਰਚਾਂ ਵਾਂਗ ਕਿਉਂ ਲੱਗਦਾ ਹੈ ?

ਮੈਂ ਮਿਥਿਹਾਸ ਨੂੰ
ਮਿਥਿਹਾਸ ਕਹਿੰਦਾ ਹਾਂ
ਤੇ ਤੁਸੀਂ ਪਤਾ ਨਹੀਂ ਕਿਉਂ
ਨਰਕ ਸਵਰਗ ਦੀਆਂ ਬਾਤਾਂ ਪਾ
ਲੋਕਾਂ ਨੂੰ ਡਰਾਉਂਦੇ ਹੋ
ਮੈਂ ਡਰੇ ਤੇ ਸਹਿਮੇ
ਲੋਕਾਂ ਨੂੰ ਹਿੰਮਤ ਨਾਲ਼
ਜਿਉਣ ਲਈ ਕਹਿੰਦਾ ਹਾਂ
ਤਾਂ ਤੁਸੀਂ ਰੌਲ਼ਾ ਪਾ
ਧਰਮ ਨੂੰ ਖ਼ਤਰਾ ਦੱਸਦੇ ਹੋ...।

ਪਰ ਮੈਂ ਆਖਦਾ ਹਾਂ
ਤੁਸੀਂ ਆਪਣਾ ਧਰਮ ਬਚਾਓ
ਮੈਂ ਤੁਹਾਡੀ
ਆਂਡੇ ਵਰਗੀ ਧਰਤੀ
ਰੋਟੀ ਵਰਗਾ ਸੂਰਜ
ਮਹਿਬੂਬ ਵਰਗਾ ਚੰਨ
ਦੁਪੱਟੇ ਵਰਗਾ ਅਸਮਾਨ
ਤੇ ਸਿਤਾਰਿਆਂ ਵਰਗੇ ਤਾਰੇ
ਬਚਾਉਣ ਲਈ ਲੜਾਂਗਾ
ਯਾਦ ਰੱਖੋ !
ਜੇ ਜੀਵਨ ਰਹੇਗਾ
ਤਾਂ ਹੀ ਧਰਮ ਬਚੇਗਾ...।

# ਪ੍ਰਤੀਕਰਮ

## 'ਦਲਿਤਾਂ ਵਿੱਚ ਖ਼ੁਦਕੁਸ਼ੀ ਦਾ ਰੁਝਾਨ' ਬਾਰੇ ਲੇਖਕ ਦੀ ਦਲੀਲ

(ਮਿਤੀ 4 ਅਗਸਤ 2024 ਨੂੰ ਨਵਾਂ ਜ਼ਮਾਨਾ 'ਚ ਭਗਵੰਤ ਰਸੂਲਪੁਰੀ ਵੱਲੋਂ ਪੁਸਤਕ 'ਦਲਿਤਾਂ ਵਿੱਚ ਖ਼ੁਦਕੁਸ਼ੀ ਦਾ ਰੁਝਾਨ' ਬਾਰੇ ਲਿਖੀ ਸਮੀਖਿਆ ਸੰਬੰਧੀ ਪ੍ਰਤੀਕਰਮ)

ਸਮੀਖਿਆਕਾਰ ਪੁਸਤਕ ਦੇ ਲੇਖਕ ਤੋਂ ਮੰਗ ਕਰਦੇ ਹਨ ਕਿ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦੇ ਨਾਂਅ, ਪਤੇ ਦਿੱਤੇ ਜਾਣ, ਜੋ ਕਿ ਨਹੀਂ ਦਿੱਤੇ ਗਏ, ਪਰ ਲੇਖਕ 157 ਨੌਜਵਾਨ ਬੱਚੇ, ਬੱਚੀਆਂ ਦੇ ਨਾਂਅ, ਪਤੇ ਅਤੇ ਹੋਰ ਜਾਣਕਾਰੀਆਂ ਕਿਤਾਬ ਵਿੱਚ ਲਿਖ ਕੇ ਉਹਨਾਂ ਦੀਆਂ ਜਾਣਕਾਰੀਆਂ ਅਤੇ ਦੁੱਖ-ਦਰਦਾਂ ਅਤੇ ਨਿੱਜੀ ਗੱਲਾਂ ਨੂੰ ਛੱਜ ਵਿੱਚ ਪਾ ਕੇ ਕਿਉਂ ਛੰਡੇ। ਇਹ ਜਾਣਕਾਰੀਆਂ ਸਾਂਝੀਆਂ ਕਰਨਾ ਸਮਾਜਿਕ ਪੱਖੋਂ ਵੀ ਮਾੜੀ ਗੱਲ ਹੋਵੇਗੀ ਅਤੇ ਕਾਨੂੰਨੀ ਪੱਖੋਂ ਵੀ ਮਾੜੀ ਗੱਲ ਹੋਵੇਗੀ। ਅਗਰ ਸਮੀਖਿਆਕਾਰ ਇਹ ਚਾਹੁੰਦੇ ਹਨ ਕਿ ਕੁਆਰੀਆਂ ਕੁੜੀਆਂ, ਜਿਹੜੀਆਂ ਕਿ ਜ਼ਹਿਰ ਪੀਣ ਦਾ ਦੁੱਖ-ਭਰਿਆ ਕਰਮ ਕਰਕੇ ਆਈਆਂ ਹਨ ਜਾਂ ਨਵ-ਵਿਆਹੁਤਾ ਬੱਚੇ ਜਿਹੜੇ ਅਜਿਹਾ ਕਰਮ ਕਰਕੇ ਆਏ ਹਨ, ਉਹਨਾਂ ਦੀਆਂ ਨਿੱਜੀ ਜਾਣਕਾਰੀਆਂ ਕਿਤਾਬ ਵਿੱਚ ਲਿਖੇ ਤਾਂ ਲੇਖਕ ਇਹ ਮੂਰਖਤਾ ਭਰਿਆ ਕਾਰਜ ਬਿਲਕੁਲ ਵੀ ਨਹੀਂ ਕਰੇਗਾ। ਬਾਕੀ 115 ਜਾਂ 195 ਜਾਂ 220 ਮਰੀਜ਼ ਜਿੰਨਿਆਂ ਬਾਰੇ ਵੀ ਤਿੰਨ ਰਿਪੋਰਟਾਂ ਵਿੱਚ ਲਿਖਿਆ ਹੈ, ਉਹਨਾਂ ਦੀ ਕੱਲ੍ਹੀ-ਕੱਲ੍ਹੀ ਮੈਡੀਕਲ ਫਾਈਲ ਦਾਸ ਕੋਲ ਨਿੱਜੀ ਰੂਪ ਵਿੱਚ ਸੰਭਾਲੀ ਪਈ ਹੈ। ਇਹ ਹੋਰ ਜਗਿਆਸੂਆਂ, ਖੋਜ-ਕਰਤਾਵਾਂ ਵਾਸਤੇ ਵੀ ਉਪਲੱਬਧ ਹਨ।

ਅੱਗੇ ਸਮੀਖਿਆਕਾਰ ਨੂੰ ਇਹ ਗਲਤ ਜਾਣਕਾਰੀ ਹੈ ਕਿ ਜ਼ਹਿਰ ਪੀਤੀ ਦੇ ਮਰੀਜ਼ ਸਰਕਾਰੀ ਹਸਪਤਾਲ ਦੇ ਵਿੱਚ ਵਧ ਜਾਂਦੇ ਹਨ, ਜਦਕਿ ਲੱਗਭੱਗ ਸਾਰੇ ਹੀ ਜ਼ਹਿਰ ਪੀਤੀ ਦੇ ਮਰੀਜ਼ ਪਹਿਲਾਂ ਆਪਣੇ ਨੇੜੇ ਦੇ ਸ਼ਹਿਰ, ਕਸਬੇ ਦੇ ਇਕ ਖਾਸ ਹਸਪਤਾਲ ਵਿੱਚ ਜਾਂਦੇ ਹਨ, ਜੋ ਕਿ ਇਹੋ ਜਿਹੇ ਮਰੀਜ਼ ਨੂੰ ਵਿਸ਼ੇਸ਼ ਰੂਪ ਵਿੱਚ ਸੰਭਾਲਦਾ ਹੈ। ਜੇਕਰ ਉਕਤ ਹਸਪਤਾਲ ਵੱਲੋਂ ਮਰੀਜ਼ ਸੰਭਾਲਣ ਵਿੱਚ ਮੁਸ਼ਕਿਲ ਹੋ ਰਹੀ ਹੋਵੇ! ਤਦ ਹੀ ਮਰੀਜ਼ ਨੂੰ ਅੱਗੇ ਸਰਕਾਰੀ ਹਸਪਤਾਲ ਵਿੱਚ ਰੈਫਰ ਕੀਤਾ ਜਾਂਦਾ ਹੈ।

ਇਸ ਰਿਪੋਰਟ ਵਿਚਲੇ ਤੱਥ, ਮੱਧ ਪੰਜਾਬ ਦੇ ਇੱਕ ਪੇਂਡੂ ਖੇਤਰ, ਜਿੱਥੇ ਕਿ ਦਲਿਤ ਹੱਕਾਂ ਪ੍ਰਤੀ ਜਾਗ੍ਰਿਤੀ ਤੇ ਸੰਘਰਸ਼ ਨਿਮਨ ਪੱਧਰ 'ਤੇ ਹਨ, ਉਥੋਂ ਦੀ ਤਸਵੀਰ ਬਿਆਨ ਕਰਦੇ ਹਨ, ਹੋ ਸਕਦਾ ਹੈ ਕਿ ਮੋਹਾਲੀ, ਜਲੰਧਰ, ਲੁਧਿਆਣਾ, ਨਵਾਂਸ਼ਹਿਰ, ਹੁਸ਼ਿਆਰਪੁਰ ਆਦਿ ਇਲਾਕਿਆਂ 'ਚ ਜਿੱਥੇ ਕਿ ਦਲਿਤ ਸ਼੍ਰੇਣੀਆਂ ਦੀ ਇੱਜ਼ਤ ਵਧੇਰੇ ਸਾਜ਼ਗਾਰ ਹਾਲਾਤ ਵਿੱਚ ਹੈ, ਉਥੇ ਇਹ ਅੰਕੜੇ ਘੱਟ ਚਿਤਾਜਨਕ ਹੋਣ।

ਪਰ ਇਹ ਵੀ ਹੋ ਸਕਦਾ ਹੈ ਕਿ ਜ਼ੀਰਾ, ਤਰਨ ਤਾਰਨ, ਮੁਕਤਸਰ, ਲੰਬੀ, ਫਾਜ਼ਿਲਕਾ, ਮਾਨਸਾ, ਭੀਖੀ, ਬਰੇਟਾ, ਪਾਤੜਾਂ, ਅਮਰਗੜ੍ਹ ਵਰਗੇ ਇਲਾਕਿਆਂ 'ਚ ਦਲਿਤ ਖ਼ੁਦਕੁਸ਼ੀਆਂ ਦੇ ਤੱਥ ਇਸ ਰਿਪੋਰਟ ਤੋਂ ਕਿਧਰੇ ਵੱਧ ਕੁਰਖਤ ਹੋਣ। ਇਹ ਤਾਂ ਉਹਨਾਂ ਇਲਾਕਿਆਂ 'ਚੋਂ ਵਿਸ਼ੇਸ਼ ਤੱਥ ਖੋਜ ਰਿਪੋਰਟਾਂ ਜਾਰੀ ਹੋਣ 'ਤੇ ਹੀ ਪਤਾ ਲੱਗ ਸਕਦਾ ਹੈ।

ਮੈਂ ਆਪਣੀ ਰਿਪੋਰਟ ਦੇ ਪੰਨਾ ਨੰਬਰ 34-35 'ਤੇ ਸਪੱਸ਼ਟ ਕਰਦਾ ਹਾਂ ਕਿ ਪੰਜਾਬ ਦੇ ਦੂਸਰੇ ਇਲਾਕਿਆਂ ਵਿੱਚ ਦਲਿਤ ਖ਼ੁਦਕੁਸ਼ੀਆਂ ਬਾਰੇ ਅੰਕੜੇ ਤੇ ਤੱਥ ਵੱਖਰੇ ਵੀ ਹੋ ਸਕਦੇ ਹਨ ਅਤੇ ਪੰਜਾਬ ਦੇ ਵੱਖੋ-ਵੱਖਰੇ, ਇਲਾਕਿਆਂ ਵਿੱਚੋਂ ਦਲਿਤਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਿਪੋਰਟਾਂ ਜਾਰੀ ਕਰਨ ਦੀ ਵਿਸ਼ੇਸ਼ ਲੋੜ ਹੈ। ਸਮੀਖਿਆਕਾਰ ਕਹਿੰਦੇ ਹਨ ਕਿ ਇਹ ਸਮੁੱਚੇ ਪੰਜਾਬ ਵਿੱਚ ਹੋਈਆਂ ਖ਼ੁਦਕੁਸ਼ੀਆਂ ਦਾ ਸਰਵੇ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ। ਇਸ ਗੱਲ ਨੂੰ ਤਾਂ ਪੁਸਤਕ ਦਾ ਲੇਖਕ ਸਪੱਸ਼ਟ ਰੂਪ ਵਿੱਚ ਆਪਣੀ ਰਿਪੋਰਟ ਨੰਬਰ 03 ਵਿੱਚ ਖੁਦ ਹੀ ਕਹਿ ਰਿਹਾ ਹੈ ਤੇ ਸਮੀਖਿਆਕਾਰ ਨੇ ਵੀ ਆਪਣੀ ਸਮੀਖਿਆ ਦੇ ਪਹਿਰਾ ਨੰ: 06 ਵਿੱਚ ਇਸ ਸੰਬੰਧੀ ਪਹਿਲਾਂ ਹੀ ਲਿਖ ਰੱਖਿਆ ਹੈ। ਜਦੋਂ ਸਮੀਖਿਆ ਵਿੱਚ ਪ੍ਰਸਥਿਤੀਆਂ ਤੇ ਸਮੱਸਿਆ ਨੂੰ ਪਹਿਲਾਂ ਹੀ ਬਿਆਨ ਕੀਤਾ ਜਾ ਚੁੱਕਾ ਹੈ ਤਾਂ ਵਾਰ-ਵਾਰ ਸੁਆਲ ਉਠਾਉਣ ਦਾ ਕੋਈ ਉਚਿਤ ਕਾਰਨ ਨਹੀਂ ਰਹਿ ਜਾਂਦਾ ।

ਇਸ ਤੋਂ ਅੱਗੇ ਸਮੀਖਿਆਕਾਰ ਸੁਆਲ ਕਰਦੇ ਹਨ ਕਿ ਲੇਖਕ ਨੇ ਬਾਕੀ ਹਸਪਤਾਲਾਂ ਤੱਕ ਪਹੁੰਚ ਕਿਉਂ ਨਹੀਂ ਕੀਤੀ ? ਅਤੇ ਕੇਵਲ ਇਕ ਹਸਪਤਾਲ ਤੋਂ ਹੀ ਅੰਕੜੇ ਕਿਉਂ ਪ੍ਰਾਪਤ ਕੀਤੇ। ਮੈਂ ਕਹਿੰਦਾ ਹਾਂ ਕਿ ਪਹਿਲੀ ਗੱਲ ਜੇ ਕੋਈ ਹੋਰ ਹਸਪਤਾਲ 'ਸਰਕਾਰੀ ਜਾਂ ਪ੍ਰਾਈਵੇਟ' ਇਹੋ ਜਿਹੇ ਮਰੀਜ਼ਾਂ ਨੂੰ ਸੰਭਾਲਦਾ ਹੋਵੇਗਾ! 'ਉਸ ਇਲਾਕੇ ਵਿੱਚ' ਜਿਸ ਬਾਰੇ ਇਹ ਰਿਪੋਰਟ ਪੁਸਤਕ ਲਿਖੀ ਗਈ ਹੈ, ਤਦ ਹੀ ਪਹੁੰਚ ਕੀਤੀ ਜਾਵੇਗੀ ਨਾ। ਜੇ ਕੋਈ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਸੰਭਾਲਦਾ ਹੀ ਨਹੀਂ ਤੇ ਜੇ ਮਾੜਾ-ਮੋਟਾ ਸੰਭਾਲਣ ਵਾਲਾ ਕੋਈ ਹੋਰ ਹਸਪਤਾਲ ਜਾਣਕਾਰੀ ਸਾਂਝੀ ਕਰਨਾ ਹੀ ਨਹੀਂ ਚਾਹੁੰਦਾ ਤਾਂ ਕੀ ਸਰਵੇ ਕਰਨ ਵਾਲਾ ਲੇਖਕ ਹੱਥ 'ਤੇ ਹੱਥ ਧਰ ਕੇ ਬੈਠਾ ਰਹੇ। ਲੇਖਕ ਜਿੰਨੇ ਜੋਗਾ ਵੀ ਹੈ ਤੇ ਜਿਹੋ ਜਿਹਾ ਵੀ ਹੈ, ਆਪਣੇ ਹਿੱਸੇ ਦੇ ਤੱਥ, ਅੰਕੜੇ ਤੇ ਤਿੰਨ ਰਿਪੋਰਟਾਂ ਲੈ ਕੇ ਲੋਕ ਕਚਹਿਰੀ ਵਿੱਚ ਆ ਖੜ੍ਹਾ ਹੋਇਆ ਹੈ!! ਤੱਥਾਂ, ਅੰਕੜਿਆਂ, ਰਿਪੋਰਟਾਂ ਨੂੰ ਜਿੰਨਾ ਮਰਜ਼ੀ ਝੁਠਲਾ ਲਵੋ, ਮੰਨਣ ਤੋਂ ਇਨਕਾਰੀ ਹੋ ਜਾਵੋ, ਸੁਆਲ ਤੇ ਸੁਆਲ ਉਠਾਓ, ਦਲਿਤਾਂ ਦੀਆਂ ਖ਼ੁਦਕੁਸ਼ੀਆਂ 'ਮੱਧ ਪੰਜਾਬ ਦੇ ਧੁਰ ਪੇਂਡੂ ਇਲਾਕੇ ਵਿੱਚ' ਇੱਕ ਕੌੜੀ ਸੱਚਾਈ ਹਨ!! ਇਸ ਤੱਥ ਤੋਂ ਤਾਂ ਹੁਣ ਕੋਈ ਵੀ ਭੱਜ ਕੇ ਨਹੀਂ ਜਾ ਸਕਦਾ!!

ਅੱਗੇ ਸਮੀਖਿਆਕਾਰ ਇਹ ਕਹਿੰਦੇ ਹਨ ਕਿ ਸਰਵੇ ਨੂੰ ਘੱਟੋ-ਘੱਟ ਇੱਕ ਦਹਾਕੇ ਤੱਕ ਕਿਉਂ ਨਹੀਂ ਲੈ ਕੇ ਗਏ ? ਲੇਖਕ ਨੇ ਦੋ ਸਾਲਾਂ ਦੀ ਰਿਪੋਰਟ ਲੋਕ ਕਚਹਿਰੀ ਵਿੱਚ ਰੱਖ ਦਿੱਤੀ ਹੈ। ਜਿਵੇਂ-ਜਿਵੇਂ ਅਗਲੇ ਸਾਲ ਆਉਂਦੇ ਜਾਣਗੇ, ਜੇ ਸਿਹਤ ਅਤੇ ਸਮੇਂ ਨੇ ਇਜਾਜ਼ਤ ਦਿੱਤੀ, ਪੰਜਾਂ ਸਾਲਾਂ ਦੀ, ਦਸਾਂ ਸਾਲਾਂ ਦੀ, 20 ਸਾਲਾਂ ਦੀ ਰਿਪੋਰਟ ਜਾਰੀ ਹੁੰਦੀ ਰਹੇਗੀ ਜੀ, ਪਰ ਕਿਉਂਕਿ 10 ਸਾਲੀਂ ਰਿਪੋਰਟ ਨਹੀਂ ਜਾਰੀ ਕੀਤੀ, ਇਸ ਕਰਕੇ 02 ਸਾਲੀ ਰਿਪੋਰਟ ਨੂੰ ਮੁੱਢੋਂ-ਸੁੱਢੋਂ ਹੀ ਰੱਦ ਕੀਤਾ ਜਾਵੇਗਾ, ਇਹ ਸਮਝੋਂ ਬਾਹਰ ਗੱਲ ਹੈ।

ਸਮੀਖਿਆਕਾਰ ਅੱਗੇ ਟਿੱਪਣੀ ਕਰਦੇ ਹਨ ਕਿ ਤੁਸੀਂ ਸਿਰਫ਼ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ ਦੱਸ ਕੇ ਪਾਸੇ ਨਹੀਂ ਹੋ ਸਕਦੇ। ਤੁਹਾਨੂੰ ਹਰ ਖ਼ੁਦਕੁਸ਼ੀ ਕਰਨ ਵਾਲੇ ਦਾ ਵੇਰਵਾ ਦੇਣਾ ਪਵੇਗਾ ਤੇ ਉਸ ਦੇ ਕਾਰਨਾਂ ਦਾ ਹਵਾਲਾ ਦੇਣਾ ਪਵੇਗਾ ਤਾਂ ਪਾਠਕ ਸਰਵੇ ਉਪਰ ਯਕੀਨ ਕਰੇਗਾ।

ਹਰ ਖ਼ੁਦਕੁਸ਼ੀ ਕਰਨ ਵਾਲੇ ਦਾ ਵਿਸਥਾਰ ਨਾਲ ਵੇਰਵਾ ਦੇਣ ਦਾ! ਉਸ ਦੇ ਨਾਂਅ, ਪਤੇ ਜ਼ਾਹਰ ਕਰਨ ਦਾ ਮੇਰੇ ਉਪਰ ਸਮਾਜਿਕ ਅਤੇ ਕਾਨੂੰਨੀ ਬੰਧਨ ਹੈ। ਕੁਆਰੀਆਂ ਕੁੜੀਆਂ, ਮਾਵਾਂ, ਭੈਣਾਂ ਦੇ ਨਾਂਅ ਪਤੇ, ਸਾਰੀ ਦੁਨੀਆ ਨੂੰ ਦੱਸਦਾ ਫਿਰੇ! ਅਜਿਹੀ ਕੋਈ ਲੋੜ ਨਹੀਂ ਹੈ। ਸਮੀਖਿਆਕਾਰ ਕਹਿੰਦੇ ਹਨ ਕਿ ਖ਼ੁਦਕੁਸ਼ੀ ਦੇ ਕਾਰਨਾਂ ਦਾ ਹਵਾਲਾ ਦੇਣਾ ਪਵੇਗਾ, ਜਦਕਿ ਮੈਂ ਕਹਿੰਦਾ ਹਾਂ ਕਿ ਪੁਸਤਕ ਦਾ ਨਾਂਅ ਹੀ ਦੱਸਦਾ ਹੈ ਕਿ ਇਹ 'ਦਲਿਤਾਂ ਦੀਆਂ ਖ਼ੁਦਕੁਸ਼ੀਆਂ' ਦਾ 'ਜਾਤ ਆਧਾਰਿਤ ਸਰਵੇ' ਹੈ। ਇਹ ਕੋਈ ਜਮਾਤ ਅਧਾਰਿਤ ਸਰਵੇ ਨਹੀਂ ਹੈ, ਜੋ ਅਮੀਰ-ਗਰੀਬ, ਕਿਸਾਨ-ਮਜ਼ਦੂਰ, ਕਰਜ਼ਾਈ-ਗੈਰਕਰਜ਼ਾਈ ਜਾਂ ਹੋਰ ਕਾਰਨਾਂ ਦਾ ਹਵਾਲਾ ਦੇਣਾ ਪਵੇਗਾ। ਲੇਖਕ ਆਪਣੀਆਂ ਤਿੰਨੇ ਰਿਪੋਰਟਾਂ ਵਿੱਚ ਹੀ ਸਪੱਸ਼ਟ ਕਰਦਾ ਹੈ ਕਿ 'ਦਲਿਤ ਸ਼੍ਰੇਣੀ' ਦੇ ਹੀ ਤੱਥਾਂ-ਅੰਕੜਿਆਂ ਨੂੰ ਲੋਕ ਕਚਹਿਰੀ ਵਿੱਚ ਰੱਖੇਗਾ! ਤੇ ਬਾਕੀ ਜੋ ਕੋਈ ਵੀ ਹੋਣ, ਉਹਨਾਂ ਬਾਰੇ ਕੋਈ ਲੰਬੀ-ਚੌੜੀ ਗੱਲਬਾਤ ਨਹੀਂ ਕਰੇਗਾ।

ਇੱਥੇ ਮੈਂ ਸਪੱਸ਼ਟ ਕਰਦਾ ਹਾਂ ਕਿ ਇਹ ਸਰਵੇ ਜਾਂ ਰਿਪੋਰਟ ਅਗਾਂਹ ਹੋਰ ਜਾਣਕਾਰੀਆਂ ਹਾਸਲ ਕਰਨ ਵਾਸਤੇ ਵਿਦਵਾਨਾਂ ਨੂੰ ਪ੍ਰੇਰਨ ਵਾਸਤੇ ਇੱਕ 'ਉਪਰਾਲਾ ਮਾਤਰ' ਹੀ ਹੈ। ਇਹ ਕੋਈ ਅੰਤਿਮ ਸਰਵੇ ਜਾਂ ਫਾਈਨਲ ਰਿਪੋਰਟ ਨਹੀਂ ਹੈ।

ਦਲਿਤ ਖ਼ੁਦਕੁਸ਼ੀਆਂ ਦੇ ਮਾਮਲੇ ਵਿੱਚ ਇੱਕ ਕਿਤਾਬ ਲਿਖਣ ਨਾਲ ਤਾਂ ਸਰਨਾ ਨਹੀਂ। ਇੱਕ ਸਰਵੇ ਕਰਨ ਨਾਲ ਇਹ ਮਸਲਾ ਸੰਪੂਰਨ ਰੂਪ ਵਿੱਚ ਸਮਝਿਆ ਜਾ ਸਕਦਾ ਹੈ, ਇਹ ਵੀ ਪੂਰਨ ਸਚਾਈ ਨਹੀਂ। ਅੰਕੜੇ, ਤੱਥ, ਰਿਪੋਰਟ ਲੋਕ ਕਚਹਿਰੀ ਵਿੱਚ ਪੇਸ਼ ਕੀਤੇ ਜਾ ਚੁੱਕੇ ਹਨ। ਜੋ ਵੀ ਪੰਜਾਬ ਪੱਖੀ, ਗਰੀਬ ਪੱਖੀ, ਇਨਸਾਫ਼ ਪੱਖੀ ਚੰਗਾ ਪੰਜਾਬੀ ਹੋਵੇਗਾ, ਉਹ ਇਹਨਾਂ ਤੋਂ ਸੇਧ ਲੈ ਕੇ ਅਗਾਹਾਂ ਹੋਰ ਉੱਠਦੇ ਸੁਆਲਾਂ ਦੇ ਜੁਆਬ ਢੂੰਡਣ ਵੱਲ ਤੁਰੇਗਾ। ਅੰਤ ਵਿੱਚ ਮੈਂ ਸਮੀਖਿਆਕਾਰ ਭਗਵੰਤ ਰਸੂਲਪੁਰੀ ਦਾ ਧੰਨਵਾਦ ਕਰਦਾ ਹੈ, ਜਿਨ੍ਹਾਂ ਇਸ ਪੁਸਤਕ ਸੰਬੰਧੀ ਸੁਆਲ ਖੜੇ ਕਰਕੇ ਮੈਨੂੰ ਲੋਕ ਕਚਹਿਰੀ ਵਿੱਚ ਪੇਸ਼ ਹੋਣ ਦਾ ਮੌਕਾ ਦਿੱਤਾ ਹੈ। ਜੋ ਉਮੀਦ ਉਹਨਾਂ ਲੇਖਕ ਤੋਂ ਜ਼ਾਹਿਰ ਕੀਤੀ ਹੈ ਕਿ ਉਮੀਦ ਹੈ ਭਵਿੱਖ ਵਿੱਚ ਲੇਖਕ ਆਪਣੀ ਗੱਲ ਠੋਸ ਤਰੀਕੇ ਨਾਲ ਰੱਖੇਗਾ, ਲੇਖਕ ਸਮੀਖਿਆਕਾਰ ਦੀ ਕਹੀ ਗੱਲ ਉਪਰ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰੇਗਾ।

—ਡਾ. ਹਰਗੁਰਪ੍ਰਤਾਪ ਸਿੰਘ

# ਤੀਆਂ



ਤੀਆਂ
ਇਸ ਵਰ੍ਹੇ
ਤੀਆਂ ਦਾ ਤਿਉਹਾਰ
ਕੁੜੀਆਂ ਨਹੀਂ
ਰੂਹਾਂ ਨੇ ਮਨਾਇਆ ਹੈ
ਪਿੰਡ ਦੇ ਸਿਵਿਆਂ 'ਚ
ਉਹ ਆਈਆਂ ਸਨ
ਪੂਰਬ
ਪੱਛਮ
ਉੱਤਰ
ਦੱਖਣ
ਚੌਂਹ ਕੂਟਾਂ ਤੋਂ
ਤਰ੍ਹਾਂ-ਤਰ੍ਹਾਂ ਦੇ ਬਹੁਰੰਗੇ ਦੁੱਖੜੇ
ਜਿਸਮਾਂ 'ਤੇ ਸਹਿ ਆਈਆਂ ਸਨ

ਰੂਹ ਬਣਿਆ
ਚਿੜੀਆਂ ਦਾ ਚੰਬਾ
ਉਡ ਕੇ ਨਹੀਂ
ਰੀਂਘ ਕੇ ਪੁੱਜਾ ਹੈ
ਨੰਗ ਓੜ੍ਹ ਕੇ
ਹੱਥ ਜੋੜ ਕੇ
ਪੜ੍ਹ ਮਰਸੀਏ
ਰੋ-ਕੁਰਲਾ ਕੇ

ਮੋਮਬੱਤੀਆਂ ਵਾਗੂੰ
ਪਿਘਲ ਰਹੀਆਂ ਸਨ
ਆਪਣੀ ਗੱਲ ਉਹ
ਕਹਿ ਨਾ ਸਕਣ
ਮਾਂ-ਬਾਪੂ ਨੂੰ
ਭੈਣ-ਭਰਾ ਨੂੰ
ਪਿੰਡ ਆਪਣੇ ਦੇ
ਹਮਸਾਏ ਨੂੰ
ਆਪਣੇ ਚਾਚੇ ਤੇ ਤਾਏ ਨੂੰ

ਕੱਚੀ ਉਮਰ ਦੀਆਂ
ਇਹ ਕੰਜਕ ਰੂਹਾਂ
3 ਸਾਲਾਂ ਦੀਆਂ
5 ਸਾਲਾਂ ਦੀਆਂ
8 ਸਾਲਾਂ ਦੀਆਂ
ਕਈ ਜੋਬਨ ਰੁੱਤ ਦੀਆਂ
ਤਸਵੀਰਾਂ ਸਨ
ਵਿਚ ਚੁਰਾਹੇ
ਲੁੱਟ ਹੋਈਆਂ ਸਨ

ਬਦਨ ਆਪਣੇ ਨੂੰ
ਤੱਜ ਕੇ ਕੰਜਕਾਂ
ਰੂਹ ਦਾ ਰੂਪ ਵਟਾ
ਆਈਆਂ ਹਨ
ਜਿਸਮ ਦੇ ਦਰਦ
ਭੁਲਾ ਆਈਆਂ ਹਨ

ਨਾ ਕੁਝ ਖਾਧਾ
ਨਾ ਕੁਝ ਪੀਤਾ
ਇਹ ਕਹਿ ਕੇ
ਉਹ ਖਿੰਡ-ਪੁੰਡ ਗਈਆਂ
ਰੂਹਾਂ ਨੂੰ ਨਾ ਲੱਭਣ ਆਇਓ
ਹਤਿਆਰੇ ਦਾ ਰੰਗ ਨਾ ਤੱਕਿਓ
ਨਾ ਹੀ ਉਸ ਦਾ ਧਰਮ ਪਰਖਿਓ
ਅਸਮਤ ਤੇ ਖ਼ੂਨ ਦੀ ਰਾਖੀ ਦੇ ਲਈ
ਬਹਿ ਕੋਈ ਤਰਬੀਬ ਬਣਾਇਓ
ਅਗਲੀਆਂ ਤੀਆਂ ਵਿਹੜੇ ਲਾਇਓ।

- ਮੰਗਤ ਰਾਮ ਪਾਸਲਾ



ਸਫ਼ਾ 3 ਦੀ ਬਾਕੀ

## ਨੌਜਵਾਨ ਪੀੜ੍ਹੀ ਨੂੰ ਮਾੜੀ ਸੰਗਤ ...

ਤਬਦੀਲੀ ਲਿਆ ਦਿੱਤੀ, ਜਿਸ ਕਰਕੇ ਹੀ ਉਹ ਬੱਚੇ ਨਾਲ ਬੜੀਆਂ ਹੀ ਦਾਰਸ਼ਨਿਕ ਗੱਲਾਂ ਕਰ ਜਾਂਦਾ ਹੈ। ਕਹਾਣੀ ਵਿਚਲੇ ਸੰਵਾਦ ਉਸ ਦੀ ਵਿਚਾਰਧਾਰਾ ਵਿਚਲੇ ਬਦਲਾਅ ਬਾਰੇ ਦੱਸਦੇ ਹਨ। ਪਿਆਰ ਬਾਰੇ ਉਹ ਕਹਿੰਦਾ ਹੈ , ਪਿਆਰ ਉਹ ਜਜ਼ਬਾ ਹੈ ਜੋ ਕੇਵਲ ਦੋ ਜਿਸਮਾਂ ਨੂੰ ਨਹੀਂ ਸਗੋਂ ਦੋ ਰੂਹਾਂ ਨੂੰ ਮਿਲਾਉਂਦਾ ਹੈ। ਪਿਆਰ ਕਰਨਾ ਵੀ ਤਾਂ ਕਿਸੇ-ਕਿਸੇ ਨੂੰ ਨਸੀਬ ਹੁੰਦਾ ਹੈ। ਇਹ ਰੱਬ ਵੱਲੋਂ ਪ੍ਰਦਾਨ ਕੀਤਾ ਇਕ ਅਨਮੋਲ ਤੋਹਫਾ ਹੈ। ਪਿਆਰ ਤਾਂ ਆਪਣੇ ਆਪ ਹੋ ਜਾਂਦਾ ਹੈ। ਪਿਆਰ ਦੇ ਵਿੱਚ ਖੁਸ਼ੀਆਂ ਦੁੱਖ ਦੋਵੇਂ ਹੀ ਮਿਲਦੇ ਹਨ। ਜੋ ਪਿਆਰ ਕਰਦਾ ਹੈ, ਉਹ ਦੁਨੀਆ ਤੋਂ ਬੇਖਬਰ ਹੋ ਜਾਂਦਾ ਹੈ। ਨਾਵਲ ਸਰਕਾਰ ਤੇ ਪੁਲਸ ਮਹਿਕਮੇ 'ਤੇ ਵੀ ਵਿਅੰਗ ਕਰਦਾ ਹੈ। ਪੁਲਸ ਵਾਲਿਆਂ ਨੂੰ ਕੌਮ ਦੇ ਰਖਵਾਲੇ ਸਮਝਿਆ ਜਾਂਦਾ ਸੀ। ਹੁਣ ਤਾਂ ਕੌਮ ਦੇ ਰਖਵਾਲਿਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੀ।ਇਹ ਸਰਕਾਰ ਤੇ ਇਸ ਸਰਕਾਰ ਨੂੰ ਚਲਾਉਣ ਵਾਲੇ ਇਕ ਨੰਬਰ ਦੇ ਚੋਰ ਨੇ ਇਹਨਾਂ ਨੂੰ ਬਸ ਆਪਣੀਆਂ ਜੇਬਾਂ ਭਰਨ ਤੋਂ ਮਤਲਬ ਹੁੰਦਾ ਹੈ। ਭਾਵੇਂ ਗਰੀਬ ਬੰਦਾ ਭੁੱਖਾ ਪਿਆਸਾ ਮਰ ਜਾਵੇ। ਭਿਖਾਰੀ ਦੇ ਰੂਪ ਵਿੱਚ ਆਫ਼ਤਾਬ ਇਕ ਸੁਨੇਹਾ ਵੀ ਦੇ ਜਾਂਦਾ ਹੈ, ਜਦੋਂ ਉਹ ਕਹਿੰਦਾ ਹੈ ਕਿ ਇਹ ਸਭ ਉਦੋਂ ਖਤਮ ਹੋਵੇਗਾ ਜਦੋਂ ਆਵਾਮ ਆਪ ਜਾਗੇਗੀ, ਲੋਕ ਇਸ ਧੱਕੇਸ਼ਾਹੀ ਖਿਲਾਫ ਲੜਨਗੇ। ਆਦਮੀ ਦਾ ਸ਼ੋਸ਼ਣ ਉਦੋਂ ਹੀ ਖਤਮ ਹੋ ਸਕਦਾ ਹੈ, ਜਦੋਂ ਉਹ ਉਸ ਦਾ ਸ਼ੋਸ਼ਣ ਕਰਨ ਵਾਲਿਆਂ ਨਾਲ ਚੰਗੀ ਤਰ੍ਹਾਂ ਟੱਕਰ ਲਵੇਗਾ। ਬੰਦਾ ਜਦੋਂ ਤੱਕ ਆਪਣੇ-ਆਪ ਨੂੰ ਕਮਜ਼ੋਰ ਸਮਝਦਾ ਰਹੇਗਾ, ਅਮੀਰ ਉਸ ਨੂੰ ਤੰਗ ਕਰਦੇ ਰਹਿਣਗੇ। ਇਨਸਾਨ ਆਪਣੇ ਆਪ ਨੂੰ ਮਜ਼ਬੂਤ ਸਮਝ ਕੇ ਹੀ ਮਜ਼ਬੂਤ ਬਣਦਾ ਹੈ। ਜੇ ਸਮਾਜ ਕੁਰੀਤੀਆਂ ਨਾਲ ਨਾ ਭਰਿਆ ਹੁੰਦਾ ਤਾਂ ਆਫਤਾਬ ਵਰਗੇ ਲੋਕ ਪੁੱਠੇ ਕੰਮਾਂ ਵਿੱਚ ਨਾ ਪੈਂਦੇ। ਲੋੜਵੰਦਾਂ ਨੂੰ ਨੌਕਰੀਆਂ ਦਿੱਤੀਆਂ ਜਾਂਦੀਆਂ, ਇੱਥੇ ਕੁਰਸੀ 'ਤੇ ਉਹ ਅਨਪੜ੍ਹ ਗਵਾਰ ਬੈਠ ਜਾਂਦੇ ਨੇ, ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਹਨਾਂ ਦੇ ਦੇਸ਼ 'ਤੇ ਰਾਜ ਕਿੰਨੇ ਨੇ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਸੜਕਾਂ ਉੱਪਰ ਧੱਕੇ ਖਾਣੇ ਪੈਂਦੇ ਨੇ। ਸਾਡਾ ਸਮਾਜ ਅੰਨ੍ਹਾ ਹੋ ਚੁੱਕਾ ਹੈ। ਅਖੀਰ ਵਿੱਚ ਉਹ ਬੱਚੇ ਨੂੰ ਕਹਿੰਦਾ ਹੈ, ਚੱਲ ਪੁੱਤ ਤੈਨੂੰ ਘਰ ਛੱਡ ਆਵਾਂ, ਐਵੇਂ ਸੜਕਾਂ 'ਤੇ ਅਵਾਰਾ ਨਹੀਂ ਘੁੰਮੀਦਾ। ਸੜਕਾਂ ਬੰਦੇ ਨੂੰ ਅਵਾਰਾ ਚੋਰ ਤੇ ਅਪਰਾਧੀ ਬਣਾ ਦਿੰਦੀਆਂ ਨੇ, ਤੇ ਦਿਲ ਲਾ ਕੇ ਪੜ੍ਹਾਈ ਕਰ ਮਾਂ ਬਾਪ ਦਾ ਕਹਿਣਾ ਮਨ ਕੁਛ ਬਣ ਜਾ। ਨਾਵਲਕਾਰਾ ਮੌਕਾ ਮੇਲ ਵਿਧੀ ਰਾਹੀਂ ਪਾਤਰਾਂ ਦਾ ਆਪਸ ਵਿੱਚ ਮੇਲ ਕਰਾਉਂਦੀ ਰਹੀ ਹੈ, ਜਿਵੇਂ ਕਹਾਣੀ ਨੂੰ ਤੋਰਨ ਲਈ ਭਿਖਾਰੀ ਦਾ ਬੱਚੇ ਨਾਲ ਮੇਲ। ਇਸੇ ਤਰ੍ਹਾਂ ਜਦੋਂ ਵੱਡੇ ਸ਼ਹਿਰ ਵਿੱਚ ਆਫਤਾਬ ਨੌਕਰੀ ਕਰਨ ਲਈ ਜਾਂਦਾ ਹੈ ਤਾਂ ਉਸ ਦਾ ਸ਼ੋਏਬ ਨਾਲ ਮੇਲ ਤੇ ਨਾਲ ਹੀ ਮੀਰਜ਼ਾਦੇ ਨਾਲ ਮੇਲ ਜੋ ਕਿ ਇਸ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਗਰੋਹ ਵਿੱਚ ਸ਼ਾਮਲ ਕਰ ਲੈਂਦਾ ਹੈ।ਮਨੋਵਚਨੀ ਵਿਧੀ ਰਾਹੀਂ ਆਫਤਾਬ ਆਪਣੇ-ਆਪ ਨਾਲ ਗੱਲਾਂ ਕਰਦਾ ਹੈ। ਕਈ ਵਾਰੀ ਸੁਪਨੇ ਵਿੱਚ ਉਹ ਆਪਣੇ-ਆਪ ਨਾਲ ਹੀ ਇੱਕ-ਦੂਜੇ ਰੂਪ ਦੇ ਨਾਲ ਸੰਵਾਦ ਰਚਾਉਂਦਾ ਹੈ। ਜਦੋਂ ਉਸ ਨੂੰ ਆਪਣੇ ਹੀ ਦੋ ਹਿੱਸੇ ਹੋਏ ਮਹਿਸੂਸ ਹੁੰਦੇ ਹਨ। ਵਿਅੰਗ ਜੁਗਤ ਦੀ ਵਰਤੋਂ ਰਾਹੀਂ ਸਮਾਜ 'ਤੇ ਵਿਅੰਗ ਕਰਦਾ ਹੈ। ਸਰਕਾਰਾਂ 'ਤੇ ਵਿਅੰਗ ਕਰਦਿਆਂ ਕਹਿੰਦਾ ਹੈ ਕਿ ਪੜ੍ਹਿਆ-ਲਿਖਿਆ ਹੋਣ ਦੇ ਬਾਵਜੂਦ ਆਫਤਾਬ ਨੂੰ ਨੌਕਰੀ ਨਹੀਂ ਮਿਲਦੀ ਤੇ ਸਿਰਫ਼ ਪੈਸੇ ਲਈ ਹੀ ਉਸ ਨੂੰ ਮੀਰਜ਼ਾਦੇ ਦੀ ਕਹੀ ਹੋਈ ਗੱਲ ਮੰਨਣੀ ਪੈਂਦੀ ਹੈ। ਬੇਸ਼ੱਕ ਨਾਵਲਕਾਰਾ ਇਸ ਨਾਵਲ ਰਾਹੀਂ ਕਈ ਸਮੱਸਿਆਵਾਂ ਰੱਖਦੀ ਹੈ, ਪਰ ਅਜੇ ਇਸ ਦੀ ਲੇਖਣੀ ਦੀਆਂ ਕਈ ਕਮਜ਼ੋਰ ਕੜੀਆਂ ਹਨ। ਇਸ ਨੂੰ ਮਜ਼ਬੂਤ ਕਰਨ ਲਈ ਤੇ ਕਲਾਤਮਿਕਤਾ ਲਿਆਉਣ ਲਈ ਬੇਹੱਦ ਮਿਹਨਤ ਦੀ ਲੋੜ ਹੈ।ਨਾਵਲ ਦੇ ਸਿਰਲੇਖ ਰਾਹੀਂ ਆਫਤਾਬ ਆਪਣੀਆਂ ਗਲਤੀਆਂ ਕਬੂਲਦਾ ਹੈ। ਭਿਖਾਰੀ ਦੇ ਰੂਪ ਵਿੱਚ ਸੁਣਾਈ ਗਈ ਕਹਾਣੀ ਰਾਹੀਂ ਉਹ ਉਸ ਬੱਚੇ ਦੀ ਜ਼ਿੰਦਗੀ ਤਬਦੀਲ ਕਰ ਦਿੰਦਾ ਹੈ, ਜੋ ਪੜ੍ਹ-ਲਿਖ ਕੇ ਇਸ ਕਹਾਣੀ ਨੂੰ ਨਾਵਲ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਅਜੇ ਰੁਸ਼ਿਕਾ ਗਿੱਲ ਦੀ ਨਾਵਲਕਾਰੀ ਨੇ ਵਿਕਾਸ ਕਰਕੇ ਪ੍ਰੋੜ੍ਹਤਾ ਲਿਆਉਣੀ ਹੈ।ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਆਫ਼ਤਾਬ ਦੀ ਕਹਾਣੀ ਦੱਸਦੀ ਕਿ ਜ਼ਿੰਦਗੀ ਦਾ ਹਰ ਫੈਸਲਾ ਸੋਚ-ਵਿਚਾਰ ਕੇ ਲੈਣਾ ਚਾਹੀਦਾ ਹੈ ਕਿਉਂਕਿ ਗਲਤ ਫੈਸਲਾ ਲੈਣ ਵਾਲੇ ਦੀ ਹਾਲਤ ਨਾਵਲ ਦੇ ਭਿਖਾਰੀ ਪਾਤਰ ਵਰਗੀ ਹੋ ਜਾਂਦੀ ਹੈ।ਨਾਵਲ ਦਾ ਵਿਸ਼ਾ ਨੌਜਵਾਨ ਪੀੜ੍ਹੀ ਨੂੰ ਮਾੜੀ ਸੰਗਤ ਤੋਂ ਬਚਣ ਦਾ ਸੁਨੇਹਾ ਦਿੰਦਾ ਹੈ।

ਸਫ਼ਾ 3 ਦੀ ਬਾਕੀ

## ਰਾਜਨੀਤਕ ਚੇਤਨਾ ਦੀ ਗ਼ਜ਼ਲਕਾਰੀ...

ਮਨੁੱਖ ਦੇ ਮੁਆਫ਼ਕ ਨਹੀਂ ਰਹਿੰਦੀ ਤਾਂ ਫਿਰ ਉਸ ਨੂੰ 'ਬਲਖ ਬੁਖਾਰਿਆਂ' ਦੀ ਥਾਂ 'ਤੇ 'ਛੱਜੂ ਦੇ ਚੁਬਾਰੇ' ਯਾਦ ਆਉਣ ਲੱਗਦੇ ਹਨ।ਅਣ-ਦਿਖਦੇ ਵਾਇਰਸ ਕੋਰੋਨਾ ਨੇ ਜਦ ਅੰਤਰ-ਰਾਸ਼ਟਰੀ ਪੱਧਰ 'ਤੇ ਦਹਿਸ਼ਤ ਦੀ ਹਕੂਮਤ ਕਾਇਮ ਕੀਤੀ।ਕਾਰੋਬਾਰ ਠੱਪ ਹੋ ਗਏ, ਜਾਨ ਦੇ ਲਾਲੇ ਪੈ ਗਏ।ਪੂਰੇ ਭਾਰਤ ਵਿੱਚ ਪੂਰੇ ਪਰਵਾਸੀ ਮਜ਼ਦੂਰਾਂ ਦੀ ਜਾਨ ਕੁੜਿੱਕੀ ਵਿੱਚ ਫ਼ਸ ਗਈ। ਬੱਸਾਂ ਰੇਲ-ਗੱਡੀਆਂ, ਸਕੂਟਰ ਮੋਟਰ-ਸਾਇਕਲ ਆਦਿ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ ਨੇ ਪਰਵਾਸੀ ਮਜ਼ਦੂਰਾਂ ਅੰਦਰ ਇਹ ਭਾਵ ਭਰੇ ਕਿ ਬਿਗਾਨੀ ਜੂਹ 'ਤੇ ਮਰਨ ਦੀ ਥਾਂਏਂ ਆਪਣੇ ਘਰ ਦੀ ਜੂਹ 'ਚ ਮਰਨਾ ਹੀ ਬਿਹਤਰ ਰਹੇਗਾ।ਅਜਿਹੀ ਮਾਰਮਿਕ ਅਤੇ ਤ੍ਰਾਸਦਿਕ ਸਥਿਤੀ ਦਾ ਵਰਨਣ 'ਰਾਣੇ' ਦੇ ਇਸ ਸ਼ਿਅਰ ਵਿੱਚ ਦੇਖਿਆ ਜਾ ਸਕਦਾ ਹੈ:-

* ਘਰਾਂ ਨੂੰ ਤੁਰ ਪਏ ਆਖ਼ਰ, ਉਹ ਏਹੀ ਸੋਚ ਕੇ 'ਰਾਣੇ',
ਬੇਘਰਿਆਂ ਮਰਨ ਤੋਂ ਚੰਗਾ ਘਰਾਂ ਨੂੰ ਪਰਤ ਜਾਣਾ ਹੈ।

ਇਸ ਸਥਿਤੀ 'ਤੇ ਪੱਤਰਕਾਰਾਂ ਅਤੇ ਲੇਖਕਾਂ 'ਤੇ ਕੀਤਾ ਵਿਅੰਗ ਵੀ ਗੌਲਣਯੋਗ ਹੈ, ਜਿਹੜੇ ਹਾਕਮਾਂ ਦੀ ਨੀਤੀ ਕਿ ਉਹ ਅਮੀਰਾਂ ਨੂੰ ਤਾਂ ਹਵਾਈ ਜਹਾਜ਼ਾਂ ਰਾਹੀਂ ਦੇਸ਼ ਲਿਆ ਰਹੇ ਹਨ, ਪਰ ਹਮ-ਵਤਨਾਂ ਨੂੰ ਆਪਣੇ ਘਰਾਂ ਤੱਕ ਪਹੁੰਚਣ ਵਾਸਤੇ ਸੁਧਾਰਨ ਆਵਾਜਾਈ ਦੇ ਸਾਧਨਾਂ ਨੂੰ ਰੋਕ ਰਹੇ ਹਨ, ਪਰ ਇਹ ਲੇਖਕ ਪੱਤਰਕਾਰ, ਇਹ 'ਭਲੇ-ਮਾਣਸ' ਇਸ ਸਥਿਤੀ 'ਤੇ ਚੁੱਪ ਬੈਠੇ ਹਨ। ਉਂਝ ਉਹ ਸੰਸਾਰ ਦੀਆਂ ਨਜ਼ਰਾਂ ਵਿੱਚ ਮਹਾਨ ਹਨ:-

* ਸ਼ਾਇਰ ਮਹਾਨ ਆਦਮੀ ਠੀਕ-ਠਾਕ ਹੈ।
ਹੋਰਾਂ ਨੂੰ ਕੁਝ ਨਾ ਸਮਝਦਾ, ਸ਼ਰਮਨਾਕ ਹੈ।
ਇਸ ਦਾ ਅਗਲਾ ਪੱਖ!
* ਦਿੱਲੀ ਤੋਂ ਫਰਮਾਨ ਕੀ ਜਾਰੀ ਹੋਇਆ ਹੈ।
ਧਰਤੀ ਰੋਈ ਹੈ ਤੇ ਅੰਬਰ ਰੋਇਆ ਹੈ।

ਰਾਜ-ਸੱਤਾ ਓਨਾ ਚਿਰ ਹੀ ਜ਼ੁਲਮ ਕਰਦੀ ਹੈ, ਜਦੋਂ ਤੱਕ ਲੋਕ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਸੰਘਰਸ਼ ਨਹੀਂ ਕਰਦੇ।ਰਾਜ-ਸੱਤਾ ਜਾਂ ਸੱਤਾ ਦੇ ਗਲਿਆਰਿਆਂ 'ਚ ਘੁੰਮਦੇ ਲੋਕਾਂ ਨੂੰ ਕੋਈ ਡਰ ਜਾਂ ਚਿੰਤਾ ਨਹੀਂ ਸਤਾਉਂਦੀ ਜਦੋਂ ਤੱਕ ਲੋਕਾਈ ਆਪਣੇ ਦੁੱਖਾਂ ਦੇ ਕਾਰਨਾਂ ਪ੍ਰਤੀ ਅਵੇਸਲੀ ਰਹਿੰਦੀ ਹੈ।ਆਪਣੀ ਜ਼ਮਹੂਰੀਅਰ ਨੂੰ, ਆਪਣੇ ਮੁੱਢਲੇ ਪ੍ਰਕਿਰਤਕ ਹੱਕਾਂ ਦੀ ਪ੍ਰਾਪਤੀ ਜਾਗਰੂਪ ਹੋ ਕੇ ਇਕੱਠੇ ਹੋ ਸੰਘਰਸ਼ ਦਾ ਰਸਤਾ ਇਖ਼ਤਿਆਰ ਕਰਨਾ ਹੀ ਪਵੇਗਾ:-

* ਅਗਰ ਜਮਹੂਰੀਅਤ ਜ਼ਿੰਦਾ, ਉਨ੍ਹਾਂ ਦੇ ਹੱਕ ਸਲਾਮਤ ਹਨ,
ਹਕੂਮਤ ਤਾਂ ਨਚਾਵੇਗੀ ਜਦੋਂ ਤੱਕ ਲੋਕ ਸੁੱਤੇ ਨੇ।
ਅਖੌਤੀ ਦੇਸ਼ ਭਗਤੀ 'ਤੇ ਵਿਅੰਗ:-
* ਦੇਸ਼ ਭਗਤੀ ਜਾਗਦੀ ਜਦ, ਕਹਿਣਗੇ ਫਿਰ, 'ਭਾਰਤੀ ਹਾਂ', ਉਂਝ ਖ਼ੁਦ ਨੂੰ ਇਹ 'ਮਰਾਠੇ' ਤੇ 'ਬਿਹਾਰੀ' ਕਰ ਰਹੇ ਹਨ।

ਜਗਦੀਸ਼ ਰਾਣਾ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ ਰਾਹੀਂ ਜਿੱਥੇ ਰਾਜ-ਸੱਤਾ ਨਾਲ ਜੁੜੀਆਂ ਸੰਸਥਾਵਾਂ ਦੇ ਕੁਹਜ ਨੂੰ ਨੰਗਿਆਂ ਕਰਦਾ ਹੈ, ਉੱਥੇ ਇਸ ਕਥਨ 'ਤੇ ਵੀ ਪਹਿਰਾ ਦੇਣ ਲਈ ਦੇਸ਼ ਦੇ ਨਾਗਰਿਕਾਂ ਨੂੰ ਸੁਚੇਤ ਕਰਦਾ ਹੈ। ਅਗਿਆਨਤਾ ਦੇ ਹਨੇਰੇ ਨੂੰ ਚੀਰਨ ਲਈ ਚਾਨਣ (ਸਿੱਖਿਆ/ਵਿਦਿਆ) ਦੇ ਗਲਿਆਰਿਆਂ ਵੱਲ ਪਰਤਣਾ ਹੀ ਪਵੇਗਾ।ਉਹ ਉਨ੍ਹਾਂ ਸਾਰੀਆਂ ਸੋਚਾਂ, ਵਿਚਾਰਾਂ, ਕਥਨਾਂ ਤੋਂ ਦਰ-ਕਿਨਾਰ ਕਰਨ ਦੀ ਪ੍ਰੇਰਨਾ ਦਿੰਦਾ ਹੈ ਜਿਹੜੀਆਂ ਸੋਚਾਂ ਮਨੁੱਖ-ਮਨੁੱਖ, ਭਾਈਚਾਰਿਆਂ, ਕੌਮੀਅਤਾਂ 'ਚ ਦਰਾੜਾਂ ਪਾਉਣ ਦੇ ਮਨਸੂਬੇ ਰਚ ਰਹੀਆਂ ਹਨ। ਸਾਡੇ ਪੀਰਾਂ, ਫਕੀਰਾਂ, ਸੰਤਾਂ, ਗੁਰੂਆਂ, ਵਲੀਆਂ ਨੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਸੀ।ਮੌਜੂਦਾ ਸਮੇਂ ਡਾ. ਬੀ.ਆਰ ਅੰਬੇਡਕਰ ਨੇ ਮਨੁੱਖ ਨੂੰ ਮਨੁੱਖ ਹੋਣ ਦੇ ਸੰਵਿਧਾਨਕ ਹੱਕ : ਅਜ਼ਾਦੀ (ਸੁਤੰਤਰਤਾ) ਸਮਾਨਤਾ, ਭਾਈਚਾਰੇ ਦੇ ਹੱਕ ਲੈ ਕੇ ਦਿੱਤੇ।ਇਨ੍ਹਾਂ ਦੀ ਰਾਖੀ ਲਈ ਹਰ ਬਾਲਗ਼ ਨੂੰ ਵੋਟ ਦਾ ਅਧਿਕਾਰ ਦਿਵਾਇਆ ਤਾਂ ਜੋ ਉਹ ਆਪਣੇ ਹੱਕਾਂ ਦੀ ਰਖਵਾਲੀ ਲਈ ਆਪਣਾ ਯੋਗ ਨੁਮਾਇੰਦਾ ਚੁਣ ਸਕਣ। ਇਸੇ ਲਈ ਜਗਦੀਸ਼ ਰਾਣਾ ਜਿੱਥੇ ਆਪਣੇ ਹੱਕਾਂ, ਅਕੀਦਿਆਂ ਲਈ ਜਾਗਰੂਪ ਸਥਿਤੀ ਵਿੱਚ ਹੈ, ਉੱਥੇ ਹੀ ਉਹ ਆਮ ਸ਼ਹਿਰੀਆਂ ਨੂੰ ਆਪਣੀ ਹੈਸੀਅਤ ਪਛਾਣਨ ਦੀ ਸਲਾਹ ਦਿੰਦਿਆਂ ਸੰਘਰਸ਼ੀ ਅਤੇ ਏਕੇ ਦੀ ਜ਼ਿੰਦਗੀ ਜੀਊਣ ਦੀ ਪ੍ਰੇਰਨਾ ਦਿੰਦਾ ਹੈ। ਸੰਘਰਸ਼-ਸ਼ੀਲ ਜੀਵਨ ਨਾਲ ਸੰਬੰਧਤ ਮਨੁੱਖਾਂ ਦੇ ਲਈ ਉਸ ਨੇ ਅਨੇਕਾਂ ਸ਼ਿਅਰ ਕਹੇ ਹਨ।

ਕੁਝ ਮਿਸਾਲਾਂ ਪੇਸ਼ ਹਨ:-

* ਲੱਗੀ ਲਗਨ ਤਾਂ ਫੇਰ ਕਦੋਂ ਜਗ ਦੀ ਰਹਿੰਦੀ ਸਾਰ,
ਤੂੰਬਾ ਵਜਾਇਆ ਮੀਰਾਂ ਨੇ ਮਰਦਾਨੇ ਨੇ ਰਬਾਬ।
* ਬੜਾ ਔਖਾ ਹੈ ਇਹ ਰਸਤਾ, ਕਟਾਉਣਾ ਸਿਰ ਵੀ ਪੈ ਜਾਂਦਾ, ਵਤਨ ਖ਼ਾਤਿਰ ਹੀ ਸਿਰ ਦੇ ਭਗਤ ਸਿੰਘ ਸਰਦਾਰ ਬਣਦਾ ਹੈ।

ਮਨੁੱਖ ਅੰਦਰ ਅਹਿਸਾਸ ਦਾ ਜਾਗਣਾ ਹੀ ਸੰਘਰਸ਼ ਦੀ ਪਹਿਲੀ ਪੌੜੀ ਹੈ:-

* ਅਸਾਡੇ ਹਿੱਸੇ ਦਾ ਪਾਣੀ, ਜ਼ਮੀਨਾਂ ਜਾਬਰਾਂ ਮੱਲੀਆਂ, ਇਹ ਵੰਡਾਂ ਕਾਣੀਆਂ ਕਰਕੇ, ਇਹ ਮਾਹਤੜ ਹੈ ਉਹ ਰਾਣਾ ਹੈ।

ਫ਼ਿਰਕਾ-ਪ੍ਰਸਤੀ ਦੇ ਨਾਂਅ 'ਤੇ ਲੜਾਉਣ ਵਾਲਿਆਂ ਲਈ ਚਿਤਾਵਨੀ:-

* ਓਮ ਪ੍ਰਕਾਸ਼ ਨੂੰ ਨੂਰ ਇਲਾਹੀ, ਨਾਨਕ ਦਾਸ ਗੁਲਾਮ ਨਬੀ, ਰਾਮ ਨਗਰ ਜੋ ਕਰਨ ਦਾ ਸੋਚੂ, ਉਸ ਤੂੰ ਪੜ੍ਹਨੇ ਪਾਵਾਂਗੇ ।

ਕੋਈ ਵੀ ਧਾਰਮਿਕ-ਗ੍ਰੰਥ ਆਪਸ ਵਿੱਚ ਲੋਕਾਂ ਨੂੰ ਵੰਡਣ ਦੀ ਨਸੀਹਤ ਨਹੀਂ ਦਿੰਦਾ।ਹਰ ਧਰਮ ਮਨੁੱਖ ਨੂੰ ਜਿਉਂਦੇ ਰਹਿਣ ਲਈ ਸੁਚੱਜੀ ਜੀਵਨ-ਜਾਚ ਸਿਖਾਉਂਦਾ ਹੈ। ਧਾਰਮਿਕ ਅਕੀਦਿਆਂ ਤੇ ਨਫ਼ਰਤ ਦੀਆਂ ਪਾਣਾਂ ਚਾੜ੍ਹ ਹਾਕਮ ਲੋਕ ਆਮ ਲੋਕਾਈ ਨੂੰ ਪਾੜ ਕੇ ਰਾਜ ਕਰਨ ਦੀਆਂ ਸਾਜ਼ਿਸ਼ਾਂ ਘੜਦੇ ਹਨ।ਧਾਰਮਿਕ ਗ੍ਰੰਥਾਂ ਦਾ ਇਨਸਾਨੀਅਤ ਨਾਲ ਵਾਹ- ਵਾਸਤਾ ਹੈ।ਲੜਾ ਸਿਰਫ਼ ਹੰਕਾਰ ਵਿੱਚ ਸੱਤਾਧਾਰੀ ਹੀ ਰਿਹਾ ਹੈ:-

* ਗੀਤਾ ਨਾ ਲੜ ਰਹੀ ਹੈ, ਨਾ ਹੀ ਲੜ ਰਿਹਾ ਕੁਰਾਨ।
ਹੰਕਾਰ ਵਿਚ ਨੇ ਲੜ ਰਹੇ, ਇਹ ਹਨ ਬੜੇ ਸ਼ੈਤਾਨ।

ਮਨੁੱਖ ਦੀ ਹਿੰਮਤ, ਹੌਸਲਾ, ਦ੍ਰਿੜ੍ਹਤਾ, ਸਿਦਕ-ਦਿਲੀ, ਸਬਰ, ਮੁਸ਼ਕਲਾਂ ਨਾਲ ਟਕਰਾਉਣਾ, ਆਪਣੀ ਤਾਕਤ ਨੂੰ ਪਛਾਨਣਾ, ਉਸ ਦੇ ਮੀਰੀ ਗੁਣ ਹਨ। ਮਨੁੱਖ ਦਾ ਇਨ੍ਹਾਂ ਮੀਰੀ ਗੁਣਾਂ ਨੂੰ ਅਪਨਾਉਣ ਦਾ ਪੱਕਾ ਇਰਾਦਾ, ਵਿਸ਼ਵਾਸ ਮੰਜ਼ਲ 'ਤੇ ਤੁਰਨ ਲਈ ਇਕੱਲੇ ਨੂੰ ਹੀ ਪ੍ਰੇਰਦਾ ਹੈ।ਇਕੱਲੇ ਤੁਰਦੇ ਮਨੁੱਖ ਆਖ਼ਿਰ ਕਾਫਲਿਆਂ ਦਾ ਰੂਪ ਧਾਰਨ ਕਰ ਲੈਂਦੇ ਹਨ:-

* ਪਥਰੀਲੇ ਰਾਹਾਂ 'ਤੇ ਅਕਸਰ 'ਕੱਲੇ ਹੀ ਹੈ ਤੁਰਨਾ ਪੈਂਦਾ। ਮੰਜ਼ਲ 'ਤੇ ਪਹੁੰਚਣ ਤੋਂ ਪਹਿਲਾਂ ਡਿੱਗ-ਡਿੱਗ ਕੇ ਸੰਭਲਣਾ ਪੈਂਦਾ।

ਜਗਦੀਸ਼ ਰਾਣਾ ਦੀ ਗ਼ਜ਼ਲਗੋਈ ਪਾਠਕ ਨੂੰ ਰਾਜਨੀਤਕ ਚੇਤਨਾ ਪ੍ਰਦਾਨ ਕਰਦੀ ਹੈ।ਉਹ ਚੰਗੇਰੇ ਮਨੁੱਖੀ ਭਵਿੱਖ ਲਈ ਆਸਾਂ ਦੇ ਦੀਵੇ ਬਾਲਦਾ ਹੈ। ਉਸ ਦੀ ਸਮੁੱਚੀ ਗਜ਼ਲਗੋਈ ਦਾ ਸਾਰ ਮਨੁੱਖ ਦੇ ਜੀਵਨ ਨੂੰ ਬਿਹਤਰ ਬਣਾਉਣਾ ਹੈ।ਉਹ ਲਗਾਤਾਰ ਇਸ ਪਾਸੇ ਵੱਲ ਸੰਘਰਸ਼ ਕਰ ਰਿਹਾ ਹੈ।ਆਪਣੇ ਗ਼ਜ਼ਲਾਂ ਦੇ ਸ਼ਿਅਰਾਂ 'ਚ ਉਹ ਸਮਾਜਿਕ ਮੁੱਦਿਆਂ ਨੂੰ ਵੀ ਉਠਾਉਂਦਾ ਹੈ। ਮੁਹੱਬਤੀ ਪਲਾਂ ਦੇ ਅਫ਼ਸਾਨੇ ਵੀ ਕਹਿੰਦਾ ਹੈ। ਇਸ ਨਿਬੰਧ ਰਾਹੀਂ ਉਸ ਦੀ ਰਾਜਨੀਤਕ ਚੇਤਨਾ ਨਾਲ ਸੰਬੰਧਤ ਕੁੱਝ ਨੁਕਤਿਆਂ ਨੂੰ ਪਾਠਕਾਂ ਨਾਲ ਸਾਂਝਿਆਂ ਕਰ ਰਿਹਾ ਹਾਂ।ਰਾਜ-ਸੱਤਾ ਦੇ ਕਰੂਰ ਅਤੇ ਕਰੂਪ ਚਿਹਰੇ ਦੀਆਂ ਕੁੱਝ ਹੀ ਪਰਤਾਂ ਮੈਂ ਪਾਠਕਾਂ ਸਾਹਵੇਂ ਪੇਸ਼ ਕਰ ਸਕਿਆ ਹਾਂ। ਮੈਨੂੰ ਆਸ ਹੈ ਕਿ ਪਾਠਕ ਉਸ ਦੇ ਇਹਨਾਂ ਸ਼ਿਅਰਾਂ ਦਾ ਸਾਰ ਸਮਝਦੇ ਉਸ ਦੇ ਹਮ-ਸਫ਼ਰ ਬਣਨ ਦਾ ਹੀਆ ਜੁਟਾਉਣਗੇ। ਇਹੀ ਮੇਰੀ ਮਨਸ਼ਾ ਹੈ ਅਤੇ ਇਹੀ ਮੇਰੀ ਦੁਆ ਹੈ।ਇਨ੍ਹਾਂ ਸ਼ਿਅਰਾਂ ਸੰਗ ਆਪਣੀ ਬਾਣੀ ਨੂੰ ਵਿਰਾਮ ਦਿੰਦਾ ਹਾਂ:-

* ਵੋਟਾਂ ਨਾਲ਼ ਹੈ ਰਾਜਾ ਬਣਨਾ, ਪੜ੍ਹ ਲਿਖ ਕੇ ਇਹ ਸਮਝ ਪਈ, ਕਲਮਾਂ ਵਿਚ ਜੋ ਤਾਕਤ ਹੈ ਉਹ ਤਾਕਤ ਕਦ ਤਲਵਾਰਾਂ ਵਿਚ।
* ਕਿਸੇ ਢੌਂਗੀ ਦੇ ਚਰਨਾਂ ਵਿਚ, ਕਦੇ ਮੈਂ ਸੀਸ ਨਾ ਟੇਕਾਂ,
ਮੈਂ ਕਾਮਾ ਹਾਂ ਤੇ ਮੇਰੀ ਕਿਰਤ ਹੀ ਮੇਰੀ ਇਬਾਦਤ ਹੈ।
* ਉਨ੍ਹਾਂ ਦੇ ਜਜ਼ਬੇ ਨੂੰ ਸਜਦਾ, ਇਰਾਦੇ ਨੂੰ ਸਲਾਮਾਂ ਨੇ,
ਜਿਨ੍ਹਾਂ ਨੇ ਟੈਂ ਨਹੀਂ ਮੰਨੀ, ਕਦੇ ਵੀ ਜ਼ੋਰਦਾਰਾਂ ਦੀ।
ਜਿੱਤ ਦੇ ਇਰਾਦੇ ਨਾਲ :-
ਅਸੀਂ ਜਿੱਤਾਂਗੇ ਜਿੱਤਾਂਗੇ, ਲੜਾਂਗੇ ਆਖ਼ਰੀ ਸਾਹ ਤੱਕ, ਅਸੀਂ ਪਰਵਾਹ ਨਹੀਂ ਕਰਦੇ, ਇਨ੍ਹਾਂ ਬੇਹਾਰ ਹਾਰਾਂ ਦੀ।

8-Sep-Sunday.qxd 9/7/2024 10:39 PM Page 2



# ਧਾਰਾ 370 ਦੀ ਮਨਸੂਖੀ, ਚੋਣਾਂ ਅਤੇ ਕਸ਼ਮੀਰੀ ਖ਼ਾਮੋਸ਼ੀ

ਬੂਟਾ ਸਿੰਘ ਮਹਿਮੂਦਪੁਰ

ਆਖ਼ਿਰਕਾਰ ਆਰ ਐੱਸ ਐੱਸ-ਭਾਜਪਾ ਸਰਕਾਰ ਨੂੰ ਸੁਪਰੀਮ ਕੋਰਟ ਦੇ ਆਦੇਸ਼ 'ਤੇ ਜੰਮੂ-ਕਸ਼ਮੀਰ ਵਿਚ 18 ਸਤੰਬਰ ਤੋਂ 1 ਅਕਤੂਬਰ ਤੱਕ ਤਿੰਨ ਪੜਾਵਾਂ 'ਚ ਵਿਧਾਨ-ਸਭਾ ਚੋਣਾਂ ਕਰਾਉਣ ਦਾ ਐਲਾਨ ਕਰਨਾ ਪਿਆ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ 30 ਸਤੰਬਰ 2024 ਤੱਕ ਵਿਧਾਨ-ਸਭਾ ਚੋਣਾਂ ਕਰਾਈਆਂ ਜਾਣ। ਸੰਘ ਬਰਗੇਡ ਨੇ ਇਸ ਵਾਰ ਵੀ ਚੋਣ ਮੁਹਿੰਮ ਦੀ ਕਮਾਨ ਆਰ ਐੱਸ ਐੱਸ ਦੇ 'ਪੋਸਟਰ ਬੁਆਏ' ਰਾਮ ਮਾਧਵ ਨੂੰ ਸੰਭਾਲੀ ਹੈ। 2008 'ਚ ਜਿੱਤੀਆਂ 11 ਸੀਟਾਂ ਦੇ ਮੁਕਾਬਲੇ 2014 ਦੀਆਂ ਚੋਣਾਂ 'ਚ ਭਾਜਪਾ ਦੀ ਝੋਲੀ ਵਿਚ 25 ਸੀਟਾਂ ਪਾਉਣ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ ਨਾਲ ਗੱਠਜੋੜ ਸਰਕਾਰ ਬਣਾਉਣ/ਚਲਾਉਣ ਦਾ ਸਿਹਰਾ ਉਸੇ ਨੂੰ ਦਿੱਤਾ ਜਾਂਦਾ ਹੈ।

ਚੋਣਾਂ ਦਾ ਐਲਾਨ ਹੁੰਦੇ ਸਾਰ ਵਿਰੋਧੀ-ਧਿਰ ਵੀ ਸਰਗਰਮ ਹੋ ਗਈ ਹੈ। ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੇ ਨੈਸ਼ਨਲ ਕਾਨਫਰੰਸ ਦੇ ਸੁਪਰੀਮੋ ਫਾਰੂਕ ਅਬਦੁੱਲਾ ਨੂੰ ਮਿਲ ਕੇ, ਗੱਠਜੋੜ ਬਣਾ ਕੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਅਤੇ 'ਹਮੇਸ਼ਾ ਕਸ਼ਮੀਰੀਆਂ ਨਾਲ ਡਟ ਕੇ ਖੜ੍ਹਨ' ਦੀ ਬਿਆਨਬਾਜ਼ੀ ਕਰਕੇ ਵਿਰੋਧੀ-ਧਿਰ ਭਾਜਪਾ ਵਿਰੁੱਧ ਕਸ਼ਮੀਰੀ ਰੋਹ ਨੂੰ ਵੋਟਾਂ 'ਚ ਢਾਲਣ ਦੀ ਕੋਸ਼ਿਸ਼ 'ਚ ਹੈ, ਜਦਕਿ ਕਸ਼ਮੀਰੀਆਂ ਸਮੇਤ ਕੁਲ ਦੁਨੀਆ ਜਾਣਦੀ ਹੈ ਕਿ ਇਸ ਸਾਰੇ ਸਮੇਂ 'ਚ ਇਨ੍ਹਾਂ ਸਾਰਿਆਂ ਦੀ ਭੂਮਿਕਾ ਮੂਕ ਦਰਸ਼ਕ ਦੀ ਰਹੀ ਹੈ।

ਜੰਮੂ-ਕਸ਼ਮੀਰ ਉੱਪਰ ਅਗਲੀ 'ਚੁਣੀ ਹੋਈ' ਸਰਕਾਰ ਥੋਪਣ ਲਈ ਰਾਜਨੀਤਕ ਦ੍ਰਿਸ਼ ਉੱਪਰ ਕਿਸ ਤਰ੍ਹਾਂ ਦੇ ਸਮੀਕਰਣ ਉੱਭਰਦੇ ਹਨ ਅਤੇ ਨਾਉਮੀਦੀ 'ਚ ਘਿਰੇ ਕਸ਼ਮੀਰੀ ਅਵਾਮ ਚੋਣਾਂ ਨੂੰ ਕਿਵੇਂ ਲੈਂਦੇ ਹਨ, ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆ ਜਾਵੇਗਾ, ਪਰ ਇਹ ਤੈਅ ਹੈ ਕਿ ਕਸ਼ਮੀਰੀਆਂ ਦੇ ਸਵੈਨਿਰਣੇ ਦੀ ਜਮਹੂਰੀ ਰੀਝ ਨੂੰ ਕੁਚਲਣ ਦੇ ਨਜ਼ਰੀਏ ਤੋਂ ਚੋਣਾਂ ਦੀ ਭੂਮਿਕਾ ਪਹਿਲਾਂ ਨਾਲੋਂ ਵੀ ਘਿਣਾਉਣੀ ਹੋਵੇਗੀ।

ਭਾਵੇਂ ਕਿ ਸੰਘ ਬਰਗੇਡ ਚੋਣਾਂ ਦੇ ਢਕੌਂਜ ਨੂੰ ਲੋਕਤੰਤਰ ਵਜੋਂ ਵਡਿਆਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ, ਪਰ ਜੰਮੂ-ਕਸ਼ਮੀਰ ਵਿਚ ਚੋਣਾਂ ਕਰਾਉਣ ਤੋਂ ਹੀ ਟਾਲਾ ਵਟਦਾ ਰਿਹਾ ਹੈ। ਉਨ੍ਹਾਂ ਨੂੰ ਕਸ਼ਮੀਰੀ ਅਵਾਮ ਦੀ ਖ਼ਾਮੋਸ਼ੀ ਪਿੱਛੇ ਖੌਲ਼ ਰਹੇ ਰੋਹ ਦੇ ਲਾਵੇ ਦਾ ਡਰ ਸਤਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਹੋਈਆਂ ਲੋਕਸਭਾ ਵਿਚ ਚੋਣਾਂ ਵਿਚ ਭਾਜਪਾ ਹਾਈਕਮਾਨ ਦਾ ਕਸ਼ਮੀਰ ਘਾਟੀ ਦੀਆਂ ਤਿੰਨੋਂ ਸੀਟਾਂ ਉੱਪਰ ਸਿੱਧੇ ਉਮੀਦਵਾਰ ਖੜ੍ਹੇ ਕਰਨ ਦਾ ਹੌਸਲਾ ਨਹੀਂ ਸੀ ਪਿਆ ਅਤੇ ਮੁਕਾਮੀ ਦਲਾਲਾਂ ਨੂੰ 'ਪ੍ਰਾਕਸੀ' ਉਮੀਦਵਾਰ ਬਣਾ ਕੇ ਉਨ੍ਹਾਂ ਦੀ ਹਮਾਇਤ ਕੀਤੀ ਗਈ ਸੀ। ਲੋਕਸਭਾ ਚੋਣਾਂ ਵਿਚ ਕਸ਼ਮੀਰੀਆਂ ਨੇ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਵਰਗੇ ਸਾਬਕਾ ਮੁੱਖ ਮੰਤਰੀਆਂ ਨੂੰ ਵੀ ਕਰਾਰਾ ਸਬਕ ਸਿਖਾਇਆ ਸੀ, ਜੋ ਹਮੇਸ਼ਾ ਕਸ਼ਮੀਰੀਆਂ ਨਾਲ ਗ਼ੱਦਾਰੀ ਕਰਕੇ ਸੱਤਾ 'ਚ ਭਾਈਵਾਲ ਬਣਦੇ ਰਹੇ ਹਨ।

ਜੰਮੂ-ਕਸ਼ਮੀਰ ਨੂੰ ਤੋੜਨ ਤੋਂ ਪੰਜ ਸਾਲ ਬਾਅਦ ਚੋਣਾਂ ਤਾਂ ਕਰਵਾਈਆਂ ਜਾ ਰਹੀਆਂ ਹਨ, ਪਰ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਨਹੀਂ ਕੀਤਾ ਗਿਆ। ਮੋਦੀ-ਸ਼ਾਹ ਵਜ਼ਾਰਤ ਵੱਲੋਂ ਚੋਣ ਹਲਕਿਆਂ 'ਚ ਰੱਦੋਬਦਲ ਕੀਤੀ ਗਈ ਹੈ। ਜੰਮੂ ਡਵੀਜ਼ਨ ਲਈ 6 ਸੀਟਾਂ ਵਧਾ ਕੇ 43 ਅਤੇ ਕਸ਼ਮੀਰ ਡਵੀਜ਼ਨ ਲਈ 1 ਸੀਟ ਵਧਾ ਕੇ 47 ਵਿਧਾਨ-ਸਭਾ ਹਲਕੇ ਬਣਾ ਦਿੱਤੇ ਗਏ। 24 ਸੀਟਾਂ 'ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ' ਲਈ ਰੱਖੀਆਂ ਗਈਆਂ ਹਨ। (ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੱਕ ਸਿਰਫ਼ ਜੰਮੂ-ਕਸ਼ਮੀਰ ਦੇ ਡੋਮੀਸਾਈਲ ਯਾਨੀ ਪੱਕੇ ਬਾਸ਼ਿੰਦਿਆਂ ਨੂੰ ਹੀ ਵਿਧਾਨ-ਸਭਾ ਚੋਣਾਂ 'ਚ ਵੋਟ ਪਾਉਣ ਦਾ ਅਧਿਕਾਰ ਸੀ। ਹੁਣ ਵੋਟਰ ਸੂਚੀਆਂ ਵਿਚ ਵਿਸ਼ੇਸ਼ ਸੋਧ ਕੀਤੀ ਜਾ ਰਹੀ ਹੈ, ਜਿਸ ਤਹਿਤ ਕਸ਼ਮੀਰ ਦੇ ਉਸ ਹਿੱਸੇ ਦੇ ਵੋਟਰਾਂ ਨੂੰ ਅਰਜ਼ੀ ਦੇਣ 'ਤੇ ਵੋਟ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ।) 2011 ਦੀ ਮਰਦਮਸ਼ੁਮਾਰੀ ਅਨੁਸਾਰ ਜੰਮੂ ਡਵੀਜ਼ਨ ਦੀ ਆਬਾਦੀ ਜੰਮੂ-ਕਸ਼ਮੀਰ ਦੀ ਕੁਲ ਆਬਾਦੀ ਦਾ 44% ਹੋਣ ਦੇ ਬਾਵਜੂਦ ਉਸ ਨੂੰ ਵਿਧਾਨ-ਸਭਾ ਹਲਕਿਆਂ ਦਾ 48% ਹਿੱਸਾ ਦਿੱਤਾ ਗਿਆ ਹੈ। ਕਸ਼ਮੀਰ ਡਵੀਜ਼ਨ ਦੀ ਆਬਾਦੀ ਕੁਲ ਆਬਾਦੀ ਦਾ 55% ਹੈ, ਪਰ ਉਸ ਨੂੰ ਵੀ 48% ਹਿੱਸਾ ਹੀ ਮਿਲਿਆ ਹੈ। (ਕਸ਼ਮੀਰ ਡਵੀਜ਼ਨ ਦੀ ਆਬਾਦੀ 68 ਲੱਖ ਅਤੇ ਜੰਮੂ ਡਵੀਜ਼ਨ ਦੀ ਆਬਾਦੀ 53 ਲੱਖ ਹੈ)। ਪਹਿਲੀ ਵਿਵਸਥਾ ਅਨੁਸਾਰ ਕਸ਼ਮੀਰ ਡਵੀਜ਼ਨ ਕੋਲ 55.4% ਅਤੇ ਜੰਮੂ ਡਵੀਜ਼ਨ ਕੋਲ 44.5% ਹਲਕੇ ਸਨ। ਇਹ ਵੰਡ ਸਪੱਸ਼ਟ ਤੌਰ 'ਤੇ 97 % ਮੁਸਲਮਾਨ ਆਬਾਦੀ ਵਾਲੀ ਕਸ਼ਮੀਰ ਡਵੀਜ਼ਨ ਦੇ ਮੁਕਾਬਲੇ ਜੰਮੂ ਡਵੀਜ਼ਨ ਦੀਆਂ ਸੀਟਾਂ ਵਧਾਉਣ ਲਈ ਹੈ, ਜਿੱਥੇ ਹਿੰਦੂ ਭਾਈਚਾਰਾ ਬਹੁਗਿਣਤੀ 'ਚ ਹੋਣ ਕਾਰਨ ਭਾਜਪਾ ਦਾ ਵੋਟ ਆਧਾਰ ਹੈ। ਜਿੱਥੋਂ ਤੱਕ ਕੇਂਦਰ ਸ਼ਾਸਤ ਖੇਤਰ ਬਣਾਏ ਲਦਾਖ ਦਾ ਸਵਾਲ ਹੈ, ਉੱਥੇ ਵਿਧਾਨ-ਸਭਾ ਨਹੀਂ ਹੋਵੇਗੀ।

ਬੇਸ਼ੱਕ ਸੰਘ ਬਰਗੇਡ ਸਰਕਾਰ ਝੂਠੇ ਦਾਅਵੇ ਕਰਦੀ ਹੈ ਕਿ ਜੰਮੂ-ਕਸ਼ਮੀਰ ਵਿਚ ਹਾਲਾਤ ਆਮ ਹਨ, ਪਰ ਵਾਪਰ ਰਹੀਆਂ ਘਟਨਾਵਾਂ ਤੋਂ ਦਿੱਲੀ ਦਰਬਾਰ ਦੀ ਬੁਖਲਾਹਟ ਸਪੱਸ਼ਟ ਦੇਖੀ ਜਾ ਸਕਦੀ ਹੈ। ਪੁਰਅਮਨ ਮੰਨੇ ਜਾਂਦੇ ਦੱਖਣੀ ਜੰਮੂ ਖੇਤਰ ਵਿਚ ਵਧ ਰਹੀਆਂ ਕਥਿਤ ਦਹਿਸ਼ਤਵਾਦੀ ਘਟਨਾਵਾਂ ਨੇ ਸੰਘ ਬਰਗੇਡ ਦੀ ਕਸ਼ਮੀਰ ਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ। ਫ਼ੌਜੀ ਮੁਹਿੰਮ ਦੇ ਦਬਾਅ ਹੇਠ ਕਸ਼ਮੀਰ ਘਾਟੀ ਵਿਚ ਖਾੜਕੂ ਹਮਲਿਆਂ ਵਿਚ ਚਾਹੇ ਆਰਜ਼ੀ ਤੌਰ 'ਤੇ ਕਮੀ ਆਈ ਹੋ ਸਕਦੀ ਹੈ, ਪਰ ਜੰਮੂ, ਜਿਸ ਨੂੰ ਸੰਨ 2000 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ 'ਚ ਹੀ 'ਖਾੜਕੂਵਾਦ ਤੋਂ ਮੁਕਤ' ਐਲਾਨ ਦਿੱਤਾ ਗਿਆ ਸੀ, ਦੇ ਪੀਰ ਪੰਜਾਲ ਖੇਤਰ ਅੰਦਰ ਉੱਪਰੋਥਲੀ ਹਮਲਿਆਂ ਨੇ ਸਰਕਾਰੀ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਪਿਛਲੇ 32 ਮਹੀਨਿਆਂ 'ਚ ਜੰਮੂ-ਕਸ਼ਮੀਰ ਵਿਚ 48 ਫ਼ੌਜੀ/ਨੀਮ ਫ਼ੌਜੀ ਮਾਰੇ ਗਏ। ਇਨ੍ਹਾਂ ਵਿੱਚੋਂ 40% ਜਾਨੀ ਨੁਕਸਾਨ ਜੰਮੂ ਖੇਤਰ ਵਿਚ ਹੋਇਆ ਹੈ। ਆਮ ਨਾਗਰਿਕਾਂ ਦੇ ਕਤਲਾਂ ਦੀਆਂ ਹੌਲਨਾਕ ਘਟਨਾਵਾਂ 'ਚ ਵੀ ਵਾਧਾ ਹੋਇਆ ਹੈ, ਲਿਹਾਜ਼ਾ ਕਥਿਤ ਦਹਿਸ਼ਤੀ ਹਮਲਿਆਂ ਹੱਥੋਂ ਨਾਗਰਿਕਾਂ ਦੀ ਜ਼ਿੰਦਗੀ ਦੀ ਅਸੁਰੱਖਿਆ ਅਤੇ ਹਕੂਮਤੀ ਦਹਿਸ਼ਤ ਪੱਖੋਂ ਹਾਲਾਤ ਹੋਰ ਵੀ ਬਦਤਰ ਹੋਏ ਹਨ।

ਸਰਕਾਰੀ ਰਿਪੋਰਟਾਂ ਦਾਅਵਾ ਕਰਦੀਆਂ ਹਨ ਕਿ ਇਹ ਹਮਲਾਵਰ ਸਰਹੱਦ ਪਾਰੋਂ ਪਾਕਿਸਤਾਨ ਵੱਲੋਂ ਭੇਜੇ ਜਾ ਰਹੇ ਬੇਹੱਦ ਸਿਖਲਾਈਯਾਫ਼ਤਾ ਦਹਿਸ਼ਤਗਰਦ "ਅਫ਼ਗਾਨ ਯੁੱਧ ਦੇ ਤਜਰਬੇਕਾਰ" ਹਨ, ਜਿਨ੍ਹਾਂ ਨਾਲ ਨਜਿੱਠਣ ਲਈ ਸੁਰੱਖਿਆ ਗਰਿੱਡ ਨੂੰ ਹੋਰ ਮਜ਼ਬੂਤ ਕਰਨਾ ਜ਼ਰੂਰੀ ਹੈ। ਪੀਰ ਪੰਜਾਲ ਖੇਤਰ ਵਿਚ ਇਨ੍ਹਾਂ ਦੀ ਗਿਣਤੀ 80 ਦੇ ਕਰੀਬ ਦੱਸੀ ਜਾ ਰਹੀ ਹੈ।

ਉਪਰੋਕਤ ਘਟਨਾਵਾਂ ਦੇ ਮੱਦੇਨਜ਼ਰ 18 ਜੁਲਾਈ ਨੂੰ ਕੇਂਦਰ ਸਰਕਾਰ ਨੇ ਮਿਸਟਰ ਮੋਦੀ ਦੀ ਪ੍ਰਧਾਨਗੀ ਹੇਠ ਕੈਬਨਿਟ ਕਮੇਟੀ ਆਨ ਸਕਿਉਰਿਟੀ ਦੀ ਵਿਸ਼ੇਸ਼ ਮੀਟਿੰਗ ਕੀਤੀ ਸੀ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ 13 ਜੂਨ ਨੂੰ ਸੁਰੱਖਿਆ ਜਾਇਜ਼ਾ ਮੀਟਿੰਗ ਵਿਚ ਵੀ ਮੋਦੀ ਨੇ "ਦਹਿਸ਼ਤਵਾਦ ਵਿਰੋਧੀ ਸਮਰਥਾਵਾਂ ਨੂੰ ਭਰਵੇਂ ਰੂਪ 'ਚ" ਵਰਤੋਂ 'ਚ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਇਹ ਬਦਤਰ ਹੋ ਰਹੀ ਹਾਲਤ ਤੋਂ ਬੁਖਲਾਈ ਭਗਵਾਂ ਹਕੂਮਤ ਦੇ ਬਦਲਾਲਊ ਪ੍ਰਤੀਕਰਮ ਤੋਂ ਸਿਵਾਏ ਕੁਝ ਨਹੀਂ ਹੈ, ਕਿਉਂਕਿ ਇਹ ਸਿਰਫ਼ ਤੇ ਸਿਰਫ਼ ਕਸ਼ਮੀਰੀ ਅਵਾਮ ਦੀ ਬੇਚੈਨੀ ਨੂੰ ਫ਼ੌਜੀ ਤਾਕਤ ਨਾਲ ਦਬਾਉਣ ਦਾ ਫ਼ੌਜੀ ਅਮਲ ਹੈ, ਜਿਸ ਵਿੱਚੋਂ ਮਸਲੇ ਦਾ ਰਾਜਸੀ ਹੱਲ ਉੱਕਾ ਹੀ ਨਦਾਰਦ ਹੈ। ਸਵਾਲ ਇਹ ਹੈ ਕਿ ਕਸ਼ਮੀਰੀ "ਦਿਲਾਂ ਅਤੇ ਦਿੱਲੀ ਦਰਮਿਆਨ ਖਾਈ ਨੂੰ ਦੂਰ ਕਰਨ ਦੀਆਂ" ਉਹ ਕਥਿਤ ਕੋਸ਼ਿਸ਼ਾਂ ਕਿੱਥੇ ਹਨ, ਜਿਨ੍ਹਾਂ ਦੀ ਬੜ੍ਹਕ ਮੋਦੀ ਨੇ ਲੰਘੀ 20 ਜੂਨ ਨੂੰ ਸ੍ਰੀਨਗਰ ਦੇ ਸਟੇਡੀਅਮ ਵਿਚ ਸਖ਼ਤ ਸੁਰੱਖਿਆ ਘੇਰੇ ਅੰਦਰ ਭਾਸ਼ਣ ਦਿੰਦਿਆਂ ਮਾਰੀ ਸੀ। '56 ਇੰਚ ਸੀਨਾ' ਅਤੇ ਉਸ ਦਾ ਨਿੱਜੀ ਸੁਰੱਖਿਆ ਘੇਰਾ ਖ਼ੁਦ ਐਨਾ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ ਕਿ ਜੁੱਤੀ ਕਾਂਡ ਦੇ ਡਰੋਂ ਅਗਲੇ ਦਿਨ 'ਅੰਤਰਰਾਸ਼ਟਰੀ ਯੋਗ ਦਿਵਸ' ਮਨਾਉਣ ਸਮੇਂ ਯੋਗ ਕਰਨ ਵਾਲਿਆਂ ਦੀਆਂ ਜੁੱਤੀਆਂ ਵੀ ਬਾਹਰ ਹੀ ਲਹਾ ਦਿੱਤੀਆਂ ਗਈਆਂ ਸਨ।




ਇਹ ਹੋ ਹੀ ਸਕਦਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਭੇਜੇ ਕੁਝ ਘੁਸਪੈਠੀਏ ਜੰਮੂ-ਕਸ਼ਮੀਰ ਵਿਚ ਸਰਗਰਮ ਹੋਣ, ਪਰ ਇਸ ਨਾਲ ਇਹ ਹਕੀਕਤ ਬਦਲ ਨਹੀਂ ਜਾਂਦੀ ਕਿ ਭਾਰਤੀ ਰਾਜ, ਖ਼ਾਸ ਕਰਕੇ ਭਗਵਾਂ ਹਕੂਮਤ ਵੱਲੋਂ ਜੰਮੂ-ਕਸ਼ਮੀਰ ਦੀ ਨਿਆਰੀ ਹਸਤੀ ਖ਼ਤਮ ਕੀਤੇ ਜਾਣ ਵਿਰੁੱਧ ਕਸ਼ਮੀਰੀ ਅਵਾਮ 'ਚ ਵਿਆਪਕ ਬੇਚੈਨੀ ਅਤੇ ਰੋਹ ਹੈ, ਜਿਸ ਉੱਪਰ ਪਰਦਾ ਪਾਉਣ ਲਈ ਵਿਦੇਸ਼ੀ ਘੁਸਪੈਠ ਨੂੰ ਵਾਹਦ ਮਸਲਾ ਬਣਾ ਕੇ ਪ੍ਰਚਾਰਿਆ ਜਾ ਰਿਹਾ ਹੈ। ਨਾਲ ਹੀ ਇਹ ਕਸ਼ਮੀਰ ਨੂੰ ਫ਼ੌਜੀ ਤਾਕਤ ਨਾਲ ਕੰਟਰੋਲ ਕਰਨ ਲਈ ਹੋਰ ਫ਼ੌਜੀ-ਨੀਮ ਫ਼ੌਜੀ ਤਾਇਨਾਤੀ ਨੂੰ ਜਾਇਜ਼ ਠਹਿਰਾਉਣ ਦਾ ਬਹਾਨਾ ਹੈ। ਪਾਕਿਸਤਾਨੀ ਘੁਸਪੈਠੀਆਂ ਦੇ ਬਿਰਤਾਂਤ ਦਾ ਪਰਦਾ ਪਾ ਕੇ ਭਗਵਾਂ ਹਕੂਮਤ ਇਸ ਹਕੀਕਤ ਨੂੰ ਲੁਕੋ ਨਹੀਂ ਸਕਦੀ ਕਿ ਬੇਕਿਰਕ ਫ਼ੌਜੀ ਰਾਜ ਹੇਠ ਕੁਚਲੇ ਜਾ ਰਹੇ ਕਸ਼ਮੀਰੀਆਂ ਦੀ ਆਪਣੇ ਸਵੈਨਿਰਣੇ ਦੇ ਹੱਕ ਲਈ ਤਾਂਘ ਮਰੀ ਨਹੀਂ ਹੈ ਅਤੇ ਇਸ ਦਾ ਇਜ਼ਹਾਰ ਉਹ ਸਮੇਂ ਅਤੇ ਹਾਲਾਤ ਅਨੁਸਾਰ ਕਦੇ ਹਥਿਆਰਬੰਦ ਗਰੁੱਪਾਂ ਦੀ ਸਿੱਧੀ-ਅਸਿੱਧੀ ਮਦਦ ਦੇ ਰੂਪ 'ਚ ਅਤੇ ਕਦੇ ਸੜਕਾਂ ਉੱਪਰ ਆ ਕੇ ਮੌਤ ਤੋਂ ਬੇਪ੍ਰਵਾਹ ਮੁਜ਼ਾਹਰਿਆਂ ਦੇ ਰੂਪ 'ਚ ਕਰਦੇ ਹਨ। ਖਾੜਕੂ ਲਹਿਰ ਨੇ ਹਾਲਾਤ ਅਨੁਸਾਰ ਰੂਪ ਬਦਲ ਲਿਆ ਹੈ। ਸੋਸ਼ਲ ਮੀਡੀਆ ਉੱਪਰ ਨਜ਼ਰ ਆਉਣ ਵਾਲੀ ਬੁਰਹਾਨ ਵਾਨੀ ਵਾਲੀ ਨੌਜਵਾਨ ਪੀੜ੍ਹੀ ਦੀ ਥਾਂ ਹੁਣ ਅਚਾਨਕ ਹਮਲੇ ਕਰਕੇ ਅਲੋਪ ਹੋ ਜਾਣ ਵਾਲੇ ਨੌਜਵਾਨ ਕਸ਼ਮੀਰੀਆਂ ਨੇ ਲੈ ਲਈ ਹੈ। ਇਸ ਨਾਲ ਨਜਿੱਠਣਾ ਸੌਖਾ ਨਹੀਂ ਹੈ।

ਰਿਪੋਰਟਾਂ ਅਨੁਸਾਰ ਇਸ ਖੇਤਰ ਵਿਚ ਪੰਜ ਲੱਖ ਤੋਂ ਉੱਪਰ ਫ਼ੌਜ-ਨੀਮ ਫ਼ੌਜ ਤਾਇਨਾਤ ਹੈ। ਸਰਕਾਰ ਚਾਹੇ ਕੋਈ ਵੀ ਹੋਵੇ, ਪਿਛਲੇ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰ ਵਿਚ ਭਾਰਤੀ ਫ਼ੌਜੀ ਲਸ਼ਕਰਾਂ ਦੀ ਤਾਇਨਾਤੀ ਵਧਦੀ ਹੀ ਗਈ ਹੈ। ਅਗਸਤ 2019 'ਚ ਧਾਰਾ 370 ਨੂੰ ਜੰਮੂ-ਕਸ਼ਮੀਰ ਵਿਧਾਨ-ਸਭਾ ਦੀ ਸਹਿਮਤੀ ਲਏ ਬਗ਼ੈਰ ਹੀ ਇਕਤਰਫ਼ਾ ਤੌਰ 'ਤੇ ਰੱਦ ਕਰਨ ਸਮੇਂ ਵੀ ਦਹਿ-ਹਜ਼ਾਰਾਂ ਦੀ ਤਾਦਾਦ 'ਚ ਹੋਰ ਵਾਧੂ ਫ਼ੌਜੀ ਨਫ਼ਰੀ ਭੇਜ ਕੇ ਅਤੇ ਸੰਚਾਰ-ਸੇਵਾਵਾਂ ਮੁਕੰਮਲ ਰੂਪ 'ਚ ਠੱਪ ਕਰਕੇ ਸਮੁੱਚੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਦਿੱਤਾ ਗਿਆ ਸੀ ਤਾਂ ਜੋ ਕਸ਼ਮੀਰੀਆਂ ਦੀ ਵਿਰੋਧ ਦੀ ਆਵਾਜ਼ ਬਾਹਰ ਨਾ ਨਿਕਲ ਸਕੇ। ਜਿਸ ਖੇਤਰ ਵਿਚ 552 ਦਿਨ ਇੰਟਰਨੈੱਟ ਬੰਦ ਰੱਖਿਆ ਗਿਆ ਹੋਵੇ (4 ਅਗਸਤ 2019 ਤੋਂ 6 ਫਰਵਰੀ 2021 ਤੱਕ), ਉੱਥੋਂ ਦੀ ਵਸੋਂ ਨੂੰ ਆਮ ਜਾਣਕਾਰੀ ਤੇ ਨਿੱਜੀ ਸੁੱਖਸਾਂਦ ਦੇ ਜ਼ਰੀਏ ਤੋਂ ਵਾਂਝੇ ਰੱਖਣ ਦੇ ਮਨੋਵਿਗਿਆਨਕ ਅਸਰਾਂ ਅਤੇ ਅੱਜ ਦੇ ਜ਼ਮਾਨੇ 'ਚ ਇੰਟਰਨੈੱਟ 'ਤੇ ਨਿਰਭਰ ਕਾਰੋਬਾਰਾਂ ਦੇ ਬੇਥਾਹ ਆਰਥਿਕ ਨੁਕਸਾਨ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸੇ ਕੰਟਰੋਲ ਦਾ ਸ਼ਿਕੰਜਾ ਹੋਰ ਕੱਸਣ ਲਈ ਹੁਣ 5 ਜੁਲਾਈ ਨੂੰ ਕਠੂਆ ਜ਼ਿਲ੍ਹੇ ਵਿਚ ਫ਼ੌਜੀ ਕਾਫ਼ਲੇ ਉੱਪਰ ਜੌੜੇ ਹਮਲੇ ਤੋਂ ਬਾਅਦ ਮੋਦੀ ਦਰਬਾਰ ਵੱਲੋਂ 'ਏਅਰਟਾਈਟ ਸਕਿਉਰਿਟੀ ਗਰਿੱਡ' ਦੀ ਨੀਤੀ ਲਈ ਗਈ ਹੈ, ਜਿਸ ਤਹਿਤ ਹੋਰ ਫ਼ੌਜੀ/ਖ਼ੁਫ਼ੀਆ ਉਪਾਵਾਂ ਦੇ ਨਾਲ-ਨਾਲ 200 ਵਿਸ਼ੇਸ਼ ਬਕਤਰਬੰਦ ਵਾਹਨਾਂ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਨਵੇਂ ਸੁਰੱਖਿਆ ਗਰਿੱਡ ਵਿਚ ਅਸਾਮ ਰਾਈਫ਼ਲ ਦੀ ਭੂਮਿਕਾ ਵੀ ਵਧਾਈ ਗਈ ਹੈ। ਬੀ ਐੱਸ ਐੱਫ ਦੀਆਂ ਦੋ ਬਟਾਲੀਅਨਾਂ ਹਵਾਈ ਜਹਾਜ਼ਾਂ ਰਾਹੀਂ ਉੜੀਸਾ ਤੋਂ ਮੰਗਵਾ ਕੇ ਜੰਮੂ-ਪੰਜਾਬ ਸਰਹੱਦ ਉੱਪਰ ਸਰਹੱਦੀ ਸੁਰੱਖਿਆ ਵਿਚਲੀਆਂ ਕਥਿਤ ਮੋਰੀਆਂ ਬੰਦ ਕਰਨ ਲਈ ਲਗਾਈਆਂ ਗਈਆਂ ਹਨ।

ਪਰ ਸਵਾਲ ਇਹ ਹੈ ਕਿ ਜੇ ਕਸ਼ਮੀਰ ਮਸਲੇ ਦਾ 'ਲਾਅ ਐਂਡ ਆਰਡਰ ਹੱਲ' ਸਾਢੇ ਸੱਤ ਦਹਾਕਿਆਂ ਵਿਚ ਕੋਈ ਨਤੀਜੇ ਨਹੀਂ ਕੱਢ ਸਕਿਆ ਤਾਂ ਭਗਵਾਂ ਹਕੂਮਤ ਦੀ ਹੋਰ ਜ਼ਿਆਦਾ ਕਰੂਰਤਾ ਦੇ ਨਤੀਜੇ ਤਾਂ ਹੋਰ ਵੀ ਭਿਆਨਕ ਹੀ ਹੋਣਗੇ, ਚਾਹੇ ਇਹ ਕਸ਼ਮੀਰੀ ਅਵਾਮ ਅਤੇ ਪੁਲਸ-ਫ਼ੌਜ ਦੇ ਜਵਾਨਾਂ ਦੀ ਕਤਲੋਗ਼ਾਰਤ ਦੇ ਰੂਪ 'ਚ ਹੋਣ ਜਾਂ ਕਥਿਤ ਸੁਰੱਖਿਆ ਗਰਿੱਡ ਉੱਪਰ ਬਜਟ ਦੇ ਉਜਾੜੇ ਦੇ ਰੂਪ 'ਚ ਹੋਣ, ਪਰ ਸੰਘ ਬਰਗੇਡ ਨੂੰ ਇਸ ਖ਼ੂਨੀ ਟਕਰਾਅ ਵਿਚ ਕਸ਼ਮੀਰੀ ਅਵਾਮ ਅਤੇ ਪੁਲਸ-ਫ਼ੌਜ ਦੇ ਜਵਾਨਾਂ ਦੇ ਮਾਰੇ ਜਾਣ ਦੀ ਕੋਈ ਪ੍ਰਵਾਹ ਨਹੀਂ ਹੈ, ਉਨ੍ਹਾਂ ਦੀ ਹਿੰਦੂ ਰਾਸ਼ਟਰਵਾਦੀ ਜ਼ਿਹਨੀਅਤ ਸੰਤੁਸ਼ਟ ਹੈ ਕਿ ਉਨ੍ਹਾਂ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ 'ਅਖੰਡ ਭਾਰਤ' ਬਣਾਉਣ ਦਾ ਆਪਣਾ ਚਿਰੋਕਣਾ ਸੁਪਨਾ ਪੂਰਾ ਕਰ ਲਿਆ ਹੈ, ਜਿਸ ਦੇ ਲਈ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ ਹੇਠ ਭਾਰਤੀ ਜਨ ਸੰਘ ਨੇ 1953 'ਚ ਭਗਵਾਂ ਜਹਾਦ ਵਿੱਢਿਆ ਸੀ।

ਕਸ਼ਮੀਰੀਆਂ ਦੀ ਸਵੈਨਿਰਣੇ ਦੀ ਜਮਹੂਰੀ ਰੀਝ ਨੂੰ ਵੱਖਵਾਦ ਵਜੋਂ ਭੰਡਣ ਦੇ ਹਕੂਮਤੀ ਬਿਰਤਾਂਤ ਨੇ ਭਾਰਤ ਦੇ ਜ਼ਿਆਦਾਤਰ ਪੜ੍ਹੇ-ਲਿਖੇ ਹਿੱਸਿਆਂ ਦੀ ਸੋਚ ਨੂੰ ਇਸ ਕਦਰ ਰਾਸ਼ਟਰਵਾਦੀ ਪੁੱਠ ਚਾੜ੍ਹ ਦਿੱਤੀ ਹੈ ਕਿ ਉਨ੍ਹਾਂ ਨੇ ਕਸ਼ਮੀਰੀਆਂ ਨਾਲ ਇਸ ਸਰੇਆਮ ਧੱਕੇ ਨੂੰ ਵੀ ਸਹੀ ਮੰਨਿਆ। ਇਹ ਹੈਰਾਨੀ ਦੀ ਗੱਲ ਨਹੀਂ ਹੈ ਜਦੋਂ ਬਹੁਤ ਸਾਰੇ ਭਾਰਤੀ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ 'ਤੇ ਖ਼ੁਸ਼ੀ ਮਨਾਉਂਦੇ ਦੇਖੇ ਗਏ। ਉਨ੍ਹਾਂ ਨੇ ਉੱਥੇ ਨਵੇਂ ਜ਼ਮੀਨ ਅਤੇ ਡੋਮੀਸਾਈਲ ਕਾਨੂੰਨ ਲਾਗੂ ਕੀਤੇ ਜਾਣ ਨਾਲ ਭਾਰਤੀਆਂ ਨੂੰ ਉੱਥੇ ਜ਼ਮੀਨ ਖ਼ਰੀਦਣ, ਉੱਥੇ ਵਸਣ ਅਤੇ ਸਰਕਾਰੀ ਨੌਕਰੀਆਂ ਲੈਣ ਦੀ ਮਿਲੀ ਖੁੱਲ੍ਹ ਨੂੰ ਆਪਣੇ ਲਈ ਸੁਨਹਿਰੀ ਮੌਕਿਆਂ ਦੇ ਤੌਰ 'ਤੇ ਦੇਖਣਾ ਸ਼ੁਰੂ ਕਰ ਦਿੱਤਾ।

ਸੁਪਰੀਮ ਕੋਰਟ ਨੇ ਇਸ ਧੱਕੜ ਕਾਰੇ ਵਿਰੁੱਧ ਪਟੀਸ਼ਨਾਂ ਦੀ ਤੁਰੰਤ ਸੁਣਵਾਈ ਕਰਨ ਦੀ ਬਜਾਏ ਪੰਜ ਸਾਲ ਸੁਣਵਾਈ ਟਾਲ਼ ਕੇ ਅਤੇ ਆਖ਼ਿਰਕਾਰ ਦਸੰਬਰ 2023 'ਚ ਭਗਵਾਂ ਹਕੂਮਤ ਦੇ ਗ਼ੈਰਸੰਵਿਧਾਨਕ ਕਦਮ ਨੂੰ ਸੰਵਿਧਾਨ ਅਨੁਸਾਰ ਉਚਿਤ ਕਰਾਰ ਦੇ ਕੇ ਨੰਗੀ-ਚਿੱਟੀ ਧੱਕੇਸ਼ਾਹੀ ਉੱਪਰ ਕਾਨੂੰਨੀ ਮੋਹਰ ਲਾ ਦਿੱਤੀ। ਇਸ ਨਾਲ ਕਸ਼ਮੀਰੀਆਂ ਦੇ ਇਕ ਹਿੱਸੇ ਨੂੰ ਭਾਰਤ ਦੀ ਸਰਵਉੱਚ ਅਦਾਲਤ ਤੋਂ ਜੋ ਨਿਆਂ ਦੀ ਮਾੜੀ-ਮੋਟੀ ਉਮੀਦ ਸੀ, ਉਹ ਵੀ ਖ਼ਤਮ ਹੋ ਗਈ।

5 ਅਗਸਤ 2019 ਨੂੰ ਜੰਮੂ-ਕਸ਼ਮੀਰ ਰਿਆਸਤ ਦਾ ਵਿਸ਼ੇਸ਼ ਦਰਜਾ ਖ਼ਤਮ ਕਰਦਿਆਂ ਭਾਜਪਾ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਧਾਰਾ 370 ਅਤੇ ਧਾਰਾ 35ਏ ਦਾ ਖ਼ਾਤਮਾ ਕਰਨ ਨਾਲ ਕਸ਼ਮੀਰੀ ਵੱਖਵਾਦ ਦਾ ਲੱਕ ਟੁੱਟ ਜਾਵੇਗਾ। ਭਗਵਾਂ ਹਕੂਮਤ ਦਾ ਮੂੰਹ ਚਿੜਾਉਂਦਿਆਂ ਕਥਿਤ ਦਹਿਸ਼ਤਵਾਦ ਤਾਂ ਅਜੇ ਵੀ ਉਸੇ ਤਰ੍ਹਾਂ ਚੁਣੌਤੀ ਬਣਿਆ ਹੋਇਆ ਹੈ! ਦੂਜੇ ਪਾਸੇ, ਇਹ ਅੱਜ ਤੱਕ ਸਪੱਸ਼ਟ ਨਹੀਂ ਕੀਤਾ ਗਿਆ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਘਟਾ ਕੇ ਇਸ ਨੂੰ ਦੋ ਕੇਂਦਰ-ਪ੍ਰਸ਼ਾਸਿਤ ਪ੍ਰਦੇਸ਼ ਬਣਾਉਣ ਦਾ ਸੰਵਿਧਾਨਕ ਵਿਚਲੇ ਵਿਸ਼ੇਸ਼ ਦਰਜੇ ਨਾਲ ਕੀ ਸੰਬੰਧ ਸੀ? ਕੀ ਇਹ ਸਿਰਫ਼ ਤੇ ਸਿਰਫ਼ ਉਨ੍ਹਾਂ ਨੂੰ ਕਸ਼ਮੀਰੀ ਅਤੇ ਮੁਸਲਮਾਨ ਭਾਰੂ ਰਿਆਸਤ ਹੋਣ ਦੀ ਸਜ਼ਾ ਨਹੀਂ ਸੀ?

ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਵਿਸ਼ੇਸ਼ ਦਰਜਾ ਕਸ਼ਮੀਰ ਦੇ ਭਾਰਤ ਦਾ ਅਨਿੱਖੜ ਅੰਗ ਬਣਨ ਵਿਚ ਰੁਕਾਵਟ ਬਣਿਆ ਹੋਇਆ ਸੀ ਅਤੇ ਹੁਣ ਇੱਥੇ ਭਾਰਤੀ ਕਾਨੂੰਨ ਲਾਗੂ ਹੋਣਗੇ ਅਤੇ ਗਵਰਨੈਂਸ ਵਿਚ ਸੁਧਾਰ ਹੋਵੇਗਾ। ਮੋਦੀ ਨੇ ਤਾਂ ਇੱਥੋਂ ਤੱਕ ਕਿਹਾ ਕਿ "ਧਾਰਾ 370 ਅਤੇ 35ਏ ਨੇ ਜੰਮੂ-ਕਸ਼ਮੀਰ ਨੂੰ ਵੱਖਵਾਦ, ਦਹਿਸ਼ਤਵਾਦ, ਭਾਈ ਭਤੀਜਾਵਾਦ ਅਤੇ ਵੱਡੇ ਪੈਮਾਨੇ 'ਤੇ ਫੈਲੇ ਭ੍ਰਿਸ਼ਟਾਚਾਰ ਤੋਂ ਸਿਵਾਏ ਕੱਖ ਨਹੀਂ ਦਿੱਤਾ" ਅਤੇ ਭਾਜਪਾ ਸਰਕਾਰ ਦੇ ਇਸ ਇਤਿਹਾਸਕ ਫ਼ੈਸਲੇ ਨਾਲ ਕਸ਼ਮੀਰੀਆਂ ਦੀ ਤਰੱਕੀ ਤੇ ਵਿਕਾਸ ਦਾ ਰਾਹ ਖੁੱਲ੍ਹ ਗਿਆ ਹੈ!

ਬੇਸ਼ੱਕ ਕਸ਼ਮੀਰ ਦੇ ਭਵਿੱਖ ਦਾ ਫ਼ੈਸਲਾ ਕਰਨ ਦੇ ਹੱਕ (ਸਵੈਨਿਰਣੇ ਦੇ ਆਲਮੀ ਤੌਰ 'ਤੇ ਪ੍ਰਵਾਨਤ ਹੱਕ) ਦੇ ਨਜ਼ਰੀਏ ਤੋਂ ਆਰਥਿਕ ਤਰੱਕੀ ਦੇ ਵਾਅਦੇ ਕੋਈ ਮਾਇਨੇ ਨਹੀਂ ਰੱਖਦੇ, ਪਰ ਜ਼ਮੀਨੀ ਹਕੀਕਤ 'ਚ ਕਸ਼ਮੀਰ ਦੀ ਆਰਥਿਕ 'ਤਰੱਕੀ' ਵੀ ਕਿਤੇ ਨਜ਼ਰ ਨਹੀਂ ਆ ਰਹੀ। ਪਿਛਲੇ ਨੌਂ ਸਾਲਾਂ 'ਚ ਭਾਰਤ ਦੀ ਜੀ ਡੀ ਪੀ ਵਿਚ ਕਸ਼ਮੀਰ ਦਾ ਹਿੱਸਾ ਘਟਿਆ ਹੈ ਅਤੇ ਬੇਰੁਜ਼ਗਾਰੀ ਵਧੀ ਹੈ। ਪਿਛਲੇ ਸਾਲ ਕੇਂਦਰੀ ਵਿੱਤ ਮੰਤਰੀ ਨੇ ਜੰਮੂ-ਕਸ਼ਮੀਰ ਲਈ ਪਾਰਲੀਮੈਂਟ ਤੋਂ 12000 ਕਰੋੜ ਰੁਪਏ ਉਧਾਰ ਲੈਣ ਦੀ ਮਨਜ਼ੂਰੀ ਲਈ ਸੀ। ਇਸ ਸਾਲ ਦੇ ਬਜਟ ਦਸਤਾਵੇਜ਼ਾਂ ਤੋਂ ਸਾਹਮਣੇ ਆਇਆ ਕਿ ਅਸਲ ਉਧਾਰ 24000 ਕਰੋੜ ਰੁਪਏ ਸੀ। ਪਿਛਲੇ ਦੋ ਸਾਲਾਂ 'ਚ ਉਧਾਰ 'ਚ ਪੰਜ ਗੁਣਾਂ ਵਾਧਾ ਹੋਇਆ ਹੈ। ਕੈਗ ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਜੰਮੂ-ਕਸ਼ਮੀਰ ਦੇ ਸਿਰ ਇਸ ਸਮੇਂ 1.12 ਲੱਖ ਕਰੋੜ ਰੁਪਏ ਦੀ ਦੇਣਦਾਰੀ ਹੈ। ਲੋਕਾਂ ਤੋਂ ਟੈਕਸਾਂ ਰਾਹੀਂ ਨਿਚੋੜਿਆ ਇਹ ਪੈਸਾ ਕਿੱਥੇ ਲੱਗ ਰਿਹਾ ਹੈ? ਇਹ ਸਾਰਾ ਉਸ ਕਥਿਤ ਸੁਰੱਖਿਆਤੰਤਰ ਅਤੇ 'ਵਿਕਾਸ ਪ੍ਰੋਜੈਕਟਾਂ' ਦੇ ਤਾਣੇਬਾਣੇ ਉੱਪਰ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ, ਜੋ ਕਸ਼ਮੀਰੀਆਂ ਨੂੰ ਦਬਾਉਣ ਲਈ ਖੜ੍ਹਾ ਕੀਤਾ ਗਿਆ ਹੈ।

ਕਸ਼ਮੀਰੀ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਅਤੇ ਪੂੰਜੀ-ਨਿਵੇਸ਼ ਖਿੱਚਣ ਦਾ ਕਿਤੇ ਵੀ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਸਰਕਾਰੀ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਭਾਰਤ ਦੀ ਕੌਮੀ ਦਰ 6.1% ਹੈ ਜਦਕਿ ਜੰਮੂ-ਕਸ਼ਮੀਰ ਦੀ 26.6%। ਜਿਵੇਂ ਭਾਰਤ ਵਿਚ ਸਮਾਰਟ ਸਿਟੀ ਪ੍ਰੋਜੈਕਟਾਂ, ਸੜਕਾਂ, ਫਲਾਈਓਵਰਾਂ ਨੂੰ ਵਿਕਾਸ ਦੱਸਿਆ ਜਾ ਰਿਹਾ ਹੈ, ਉਸੇ ਤਰ੍ਹਾਂ ਸ੍ਰੀਨਗਰ ਦੀਆਂ ਕੁਝ ਗਲੀਆਂ ਤੇ ਸੜਕਾਂ ਦਾ ਸੁੰਦਰੀਕਰਨ ਕਰਕੇ ਅਤੇ ਫਲਾਈਓਵਰ ਤੇ ਸੁਰੰਗਾਂ ਬਣਾ ਕੇ ਵਿਕਾਸ ਦੇ ਕੰਮ ਗਿਣਾਏ ਜਾ ਰਹੇ ਹਨ, ਜੋ ਦਰਅਸਲ ਵਿਕਾਸ ਪ੍ਰੋਜੈਕਟਾਂ ਦੇ ਨਾਂਅ ਹੇਠ ਬਜਟ ਦੇ ਮੋਟੇ ਫੰਡ ਹੜੱਪਣ ਦੇ ਮਹਾਂ-ਘੁਟਾਲੇ ਤੋਂ ਸਿਵਾਏ ਕੁਝ ਨਹੀਂ ਹਨ। ਮੌਜੂਦਾ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਉੱਪਰ ਤਾਂ ਇੱਥੋਂ ਤੱਕ ਦੋਸ਼ ਲੱਗੇ ਹਨ ਕਿ 2021 'ਚ ਉਸ ਨੇ ਜੰਮੂ-ਕਸ਼ਮੀਰ ਲਈ ਆਏ ਸਰਕਾਰੀ ਫੰਡ ਆਪਣੀ ਪੁੱਤਰ ਦੀ ਮੰਗਣੀ ਲਈ ਕਢਵਾ ਲਏ ਸਨ।) ਮੋਦੀ ਵਜ਼ਾਰਤ ਸੈਰਸਪਾਟਾ ਸਨਅਤ ਦੀ ਆਰਥਿਕ ਵਾਧਾ ਦਰ (15.13%) ਦਾ ਢੰਡੋਰਾ ਪਿੱਟ ਰਹੀ ਹੈ, ਜਦਕਿ ਰਿਆਸਤ ਦੀ ਜੀ ਡੀ ਪੀ ਵਿਚ ਇਸ ਦਾ ਹਿੱਸਾ ਮਹਿਜ਼ 7-8% ਹੀ ਹੈ। ਕਸ਼ਮੀਰੀ ਆਰਥਿਕਤਾ ਦੇ ਮੁੱਖ ਥੰਮ੍ਹ, ਖੇਤੀਬਾੜੀ ਅਤੇ ਬਾਗ਼ਬਾਨੀ ਬੁਰੀ ਤਰ੍ਹਾਂ ਲੜਖੜਾ ਰਹੇ ਹਨ। ਸੇਬ ਸਨਅਤ ਡੂੰਘੇ ਸੰਕਟ ਦੀ ਲਪੇਟ 'ਚ ਹੈ। ਰਿਪੋਰਟਾਂ ਇਹ ਹਨ ਕਿ ਅਫ਼ਗਾਨਿਸਤਾਨ ਤੋਂ ਸਸਤੇ ਸੇਬਾਂ ਦੇ ਆਯਾਤ ਨਾਲ ਭਾਰਤੀ ਮੰਡੀ ਵਿਚ ਕਸ਼ਮੀਰੀ ਸੇਬਾਂ ਦੀ ਬੇਹੱਦ ਬੇਕਦਰੀ ਹੋ ਗਈ ਹੈ ਅਤੇ ਕਸ਼ਮੀਰੀ ਸੇਬ ਉਤਪਾਦਕ ਅਤੇ ਇਸ ਕਿੱਤੇ ਨਾਲ ਜੁੜੇ ਹੋਰ ਲੋਕ ਬੁਰੀ ਤਰ੍ਹਾਂ ਹਾਲੋਂ ਬੇਹਾਲ ਹਨ। ਛੋਟੇ-ਛੋਟੇ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ।

ਜੰਮੂ-ਕਸ਼ਮੀਰ ਵਿਚ ਚੋਟੀ ਦੇ ਪ੍ਰਸ਼ਾਸਕ, ਨੌਕਰਸ਼ਾਹ ਅਤੇ ਪੁਲਸ ਅਫ਼ਸਰ ਸਿੱਧੇ ਨਵੀਂ ਦਿੱਲੀ ਵੱਲੋਂ ਥਾਪੇ ਜਾਂਦੇ ਹਨ, ਉਨ੍ਹਾਂ ਵਿਚ ਇਕ ਵੀ ਸਥਾਨਕ ਨਹੀਂ ਹੈ। ਇਹ ਕਸ਼ਮੀਰੀਆਂ ਦੀ ਬੇਗਾਨਗੀ ਨੂੰ ਹੋਰ ਵਧਾਉਣ ਵਾਲਾ ਕਾਰਕ ਹੈ। ਭਾਰਤੀ ਹੁਕਮਰਾਨ ਜਮਾਤ ਦੇ ਇਤਿਹਾਸਕ ਵਿਸ਼ਵਾਸਘਾਤ ਅਤੇ ਦਹਾਕਿਆਂ ਤੋਂ ਚੱਲ ਰਹੇ ਕਰੂਰ ਜਬਰ ਨੂੰ ਕਸ਼ਮੀਰੀ ਅਵਾਮ ਭੁੱਲੇ ਨਹੀਂ। ਉਹ ਇਸ ਗੱਲੋਂ ਵੀ ਸੁਚੇਤ ਹਨ ਕਿ ਆਰ ਐੱਸ ਐੱਸ-ਭਾਜਪਾ ਦੇ ਸੱਤਾ 'ਚ ਆਉਣ ਨਾਲ ਦਿੱਲੀ ਦਰਬਾਰ ਦੀ ਕਸ਼ਮੀਰ ਨੀਤੀ ਵਿਚ ਆਏ ਬਦਲਾਅ ਦਾ ਸੁਭਾਅ ਕੀ ਹੈ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੀ ਨਿਆਰੀ ਹਸਤੀ ਮਿਟਾਏ ਜਾਣ ਦਾ ਪੁਰਜ਼ੋਰ ਵਿਰੋਧ ਕਰਨ ਦੀ ਬੇਹੱਦ ਕੋਸ਼ਿਸ਼ ਕੀਤੀ, ਪਰ ਫਾਸ਼ੀਵਾਦੀ ਸਰਕਾਰ ਦੇ ਕਰੂਰ ਫ਼ੌਜੀ-ਨੀਮ-ਫ਼ੌਜੀ ਹਮਲੇ ਅਤੇ ਝੂਠੇ ਬਿਰਤਾਂਤ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਗਈ। ਕਈ ਮਹੀਨੇ ਤੱਕ ਇੰਟਰਨੈੱਟ ਬੰਦੀ ਰਾਹੀਂ ਕਸ਼ਮੀਰੀ ਲੋਕਾਂ ਨੂੰ ਬਾਕੀ ਦੁਨੀਆ ਤੋਂ ਕੱਟ ਕੇ ਰੱਖਿਆ ਗਿਆ ਅਤੇ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਦੇ ਵਿਆਪਕ ਖ਼ੌਫ਼ ਰਾਹੀਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਵੀ ਬੇਹੱਦ ਕਰੂਰਤਾ ਨਾਲ ਕੁਚਲ ਦਿੱਤੀ ਗਈ। ਇੱਥੋਂ ਤੱਕ ਕਿ ਭਾਰਤ ਦੀ ਕਥਿਤ ਮੁੱਖਧਾਰਾ ਦੇ ਹਮਾਇਤੀ ਤਿੰਨ ਸਾਬਕਾ ਮੁੱਖ ਮੰਤਰੀਆਂ ਸਮੇਤ (ਜਿਨ੍ਹਾਂ 'ਚੋਂ ਦੋ ਕੇਂਦਰੀ ਮੰਤਰੀ ਵੀ ਰਹਿ ਚੁੱਕੇ ਹਨ) ਕਸ਼ਮੀਰੀ ਆਗੂਆਂ ਨੂੰ ਲੰਮਾ ਸਮਾਂ ਨਜ਼ਰਬੰਦ ਰੱਖਿਆ ਗਿਆ।

ਜੋ ਖੋਜੀ ਪੱਤਰਕਾਰ, ਉੱਘੇ ਵਕੀਲ, ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨ ਅਤੇ ਮੁੱਦਿਆਂ ਤੇ ਸਰੋਕਾਰਾਂ ਬਾਰੇ ਖੁੱਲ੍ਹ ਕੇ ਬੋਲਣ ਵਾਲੇ ਹੋਰ ਜਾਗਰੂਕ ਹਿੱਸੇ ਇਨ੍ਹਾਂ ਜ਼ੁਲਮਾਂ ਤੇ ਧੱਕੇਸ਼ਾਹੀਆਂ ਵਿਰੁੱਧ ਆਵਾਜ਼ ਬਣਦੇ ਸਨ, ਉਹ ਪਬਲਿਕ ਸੇਫਟੀ ਐਕਟ ਅਤੇ ਯੂ ਏ ਪੀ ਏ ਲਗਾ ਕੇ ਧੜਾਧੜ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਪੰਜ-ਪੰਜ ਸਾਲ ਤੋਂ ਉਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋਣ ਦਿੱਤੀ ਜਾ ਰਹੀ। ਹੋਰ ਖੋਜੀ ਪੱਤਰਕਾਰਾਂ ਨੂੰ ਦਹਿਸ਼ਤਗਰਦਾਂ ਨਾਲ ਸੰਬੰਧਾਂ ਦੀ ਜਾਂਚ ਦੇ ਬਹਾਨੇ ਵਾਰ-ਵਾਰ ਥਾਣਿਆਂ 'ਚ ਬੁਲਾ ਕੇ ਅਤੇ ਧਮਕਾ ਕੇ ਖ਼ਾਮੋਸ਼ ਕਰ ਦਿੱਤਾ ਗਿਆ। ਜ਼ਿਆਦਾਤਰ ਪ੍ਰੈੱਸ ਨੇ ਸਵੈ-ਸੈਂਸਰਸ਼ਿਪ ਨਾਲ ਮੂੰਹ ਬੰਦ ਕਰ ਲਿਆ ਹੈ। ਪ੍ਰੈੱਸ ਦੀ ਆਜ਼ਾਦੀ ਖ਼ਤਮ ਹੋਣ ਨਾਲ ਇਸ ਖੇਤਰ ਬਾਰੇ ਜਾਣਕਾਰੀ ਦੇ ਸਰੋਤ ਖ਼ਤਮ ਕਰ ਦਿੱਤੇ ਗਏ। ਹੁਣ ਜਾਂ ਤਾਂ ਕਸ਼ਮੀਰ ਬਾਰੇ 'ਸੈਂਸਰ ਹੋਈ' ਰਿਪੋਰਟ ਆਉਂਦੀ ਹੈ ਜਾਂ ਸਰਕਾਰੀ ਪ੍ਰੈੱਸ ਨੋਟ। ਪੱਤਰਕਾਰ ਕਿਸੇ ਤੱਥ ਜਾਂ ਘਟਨਾ ਦੀ ਤਫ਼ਸੀਲ ਦੇਣ ਤੋਂ ਪਹਿਲਾਂ ਸੌ ਵਾਰ ਸੋਚਦੇ ਹਨ ਅਤੇ ਆਪਣਾ ਨਾਂਅ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਜਾਣਕਾਰੀ ਸਾਂਝੀ ਕਰਦੇ ਹਨ। ਸਰਜ਼ਮੀਨ ਦੇ ਚੱਪੇ-ਚੱਪੇ 'ਤੇ ਤਾਇਨਾਤ ਸੁਰੱਖਿਆ ਦਸਤਿਆਂ ਅਤੇ ਸੱਤਾ ਦੇ ਸਕੈਨਰ ਦੀ ਕਸ਼ਮੀਰੀ ਅਵਾਮ ਦੀ ਹਰ ਨਕਲੋ-ਹਰਕਤ ਉੱਪਰ ਤਿੱਖੀ ਨਜ਼ਰ ਹੈ। ਆਲਮ ਇਹ ਹੈ ਕਿ ਕਸ਼ਮੀਰੀ ਆਪਣੇ ਹਾਲਾਤ ਬਾਰੇ ਨਿੱਜੀ ਗੱਲਬਾਤ ਕਰਨ ਤੋਂ ਵੀ ਤ੍ਰਭਕਦੇ ਹਨ। ਕਸ਼ਮੀਰੀਆਂ ਦੇ ਇਨ੍ਹਾਂ ਦਮਘੋਟੂ ਹਾਲਾਤ ਨੂੰ ਵਿਦੇਸ਼ੀ ਪੱਤਰਕਾਰਾਂ ਨੇ ਖ਼ਾਸ ਤੌਰ 'ਤੇ ਨੋਟ ਕੀਤਾ ਜਦੋਂ ਮਈ 2023 'ਚ ਮੋਦੀ ਵਜ਼ਾਰਤ ਵੱਲੋਂ ਜੀ20 ਦੇ ਟੂਰਿਜ਼ਮ ਵਰਕਿੰਗ ਗਰੁੱਪ ਦਾ ਸਿਖ਼ਰ ਸੰਮੇਲਨ ਸ੍ਰੀਨਗਰ ਵਿਚ ਕਰਵਾਇਆ ਗਿਆ ਅਤੇ ਵਿਦੇਸ਼ੀ ਪੱਤਰਕਾਰਾਂ ਨੂੰ ਕਸ਼ਮੀਰੀਆਂ ਨਾਲ ਆਦਾਨ-ਪ੍ਰਦਾਨ ਦਾ ਮੌਕਾ ਮਿਲ ਗਿਆ, ਜਿਸ ਦੀ ਉਂਝ ਮੁਕੰਮਲ ਮਨਾਹੀ ਹੈ।

2020-2022 ਦਰਮਿਆਨ ਪੂਰੇ ਮੁਲਕ 'ਚ ਯੂ ਏ ਪੀ ਏ ਲਗਾ ਕੇ ਦਰਜ ਕੀਤੇ ਕੇਸਾਂ 'ਚ 36% ਕੇਸ ਜੰਮੂ-ਕਸ਼ਮੀਰ ਤੋਂ ਹਨ, ਜਿਸ ਤੋਂ ਹਕੂਮਤੀ ਦਹਿਸ਼ਤਵਾਦ ਦੀ ਵਿਆਪਕਤਾ ਨੂੰ ਸਮਝਿਆ ਜਾ ਸਕਦਾ ਹੈ। ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਭਾਸ਼ਣ ਦੇ ਆਧਾਰ 'ਤੇ ਯੂ ਏ ਪੀ ਏ ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਇਸੇ ਖ਼ੌਫ਼ ਨੂੰ ਹੋਰ ਵਧਾਉਣ ਲਈ ਦਿੱਤੀ ਗਈ ਹੈ। ਜੋ ਸਾਫ਼ ਸੰਦੇਸ਼ ਹੈ ਕਿ ਕਿ ਕਸ਼ਮੀਰ ਬਾਰੇ ਸਰਕਾਰੀ ਬਿਰਤਾਂਤ ਤੋਂ ਪਾਸੇ ਜਾ ਕੇ ਲਿਖਤੀ ਜਾਂ ਜ਼ੁਬਾਨੀ ਕੁਝ ਵੀ ਬੋਲਣਾ ਮਨ੍ਹਾਂ ਹੈ, ਹਕੂਮਤੀ ਹੁਕਮਾਂ ਦੀ ਅਦੂਲੀ ਕਰਨ ਵਾਲੀਆਂ ਵੱਡੀਆਂ ਤੋਂ ਵੱਡੀਆਂ ਹਸਤੀਆਂ ਵੀ ਜੇਲ੍ਹ ਜਾਣ ਲਈ ਤਿਆਰ ਰਹਿਣ।

ਸ੍ਰੀਨਗਰ ਪ੍ਰੈੱਸ ਕਲੱਬ, ਹਾਈਕੋਰਟ ਬਾਰ ਐਸੋਸੀਏਸ਼ਨ ਵਰਗੀਆਂ ਸੰਸਥਾਵਾਂ ਵਿੱਚੋਂ ਬੇਬਾਕ ਆਵਾਜ਼ਾਂ ਦਾ ਸਫ਼ਾਇਆ ਕਰਨ ਲਈ ਝੂਠੇ ਕੇਸਾਂ, ਜੇਲ੍ਹਬੰਦੀਆਂ ਅਤੇ ਸੱਤਾ ਦੀ ਤਾਕਤ ਦਾ ਬੇਖ਼ੌਫ਼ ਹੋ ਕੇ ਇਸਤੇਮਾਲ ਜਾਰੀ ਹੈ। ਲੰਗੜੇ ਬਹਾਨੇ ਬਣਾ ਕੇ ਗ੍ਰਿਫ਼ਤਾਰੀ, ਅਣਮਿੱਥੇ ਸਮੇਂ ਲਈ ਨਜ਼ਰਬੰਦੀ, ਛਾਪੇਮਾਰੀ, ਮੁਜਰਮਾਂ ਵਾਂਗ ਤਫ਼ਤੀਸ਼, ਵਾਰ-ਵਾਰ ਵੈਰੀਫਿਕੇਸ਼ਨਾਂ, ਨੌਕਰੀਆਂ ਤੋਂ ਕੱਢਣਾ ਅਤੇ ਜਾਇਦਾਦਾਂ ਦੀ ਜ਼ਬਤੀ ਵਾਜਬ ਵਿਰੋਧ ਅਤੇ ਆਲੋਚਨਾ ਨੂੰ ਦਬਾਉਣ ਦੇ ਆਮ ਤਰੀਕੇ ਬਣ ਚੁੱਕੇ ਹਨ। ਇਸੇ ਦੀ ਅਗਲੀ ਕੜੀ ਵਜੋਂ ਪਿੱਛੇ ਜਹੇ, ਪਹਿਲਾਂ ਸੀਨੀਅਰ ਐਡਵੋਕੇਟ ਮੀਆਂ ਕਾਯੂਮ ਨੂੰ ਬਾਬਰ ਕਾਦਰੀ ਕਤਲ ਕੇਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਜੁਲਾਈ 'ਚ ਤਿੰਨ ਉੱਘੇ ਵਕੀਲਾਂ-ਨਜ਼ੀਰ ਅਹਿਮਦ ਰੌਂਗਾ, ਅਸ਼ਰਫ਼ ਮੀਰ ਅਤੇ ਮੀਆਂ ਮੁਜ਼ੱਫ਼ਰ ਨੂੰ ਕਾਲੇ ਕਾਨੂੰਨ ਪਬਲਿਕ ਸੇਫਟੀ ਐਕਟ ਤਹਿਤ ਫੜ ਕੇ ਨਜ਼ਰਬੰਦ ਕਰ ਦਿੱਤਾ ਗਿਆ। ਨਾਲ ਹੀ ਜੰਮੂ-ਕਸ਼ਮੀਰ ਹਾਈ ਕੋਰਟ ਬਾਰ ਐਸੋਸੀਏਸ਼ਨ ਦੀ ਚੋਣ ਵੀ ਰੋਕ ਦਿੱਤੀ ਗਈ। ਸੱਤਾ ਦੇ ਮਨਸ਼ਿਆਂ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੈ। ਯਾਨੀ ਵਕੀਲਾਂ ਨੂੰ ਐਨਾ ਖ਼ੌਫ਼ਜ਼ਦਾ ਕਰ ਦਿਓ ਕਿ ਹਕੂਮਤੀ ਜਬਰ ਦੇ ਵਰਤਾਰੇ ਵਿਰੁੱਧ ਨਾਗਰਿਕਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਕੋਈ ਵੀ ਅੱਗੇ ਆਉਣ ਦੀ ਹਿੰਮਤ ਨਾ ਕਰੇ ਅਤੇ ਕਸੂਰਵਾਰ ਜਾਂ ਬੇਕਸੂਰ ਦਾ ਫ਼ਰਕ ਹੀ ਨਾ ਰਹੇ। ਦਿੱਲੀ ਹਕੂਮਤ ਅਤੇ ਉਸ ਦੇ ਸੂਬੇਦਾਰ/ਫ਼ੌਜੀ/ਪੁਲਸ ਅਧਿਕਾਰੀਆਂ ਦਾ ਬੋਲ ਹੀ ਕਾਨੂੰਨ ਹੈ। ਕੋਈ ਕੜਾ-ਕਾਨੂੰਨ ਜਾਂ ਸੰਵਿਧਾਨਕ ਵਿਵਸਥਾ ਨਹੀਂ ਹੈ, ਜੋ ਗਵਰਨਰੀ ਰਾਜ ਦੇ ਪਰਦੇ ਹੇਠ ਫ਼ੌਜੀ ਰਾਜ ਦੀਆਂ ਇਨ੍ਹਾਂ ਮਨਮਾਨੀਆਂ ਦਾ ਜਵਾਬ ਮੰਗੇ।

ਪਿਛਲੇ ਦਿਨੀਂ ਲੈਫਟੀਨੈਂਟ ਗਵਰਨਰ, ਜੋ ਆਰ ਐੱਸ ਐੱਸ ਦਾ ਤਰਾਸ਼ਿਆ 'ਕਾਰਿਆਕਰਤਾ' ਹੈ ਅਤੇ ਜਿਸ ਨੂੰ ਮੋਦੀ "ਛੋਟਾ ਭਾਈ" ਕਹਿੰਦਾ ਹੈ, ਵੱਲੋਂ ਇਕ ਨਵਾਂ ਹੁਕਮ ਜਾਰੀ ਕੀਤਾ। ਇਸ ਵਿਚ ਕਿਹਾ ਗਿਆ ਹੈ ਕਿ ਜੇ ਇਹ ਪਤਾ ਲੱਗਦਾ ਹੈ ਕਿ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ "ਫਰਜ਼ੀ" ਹਨ ਤਾਂ ਸੰਬੰਧਤ ਅਫ਼ਸਰਾਂ ਨੂੰ ਸ਼ਿਕਾਇਤਕਰਤਾਵਾਂ ਵਿਰੁੱਧ ਮੁਕੱਦਮੇ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਇਸ ਦਾ ਮਤਲਬ ਇਹ ਹੈ ਕਿ ਅਧਿਕਾਰੀ ਹੀ ਆਪਣੇ ਸਹਿ-ਕਰਮੀਆਂ ਵਿਰੁੱਧ ਕਿਸੇ ਸ਼ਿਕਾਇਤ ਦੇ ਸੱਚੀ ਹੋਣ ਦਾ ਨਿਪਟਾਰਾ ਕਰਨਗੇ। ਹੁਣ ਅਧਿਕਾਰੀਆਂ ਵੱਲੋਂ ਮੁਕੱਦਮੇਬਾਜ਼ੀ ਨੂੰ ਦੇਖਦਿਆਂ ਸੱਚੀ ਸ਼ਿਕਾਇਤ ਕਰਨ ਦੀ ਹਿੰਮਤ ਵੀ ਕੌਣ ਕਰੇਗਾ।

ਕਸ਼ਮੀਰੀ ਅਵਾਮ ਅੰਦਰ ਧਾਰਮਿਕ ਫਿਰਕਿਆਂ ਤੋਂ ਉੱਪਰ ਉੱਠ ਕੇ ਧਰਮਨਿਰਪੱਖ ਕਸ਼ਮੀਰੀਅਤ ਦੀਆਂ ਡੂੰਘੀਆਂ ਜੜ੍ਹਾਂ ਹਨ। ਬੇਸ਼ੱਕ ਆਰ ਐੱਸ ਐੱਸ ਪੱਖੀ ਜਗਮੋਹਣ ਨੇ ਜਨਵਰੀ 1990 'ਚ ਜੰਮੂ-ਕਸ਼ਮੀਰ ਦਾ ਗਵਰਨਰ ਬਣਦੇ ਸਾਰ ਹੀ ਡੂੰਘੀ ਸਾਜ਼ਿਸ਼ ਤਹਿਤ ਕਸ਼ਮੀਰੀ ਪੰਡਤਾਂ ਦੀ ਧੱਕੇ ਨਾਲ ਹਿਜਰਤ ਕਰਵਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਚਲਾਕੀ ਨਾਲ ਕਸ਼ਮੀਰੀ ਸਮਾਜ ਨਾਲੋਂ ਅਲੱਗ-ਥਲੱਗ ਕਰ ਦਿੱਤਾ ਸੀ, ਪਰ ਕਸ਼ਮੀਰੀਅਤ ਦੀ ਭਾਵਨਾ ਅਜੇ ਵੀ ਜਿਉਂਦੀ ਹੈ ਅਤੇ ਘਾਟੀ 'ਚ ਅਜਿਹੇ ਪਿੰਡ ਹਨ, ਜਿੱਥੇ ਕੋਈ ਕਸ਼ਮੀਰੀ ਹਿੰਦੂ ਨਾ ਹੋਣ ਦੇ ਬਾਵਜੂਦ ਹਿੰਦੂ ਮੰਦਰ ਮਹਿਫੂਜ਼ ਹਨ, ਪਰ ਦਹਾਕਿਆਂ ਤੋਂ ਅੰਧਰਾਸ਼ਟਰਵਾਦ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਨਾਲ ਆਰ ਐੱਸ ਐੱਸ-ਭਾਜਪਾ ਕਸ਼ਮੀਰੀ ਪੰਡਤ ਭਾਈਚਾਰੇ ਦੇ ਇਕ ਛੋਟੇ ਜਿਹੇ ਹਿੱਸੇ ਦੇ ਮਨਾਂ ਉੱਪਰ ਇਹ ਪ੍ਰਭਾਵ ਪਾਉਣ 'ਚ ਕਾਮਯਾਬ ਹੋ ਗਈ ਹੈ ਕਿ ਪੁਆੜੇ ਦੀ ਜੜ੍ਹ "ਕਸ਼ਮੀਰੀ ਮੁਸਲਮਾਨਾਂ ਦਾ ਵੱਖਵਾਦ" ਹੈ। ਉਨ੍ਹਾਂ ਦੀਆਂ ਨਜ਼ਰਾਂ 'ਚ ਮੋਦੀ 'ਮਹਾਦੇਵ' ਦਾ ਅਵਤਾਰ ਹੈ, ਜੋ ਸਭ ਕੁਝ ਠੀਕ ਕਰ ਦੇਵੇਗਾ!

ਬੇਸ਼ੱਕ ਭਗਵਾਂ ਹਕੂਮਤ ਕਸ਼ਮੀਰੀ ਅਵਾਮ ਦੀ ਜ਼ਲਾਲਤ ਭਰੀ ਖ਼ਾਮੋਸ਼ੀ ਨੂੰ ਖਾੜਕੂਵਾਦ ਵਿਰੁੱਧ ਬੇਮਿਸਾਲ ਜਿੱਤ ਬਣਾ ਕੇ ਪੇਸ਼ ਕਰ ਰਹੀ ਹੈ, ਪਰ ਅੰਦਰਲੀ ਸਚਾਈ ਉਨ੍ਹਾਂ ਨੂੰ ਵੀ ਪਤਾ ਹੈ ਕਿ ਕਸ਼ਮੀਰੀ ਅਵਾਮ ਨਿਆਰੀ ਹਸਤੀ ਦੇ ਖ਼ਾਤਮੇ ਨੂੰ ਬਿਲਕੁਲ ਸਵੀਕਾਰ ਨਹੀਂ ਕਰਨਗੇ। ਬੀਤੇ ਸਮਿਆਂ 'ਚ ਘਾਟੀ ਦੇ ਲੋਕ ਕਿਸੇ ਕਸ਼ਮੀਰੀ ਨੂੰ ਜਬਰੀ ਲਾਪਤਾ ਕੀਤੇ ਜਾਣ ਜਾਂ ਹਿਰਾਸਤ ਵਿਚ ਕਤਲ ਜਾਂ ਕਥਿਤ ਮੁਕਾਬਲਿਆਂ ਵਿਰੁੱਧ ਅਕਸਰ ਹੀ ਸੜਕਾਂ 'ਤੇ ਆ ਕੇ ਰੋਸ-ਵਿਖਾਵੇ ਜਾਂ ਬੰਦ/ਹੜਤਾਲਾਂ ਕਰਦੇ ਸਨ। ਮੁਕਾਬਲਿਆਂ ਦੌਰਾਨ ਫ਼ੌਜੀ/ਨੀਮ ਫ਼ੌਜੀ ਲਸ਼ਕਰਾਂ ਨੂੰ ਅਵਾਮ ਵੱਲੋਂ ਕੀਤੀ ਜਾਂਦੀ ਘੇਰਾਬੰਦੀ ਤੇ ਹੋਰ ਰੁਕਾਵਟਾਂ ਦਾ, ਇੱਥੋਂ ਤੱਕ ਕਿ ਪਥਰਾਓ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਆਮ ਕਸ਼ਮੀਰੀ ਖ਼ਾਮੋਸ਼ ਹੈ, ਹੁਣ ਸਿਰਫ਼ ਮੁੱਖਧਾਰਾ ਸਿਆਸਤਦਾਨ ਹੀ ਘਟਨਾਵਾਂ ਉੱਪਰ ਮਾਮੂਲੀ ਬਿਆਨਬਾਜ਼ੀ ਕਰਦੇ ਹਨ। ਰਾਜਨੀਤਕ ਸਪੇਸ ਦੀ ਮੁਕੰਮਲ ਅਣਹੋਂਦ 'ਚ ਅਵਾਮੀ ਖ਼ਾਮੋਸ਼ੀ ਦੇ ਪਿੱਛੇ ਬੇਗਾਨਗੀ, ਜ਼ਲਾਲਤ ਅਤੇ ਰੋਸ ਨੂੰ ਅੰਦਰੋ-ਅੰਦਰੀ ਦਬਾਈ ਰੱਖਣ ਦਾ ਲਾਵਾ ਖੌਲ਼ ਰਿਹਾ ਹੈ।

ਪਿਛਲੇ ਸਾਲਾਂ ਤੋਂ ਕਸ਼ਮੀਰੀ ਸੰਘਰਸ਼ ਵਿਚ ਉਤਰਾਅ ਦਾ ਦੌਰ ਹੈ। ਹੁਰੀਅਤ ਕਾਨਫਰੰਸ ਵਰਗੇ ਚੋਣ ਬਾਈਕਾਟ ਦਾ ਸੱਦਾ ਦੇਣ ਵਾਲੇ ਧੜੇ ਵੀ ਹੁਣ ਚੋਣਾਂ ਨੂੰ ਵਿਰੋਧ ਪ੍ਰਗਟਾਉਣ ਦੇ ਮੌਕੇ ਵਜੋਂ ਦੇਖ ਰਹੇ ਹਨ ਅਤੇ ਛੇਤੀ ਚੋਣਾਂ ਕਰਾਉਣ ਦੀ ਮੰਗ ਕਰਦੇ ਰਹੇ ਹਨ। ਇਨ੍ਹਾਂ ਚੋਣਾਂ 'ਚ ਕਸ਼ਮੀਰੀ ਅਵਾਮ ਦਾ ਹੁੰਗਾਰਾ ਕੀ ਹੋਵੇਗਾ, ਇਸ ਉੱਪਰ ਪੂਰੀ ਦੁਨੀਆ ਦੀਆਂ ਨਜ਼ਰਾਂ ਹੋਣਗੀਆਂ। ਸਵਾਲ ਤਾਂ ਇਹ ਵੀ ਹੈ ਕਿ ਜੇਕਰ ਇਸ ਵਾਰ 1987 ਦੀ ਚੋਣ ਧਾਂਦਲੀ ਵਾਲਾ ਇਤਿਹਾਸ ਦੁਹਰਾਇਆ ਜਾਂਦਾ ਹੈ, ਜਿਸ ਦੀ ਸੰਭਾਵਨਾ ਭਗਵਾਂ ਰਾਜ ਵਿਚ ਪਹਿਲਾਂ ਨਾਲ ਕਿਤੇ ਜ਼ਿਆਦਾ ਹੈ, ਤਾਂ ਕੀ ਕਸ਼ਮੀਰੀ 1990ਵਿਆਂ ਵਾਂਗ ਮੁੜ ਨਹੀਂ ਉੱਠਣਗੇ?

ਚੋਣਾਂ ਦੌਰਾਨ ਸੁਰੱਖਿਆ ਦੇ ਬਹਾਨੇ ਫ਼ੌਜੀ ਰਾਜ ਦਾ ਕਰੇੜਾ ਹੋਰ ਜ਼ਿਆਦਾ ਕੱਸਿਆ ਜਾਣਾ ਤੈਅ ਹੈ, ਪਰ ਫਾਸ਼ੀਵਾਦੀ ਹਕੂਮਤ ਭੁੱਲ ਰਹੀ ਹੈ ਕਿ ਮਸਲੇ ਹਮੇਸ਼ਾ ਰਾਜਨੀਤਕ ਪਹੁੰਚ ਨਾਲ ਹੱਲ ਹੁੰਦੇ ਹਨ, ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਮਹਾਂ ਜਾਬਰ ਫ਼ੌਜੀ ਤਾਕਤਾਂ ਨੂੰ ਵੀ ਆਖ਼ਿਰਕਾਰ ਰਾਜਨੀਤਕ ਹੱਲ ਕਰਨ ਲਈ ਮਜਬੂਰ ਹੋਣਾ ਪਿਆ ਹੈ।

## ਬਾਲ ਕੋਨਾ

### ਰੰਗ ਰੰਗੀਲਾ ਮੋਰ

ਰੰਗ-ਰੰਗੀਲੇ ਖੰਭ ਇਸਦੇ,
ਸਭ ਦੇ ਮਨ ਨੂੰ ਭਾਏ।
ਨੱਚੇ ਕੂਕੇ, ਪੈਲਾਂ ਪਾਵੇ,
ਜਦ ਮਸਤੀ ਵਿਚ ਆਏ।

ਸਿਰ ਉਤੇ ਹੈ ਸੋਹਣੀ ਕਲਗੀ,
ਪੰਛੀਆਂ ਦਾ ਇਹ ਰਾਜਾ।
ਭਾਰਤ ਦੇਸ਼ ਦਾ ਰਾਸ਼ਟਰੀ ਪੰਛੀ,
ਇਹ ਬੱਚਿਓ ਅਖਵਾਏ।

ਹਾਨੀਕਾਰਕ ਕੀਟ-ਪਤੰਗੇ,
ਫਸਲਾਂ ਵਿੱਚੋਂ ਚੁਗਦਾ,
ਕਿਰਸਾਨਾਂ ਦਾ ਮਿੱਤਰ ਪੰਛੀ,
ਇਸੇ ਲਈ ਸਦਵਾਏ।

ਨਰ ਧਰਤੀ 'ਤੇ ਠਹਿਰ ਬਣਾਵੇ,
ਮਾਦਾ ਆਂਡੇ ਧਰਦੀ।
ਆਂਡਿਆਂ ਵਿੱਚੋਂ ਬੱਚੇ ਹੋਵਣ,
ਕੁਨਬਾ ਇੰਝ ਵਧਾਏ।

ਸੰਘਣੇ ਰੁੱਖਾਂ ਦੇ ਝੁੰਡਾਂ ਵਿਚ,
ਇਸ ਦਾ ਰੈਣ-ਬਸੇਰਾ,
ਬੇਸ਼ੱਕ ਵੱਡੇ ਖੰਭ ਨੇ ਐਪਰ,
ਉੱਚਾ ਨਾ ਉੱਡ ਪਾਏ।

—ਰਣਜੀਤ ਕੌਰ ਰਤਨ

### ਮੇਰੇ ਅਧਿਆਪਕ

ਇੱਕ ਨਵੀਂ ਜਿਹੀ ਥਾਂ ਸੀ, ਜਿੱਥੇ ਮੈਂ ਗਈ ਸੀ
ਨਵੇਂ ਜਿਹੇ ਚਿਹਰੇ ਸਨ
ਕੁਝ ਰੋ ਰਹੇ ਸਨ
ਕੁਝ ਹੱਸ ਰਹੇ ਸਨ
ਚਿੱਤ ਬੜਾ ਘਬਰਾਇਆ
ਮਨਾ ਮਾਪਿਆਂ ਨੇ ਕਿੱਥੇ ਫਸਾਇਆ
ਹੱਸਦੇ-ਰੋਂਦੇ ਚਿਹਰਿਆਂ ਵਿੱਚ
ਇੱਕ ਚਿਹਰਾ ਨਜ਼ਰ ਆਇਆ
ਇਸ ਤਰ੍ਹਾਂ ਲੱਗਾ ਰੱਬ ਦਾ ਕੋਈ ਫਰਿਸ਼ਤਾ ਹੈ ਆਇਆ
ਉਸ ਨੇ ਕਾਪੀ-ਪੈਨਸਲ ਫੜਾ ਕੇ ਐਸਾ ਪਾਠ ਪੜ੍ਹਾਇਆ
ਜ਼ਿੰਦਗੀ ਦੇ ਰਾਹ 'ਤੇ ਚੱਲਣਾ ਸਿਖਾਇਆ
ਆਪ ਦੀਵੇ ਵਾਂਗੂ ਬਲ ਕੇ ਸਾਨੂੰ ਚਾਨਣ ਵਿਖਾਇਆ
ਅਧਿਆਪਕ ਦੀ ਹਰ ਗੱਲ ਯਾਦ ਹੈ
ਤਾਹੀਂ ਤਾਂ ਜ਼ਿੰਦਗੀ ਵਿੱਚ ਕਾਮਯਾਬੀ ਵੱਲ ਵਧ ਰਹੀ ਹਾਂ।
ਮੁਬਾਰਕ ਹੋਵੇ ਤੁਹਾਨੂੰ ਅਧਿਆਪਕਾ ਜੀਓ
ਅੱਜ ਤੁਹਾਡਾ ਦਿਨ ਹੈ ਆਇਆ
ਅਧਿਆਪਕ ਦਿਵਸ 'ਤੇ ਬਹੁਤ-ਬਹੁਤ ਮੁਬਾਰਕਾਂ

— ਅਭਿਰੂਪ ਕੌਰ
ਛੇਵੀਂ ਜਮਾਤ, ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ



ਅਰਸ਼ਦੀਪ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ, ਬਰਨਾਲਾ



ਸਤਵੀਰ ਕੌਰ, ਤੀਜੀ, ਸੈਕਰਟ ਹਾਰਟ ਪਬਲਿਕ ਸਕੂਲ ਭੈਰੋਪੁਰ, ਫਤਿਹਗੜ੍ਹ ਸਾਹਿਬ

### ਲੈ ਲਓ ਖਿਡੌਣੇ

ਲੈ ਲਓ ਖਿਡੌਣੇ
ਲੈ ਲਓ ਬਈ ਖਿਡੌਣੇ
ਬੱਚਿਓ ਇਹ ਦਿਨ ਨਹੀਓਂ
ਵਾਰ-ਵਾਰ ਆਉਣੇ...
ਚਾਬੀ ਵਾਲੇ ਰੰਗ-ਬਿਰੰਗੇ
ਨਿੱਕਿਆਂ ਦੇ ਲਈ ਚੰਗੇ
ਦੇਖੋ ਇਹ ਖਿਡੌਣੇ ਮੇਰੇ
ਬੜੇ ਨੇ ਮਨਭਾਉਣੇ..
ਲਓ ਡੱਬਾ ਕਾਲਾ ਕੁੱਤਾ
ਜਾਪੇ ਇਹ ਜੀਕਣ ਸੁੱਤਾ
ਭੌਂਕ ਭੌਂਕ ਇਹਨੇ ਸਾਰੇ
ਬੰਦੇ ਨੇ ਭਜਾਉਣੇ..
ਜਦ ਚਾਬੀ ਕੋਈ ਚੜ੍ਹਾਊ
ਇਹ ਬਾਂਦਰ ਢੋਲ ਵਜਾਊ
ਨੱਚ-ਨੱਚ ਇਹਨੇ ਡੱਗੇ
ਢੋਲ ਉੱਤੇ ਲਾਉਣੇ..
ਲਾਟੂ ਲਓ ਭੁਕਾਨੇ ਲਓ
ਪੈਸੇ ਕਿਸੇ ਬਹਾਨੇ ਲਓ
ਲੈ ਲਓ ਛਣਕਣੇ ਜੋ
ਨਿੱਕੇ ਚੁੱਪ ਕਰਾਉਣੇ...
ਲੈ ਕੁਝ ਭੋਲੀ ਗੁੱਡੋ
ਕੋਈ ਗੇਮ ਕੋਈ ਲੁੱਡੋ
ਪੌੜੀ-ਪੌੜੀ ਚੜ੍ਹ
ਸੱਪਾਂ ਫੜ ਥੱਲੇ ਲਾਹੁਣੇ..
ਫੁੱਲ ਹੱਸਣ ਸੁੱਚੇ-ਸੱਚੇ
ਹਰ ਵਿਹੜੇ ਹੱਸਣ ਬੱਚੇ
ਤੋਤਲੀਆਂ ਸੁਣ-ਸੁਣ
ਦਿਨ ਅਸੀਂ ਨੇ ਲੰਘਾਉਣੇ
ਲੈ ਲਓ ਬਈ ਖਿਡੌਣੇ....

— ਹਰੀ ਕ੍ਰਿਸ਼ਨ ਮਾਇਰ




ਹਰਸਿਮਰਨ ਕੌਰ, ਪਹਿਲੀ ਵੱਲੋਂ ਅਧਿਆਪਕ ਦਿਵਸ 'ਤੇ ਆਪਣੇ ਅਧਿਆਪਕ ਨੂੰ ਤੋਹਫੇ ਵਜੋਂ ਦੇਣ ਲਈ ਤਿਆਰ ਕੀਤੇ ਚਾਰਟ।